ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

Nawi Dunia

Free

ਸਾਲ: 1 ਅੰਕ:3 Phone: 780 465 9118, 403 775 2100 Fax: 780 465 0661, e-mail: info@nawidunia.com ਮਾਰਚ 2010




31 ਮਾਰਚ- ਜਨਮ ਦਿਨ
ਲੇਖਿਕਾ ਅੰਮ੍ਰਿਤਾ ਪ੍ਰੀਤਮ

ਭਗਤ ਸਿੰਘ ਦੀ ਅਸਲ ਸ਼ਕਤੀ ਉਸਦੇ ਸ਼ਬਦ ਵਿਚ ਹੈ ਸਫ਼ਾ 10 'ਤੇ



ਕਾਲੀ ਸੂਚੀ ਦੀ ਦਹਿਸ਼ਤ ਸਫ਼ਾ 18 'ਤੇ



ਹਿਸਾਬ ਕਿਤਾਬ ਬੜਾ ਔਖਾ ਐ- ਹੈਰੀ ਮਾਰਕੋਪੋਲੋ ਸਫ਼ਾ 23 'ਤੇ



'ਕਾਇਆ ਕਲਪ ਕਰਨ ਦਾ ਸਾਧਨ ਸਾਵੀ ਕਲਾ' ਸਫ਼ਾ 30 'ਤੇ



ਹੋਲੇ ਮਹੱਲੇ 'ਤੇ ਸਿਆਸੀ ਆਗੂਆਂ ਨੇ ਇੱਕ ਦੂਜੇ 'ਤੇ ਸੁੱਟੀਆਂ ਸਿਆਸੀ ਪਿਚਕਾਰੀਆਂ ਸਫ਼ਾ 38 'ਤੇ



# ਚੌਦਾਂ ਸਾਲਾਂ ਬਾਅਦ ਰਾਜ ਸਭਾ ਵਿਚ ਮਹਿਲਾ ਰਾਖਵਾਂਕਰਨ ਬਿਲ ਪਾਸ

**• ਪੱਖ ਵਿਚ 186 ਤੇ ਵਿਰੋਧ ਵਿਚ ਇਕ ਵੋਟ • ਹੰਗਾਮੇ ਮਗਰੋਂ ਸੱਤ ਮੈਂਬਰਾਂ ਨੂੰ ਬਾਹਰ ਕੀਤਾ • ਇਕ ਜੰਗ ਜਿੱਤੀ, ਅੱਗੇ ਲੜਾਈ ਬਾਕੀ**

**ਨਵੀਂ ਦਿੱਲੀ/ਨ.ਦ.ਬਿਊਰੋ**

ਕਰੀਬ ਡੇਢ ਦਹਾਕੇ ਤੋਂ ਲਟਕਿਆ ਮਹਿਲਾ ਰਾਖਵਾਂਕਰਨ ਬਿਲ ਪਾਸ ਕਰਕੇ ਰਾਜ ਸਭਾ ਨੇ ਇਤਿਹਾਸ ਰਚ ਦਿੱਤਾ ਹੈ। ਹਾਲਾਂਕਿ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ ਔਰਤਾਂ ਨੂੰ 33 ਫੀਸਦੀ ਰਾਖਵਾਂਕਰਨ ਵਾਲੇ ਬਿਲ ਨੂੰ ਉਚ ਸਦਨ ਨੇ ਭਾਵੇਂ ਇਕ ਹੀ ਵੋਟ ਦੇ ਮੁਕਾਬਲੇ 186 ਵੋਟਾਂ ਨਾਲ ਮਨਜ਼ੂਰੀ ਦੇ ਦਿੱਤੀ ਹੈ ਪਰ ਸੁਪਨਾ ਪੂਰਾ ਕਰਨ ਲਈ ਲੋਕ ਸਭਾ ਦੀ ਵੱਡੀ ਲੜਾਈ ਬਾਕੀ ਹੈ। ਖੈਰ ਕੁਝ ਆਪਣਿਆਂ ਦੀ ਘੁਰਕੀ ਅਤੇ ਮੁੱਖ ਵਿਰੋਧੀ ਦਲ ਭਾਜਪਾ ਦੇ ਕਦਮਤਾਲ ਨਾਲ ਬਿਲ ਪਾਸ ਕਰਨ ਵਿਚ ਸਫਲ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਸ ਨੂੰ ਇਤਿਹਾਸਕ ਕਰਾਰ ਦਿੱਤਾ ਹੈ। ਇਸ ਤੋਂ ਪਹਿਲਾਂ ਰਾਜ ਸਭਾ ਵਿਚ ਹੰਗਾਮਾ ਕਰ ਰਹੇ ਸੱਤ ਮੈਂਬਰਾਂ ਨੂੰ ਬਰਖ਼ਾਸਤ ਕੀਤੇ ਜਾਣ ਤੋਂ ਬਾਅਦ ਮਾਰਸ਼ਲਾਂ ਨੇ ਸਦਨ ਤੋਂ ਬਾਹਰ ਕਰ ਦਿੱਤਾ।

ਮਹਿਲਾ ਰਾਖਵਾਂਕਰਨ ਬਿਲ ਉਪਰ ਦੋ ਧੜਿਆਂ ਵਿਚ ਵੰਡੇ ਜਨਤਾ ਦਲ (ਯੂ) ਦੇ ਪੰਜ ਸੰਸਦ ਮੈਂਬਰਾਂ ਨੇ ਬਿਲ ਦੇ ਪੱਖ ਵਿਚ ਵੋਟ ਦਿੱਤੀ ਜਦਕਿ ਆਜ਼ਾਦ ਸੰਸਦ ਮੈਂਬਰ ਸ਼ਰਦ ਅਨੰਤਰਾਓ ਜੋਸ਼ੀ ਨੇ ਵਿਰੋਧ ਵਿਚ ਵੋਟ ਪਾਈ। ਬਸਪਾ ਨੇ ਵੋਟਿੰਗ ਵਿਚੋਂ ਵਾਕਆਊਟ ਕਰ ਦਿੱਤਾ। ਤ੍ਰਿਣਮੂਲ ਕਾਂਗਰਸ ਨੇ ਵੀ ਵੋਟਿੰਗ ਵਿਚ ਹਿੱਸਾ ਨਹੀਂ ਲਿਆ। ਉਧਰ ਬਿਲ ਪਾਸ ਹੋਣ ਤੋਂ ਬਾਅਦ ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਨੇ ਐਲਾਨ ਕੀਤਾ ਕਿ ਉਹ ਕੇਂਦਰ ਤੋਂ ਸਮਰਥਨ ਵਾਪਸੀ ਦਾ ਪੱਤਰ ਰਾਸ਼ਟਰਪਤੀ ਨੂੰ ਸੌਂਪਣਗੇ। ਹਾਲਾਂਕਿ ਚਿਤਾਵਨੀ ਦੇਣ ਵਾਲੇ ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ ਨੇ ਕੁਝ ਸਪਸ਼ਟ ਨਹੀਂ ਕੀਤਾ।



• 'ਦੇਸ਼ ਦੀਆਂ ਮਹਾਨ ਔਰਤਾਂ ਸਰੋਜਨੀ ਨਾਇਡੂ, ਐਨੀ ਬੇਸੈਂਟ, ਵਿਜੇ ਲਕਸ਼ਮੀ ਆਦਿ ਦੀਆਂ ਕੁਰਬਾਨੀਆਂ ਨੂੰ ਇਹ ਬਿਲ ਇਕ ਛੋਟੀ ਜਿਹੀ ਸ਼ਰਧਾਂਜਲੀ ਹੈ।'

***ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ***



• 'ਮਹਿਲਾ ਰਾਖਵਾਂਕਰਨ ਬਿਲ ਨੂੰ ਲੈ ਕੇ ਤਾਨਾਸ਼ਾਹੀ ਰਵੱਈਆ ਅਖਤਿਆਰ ਕਰਨ ਵਾਲੀ ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਲਈ ਇਹ ਵਿਨਾਸ਼ਕਾਰੀ ਕਦਮ ਸਿੱਧੀ ਹੋ ਸਕਦੇ ਹਨ।'

***ਸਮਾਜਵਾਦੀ ਪਾਰਟੀ ਮੁਖੀ ਮੁਲਾਇਮ ਸਿੰਘ ਯਾਦਵ***



• 'ਬਿਲ ਨੂੰ ਇਸ ਪੱਧਰ ਤੱਕ ਪਹੁੰਚਾਉਣ ਲਈ ਜਨਵਾਦੀ ਮਹਿਲਾ ਸੰਗਠਨਾਂ ਦੀ ਮੋਹਰੀ ਭੂਮਿਕਾ ਰਹੀ, ਇਸ ਮੌਕੇ ਉਨ੍ਹਾਂ ਨੂੰ ਵਧਾਈ ਦੇਣੀ ਚਾਹੀਦੀ ਹੈ।'

***ਮਾਰਕਸਵਾਦੀ ਕਮਿਊਨਿਸਟ ਪਾਰਟੀ ਆਗੂ ਬ੍ਰਿੰਦਾ ਕਰਤ***

# ਕੈਨੇਡਾ 'ਚ ਉਡਾਣ ਪਾਬੰਦੀਆਂ ਸ਼ੁਰੂ

**ਵਾਸ਼ਿੰਗਟਨ/ਨ.ਦ.ਬਿਊਰੋ**

ਅਮਰੀਕੀ ਖੁਫ਼ੀਆ ਜਾਂਚ ਏਜੰਸੀ ਐਫ. ਬੀ. ਆਈ. ਵੱਲੋਂ ਦੁਨੀਆ ਭਰ ਦੇ ਮੁਲਕਾਂ ਦੀਆਂ ਹਵਾਈ ਕੰਪਨੀਆਂ ਨੂੰ ਇਕ 'ਨੋ ਫਲਾਈ ਲਿਸਟ' ਮੁਹੱਈਆ ਕਰਾਈ ਹੈ ਜਿਸ ਵਿਚ ਉਨ੍ਹਾਂ 16000 ਲੋਕਾਂ ਦੇ ਨਾਂਅ ਸ਼ਾਮਲ ਹਨ ਜਿਨ੍ਹਾਂ ਉਪਰ ਅਮਰੀਕੀ ਸਰਕਾਰ ਨੂੰ ਅੱਤਵਾਦੀ ਹੋਣ ਦਾ ਖ਼ਦਸ਼ਾ ਹੈ। ਯੂਰਪੀ ਸੰਸਦ ਵੱਲੋਂ ਇਸ ਸੂਚੀ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਹੈ। ਇਨ੍ਹਾਂ 16000 ਲੋਕਾਂ ਦੇ ਨਾਂ ਕਿਉਂ ਇਸ ਸੂਚੀ ਵਿਚ ਹਨ ਇਸ ਦਾ ਆਧਾਰ ਜਾਂ ਕਾਰਨ ਦੱਸਣੋਂ ਐਫ. ਬੀ. ਆਈ. ਨੇ ਸਾਫ਼ ਇਨਕਾਰ ਕਰ ਦਿੱਤਾ ਹੈ। ਐਫ. ਬੀ. ਆਈ. ਵਲੋਂ ਇਕ ਹੋਰ ਸਕਿਓਰ ਲਿਸਟ ਨਾਂ ਦੀ ਸੂਚੀ ਤਿਆਰ ਕੀਤੀ ਗਈ ਹੈ ਤਾਂ ਜੋ ਉਨ੍ਹਾਂ ਲੋਕਾਂ ਨੂੰ ਹਵਾਈ ਅੱਡਿਆਂ 'ਤੇ ਰੋਕ ਕੇ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ, ਜਿਨ੍ਹਾਂ ਦੇ ਨਾਂ ਨੋ ਫਲਾਈ ਲਿਸਟ ਵਿਚਲੇ ਲੋਕਾਂ ਦੇ ਨਾਵਾਂ ਨਾਲ ਮੇਲ ਖਾਂਦੇ ਹਨ।

'ਸਕਿਓਰ ਫਾਲਈਟ' ਪ੍ਰੋਗਰਾਮ ਤਹਿਤ ਕੈਨੇਡਾ ਟੇਕ ਆਫ਼ ਤੋਂ 72 ਘੰਟੇ ਪਹਿਲਾਂ ਸਾਰੇ ਯਾਤਰੀਆਂ ਸਬੰਧੀ ਨਿੱਜੀ ਜਾਣਕਾਰੀ ਹੋਮ ਲੈਂਡ ਸੁਰੱਖਿਆ ਵਿਭਾਗ ਨੂੰ ਮੁਹੱਈਆ ਕਰਾਏਗਾ। ਇਸ ਤੋਂ ਇਲਾਵਾ ਅਮਰੀਕੀ ਟਰਾਂਸਪੋਰਟੇਸ਼ਨ ਸਕਿਓਰਟੀ ਐਡਮਨਿਸਟ੍ਰੇਸ਼ਨ (ਟੀ. ਐਸ. ਏ.) ਨੂੰ ਜਦੋਂ ਚਾਹੇ ਹੋਮ ਲੈਂਡ ਸਕਿਓਰਟੀ ਵਿਭਾਗ ਐਫ.ਬੀ.ਆਈ. ਅਤੇ ਨੈਸ਼ਨਲ ਕਾਊਂਟਰ ਟੈਰੋਰਿਜ਼ਮ ਸੈਂਟਰ ਤੋਂ ਕੋਈ ਵੀ ਜਾਣਕਾਰੀ ਮੰਗਣ ਦਾ ਹੱਕ ਹੋਏਗਾ। ਪਰ ਉਧਰ ਅਮਰੀਕੀ ਜਨਰਲ ਅਕਾਊਂਟਿੰਗ ਆਫਿਸ ਨੂੰ ਡਰ ਹੈ ਕਿ ਇਹ ਸਾਰੀ ਪ੍ਰਕਿਰਿਆ ਸਗੋਂ ਪਹਿਲਾਂ ਨਾਲੋਂ ਵਧੇਰੇ ਲੋਕਾਂ ਲਈ ਮੁਸ਼ਕਲਾਂ ਖੜੀਆਂ ਕਰੇਗੀ। ਪਹਿਲਾਂ ਨਾਲੋਂ ਕਿਤੇ ਜ਼ਿਆਦਾ ਲੋਕਾਂ ਦੇ ਨਾਂਅ ਸ਼ੱਕੀ ਨਜ਼ਰ ਨਾਲ ਜਾਂਚੇ ਪਰਖੇ ਜਾਣਗੇ। ਕੈਨੇਡਾ ਵੱਲੋਂ ਆਪਣੇ ਨਾਗਰਿਕਾਂ ਦੇ ਪੁਲੀਸ ਰਿਕਾਰਡ ਵੀ ਅਮਰੀਕਾ ਨੂੰ ਮੁਹੱਈਆ ਕਰਾਏ ਜਾਣਗੇ ਅਤੇ ਉਸ ਦੀ ਇਜਾਜ਼ਤ ਮਿਲਣ ਮਗਰੋਂ ਹੀ ਯਾਤਰੀਆਂ ਨੂੰ ਬੋਰਡਿੰਗ ਪਾਸ ਦਿੱਤਾ ਜਾਇਆ ਕਰੇਗਾ। ਜੇਕਰ ਸ਼ੱਕ ਦੀ ਕੋਈ ਪੁਖ਼ਤਾ ਵਜ੍ਹਾ ਨਾ ਮਿਲੇ ਤਾਂ ਲੋਕਾਂ ਸਬੰਧੀ ਨਿੱਜੀ ਜਾਣਕਾਰੀ ਸਿਸਟਮ ਤੋਂ 7 ਦਿਨਾਂ ਵਿਚ ਮਿਟਾ ਦਿੱਤੀ ਜਾਵੇਗੀ। ਪਰ ਜੇਕਰ ਸ਼ੱਕ ਕਰਨ ਦੀ ਕੋਈ ਵੀ ਵਜ੍ਹਾ ਮਿਲਦੀ ਹੈ ਤਾਂ ਇਹ ਨਿੱਜੀ ਜਾਣਕਾਰੀ ਟੀ. ਐਸ. ਏ ਦੇ ਡੈਟਾਬੇਸ ਵਿਚ 7 ਸਾਲ ਤੱਕ ਰੱਖੀ ਜਾਵੇਗੀ ਤੇ ਜੇਕਰ ਅੱਤਵਾਦੀ ਹੋਣ ਦਾ ਪੱਕਾ ਸੁਰਾਗ ਮਿਲਦਾ ਹੈ ਤਾਂ ਮਿਆਦ 99 ਸਾਲ ਹੋਏਗੀ।

## ਸ਼ਹੀਦ ਭਗਤ ਸਿੰਘ ਦੀ ਯਾਦ ਵਿੱਚ ਸੈਮੀਨਾਰ 3 ਅਪਰੈਲ ਨੂੰ



ਪਰੋਗ੍ਰੈਸਿਵ ਪੀਪਲਜ਼ ਫਾਊਂਡੇਸ਼ਨ ਆਫ ਐਡਮਿੰਟਨ ਵਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ 79ਵੀਂ ਬਰਸੀ ਨੂੰ ਸਮਰਪਿਤ ਸੈਮੀਨਾਰ 3 ਅਪਰੈਲ ਦਿਨ ਸ਼ਨੀਵਾਰ ਬਾਅਦ ਦੁਪਿਹਰ 2 ਤੋਂ 4 ਵਜੇ ਤੱਕ ਮਿਲਵੁਡਜ਼ ਕਲਚਰਲ ਸੁਸਾਇਟੀ ਫਾਰ ਰਿਟਾਇਰਡ ਐਂਡ ਸੈਮੀ-ਰਿਟਾਇਰਡ (ਸੀਨੀਰਅਜ਼ ਸੈਂਟਰ) 1560,48 ਸਟਰੀਟ ਐਡਮਿੰਟਨ ਵਿਖੇ ਕਰਵਾਇਆ ਜਾਵੇਗਾ। ਸੈਮੀਨਾਰ ਦਾ ਵਿਸ਼ਾ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਵਿਚਾਰਾਂ ਦੀ ਅਜੋਕੇ-ਯੁਗ ਵਿੱਚ ਪ੍ਰਸੰਗਕਤਾ ਹੋਵੇਗਾ। ਇਸ ਪ੍ਰੋਗਰਾਮ ਦੇ ਮੁਖ ਬੁਲਾਰੇ ਉੱਘੇ ਵਿਦਵਾਨ ਅਤੇ ਸਾਬਕਾ ਐਮ. ਐਲ. ਏ. ਡਾ: ਰਾਜ ਪੰਨੂ ਹੋਣਗੇ। ਸੈਮੀਨਾਰ ਦੇ ਪ੍ਰਬੰਧਕਾਂ ਵਲੋਂ ਸਭ ਐਡਮਿੰਟਨ ਵਾਸੀਆਂ ਨੂੰ ਇਸ ਵਿੱਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਯਾਦ ਰਹੇ ਕਿ ਪਰੋਗ੍ਰੈਸਿਵ ਪੀਪਲਜ਼ ਫਾਊਂਡੇਸ਼ਨ ਆਫ ਐਡਮਿੰਟਨ ਸ਼ਹਿਰ ਦੀਆਂ ਚਾਰ ਜਥੇਬੰਦੀਆਂ ਪੰਜਾਬੀ ਕਲਚਰਲ ਐਸੋਸੀਏਸ਼ਨ ਆਫ ਐਡਮਿੰਟਨ, ਮੇਪਲ ਲੀਫ ਰਾਈਟਰਜ਼ ਫਾਊਡੇਸ਼ਨ ਆਫ ਐਡਮਿੰਟਨ, ਸੈਕੂਲਰ ਪੀਪਲਜ਼ ਐਸੋਸੀਏਸ਼ਨ ਅਤੇ ਪੰਜਾਬੀ ਆਰਟ ਐਸੋਸੀਏਸ਼ਨ ਆਫ ਐਡਮਿੰਟਨ ਦਾ ਸਾਂਝਾ ਮੰਚ ਹੈ ਅਤੇ ਸਾਲ 2006 ਤੋਂ ਲੈ ਕੇ ਹੁਣ ਤੱਕ ਸ਼ਹੀਦ ਭਗਤ ਸਿੰਘ ਨਾਲ ਸਬੰਧਤ, ਸੈਮੀਨਾਰ, ਨਾਟਕਾਂ, ਸ਼ਹੀਦ ਭਗਤ ਸਿੰਘ ਦੀ ਜੀਵਨੀ ਅਤੇ ਵਿਚਾਰਾਂ ਨਾਲ ਸਬੰਧਿਤ ਇਕ ਕਿਤਾਬ "ਭਗਤ ਸਿੰਘ ਟੁਡੇ" ਮੁਫਤ ਵੰਡਣ ਤੋਂ ਇਲਾਵਾ ਨੌਜਵਾਨ ਪੀੜ੍ਹੀ ਨੂੰ ਸਮਪਰਿਤ ਦੋ ਸੌਕਰ ਟੂਰਨਾਮੈਂਟ ਵੀ ਕਰਵਾ ਚੁੱਕਾ ਹੈ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲੈਣ ਲਈ ਅੱਗੇ ਦਿੱਤੇ ਨੰਬਰਾਂ 'ਤੇ ਸੰਪਰਕ ਕਰੋ:

| | |
|---|---|
| **ਸੋਨੀ ਗਿੱਲ:** | 780-497-8801 |
| **ਗੁਰਸੇਵਕ ਮਾਨ:** | 780-982-3132 |
| **ਦਲਬੀਰ ਸਾਂਗਿਆਣ:** | 780-995-5475 |
| **ਨਵਤੇਜ ਬੈਂਸ:** | 780-465-6900 |


PARADISE HALAL MEATS
Previously Known as MEDINA MARKET
3219 – 92 Street, Edmonton, Alberta T6N 1B9 Phone: 780 440 9443
Now Open Under New Ownership
ABDULRAHMAN FAYAD & SONS
Middle Eastern & Sub Continental Foods | GOAT, LAMB, BEEF, CHICKEN, OXTAIL,
ALL CRESCENT HALAL PRODUCTS | COW FEET, GOAT FEET & MANY MORE
North Side Location : 9006–132 Ave, Edmonton Phone: 780 476 0233

Sarbjeet Dodd REALTOR®
Contact For Buying & Selling
of Residential & Commercial Property
any where in Alberta
A.L.L. Stars Realty Ltd.
312 saddleback Rd. Edmonton, AB T6J 4R7
Bus: 780 434 4700 sarbjeetdodd@hotmail.com
Cell: 780 951 1590 Fax: 780 436 9902





For All Your Real Estate Needs & Best Services
Just Contact Your Real Estate Expert! Dan Sidhu Broker/Owner
ਨਵਾਂ ਜਾਂ ਪੁਰਾਣਾ ਘਰ ਜਾ ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ Dan Sidhu ਨੂੰ ਫੋਨ ਕਰੋ।
Each office individually owned and operated
Cell: 403 560 6300
Specialize in Residential/
Commercial & Investment Properties RE/MAX
110-300 Merganser Dr. West Chestermers, ABT1X 1L6
Bus: 403 569 2900 Fax: 403 207 1237





Top Realtor 2007
Jass Longowal
is always stand for you
ਕਿਸੇ ਵੀ ਤਰ੍ਹਾਂ ਦੀ ਪ੍ਰੋਪਰਟੀ ਖ੍ਰੀਦਣ ਜਾਂ ਵੇਚਣ ਲਈ ਜੱਸ ਲੌਂਗੋਵਾਲ ਨੂੰ ਸੇਵਾ ਦਾ ਮੌਕਾ ਦਿਓ।
PROFESSIONAL REALTY GROUP
Jas Longowal
B.A, LLB, B.ED, B.L.S, M.A, M.A
Agent/Realtor
#101, 6005 Gateway Blvd. Edmonton
Call: 780 993 0898
Bus: 780 439 9818 "It's time you hired a Professional"





3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1% OF REALTORS IN CANADA
Land Parcels Available in throughout Alberta
A.L.L. Stars Realty Ltd.,
312 Saddleback Road, T6J 4R7
Cell: (780) 951-9873 Bus: (780) 434-4700





LUTHRA LAW OFFICE
Sarjan Luthra, B.Sc, LL.B,
Barrister and Solicitor
* Corporate Commercial
* Real Estate Transactions
* Immigration Appeals
* ਕੰਪਨੀ ਮਾਮਲੇ
* ਰੀਅਲ ਇਸਟੇਟ
* ਇਮੀਗਰੇਸ਼ਨ ਅਪੀਲ
Services Also in Hindi, Punjabi, Urdu & Arabic
# 10, 3908-97 Street, Edmonton, AB, T6E 6N2
780 466 4660, 780 463 4205 luthralaw@canada.com





Sarjan Luthra

ਲਾਈਫ: ਯੂਨੀਵਰਸਲ, ਟਰਮ ਅਤੇ ਮੌਰਟਗੇਜ,
ਡਿਸਏਬਿਲਟੀ, ਕਰਿਟਿਕਲ ਇਲਨੈਸ, ਹੈਲਥ ਪਲੈਨਜ਼,
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗਜ਼ ਪਲੈਨਜ਼

**ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ**



For All Insurance Needs
Call: **Shalu Badesha**
**Phone:780-660-3071**

GREAT WEST CHRYSLER DODGE JEEP
NISSAN
ACURA
HONDA
MITSUBISHI

**New & Used Vehicles Sales or Leasing**
Online Express Credit Approval www.gwcloans.com
ਨਵੀਆਂ ਜਾਂ ਯੂਜ਼ਡ ਕਾਰਾਂ ਲੈਣ ਲਈ ਹਮੇਸ਼ਾਂ ਸਾਡੇ ਸਟੋਰ 'ਤੇ ਆਓ
Punjabi, Hindi & Urdu Spoken
Fax. 780 951 3814 Toll Free: 1-800-363-4332
17817-Stoney Plain Rd, Edmonton AB
Surjeet (Sam Nahal)
Cell: 780 951 3814
**780 483 5337**
www.greatwestchrysler.com

**EAGLE ROCK GOLF COURSE**

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ,
ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ
ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895




**50549, Range Road 234**
**Edmonton, AB**

Catering
Wedding
Banquet
Birthday Parties
Ladies Sangeet
Golf Tournaments

**ALPHA**
**Tent Rentals**
All Events Big or Small
We are in this Business Since 2001



Ladies Sangeet Jago Equipment

**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots (Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**

**ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ**
Guaranteed Low Prices Open Seven Days a Week
**Umrao Ghinger: 780 237 5556**
**Rana Pandher: 780 498 6375**
www.alphatentrentals.com **Office: 780 490 5354**





**PASH**
**DRIVING SCHOOL LTD.**
"Learn to drive for life...accident free with confidence"

- ✓Government Approved Insurance Reduction Course
- ✓Defensive Driving Course
- ✓Refresher Courses
- ✓Preparation for Class 7
- ✓Road Test Preparation
- ✓Package & Hourly Rates

*Car Available for Road Test
*Free Pick Up & Drop Off
Lady Instructor
7 Days A Week


Jas Badesha


Shalu

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸੇਵਾਵਾਂ ਹਾਜ਼ਰ ਹਨ।
**Shalu Badesha 780-660-3071**
**Jas Badesha 780-908-2296**
pashdrivingschool@ymail.com

Eat-In
Take-Out

**Shan-E-Punjab**
**Sweets & Restaurant**

Speicializing in East Indian & Pakistani Sweets & Cuisine

* Puri Chole, Saag, Chicken, Biryani, Goat/Lamb Curry,
* Tandoori Chicken, Samosa, Papri Chat,Golgappey,
* Garlic, Chicken & Paneer Naan,Mixed Sweets,
* Gulab Jamun,Khoya Burfi, Rus-Gullas, Laddoo,
* Sev Chewra, Namak Para, Fish, Chicken &
* Veg. Pakora,Mango Shake & Lassi.

Seven Days a Week
**Business Hours:** 11am-9pm

**Lunch Buffet & Dinner Buffet**
9393-34 Avenue,
Edmonton, AB.

Phone **(780) 434-7373**

Concept, Design and Installation
**Cambridge Windows Mfg. Inc.**

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ
**ਕੈਂਬਰਿਜ ਵਿੰਡੋ**
**780-436-0111**
7941-Argyll Road Edmonton AB, T6C 4A9

BBB
www.cambridgewindow.com
Better Business Bureau ਦੇ ਮੈਂਬਰ



# ਕਨੇਡਾ ਵਿਚ ਪੇਪਰ ਨੋਟਾਂ ਦੀ ਜਗ੍ਹਾ ਲੈਣਗੇ ਪੋਲੀਮਰ ਦੇ ਨੋਟ

**ਟੋਰਾਂਟੋ/ਨ.ਦ.ਬਿਊਰੋ**

ਨਵੀਂ ਕਿਸਮ ਦੇ ਪੋਲੀਮਰ ਨੋਟ, ਜਿਹੜੇ ਕਿ ਕੈਮੀਕਲ ਬਣਤਰ ਦੇ ਹੋਣਗੇ, ਅਗਲੇ ਅਠਾਰਾਂ ਮਹੀਨਿਆਂ ਵਿਚ ਚਾਲੂ ਕਰ ਦਿੱਤੇ ਜਾਣਗੇ। ਇਹ ਖੁਲਾਸਾ ਕਨੇਡਾ ਦੇ ਵਿੱਤ ਮੰਤਰੀ ਜਿਮ ਫਲਾਰਟੀ ਨੇ 2010 ਦੇ ਬਜ਼ਟ ਨੂੰ ਪੇਸ਼ ਕਰਨ ਲੱਗਿਆ ਕੀਤਾ ਹੈ।ਪੇਪਰ ਨੋਟਾਂ ਨੂੰ ਬਦਲਾਉਣ ਨਾਲ ਜਾਅਲੀ ਕਰੰਸੀ 'ਤੇ ਰੋਕ ਲਾਈ ਜਾ ਸਕੇਗੀ ਕਿਉਂਕੀ ਨਵੇਂ ਨੋਟਾਂ ਵਿਚ ਕਈ ਕਿਸਮ ਦੀਆਂ ਹੋਰ ਸਕਿਉਰਿਟੀ ਰਮਜ਼ਾਂ ਵੀ ਹੋਣਗੀਆਂ ਜਿਨ੍ਹਾਂ ਨਾਲ ਨਕਲੀ ਕਰੰਸੀ ਨੂੰ ਫੜਨ ਵਿਚ ਕਾਮਯਾਬੀ ਹਾਸਿਲ ਹੋਏਗੀ। ਇਕ ਅਤੇ ਦੋ ਡਾਲਰ ਦੇ ਸਿੱਕੇ ਵੀ ਬਦਲ ਦਿੱਤੇ ਜਾਣਗੇ। ਲੂਨੀ ਤੇ ਟੂਨੀ ਦੀ ਬਾਹਰਲੀ ਦਿੱਖ ਤਾਂ ਇਹੀ ਹੋਏਗੀ ਪਰ ਧਾਤ ਦੀ ਬਣਤਰ ਵੱਖਰੀ ਹੋਏਗੀ। ਪੰਜੀ, ਦਸੀ, ਚੁਆਨੀ ਦੇ ਸਿੱਕੇ ਤਾਂ ਪਹਿਲਾਂ ਹੀ ਸਾਲ 2000 ਵਿਚ ਨਵੀਂ ਆਈ ਟੈਕਨਾਲੋਜ਼ੀ ਕਰਕੇ ਬਦਲ ਦਿੱਤੇ ਸਨ। ਪਰ ਹੁਣ ਵਾਰੀ ਆਈ ਹੈ ਲੂਨੀ ਤੇ ਟੂਨੀ ਦੀ। ਸਿੱਕੇ ਬਨਾਉਣ ਦੀ ਨਵੀਂ ਟੈਕਨਾਲੋਜ਼ੀ ਵਿਚ ਸਟੀਲ ਦੀ ਕੋਰ ਤੇ ਨਿੱਕਲ ਤੇ ਤਾਂਬੇ ਦੀ ਪਰਤ ਬਿਜਲੀਕ੍ਰਿਆ ਰਾਹੀਂ ਚੜ੍ਹਾ ਦਿੱਤੀ ਜਾਂਦੀ ਹੈ। ਪੋਲੀਮਰ ਨੋਟਾਂ ਦੀ ਪੇਪਰ ਨੋਟ ਦੇ ਮੁਕਾਬਲੇ ਦੋ ਜਾਂ ਤਿੰਨ ਗੁਣਾਂ ਜ਼ਿਆਦਾ ਉਮਰ ਹੈ।ਪੋਲੀਮਰ ਦੀ ਇਹ ਕਿਸਮ ਘੱਟ ਫੱਟਦੀ ਹੈ। ਪੋਲੀਮਰ ਦੀ ਕਿਸਮ ਦੇ ਨੋਟ ਕਈ ਹੋਰ ਦੇਸ਼ਾਂ ਵਿਚ, ਜਿਵੇਂ ਕੀ ਅਸਟਰੇਲੀਆ ਵਿਚ, ਪਹਿਲਾਂ ਹੀ ਪ੍ਰਸਿੱਧੀ ਹਾਸਿਲ ਕਰ ਚੁੱਕੇ ਹਨ। ਨਵੇਂ ਨੋਟਾਂ 'ਤੇ ਖਾਸ ਕਿਸਮ ਦਾ ਡੀਜ਼ਾਇਨ ਹੋਵੇਗਾ ਤੇ ਇਕ ਖਿੜਕੀ ਵੀ ਹੋਵੇਗੀ ਜਿਹੜੀ ਕੀ ਫੋਟੋਕਾਪੀ ਕਰਨ ਵਿਚ ਪਕੜੀ ਜਾਏਗੀ। ਇਹ ਨਵੇਂ ਨੋਟ ਛੇਤੀ ਹੀ ਰੀਸਰਕਲ ਹੋ ਸਕਦੇ ਹਨ ਤੇ ਵਤਾਤਵਰਣ 'ਤੇ ਭਾਰ ਨਹੀਂ ਪਾਉਣਗੇ। ਸਿੱਕਿਆਂ ਨੂੰ ਨਵੀਂ ਕਿਸਮ ਵਿਚ ਤਬਦੀਲ ਕਰਨ ਨਾਲ ਤਕਰੀਬਨ 15 ਮਿਲੀਅਨ ਡਾਲਰ ਜਣੀ ਕੇ 66 ਕਰੋੜ ਰੁਪਏ ਦੀ ਆਏ ਸਾਲ ਕਨੇਡੀਅਨ ਸਰਕਾਰ ਨੂੰ ਬੱਚਤ ਹੋਵੇਗੀ।



## ਕਨੇਡਾ ਦਾ ਫੈਡਰਲ ਬਜ਼ਟ- ਸਾਲ 2010

| | | |
|---|---|---|
| 53.8 ਬਿਲੀਅਨ ਡਾਲਰ | ਬਜ਼ਟ ਦਾ ਘਾਟਾ ਦੋ ਸਾਲਾਂ ਵਿਚ ਅੱਧਾ ਕਰ ਦਿੱਤਾ ਜਾਵੇਗਾ। | ਸਾਲ 2015ਵਿਚ ਬਜ਼ਟ ਦਾ ਘਾਟਾ ਪੂਰਾ ਕਰ ਦਿੱਤਾ ਜਾਵੇਗਾ ਤੇ ਖਾਤਾ ਬਰਬਾਰ ਕਰ ਦਿੱਤਾ ਜਾਵੇਗਾ। |
| 19 ਬਿਲੀਅਨ ਡਾਲਰ | ਮੰਦਵਾੜੇ ਨੂੰ ਸੁਧਾਰਨ ਲਈ ਖਰਚ ਕੀਤੇ ਜਾਣਗੇ। | ਮੰਦਵਾੜੇ ਨੂੰ ਸੁਧਾਰਨ ਲਈ ਸਰਕਾਰ ਵੱਲੋਂ ਸਪੈਸ਼ਲ ਰਾਹਤ ਦਿੱਤੀ ਗਈ ਹੈ। |
| 8 ਬਿਲੀਅਨ ਡਾਲਰ | ਆਰ ਸੀ ਐਮ ਪੀ (ਕਨੇਡਾ ਦੀ ਫੈਡਰਲ ਪੁਲੀਸ) ਦੇ ਇਕ ਵਿੰਗ ਨੂੰ ਬਨਾਉਣ ਲਈ ਖਰਚੇ ਜਾਣਗੇ। | ਆਰ ਸੀ ਐਮ ਪੀ (ਕਨੇਡਾ ਦੀ ਫੈਡਰਲ ਪੁਲੀਸ) ਦਾ ਇਹ ਇੱਕ ਨਵਾਂ ਵਿੰਗ ਹੈ ਜਿਸ ਦੀ ਨਿਗਰਾਨੀ ਵਿਚ ਆਰ ਸੀ ਐਮ ਪੀ ਕੰਮ ਕਰੇਗੀ। |
| 2.5 ਬਿਲੀਅਨ ਡਾਲਰ | ਮਿਲਟਰੀ ਤੇ ਆਏ ਸਾਲ ਘੱਟ ਖਰਚ ਹੋਣਗੇ। | ਇਸ ਨਾਲ ਕਨੇਡਾ ਸਰਕਾਰ ਨੂੰ ਬੱਚਤ ਹੋਵੇਗੀ। |
| ਕਨੇਡਾ ਸਰਕਾਰ 419000 ਸਿਵਲ ਨੌਕਰਾਂ ਦੀ ਕਿਸਮਤ | ਇਨਾਂ ਦੀਆਂ ਤਨਖਾਹਾਂ ਤੇ ਤਰੱਕੀਆਂ ਤਿੰਨ ਸਾਲ ਲਈ ਨਹੀਂ ਵੱਧਣਗੀਆਂ। | ਇਸ ਨਾਲ ਕਨੇਡਾ ਸਰਕਾਰ ਨੂੰ ਬੱਚਤ ਹੋਵੇਗੀ। |
| 62 ਮਿਲੀਅਨ ਡਾਲਰ | ਅਥਲੀਟਾਂ ਤੇ ਖਿਡਾਰੀਆਂ ਤੇ ਖਰਚ ਹੋਣਗੇ। | ਇਸ ਨਾਲ ਖੇਡਾਂ ਦਾ ਵਿਕਾਸ ਹੋਵੇਗਾ। |
| 10 ਮਿਲੀਅਨ ਡਾਲਰ | ਇਹ ਪੈਸਾ ਕਨੇਡਾ ਦੇ ਪਹਿਲੇ ਬਸ਼ਿੰਦਿਆਂ (ਲਾਲ ਭਾਰਤੀਆਂ) ਨਾਲ ਸਬੰਧਤ ਮਾਰੀਆਂ ਜਾਂ ਗੁੰਮ ਹੋਈਆਂ ਔਰਤਾਂ ਨੂੰ ਲੱਭਣ ਲਈ ਖਰਚ ਕੀਤਾ ਜਾਵੇਗਾ। | ਸਰਕਾਰ ਦੀ ਇਹ ਨਵੀ ਸਕੀਮ ਲਾਲ ਭਾਰਤੀਆਂ ਦੇ ਸਮਾਜ ਨੂੰ ਰਾਹਤ ਦੇਵੇਗੀ। |

# ਐਡਮਿੰਟਨ ਦੇ ਸਾਲ 2009 ਦੇ ਬਜ਼ਟ ਵਿਚ 33.7 ਮਿਲੀਅਨ ਦਾ ਸਰਪਲੱਸ

**ਐਡਮਿੰਟਨ/ਨ.ਦ.ਬਿਊਰੋ**

ਸਾਲ਼ 2008 ਦਾ ਬਜ਼ਟ ਬਹੁੱਤ ਹੀ ਨਿਰਾਸ਼ਜਨਕ ਸੀ ਜਿਸ ਵਿਚ ਘਾਟਾ ਪਿਆ ਸੀ। ਪਰ ਸਾਲ 2009 ਦੇ ਬਜ਼ਟ ਨੇ ਮਿਉਂਸਪੈਲਟੀ ਵਿਚ ਖੁਸ਼ੀ ਦੀ ਲਹਿਰ ਪੈਦਾ ਕਰ ਦਿੱਤੀ ਹੈ ਜਦੋਂ 33.7 ਮਿਲੀਅਨ ਬਜ਼ਟ ਵਿਚ ਵਾਧੂ ਰਕਮ ਰਲ ਗਈ ਹੈ। ਇਹ ਖੁਲਾਸਾ ਐਡਮਿੰਟਨ ਦੇ ਮੇਅਰ ਸਟੀਫਨ ਮੈਂਡਲ ਨੇ ਕੀਤਾ ਹੈ। ਬਜ਼ਟ ਦੇ ਵਾਧੇ ਦਾ ਕਾਰਣ ਨਵੀਆਂ ਨੌਕਰੀਆਂ 'ਤੇ ਲਾਈ ਪਾਬੰਦੀ ਤੇ ਆਰਥਕ ਅਵੱਸਥਾ ਦਾ ਸੁਧਰ ਜਾਣਾ ਹੈ। ਮੇਅਰ ਨੇ ਕਿਹਾ ਹੈ ਕਿ ਬਜ਼ਟ ਵਿਚ ਵਾਧੂ ਰਕਮ ਪੈਦਾ ਹੋਣ ਮਤਲਬ ਇਹ ਨਹੀਂ ਕਿ ਖਰਚ ਨੂੰ ਵਧਾ ਦਿੱਤਾ ਜਾਏ। ਉਨਾਂ ਕਿਹਾ ਕਿ ਹੁਣ ਲੋੜ ਹੈ ਖਰਚ ਨੂੰ ਸੰਜਮ ਨਾਲ ਕੀਤਾ ਜਾਏ ਤਾਂ ਕਿ ਲੋੜੀਦੇ ਪ੍ਰੋਗਰਾਮ ਚੰਗੇ ਢੰਗ ਨਾਲ ਚਲਾਏ ਜਾਣ। ਸਾਲ 2008 ਵਿਚ ਆਰਥਕ ਮੰਦਵਾੜੇ ਕਾਰਣ ਬਜਟ ਵਿਚਲਾ ਘਾਟਾ 23 ਮਿਲੀਅਨ ਡਾਲਰ ਤੱਕ ਪਹੁੰਚ ਗਿਆ ਸੀ।

# ਸਰਕਾਰੀ ਨੌਕਰੀਆਂ ਵਿਚ ਵਾਧੇ ਤੋਂ ਇਨਕਾਰ



**ਟੋਰਾਂਟੋ/ਨ.ਦ.ਬਿਊਰੋ**

ਕਨੇਡਾ ਦੇ ਵਿੱਤ ਮੰਤਰੀ ਜਿਮ ਫਲਾਰਟੀ ਨੇ ਕਿਹਾ ਹੈ ਕਿ ਬਜ਼ਟ ਸਾਰੇ ਮੁਦਿਆਂ ਨੂੰ ਵਿਚਾਰ ਕੇ ਹੀ ਬਣਾਇਆ ਗਿਆ। ਸਰਕਾਰ ਕਨੇਡਾ ਦੇ ਅਰਥਚਾਰੇ ਨੂੰ ਸੁਧਾਰਨਾ ਚਾਹੁੰਦੀ ਹੈ ਤੇ ਨੌਕਰੀਆਂ ਪੈਦਾ ਕਰਨੀ ਚਾਹੁੰਦੀ ਹੈ ਤਾਂ ਕਿ ਕਨੇਡਾ ਦੇ ਲੋਕ ਆਰਥਿਕ ਮੰਦਹਾੜੇ ਵਿਚੋਂ ਚੰਗੀ ਤਰ੍ਹਾਂ ਨਿਕਲ ਸਕਣ। ਉਨ੍ਹਾਂ ਕਿਹਾ ਕਿ ਆਉਣ ਵਾਲੇ ਪੰਜ ਸਾਲਾਂ ਵਿਚ 17.6 ਬਿਲੀਅਨ ਡਾਲਰਾਂ ਦੀ ਬੱਚਤ ਕੀਤੀ ਜਾਵੇਗੀ। ਸਰਕਾਰੀ ਨੌਕਰੀਆਂ ਵਿਚ ਵਾਧਾ ਨਹੀਂ ਕੀਤਾ ਜਾਵੇਗਾ। ਸਿਵਲ ਨੌਕਰਾਂ ਤੇ ਮੈਂਬਰ ਪਾਰਲੀਮੈਂਟਾਂ ਦੀਆਂ ਤਨਖਾਹਾਂ ਤੇ ਸੇਵਾਵਾਂ ਵਿਚ ਵੀ ਵਾਧਾ ਨਹੀਂ ਕੀਤਾ ਜਾਵੇਗਾ। ਕਿਸੇ ਵੀ ਵਿਰੋਧੀ ਪਾਰਟੀ ਨੇ ਨਹੀਂ ਕਿਹਾ ਕਿ ਉਹ ਟੋਰੀ ਪਾਰਟੀ ਦੇ ਬਜ਼ਟ ਨੂੰ ਸਮਰੱਥਨ ਨਹੀਂ ਦੇਣਗੇ। ਪ੍ਰੰਤੂ ਲਿਬਰਲ ਲੀਡਰ ਮਾਈਕਲ ਇਗਨੈਟੀਅਫ ਨੇ ਕਿਹਾ ਹੈ ਕਿ ਉਨ੍ਹਾਂ ਦੇ ਇੰਨੇ ਕੁ ਮੈਂਬਰ ਪਾਰਲੀਮੈਂਟ ਸਦਨ ਵਿਚ ਹਾਜ਼ਰ ਰਹਿਣਗੇ ਕਿ ਬਜ਼ਟ ਪਾਸ ਹੋ ਜਾਵੇ ਕਿਉਂਕਿ ਕਨੇਡੀਅਨ ਇਸ ਸਮੇਂ ਚੋਣਾਂ ਨਹੀਂ ਚਾਹੁੰਦੇ। ਐਨ ਡੀ ਪੀ ਪਾਰਟੀ ਦੇ ਲੀਡਰ ਜੈਕ ਲੇਟਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਬਜ਼ਟ ਦਾ ਸਮਰੱਥਨ ਨਹੀਂ ਕਰਦੀ ਪਰ ਉਹ ਇੰਤਜ਼ਾਰ ਕਰਨਗੇ ਕਿ ਉਨਾਂ ਦੇ ਐਮ ਪੀ ਬਜ਼ਟ ਵਿਚ ਆਪਣੇ ਮੁਤਾਬਕ ਰਿਆਇਤਾਂ ਲੈ ਸਕਣ।ਬਲੋਕ ਕਿਉਕਾ ਦੇ ਲੀਡਰ ਜ਼ਿਲ ਦੁਸੈਪ ਨੇ ਕਿਹਾ ਹੈ ਕਿ ਉਹ ਬਜ਼ਟ ਦੇ ਸ਼ਰੇਆਮ ਵਿਰੋਧ ਵਿਚ ਹਨ।

## ਗੱਡੀਆਂ ਦੀ ਰਫਤਾਰ 50 ਕਿ.ਮੀ. ਤੋਂ 40 ਕਿ.ਮੀ./ਘੰਟਾ ਕੀਤੀ

**ਐਡਮਿੰਟਨ/ਨ.ਦ.ਬਿਊਰੋ**

ਵੱਧ ਰਹੇ ਟ੍ਰੈਫਿਕ ਅਤੇ ਗੰਭੀਰ ਹਾਦਸਿਆਂ ਦੇ ਮੱਦੇ-ਨਜ਼ਰ ਸਿਟੀ ਆਫ ਐਡਮਿੰਟਨ ਨੇ ਇਕ ਪਾਇਲਟ ਪ੍ਰਾਜੈਕਟ ਅਧੀਨ 1 ਮਈ 2010 ਤੋਂ ਸ਼ਹਿਰ ਦੇ 6 ਹਿੱਸਿਆਂ ਵੁੱਡਕਰੋਫਟ, ਬੈਵਰਲੀ ਹਿਲਜ਼, ਔਟਵੈਲ, ਕਿੰਗ ਐਡਵਰਡ ਪਾਰਕ, ਵੈਸਟਰਿਜ/ਵੌਲਫ ਵਿਲੋ ਅਤੇ ਟਵਿਨ ਬਰੁਕਸ ਚੁਣੇ ਹਨ ਜਿਨ੍ਹਾਂ 'ਚ ਗੱਡੀਆਂ ਦੀ ਰਫਤਾਰ 50 ਕਿਲੋ ਮੀਟਰ/ਘੰਟਾ ਤੋਂ ਘਟਾ ਕੇ 40 ਕਿਲੋ ਮੀਟਰ/ਘੰਟਾ ਕੀਤੀ ਗਈ ਹੈ। ਸੀਨੀਅਰ ਸਪੀਡ ਮੈਨੇਜਮੈਂਟ ਕੋ-ਆਰਡੀਨੇਟਰ ਡੈਨ ਜੋਨਸ ਨੂੰ ਆਸ ਹੈ ਕਿ ਘਟੀ ਸਪੀਡ ਦੇ ਚਿੰਨ ਵੇਖਕੇ ਲੋਕ ਹੌਲੀ ਚਲਣਗੇ ਅਤੇ ਵਾਲੰਟੀਅਰਾਂ ਦੀ ਮਦਦ ਨਾਲ ਆਮ ਲੋਕਾਂ ਦੀ ਸ਼ਾਮੂਲੀਅਤ ਦੀ ਵੀ ਕੋਸ਼ਿਸ਼ ਕੀਤੀ ਜਾਵੇਗੀ। ਇਲਾਕੇ ਦੇ ਵਸਨੀਕਾਂ ਨੂੰ ਆਸ ਹੈ ਕਿ ਘਟੀ ਗਤੀ ਸੀਮਾ ਕਰਕੇ ਟ੍ਰੈਫਿਕ ਸੁਚਾਰੂ ਢੰਗ ਨਾਲ ਚਲੇਗਾ।

# ਸਿਹਤ ਬਿੱਲ ਨੂੰ ਲੈ ਕੇ ਓਬਾਮਾ ਨੇ ਅਖ਼ਤਿਆਰ ਕੀਤਾ ਸਖ਼ਤ ਰੁਖ਼

**ਵਾਸ਼ਿੰਗਟਨ/ਨ.ਦ.ਬਿਊਰੋ**

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ 950 ਬਿਲੀਅਨ ਅਮਰੀਕੀ ਡਾਲਰ ਦੇ ਸਿਹਤ ਸੰਭਾਲ ਪ੍ਰਣਾਲੀ ਲਈ ਲੋੜੀਂਦੇ ਸੁਧਾਰਾਂ ਸਬੰਧੀ ਮਤੇ 'ਤੇ ਸਖ਼ਤ ਰੁਖ਼ ਅਪਨਾਉਂਦਿਆਂ ਡੈਮੋਕਰੈਟ ਪਾਰਟੀ ਦੇ ਸੰਸਦ ਮੈਂਬਰਾਂ ਨੂੰ ਇਸ ਉਪਰ ਫੌਰਨ ਵੋਟਿੰਗ ਕਰਨ ਦਾ ਹੁਕਮ ਸੁਣਾਇਆ ਹੈ। ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਓਬਾਮਾ ਸਿਹਤ ਸੰਭਾਲ ਵਿਚ ਏਨਾ ਵੱਡਾ ਫੇਰ ਬਦਲ ਕਰਨ ਵਾਲੇ ਪਿਛਲੇ 11 ਵਰ੍ਹਿਆਂ ਵਿਚ ਪਹਿਲੇ ਅਮਰੀਕੀ ਰਾਸ਼ਟਰਪਤੀ ਬਣ ਜਾਣਗੇ। ਇਸ ਬਿੱਲ ਉਪਰ ਲੰਮੇ ਸਮੇਂ ਤੋਂ ਚੱਲ ਰਹੀ ਬਹਿਸ ਨੇ ਆਮ ਅਮਰੀਕੀ ਜਨਤਾ ਦਾ ਸਰਕਾਰ ਵਿਚ ਭਰੋਸਾ ਕਮਜ਼ੋਰ ਕਰ ਦਿੱਤਾ ਹੈ। ਰਾਸ਼ਟਰਪਤੀ ਓਬਾਮਾ ਮੁਤਾਬਕ ਇਸ ਸਮੱਸਿਆ ਨੇ ਸਾਡੀਆਂ ਦੇਸ਼ ਨਾਲ ਜੁੜੀਆਂ ਸਮੱਸਿਆਵਾਂ ਹੱਲ ਕਰਨ ਦੀ ਯੋਗਤਾ ਉਪਰ ਸਵਾਲੀਆ ਨਿਸ਼ਾਨ ਲਾ ਦਿੱਤੇ ਹਨ। ਲੋਕਾਂ ਦਾ ਸਬਰ ਖ਼ਤਮ ਹੁੰਦਾ ਜਾ ਰਿਹਾ ਹੈ ਤੇ ਉਹ ਸਾਡੇ ਵਲੋਂ ਆਖ਼ਰੀ ਕਦਮ ਚੁੱਕੇ ਜਾਣ ਦੀ ਉਡੀਕ ਕਰ ਰਹੇ ਹਨ।



ਇਸ ਵਿਸ਼ਾਲ ਸਿਹਤ ਸੰਭਾਲ ਪੈਕੇਜ ਤਹਿਤ 2014 ਤੋਂ ਉਨ੍ਹਾਂ ਲੋਕਾਂ ਉਪਰ 100 ਬਿਲੀਅਨ ਅਮਰੀਕੀ ਡਾਲਰ ਖ਼ਰਚ ਕੀਤੇ ਜਾਣਗੇ ਜਿਨ੍ਹਾਂ ਦਾ ਸਿਹਤ ਬੀਮਾ ਜਾਂ ਤਾਂ ਹੋਇਆ ਹੀ ਨਹੀਂ ਤੇ ਜਾਂ ਨਾਕਾਫ਼ੀ ਹੈ।

ਜਿਵੇਂ ਕਿ ਉਮੀਦ ਕੀਤੀ ਜਾ ਰਹੀ ਸੀ, ਰਿਪਬਲੀਕਨ ਪਾਰਟੀ ਨੇ ਇਸ ਪੈਕੇਜ ਦਾ ਸਖ਼ਤ ਵਿਰੋਧ ਕੀਤਾ ਹੈ ਜਿਸ ਤਹਿਤ ਸਰਕਾਰ ਡਾਕਟਰਾਂ ਵੱਲੋਂ ਕੀਤੀਆਂ ਜਾਂਦੀਆਂ ਧੋਖਾਧੜੀਆਂ ਨੂੰ ਫੜਨ ਦਾ ਇਰਾਦਾ ਰੱਖਦੀ ਹੈ। ਇਸ ਤੋਂ ਇਲਾਵਾ ਇਸ ਬਿੱਲ ਵਿਚ ਸਰਕਾਰ ਵੱਲੋਂ ਚਲਾਏ ਜਾਂਦੇ ਸੀਨੀਅਰਜ਼ ਕੇਅਰ ਉਪਰ ਹੋਰ ਟੈਕਸ ਲਾਉਣ ਦਾ ਸੁਝਾਅ ਵੀ ਸ਼ਾਮਲ ਹੈ। ਸੰਸਦ ਵਿਚਲੇ ਹੀ ਕੁਝ ਮੈਂਬਰਾਂ ਦਾ ਮੰਨਣਾ ਹੈ ਕਿ ਜੇਕਰ ਓਬਾਮਾ ਇਸੇ ਤਰ੍ਹਾਂ ਹੀ ਅੜੇ ਰਹੇ ਤਾਂ ਰਿਪਬਲੀਕਰਨ ਪਾਰਟੀ ਨਾਲ ਉਨ੍ਹਾਂ ਦੇ ਸਬੰਧਾਂ ਵਿਚ ਜ਼ਹਿਰ ਘੁਲਦਿਆਂ ਸਮਾਂ ਨਹੀਂ ਲੱਗੇਗਾ। ਓਬਾਮਾ ਹੁਣ ਆਪਣੀ ਜ਼ਿੱਦ ਦੇ ਚੱਲਦਿਆਂ ਏਨਾ ਅੱਗੇ ਵੱਧ ਚੁੱਕੇ ਹਨ ਕਿ ਬਿੱਲ ਨੂੰ ਲੈ ਕੇ ਕੀਤਾ ਗਿਆ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਸੰਸਦ ਦੀ ਦਿੱਖ ਨੂੰ ਢਾਹ ਲਾ ਸਕਦਾ ਹੈ। ਜੇਕਰ ਓਬਾਮਾ ਸਮਝੌਤੇ ਲਈ ਤਿਆਰ ਹੋ ਜਾਂਦੇ ਹਨ ਤਾਂ ਬਿੱਲ ਪਾਸ ਕਰਾਉਣ ਲਈ ਕਾਂਗਰਸ ਵਿਚ 60 ਦੀ ਥਾਂ 51 ਵੋਟਾਂ ਹੀ ਲੋੜੀਂਦੀਆਂ ਹੋਣਗੀਆਂ।


Deep Nails and Esthetics

We Specialize in:

• Waxing • Manicure • Threading • Pedicure • Facial • Microdermbrasion
• Updo's • Makeover/ Bridal • Mehandi • Brow Tinting • Eyelash extensions
• Acrylic Nails, Gel Nails, Glamour Gel

ਇਥੇ ਵੈਕਸਿੰਗ, ਮੈਨੀਕਿਓਰ, ਥਰੈਡਿੰਗ, ਪੈਡੀਕਿਓਰ, ਫੇਸ਼ੀਅਲ, ਮਹਿੰਦੀ ਦਾ ਪ੍ਰਬੰਧ ਹੈ।
ਬਰਾਇਡਲ ਮੇਕਅਪ ਲਈ ਖ਼ਾਸ ਪੈਕੇਜ

Special package for bridal

For more information, contact Deep at : (403) 689-2123



Nawi Dunia and people associated with it are not responsible for any claims made by the advertisers and do not endorse any product or services advertised in the Nawi Dunia. The contents of Nawi Dunia may not be reproduced without the written consent of the Publisher. The Publisher and/or Editor shall not be liable for any of the views expressed by the authors of articles or letters published in the Nawi Dunia, nor shall these opinions necessarily reflect those of the Published and/or Editor. Letters to the Editor become the property of Nawi Dunia, and may be Edited.

ਲੇਖਕਾਂ ਦੀਆਂ ਰਚਨਾਵਾਂ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬ ਅੱਜ-ਕੱਲ੍ਹ

ਪੰਜਾਬ ਪਾਲ

## ਐਸ. ਜੀ. ਪੀ. ਸੀ. ਦੀ ਚੋਣ ਲਈ ਮਸ਼ਕਾਂ ਸ਼ੁਰੂ

ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਅਗਾਮੀ ਚੋਣਾਂ ਲਈ ਮਸ਼ਕਾਂ ਸ਼ੁਰੂ ਹੋ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਹਿਲਾਂ ਹੀ ਅਪਣੇ ਵਰਕਰਾਂ ਨੂੰ ਇਨ੍ਹਾਂ ਚੋਣਾਂ ਲਈ ਕਮਰਕੱਸੇ ਕਸ ਲੈਣ ਲਈ ਕਹਿ ਦਿੱਤਾ ਹੋਇਆ ਹੈ। ਇਸ ਸਮੇਂ ਇਹੋ ਪਾਰਟੀ ਇਸ ਕਮੇਟੀ 'ਤੇ ਕਾਬਜ਼ ਹੈ। ਪਾਰਟੀ ਦੀ ਥਾਂ ਪਰਿਵਾਰ ਕਹਿਣਾ ਬਿਹਤਰ ਹੋਵੇਗਾ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਹਰ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਦੇ ਲਿਫ਼ਾਫੇ ਚੋਂ ਨਿਕਲਦਾ ਆਇਆ ਹੈ। ਐਤਕੀ ਹੋਲੇ ਮਹੱਲੇ ਦੀਆਂ ਕਾਨਫਰੰਸਾਂ 'ਚ ਵੀ ਐਸ.ਜੀ.ਪੀ.ਸੀ. ਦੀਆਂ ਅਗਾਮੀ ਚੋਣਾਂ ਦੀ ਗੂੰਜ ਸੁਣਾਈ ਦਿੱਤੀ। ਗਰਮ ਦਲੀਏ ਅਕਾਲੀ ਆਗੂ ਸਿਮਰਨ ਜੀਤ ਸਿੰਘ ਮਾਨ ਨੇ ਅਪਣੀ ਕਾਨਫਰੰਸ ਦੀ ਸਟੇਜ ਤੋਂ ਬਾਦਲਾਂ ਨੂੰ ਲੁਟੇਰੇ ਕਰਾਰ ਦੇ ਕੇ ਖਾਲਿਸਤਾਨ ਦੇ ਮੁੱਦੇ 'ਤੇ ਚੋਣਾਂ ਲੜਨ ਦਾ ਐਲਾਨ ਕੀਤਾ ਹੈ ਤੇ ਸੰਕਲਪ ਲਿਆ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਬਾਦਲਾਂ ਦੇ ਚੁੰਗਲ ਤੋਂ ਮੁਕਤ ਕਰਵਾਇਆ ਜਾਵੇਗਾ। ਇਸੇ ਤਰ੍ਹਾਂ ਖਾਲਸਾ ਐਕਸ਼ਨ ਕਮੇਟੀ ਦੀ ਤਰਫੋਂ ਭਾਈ ਮੋਹਕਮ ਸਿੰਘ ਨੇ ਅਪਣੀ ਕਾਨਫਰੰਸ ਦੀ ਸਟੇਜ ਤੋਂ ਐਲਾਨ ਕੀਤਾ ਕਿ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਪੰਥ ਬਨਾਮ ਬਾਦਲ ਹੋਣਗੀਆਂ। ਜ਼ਾਹਿਰ ਹੈ ਕਿ ਬਾਦਲਾਂ ਲਈ ਤਾਂ ਚੋਣਾਂ ਦਾ ਮੁੱਦਾ ਅਪਣੇ ਪਰਿਵਾਰ ਦਾ ਭਲਾ ਹੀ ਰਹੇਗਾ, ਬਾਕੀ ਧਿਰਾਂ ਦਾ ਮੁੱਦਾ ਸ਼ਾਇਦ ਪੰਥ ਦਾ ਭਲਾ ਬਣ ਜਾਵੇ। ਅਜਿਹੀ ਕੋਈ ਧਿਰ ਨਹੀਂ ਉੱਭਰ ਰਹੀ ਜਿਹੜੀ ਸਰਬੱਤ ਦੇ ਭਲੇ ਦਾ ਮੁੱਦਾ ਲੈ ਕੇ ਚੋਣਾਂ 'ਚ ਨਿੱਤਰੇ ਜੋ ਕਿ ਗੁਰਬਾਣੀ ਦਾ ਮੁੱਖ ਅੰਸ਼ ਹੈ।




## ਕਿਰਸਾਨੀ ਦੀ ਨਵੀਂ ਲਾਮਬੰਦੀ

ਪੰਜਾਬ ਦੀ ਕਿਰਸਾਨੀ ਦਾ ਸੁਭਾਅ ਸਦਾ ਹੀ ਜੁਝਾਰੂ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਇਸ ਨੇ ਅਪਣੀ ਹਰ ਮੁਹਿੰਮ ਦਾ ਪਰਚਮ ਪੂਰੇ ਜੋਸ਼ ਨਾਲ ਬੁਲੰਦ ਕੀਤਾ ਹੈ। ਜੋਸ਼ ਤੇ ਹੋਸ਼ ਦੇ ਅਸੰਤੁਲਨ ਦਾ ਸੰਤਾਪ ਵੀ ਅਕਸਰ ਇਸ ਦਾ ਨਸੀਬ ਬਣਦਾ ਰਿਹਾ ਹੈ। ਵਿਸ਼ੇਸ਼ ਕਰਕੇ ਉਦੋਂ ਜਦੋਂ ਇਸ ਦੇ ਅੰਦਰਲੇ ਜਮਾਤੀ ਵਿਰੋਧ ਲੁਕੇ ਰਹਿ ਜਾਂਦੇ ਹਨ। ਅਜਿਹੀ ਸਥਿਤੀ ਵਿਚ ਕਿਰਸਾਨੀ ਵੱਲੋਂ ਲੜੀ ਹਰ ਜੰਗ ਦਾ ਲਾਹਾ ਇਸਦੀ ਉਪਰਲੀ ਪਰਤ ਅਰਥਾਤ ਰੱਜੀ-ਪੁੱਜੀ ਕਿਸਾਨੀ ਨੂੰ ਮਿਲ ਜਾਂਦਾ ਹੈ ਤੇ ਹੇਠਲੀਆਂ ਪਰਤਾਂ ਦਾ ਕਿਸਾਨ ਮੁੜ 'ਸੀਰੀ ਦੇ ਗਲ ਲੱਗ ਕੇ ਰੋਣ' ਜੋਗਾ ਹੀ ਰਹਿ ਜਾਂਦਾ ਹੈ। ਕਿਰਸਾਨੀ ਦੀਆਂ ਅੰਦਰਲੀਆਂ ਵਿਰੋਧਤਾਈਆਂ ਨੂੰ ਲੁਕਾ ਕੇ ਵਿੱਢੀਆਂ ਤੇ ਫਤਹਿ ਕੀਤੀਆਂ ਮੁਹਿੰਮਾਂ ਦਾ ਰਾਜਸੀ ਲਾਭ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ ਵਗੈਰਾ) ਨੂੰ ਮਿਲਦਾ ਰਿਹਾ ਹੈ ਤੇ ਆਰਥਕ ਲਾਭ ਧਨੀ ਕਿਰਸਾਨੀ ਨੂੰ। ਕਿਰਸਾਨੀ (ਪੰਜਾਬ ਦੀ) ਨੇ ਇਤਿਹਾਸ ਤੋਂ ਸਬਕ ਲੈ ਕੇ ਨਵੇਂ ਸਿਰਿਓਂ, ਨਵੀਂ ਸੇਧ ਅਨੁਸਾਰ ਲਾਮਬੰਦ ਹੋਣਾ ਸ਼ੁਰੂ ਕੀਤਾ ਹੈ। ਇਸ ਸੇਧ ਤਹਿਤ ਕਿਸਾਨ ਪੰਜਾਬ ਅੰਦਰ ਉਨ੍ਹਾਂ ਮੁੱਦਿਆਂ ਨੂੰ ਲੈ ਕੇ ਘੋਲ ਕਰ ਰਹੇ ਹਨ, ਜਿਹੜੇ ਸਿੱਧੇ ਤੌਰ 'ਤੇ ਕਿਰਸਾਨੀ ਦੀਆਂ ਹੇਠਲੀਆਂ ਪਰਤਾਂ ਦੇ ਮਸਲਿਆਂ ਨਾਲ ਸਬੰਧਤ ਹਨ। ਜਿੱਥੇ ਕਿਤੇ ਵੀ ਕਿਸਾਨਾਂ ਨਾਲ ਕਿਸੇ ਧੱਕੇ, ਕਿਸੇ ਕੁਰਕੀ ਆਦਿ ਦੀ ਮਿਸਾਲ ਸਾਹਮਣੇ ਆਉਂਦੀ ਹੈ, ਕਿਸਾਨਾਂ ਵੱਲੋਂ ਇਕਮੁੱਠਤਾ ਦਾ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਇਸ ਨਵੀਂ ਸਥਿਤੀ ਵਿਚ ਜਿੱਥੇ ਆਡੰਬਰੀ ਭਾਰਤੀ ਕਿਸਾਨ ਯੂਨੀਅਨਾਂ (ਲੱਖੋਵਾਲ ਵਗੈਰਾ) ਅਲੱਗ-ਥਲੱਗ ਹੋ ਕੇ ਸਰਕਾਰ ਦੀ ਝੋਲੀ ਵਿਚ ਜਾ ਪਈਆਂ ਹਨ, ਉਥੇ ਸ਼੍ਰੋਮਣੀ ਅਕਾਲੀ ਦਲ (ਬ) ਵੀ ਸਪਸ਼ਟ ਰੂਪ ਚਿ ਕਿਸਾਨ ਵਿਰੋਧੀ ਕਤਾਰ ਵਿਚ ਖੜਾ ਦਿਖਾਈ ਦੇ ਰਿਹਾ ਹੈ, ਜਦਕਿ ਪਹਿਲਾਂ ਇਹ ਕਿਸਾਨ ਪੱਖੀ ਹੋਣ ਦਾ ਅਪਣਾ ਬਿੰਬ ਕਾਇਮ ਰੱਖਕੇ ਕਿਰਸਾਨੀ ਦੀਆਂ ਵੋਟਾਂ ਦੀ ਵੱਡੀ ਦਾਅਵੇਦਾਰ ਰਹੀ ਹੈ। ਇਹ ਅਪਣੇ ਜਮਾਤੀ ਹਿੱਤਾਂ ਦੀ ਚੇਤਨਾ ਹੀ ਹੈ, ਜਿਹੜੀ ਕਿਰਸਾਨੀ ਨੂੰ ਅਪਣੇ ਹੱਕੀ ਘੋਲਾਂ ਲਈ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਸੰਸਥਾਵਾਂ ਦੇ ਵਿਰੋਧ ਵਿਚ ਲਾਮਬੰਦੀ ਦਾ ਆਧਾਰ ਮੁਹੱਈਆ ਕਰਵਾ ਚੁੱਕੀ ਹੈ। ਖੰਨਾ ਚਮਿਆਰਾ ਵਿਚ ਜਿਥੇ ਕਿਸਾਨਾਂ ਦੀ ਵਾਹੀ ਹੇਠਲੀਆਂ ਜ਼ਮੀਨਾਂ 'ਤੇ ਸ਼੍ਰੋਮਣੀ ਕਮੇਟੀ ਦੀ ਸ਼ਹਿ 'ਤੇ ਕਬਜ਼ਾ ਕਰ ਲਿਆ ਗਿਆ ਹੈ, ਸ਼੍ਰੋਮਣੀ ਕਮੇਟੀ ਤੇ ਅਕਾਲੀ ਸਰਕਾਰ ਵਿਰੁੱਧ ਕਿਸਾਨਾਂ ਦੇ ਸੰਘਰਸ਼ ਦਾ ਅਖਾੜਾ ਬਣਿਆ ਹੋਇਆ ਹੈ।ਇਸੇ ਤਰ੍ਹਾਂ ਅਕਾਲੀ ਦਲ ਦੀ ਸ਼ਹਿ 'ਤੇ ਹੀ ਮਾਝਾ ਖੇਤਰ ਵਿਚ ਸੁਖਬੀਰ-ਕਾਲੀਆ ਸਿਫ਼ਾਰਸ਼ਾਂ ਵਿਰੁੱਧ ਜਨਤਕ ਲਾਮਬੰਦੀ ਕਰ ਰਹੇ ਕਿਸਾਨ ਆਗੂ ਮਾ. ਸਾਧੂ ਸਿੰਘ ਤਖ਼ਤੂਪੁਰਾ ਦੀ ਹੱਤਿਆ ਕਰ ਦਿੱਤੀ ਗਈ ਹੈ। ਇਸ ਹੱਤਿਆ ਨੇ ਪੰਜਾਬ ਦੀ ਹੁਕਮਰਾਨ ਜਮਾਤ ਪ੍ਰਤੀ ਕਿਸਾਨਾਂ ਦੇ ਰੋਹ ਨੂੰ ਹੋਰ ਤੀਬਰ ਕੀਤਾ ਹੈ। ਦਰਅਸਲ, ਇਹ ਸਭ ਕੁੱਝ ਉਹ ਮੁਢਲੇ ਸੰਕੇਤ ਹਨ ਜਿਨ੍ਹਾਂ ਨੂੰ ਕਿਰਸਾਨੀ ਦੀਆਂ ਹੇਠਲੀਆਂ ਪਰਤਾਂ ਦੀ ਜਮਾਤੀ ਚੇਤਨਾ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ।

## ਦਲਿਤ ਦੀ ਗੂੰਜ

ਦਲਿਤ ਵਰਗ ਦੀਆਂ ਭਾਵਨਾਵਾਂ ਭੜਕਾਉਣ ਦਾ ਵਰਤਾਰਾ ਨਵਾਂ ਹੈ। ਇਸ ਤੋਂ ਪਹਿਲਾਂ ਵਧੇਰੇ ਕਰਕੇ ਵੱਖ ਵੱਖ ਧਾਰਮਕ ਸਮੂਹਾਂ ਨੂੰ ਹੀ ਆਪਸੀ ਨਫ਼ਰਤ ਪੈਦਾ ਕਰਕੇ ਤਣਾਅ ਦੀ ਸਥਿਤੀ ਵਿਚ ਲਿਆ ਕੇ, ਫਿਰ ਕਿਸੇ ਖਾਸ ਮੌਕੇ 'ਤੇ ਸ਼ਰਾਰਤ ਕਰਕੇ ਫਿਰਕਿਆਂ ਵਿਚਕਾਰ ਸਿੱਧਾ ਟਕਰਾਓ ਪੈਦਾ ਕਰ ਦਿੱਤਾ ਜਾਂਦਾ ਸੀ। ਭਾਰਤ ਵਿਚ ਹਿੰਦੂ-ਮੁਸਲਿਮ ਫਸਾਦ ਇਸੇ ਤਰਜ਼ 'ਤੇ ਕਰਵਾਏ ਜਾਂਦੇ ਰਹੇ ਹਨ। ਇਸੇ ਵਿਧੀ ਨਾਲ ਹੀ ਹੁਣ ਦਲਿਤ ਵਰਗਾਂ ਵਿਚ ਭੜਕਾਹਟ ਪੈਦਾ ਕੀਤੀ ਜਾਂਦੀ ਹੈ, ਜਿਸ ਦੇ ਫਲਸਰੂਪ ਦਲਿਤ ਵਰਗਾਂ ਦੇ ਲੋਕ ਹਿੰਸਾ ਅਤੇ ਭੰਨ-ਤੋੜ 'ਤੇ ਉਤਾਰੂ ਹੋ ਜਾਂਦੇ ਹਨ। ਪਿਛਲੇ ਦਿਨੀਂ ਇਸਾਈ ਫ਼ਿਰਕੇ ਦੇ ਲੋਕਾਂ ਨੂੰ ਵੀ ਫ਼ਿਰਕੂ ਸ਼ਰਾਰਤ ਰਾਹੀਂ ਉਕਸਾਇਆ ਗਿਆ। ਸ਼ਰਾਰਤੀ ਤੱਤਾਂ ਵੱਲੋਂ ਜਲੰਧਰ ਵਿਖੇ ਈਸਾ ਮਸੀਹ ਦੀਆਂ ਇਤਰਾਜ਼ਯੋਗ ਤਸਵੀਰਾਂ ਦੀਵਾਰਾਂ 'ਤੇ ਚਿਪਕਾਈਆਂ ਗਈਆਂ ਤਾਂ ਬਟਾਲਾ ਵਿਚ ਇਸਾਈ ਭਾਈਚਾਰੇ ਦੇ ਲੋਕ (ਜੋ ਆਮ ਕਰਕੇ ਦਲਿਤ ਹੀ ਹਨ) ਭੜਕ ਉਠੇ ਤੇ ਸੜਕਾਂ 'ਤੇ ਉਤਰ ਆਏ। ਵਿਆਪਕ ਹਿੰਸਾ ਦੀ ਸੰਭਾਵਨਾ ਦੇ ਮੱਦੇਨਜ਼ਰ ਇਸ ਕਸਬੇ ਵਿਚ ਕਰਫ਼ਿਊ ਲਾਉਣਾ ਪਿਆ, ਅਗਲੇ ਦਿਨ ਇਹ ਤਣਾਅ ਗੁਰਦਾਸਪੁਰ ਤੇ ਹੋਰ ਕਸਬਿਆਂ ਵਿਚ ਵੀ ਫੈਲ ਗਿਆ। ਦੋ-ਤਿੰਨ ਦਿਨ ਬਾਅਦ ਸਥਿਤੀ ਸ਼ਾਂਤ ਹੋ ਸਕੀ। ਫਿਲਹਾਲ ਭੜਕਾਹਟ ਪੈਦਾ ਕਰਨ ਵਾਲਿਆਂ ਨੂੰ ਅਣਪਛਾਤੇ ਸ਼ਰਾਰਤੀ ਅਨਸਰਾਂ ਵਜੋਂ ਹੀ ਪੇਸ਼ ਕੀਤਾ ਜਾ ਰਿਹਾ ਹੈ। ਇਨ੍ਹਾਂ ਦੀ ਪਛਾਣ ਜੇਕਰ ਅਜੇ ਸੰਭਵ ਨਹੀਂ ਤਾਂ ਵੀ ਇਕ ਨਤੀਜੇ 'ਤੇ ਤਾਂ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ ਕਿ ਜੇਕਰ ਭਵਿੱਖ ਵਿਚ ਵੀ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਤਾਂ ਦਲਿਤ ਅਪਣੇ ਆਪ ਨੂੰ ਵੱਖਰੇ ਧਾਰਮਕ ਫਿਰਕਿਆਂ ਦੇ ਰੂਪ ਵਿਚ ਸੰਗਠਤ ਕਰਨ ਦੇ ਰਾਹ ਵੀ ਪੈ ਸਕਦੇ ਹਨ। ਇਸਾਈਅਤ ਧਾਰਨ ਕਰਕੇ ਤਾਂ ਉਨ੍ਹਾਂ ਦਾ ਇਕ ਹਿੱਸਾ ਪਹਿਲਾਂ ਹੀ ਇਹ ਕੰਮ ਕਰ ਚੁੱਕਾ ਹੈ, ਰਵਿਦਾਸੀਆਂ ਧਰਮ ਦੀ ਵੱਖਰੀ ਹੋਂਦ ਕਾਇਮ ਕਰਨ ਵਾਲਿਆਂ ਦਾ ਇਸ਼ਾਰਾ ਵੀ ਇਸੇ ਦਿਸ਼ਾ ਵੱਲ ਹੈ। ਖ਼ੈਰ ਕੁੱਝ ਵੀ ਹੋਵੇ, ਇਕ ਗੱਲ ਤਾਂ ਪੱਕੀ ਹੈ ਕਿ ਵੱਖਰੇ ਧਰਮ ਸੰਗਠਤ ਕਰਨ ਦਾ ਮੈਕਾਨਿਜ਼ਮ ਪੰਜਾਬ ਵਿਚ ਕ੍ਰਿਆਸ਼ੀਲ ਹੋ ਚੁੱਕਾ ਹੈ ਤੇ ਇਹ ਆਉਣ ਵਾਲੇ ਪੰਜਾਬ ਦੀ ਸੰਪ੍ਰਦਾਇਕ ਸੰਰਚਨਾ ਨੂੰ ਜ਼ਰੂਰ ਪ੍ਰਭਾਵਤ ਕਰੇਗਾ।



## ਪੰਜਾਬ ਦਾ ਜ਼ਮੀਨੀ ਪਾਣੀ

ਪੰਜਾਬ ਦੇ ਜ਼ਮੀਨੀ ਪਾਣੀ ਦੀ ਸਥਿਤੀ ਦਿਨ-ਬ-ਦਿਨ ਗੰਭੀਰ ਹੁੰਦੀ ਜਾ ਰਹੀ ਹੈ। ਜ਼ਮੀਨ ਹੇਠਲਾ ਪਾਣੀ ਨਾ ਕੇਵਲ ਚਿੰਤਾਜਨਕ ਮਾਤਰਾ 'ਚ ਘਟ ਗਿਆ ਹੈ, ਸਗੋਂ ਤੇਜ਼ੀ ਨਾਲ ਪ੍ਰਦੂਸ਼ਿਤ ਵੀ ਹੁੰਦਾ ਜਾ ਰਿਹਾ ਹੈ। ਰਿਪੋਰਟਾਂ ਅਨੁਸਾਰ ਸੂਬੇ ਦੇ 134 ਬਲਾਕਾਂ ਵਿਚੋਂ 42 ਵਿਚ ਪਾਣੀ 100 ਫੁੱਟ ਤੋਂ ਵੀ ਹੇਠਾ ਚਲਾ ਗਿਆ ਹੈ। ਮਾਹਿਰਾਂ ਅਨੁਸਾਰ ਪੰਜਾਬ ਦੇ 134 ਬਲਾਕਾਂ ਵਿਚੋਂ 103 ਬਲਾਕਾਂ ਵਿਚ ਲੋੜ ਤੋਂ ਵੱਧ ਪਾਣੀ ਕੱਢਿਆ ਗਿਆ ਹੈ। ਦਸ ਬਲਾਕ ਖ਼ਤਰੇ ਦੇ ਪੱਧਰ 'ਤੇ ਪਹੁੰਚ ਗਏ ਹਨ। ਆਉਣ ਵਾਲੇ ਦਸ ਸਾਲਾਂ ਅਨੁਸਾਰ ਬਲਾਕ ਫਗਵਾੜਾ, ਸੜੋਆ, ਪਾਤੜਾਂ ਤੇ ਅਨਦਾਨਾ ਆਦਿ ਵਿਚ ਪਾਣੀ ਦੀ ਸਤ੍ਹਾ 200 ਫੁੱਟ ਤੋਂ ਲੈ ਕੇ 260 ਫੁੱਟ



ਤੱਕ ਹੇਠਾਂ ਜਾ ਸਕਦੀ ਹੈ। ਇਸ ਤਰ੍ਹਾਂ ਧਰਤੀ ਚੋਂ ਪਾਣੀ ਕੱਢਣਾ ਔਖਾ ਤੇ ਮਹਿੰਗਾ ਹੋ ਜਾਵੇਗਾ। ਨਲਕਾ ਲਗਵਾਉਣਾ ਲਗਭਗ 25 ਹਜ਼ਾਰ ਤੇ ਖੇਤ 'ਚ ਬੋਰ ਕਰਵਾਉਣਾ ਲਗਭਗ 2 ਲੱਖ ਦਾ ਪਵੇਗਾ। ਪੰਜਾਬ ਵਿਚ ਇਸ ਵੇਲੇ 13 ਲੱਖ ਤੋਂ ਵੱਧ ਟਿਊਬਵੈੱਲ ਹਨ। ਪੰਜਾਬ ਦੇ ਕੁਝ ਹਿੱਸਿਆਂ 'ਚ ਜ਼ਮੀਨ ਹੇਠਲਾ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ, ਜਿਸ ਦੇ ਪੀਣ ਨਾਲ ਕੈਂਸਰ ਤੇ ਪੀਲੀਏ ਦੀ ਬਿਮਾਰੀ 'ਚ ਭਾਰੀ ਵਾਧਾ ਹੋ ਰਿਹਾ ਹੈ। ਗੁਰਦਿਆਂ ਦੀ ਬਿਮਾਰੀ ਤੇ ਹੱਡੀਆਂ ਦੇ ਰੋਗ ਵੀ ਇਸ ਪਾਣੀ ਨਾਲ ਵਧ ਰਹੇ ਹਨ। ਪਾਣੀ ਦੀ ਸੰਭਾਲ ਲਈ ਉਚਿਤ ਕਦਮ ਨਾ ਉਠਾਏ ਗਏ ਤਾਂ ਇਹ ਸਮੱਸਿਆ ਦਿਨ ਪਾ ਕੇ ਖ਼ਤਰਨਾਕ ਸ਼ਕਲ ਵੀ ਅਖ਼ਤਿਆਰ ਕਰ ਸਕਦੀ ਹੈ।

## ਧਰਮ ਤੇ ਸਿਆਸਤ ਦੇ ਜੋੜ ਦੀ ਤਬਾਹੀ

ਧਰਮ ਤੇ ਰਾਜਨੀਤੀ ਵਿਚ ਜੋੜ ਨਹੀਂ ਹੋਣਾ ਚਾਹੀਦਾ। ਧਰਮ ਮਨੁੱਖ ਦੇ ਨਿੱਜੀ ਵਿਸ਼ਵਾਸ ਦਾ ਮਾਮਲਾ ਹੈ, ਜਦ ਕਿ ਰਾਜਨੀਤੀ ਦਾ ਸੰਬੰਧ ਮਨੁੱਖ ਦੇ ਸਮੂਹਿਕ ਜੀਵਨ ਨਾਲ। ਇਸ ਧਾਰਨਾ ਵਿਚ ਕੁਝ ਵੀ ਗਲਤ ਨਹੀਂ, ਪ੍ਰੰਤੂ ਸਾਡੇ ਰਾਜਸੀ ਖੇਤਰ 'ਚ ਇਸ ਧਾਰਨਾ ਨੂੰ ਹੀ ਸਭ ਤੋਂ ਵੱਧ ਨਜ਼ਰ-ਅੰਦਾਜ਼ ਕੀਤਾ ਜਾ ਰਿਹਾ ਹੈ। ਪੰਜਾਬ ਦੇ ਇਸ ਨੇੜੇ-ਤੇੜੇ ਗੁਆਂਢੀ ਸੂਬਿਆਂ 'ਚ ਖੁੱਲ੍ਹੇ ਹੋਏ ਡੇਰਿਆਂ ਨਾਲ ਸਾਡੇ ਘਾਗ ਸਿਆਸਤਦਾਨਾਂ ਦੇ ਸੰਬੰਧ, ਕੋਈ ਲੁਕੀ-ਛਿਪੀ ਗੱਲ ਨਹੀਂ ਹਨ। ਅੱਜ ਜੇ ਇਨ੍ਹਾਂ ਡੇਰਿਆਂ ਵਿਚ ਜਨਤਕ ਪੱਧਰ 'ਤੇ ਤਬਾਹੀ ਕਰਨ ਦੀ ਸਮਰੱਥਾ ਪੈਦਾ ਹੋ ਗਈ ਚੁੱਕੀ ਹੈ ਤਾਂ ਇਹ ਸੱਚੇ ਪਾਤਸ਼ਾਹ ਦੀ ਥਾਂ ਸਿਆਸਤਦਾਨਾਂ ਦੀ ਹੀ ਮਿਹਰ ਹੈ, ਜਿਹੜੇ ਇਨ੍ਹਾਂ ਵਿਚ ਹਾਜ਼ਰੀਆਂ ਭਰ ਕੇ ਇਨ੍ਹਾਂ ਦੇ ਤਾਕਤਵਰ ਹੋਣ ਦੀ ਮਿੱਥ ਨੂੰ ਸਮੇਂ-ਸਮੇਂ ਮਜ਼ਬੂਤ ਕਰਦੇ ਰਹਿੰਦੇ ਹਨ। ਡੇਰਾ ਸੱਚਾ ਸੌਦਾ, ਜੋ



ਪਹਿਲਾਂ ਹੀ ਵਿਵਾਦਾਂ 'ਚ ਘਿਰਿਆ ਹੋਇਆ ਹੈ, ਪਿਛਲੇ ਦਿਨੀਂ ਫਿਰ ਸੁਰਖ਼ੀਆਂ 'ਚ ਆਇਆ। ਡੇਰਾ ਮੁਖੀ ਦੇ ਖ਼ਿਲਾਫ਼ ਸੀ.ਬੀ.ਆਈ. ਵਲੋਂ ਇਕ ਕਤਲ ਕੇਸ ਦਰਜ ਕਰਨ ਦੀ ਖ਼ਬਰ ਮਿਲਦਿਆਂ ਹੀ ਡੇਰਾ ਪੈਰੋਕਾਰਾਂ ਨੇ ਭੰਨ-ਤੋੜ ਕਰਨੀ ਸ਼ੁਰੂ ਕਰ ਦਿੱਤੀ, ਕੋਈ ਤਿੰਨ ਦਰਜਨ ਦੀ ਕਰੀਬ ਵਾਹਨ ਅੱਗ ਦੀ ਭੇਟ ਕਰ ਦਿੱਤੇ ਗਏ, ਇਨ੍ਹਾਂ ਵਿਚ ਜ਼ਿਆਦਾਤਰ ਸਰਕਾਰੀ ਤੇ ਨਿੱਜੀ ਕੰਪਨੀਆਂ ਦੀਆਂ ਬੱਸਾਂ ਸਨ। ਸਰਕਾਰੀ ਦਫ਼ਤਰਾਂ ਨੂੰ ਵੀ ਜਲਾਉਣ ਦੇ ਯਤਨ ਕੀਤੇ ਗਏ। ਜਨਤਕ ਜੀਵਨ ਵਿਚ ਖ਼ਲਲ ਮਚਾਉਣ ਵਾਲੇ ਡੇਰਾ ਸਮਰਥਕਾਂ ਨਾਲ ਜਾਂ ਫਿਰ ਪੰਜਾਬ ਦਾ ਕਾਨੂੰਨ ਤੇ ਅਮਨ ਭੰਗ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਣ ਦੀਆਂ ਗੱਲਾਂ ਕਰਨ ਵਾਲੇ ਸੱਤਾਧਾਰੀ ਰਾਜਸੀ ਆਗੂ ਚੋਣਾਂ ਮੌਕੇ ਫਿਰ ਡੇਰਾ ਮੁਖੀ ਦੇ ਦਰਬਾਰ ਹੱਥ ਬੰਨ੍ਹ ਕੇ ਹਾਜ਼ਰ ਖੜੇ ਦਿਖਾਈ ਦੇਣਗੇ। ਦੇਖ ਲਓ, ਸਾਡੇ ਸਿਆਸਤਦਾਨਾਂ ਦਾ ਇਖ਼ਲਾਕ!

## ਨੌਜਵਾਨ ਵਰਗ-ਵੱਧ ਰਹੀ ਬੇਚੈਨੀ

ਪੰਜਾਬ ਦੇ ਨੌਜਵਾਨਾਂ ਵਿਚ ਬੇਚੈਨੀ ਦਿਨੋਂ ਦਿਨ ਵਧ ਰਹੀ ਹੈ। ਇਹ ਰੁਝਾਨ ਨੌਜਵਾਨਾਂ ਦੇ ਪੜ੍ਹੇ ਲਿਖੇ ਹਿੱਸੇ ਵਿਚ ਵਧੇਰੇ ਦਿਖਾਈ ਦੇ ਰਿਹਾ ਹੈ। ਨਿਰਸੰਦੇਹ, ਪੰਜਾਬ ਦਾ ਨੌਜਵਾਨ ਰਾਜਸੀ ਪੱਖੋਂ ਕੋਈ ਵਧੇਰੇ ਜਾਗਰੂਕ ਨਹੀਂ ਹੈ। ਇਸ ਲਈ ਉਸਦੀ ਬੇਚੈਨੀ ਦਾ ਪ੍ਰਮੁੱਖ ਕਾਰਨ ਮੌਜੂਦਾ ਰਾਜਸੀ-ਸਮਾਜਕ ਪ੍ਰਬੰਧ ਨਹੀਂ ਹੈ ਭਾਵ ਉਹ ਮੌਜੂਦਾ ਰਾਜਸੀ-ਸਮਾਜਕ ਪ੍ਰਬੰਧ ਦੇ ਕਿਸੇ ਬਦਲਵੇਂ ਮਾਡਲ ਨੂੰ ਲੈ ਕੇ ਚਿੰਤਤ ਨਹੀਂ ਹੈ, ਸਗੋਂ ਉਸਦੀ ਮੁੱਖ ਚਿੰਤਾ ਅਪਣੇ ਵਿਅਕਤੀਗਤ ਕੈਰੀਅਰ ਨੂੰ ਲੈ ਕੇ ਹੈ। ਵਰਤਮਾਨ ਪੰਜਾਬ ਸਰਕਾਰ ਨੇ ਅਪਣੇ ਕਾਰਜਕਾਲ ਦੇ ਤਿੰਨ ਵਰ੍ਹੇ ਪੂਰੇ ਕਰ ਲਏ ਹਨ, ਆਖ਼ਰੀ ਦੋ ਵਰ੍ਹੇ ਬਾਕੀ ਹਨ ਤੇ ਇਨ੍ਹਾਂ ਦੋ ਵਰ੍ਹਿਆਂ ਵਿਚ ਪੜ੍ਹੇ ਲਿਖੇ ਨੌਜਵਾਨਾਂ ਦੇ ਸੰਘਰਸ਼ ਦਾ ਮੁੱਖ ਮੁੱਦਾ ਇਹ ਹੈ ਕਿ ਨੌਕਰੀਆਂ ਹਾਸਲ ਕਰਨ ਲਈ, ਨੌਕਰੀਆਂ ਪੱਕੀਆਂ ਕਰਵਾਉਣ ਲਈ, ਉਚੇਰੇ ਤਨਖ਼ਾਹ ਸਕੇਲ ਲੈਣ ਲਈ ਜਾਂ ਫਿਰ ਵਧੇਰੇ ਸਰਕਾਰੀ ਸੁਵਿਧਾਵਾਂ ਹਾਸਲ ਕਰਨ ਲਈ ਮੌਜੂਦਾ ਸਰਕਾਰ 'ਤੇ ਵੱਧ ਤੋਂ ਵੱਧ ਦਬਾਅ ਪਾ ਲਿਆ ਜਾਵੇ। ਇਨ੍ਹੀਂ ਦਿਨੀਂ ਕੋਈ ਹੀ ਅਜਿਹਾ ਸਰਕਾਰੀ ਜਨਤਕ ਪ੍ਰਦਰਸ਼ਨ ਹੋਵੇਗਾ ਜਿਸ ਵਿਚ ਲੁਕ ਕੇ ਦਾਖ਼ਲ ਹੋਏ ਨੌਜਵਾਨਾਂ ਨੇ ਅਪਣੇ ਅੰਦਰਲੀ ਬੇਚੈਨੀ ਦੀ ਭਾਵਨਾ ਦਾ ਜ਼ੋਰਦਾਰ ਇਜ਼ਹਾਰ ਨਾ ਕੀਤਾ ਹੋਵੇ। ਪਿਛਲੇ ਦਿਨੀਂ ਇਸੇ ਬੇਚੈਨੀ ਦਾ ਇਜ਼ਹਾਰ ਦਾ ਸ਼ਿਖ਼ਰ ਉਦੋਂ ਦੇਖਣ ਨੂੰ ਮਿਲਿਆ ਜਦੋਂ ਇਕ ਈ.ਜੀ.ਸੀ. ਅਧਿਆਪਕਾ ਕਿਰਨਜੀਤ ਨੇ ਇਕ ਮੁਜ਼ਾਹਰੇ ਦੌਰਾਨ ਪਾਣੀ ਵਾਲੀ ਟੈਂਕੀ 'ਤੇ ਚੜ੍ਹ ਕੇ ਅਪਣੇ ਆਪ ਨੂੰ ਅੱਗ ਲਾ ਲਈ। ਇਸ ਤ੍ਰਾਸਦਿਕ ਮੌਤ ਨੇ ਸਰਕਾਰ ਚਲਾ ਰਹੇ ਲੋਕਾਂ ਦੀ ਜ਼ਮੀਰ ਨੂੰ ਕਿੰਨਾ ਕੁ ਹਲੂਣਿਆ ਹੈ ਇਸ ਬਾਰੇ ਤਾਂ ਸਭ ਕੁਝ ਸਪਸ਼ਟ ਹੀ ਹੈ, ਪਰ ਨੌਜਵਾਨਾਂ ਦੀ ਬੇਚੈਨੀ ਫਿਲਹਾਲ ਬਹੁਤ ਗੰਭੀਰ ਬਣੀ ਹੋਈ ਹੈ। ਇਸ ਬੇਚੈਨੀ ਦਾ ਕਿਸੇ ਆਰਥਕ ਰਾਜਸੀ ਸਾਂਚੇ ਵਿਚ ਢਲਣਾ ਬਹੁਤ ਜ਼ਰੂਰੀ ਹੈ ਕਿਉਂਕਿ ਜ਼ਮੂਦਗ੍ਰਸਤ ਮੌਜੂਦਾ ਸਮਾਜਕ-ਰਾਜਸੀ ਪ੍ਰਬੰਧ ਕੋਲ ਉਨ੍ਹਾਂ ਦੀਆਂ ਸਮਸਿਆਵਾਂ ਦਾ ਕੋਈ ਸਥਾਈ ਜਾਂ ਢੁਕਵਾਂ ਹੱਲ ਨਹੀਂ ਹੈ।



## ਜੀ. ਐਮ. ਫੂਡ ਕਲਚਰ

ਜੀਨ ਤਬਦੀਲੀ ਦੀ ਵਿਧੀ ਨਾਲ ਸੋਧੇ ਹੋਏ ਬੀਜਾਂ ਦਾ ਭਾਵੇਂ ਕਾਫੀ ਵਿਰੋਧ ਰਿਹਾ ਹੈ ਤੇ ਬੀ.ਟੀ. ਬ੍ਰਿੰਜਲ ਨੂੰ ਤਾਂ ਕਾਸ਼ਤ ਲਈ ਸਰਕਾਰ ਦੀ ਪ੍ਰਵਾਨਗੀ ਵੀ ਹਾਸਲ ਨਹੀਂ ਹੋ ਸਕੀ ਪਰ ਇਨ੍ਹਾਂ ਬੀਜਾਂ ਤੋਂ ਤਿਆਰ ਪਦਾਰਥ ਪਹਿਲਾਂ ਹੀ ਸਾਡੀ ਖ਼ੁਰਾਕ ਲੜੀ ਦਾ ਹਿੱਸਾ ਬਣ ਗਏ ਹਨ। ਭਾਰਤ ਵਿਚ ਉਪਯੋਗ ਕੀਤੇ ਜਾਣ ਵਾਲੇ ਬਨਸਪਤੀ ਘਿਓ ਦਾ ਬਹੁਤ ਵੱਡਾ ਭਾਗ ਵੜੇਵਿਆਂ ਤੋਂ ਤਿਆਰ ਹੁੰਦਾ ਹੈ ਤੇ ਇਹ ਵੜੇਵੇਂ ਵੀ ਵਧੇਰੇ ਕਰਕੇ ਬੀ.ਟੀ. ਕਾਟਨ ਦੇ ਹੀ ਹਨ। ਬਨਸਪਤੀ ਤੇਲਾਂ ਦਾ ਇਕ ਹਿੱਸਾ ਸੋਇਆਬੀਨ ਤੋਂ ਤਿਆਰ ਕੀਤਾ ਜਾਂਦਾ ਹੈ। ਅਮਰੀਕਾ ਤੋਂ ਬਰਾਮਦ ਹੋ ਰਿਹਾ ਸੋਇਆਬੀਨ ਜੀ.ਐਮ. ਤਕਨੀਕ ਰਾਹੀਂ ਹੀ ਵਿਕਸਿਤ ਕੀਤਾ ਹੋਇਆ ਹੈ। ਇਸੇ ਤਰ੍ਹਾਂ ਵੜੇਵਿਆਂ ਤੋਂ ਬਣੀ ਖਲ ਦੁਧਾਰੂ ਪਸ਼ੂਆਂ ਦੀ ਖ਼ੁਰਾਕ ਵਜੋਂ ਆਮ ਵਰਤੀ ਜਾਂਦੀ ਹੈ ਤੇ ਇਸ ਖਲ ਦਾ ਦੁੱਧ ਦੇ ਨਾਲ ਸਿੱਧਾ ਸਬੰਧ ਬਣਦਾ ਹੈ ਕਿਉਂਕਿ ਖਲ ਪਸ਼ੂ ਦੇ ਦੁੱਧ ਦੀ ਮਾਤਰਾ ਤੇ ਥੰਦਿਆਈ ਵਧਾਉਣ ਲਈ ਪਸ਼ੂ ਖ਼ੁਰਾਕ ਵਿਚ ਸ਼ਾਮਲ ਕੀਤੀ ਜਾਂਦੀ ਹੈ। ਇਹ ਦੁੱਧ ਮਨੁੱਖੀ ਭੋਜਨ ਦਾ ਲਗਭਗ ਅਨਿੱਖੜ ਅੰਗ ਹੈ। ਇਸ ਤਰ੍ਹਾਂ ਜੀ.ਐਮ. ਪਦਾਰਥ ਮਨੁੱਖੀ ਭੋਜ ਵਿਚ ਪ੍ਰਵੇਸ਼ ਪਾ ਗਏ ਹਨ। ਬੀ.ਟੀ. ਵੜੇਵਿਆਂ ਤੋਂ ਬਣੀ ਖਲ ਨਾਲ ਦੁਧਾਰੂਆਂ ਦੀ ਦੁੱਧ ਦੇਣ ਦੀ ਸਮਰੱਥਾ ਪਹਿਲਾਂ ਨਾਲੋਂ ਘਟ ਗਈ ਹੈ ਤੇ ਇਸ ਨੂੰ ਜੀ.ਐਮ. ਪਦਾਰਥਾਂ ਦੇ ਸੇਵਨ ਤੋਂ ਨਿਕਲਣ ਵਾਲੇ ਘਾਤਕ ਸਿੱਟਿਆਂ ਦੇ ਸੰਕੇਤ ਵਜੋਂ ਲਿਆ ਜਾ ਰਿਹਾ ਹੈ।



## ਪੰਜਾਬ ਸਰਕਾਰ ਕਿਸ ਨੂੰ ਹੇਠਾਂ ਲਿਆਏ

'ਗਾਂਵ ਵਾਲੋ.. .. ਹੋਲੀ ਦੇ ਮੌਕੇ ਸ਼ੋਲੇ ਫਿਲਮ ਦਾ ਇਹ ਡਾਇਲਾਗ ਯਾਦ ਆਉਂਦਿਆਂ ਹੀ ਫਿਲਮ ਦਾ ਇਹ ਦ੍ਰਿਸ਼ ਵੀ ਅੱਖਾਂ ਸਾਹਮਣੇ ਆ ਜਾਂਦਾ ਹੈ, ਜਿਸ ਵਿਚ ਧਰਮਿੰਦਰ ਪਾਣੀ ਦੀ ਟੈਂਕੀ ਉਪਰ ਚੜ੍ਹਕੇ ਖੁਦਕੁਸ਼ੀ ਦੀ ਧਮਕੀ ਦਿੰਦਾ ਹੋਇਆ ਬਸੰਤੀ ਨਾਲ ਵਿਆਹ ਦੀ ਮੰਗ ਕਰਦਾ ਹੈ ਅਤੇ ਮਨਾ ਕੇ ਹੀ ਹੇਠਾਂ ਉਤਰਦਾ ਹੈ। ਅੱਜ ਕੱਲ ਪੰਜਾਬ ਦੇ ਬੇਰੁਜ਼ਗਾਰ ਤੇ ਬੇਰੁਜ਼ਗਾਰ ਕਰਮਚਾਰੀ ਵੀ ਧਰਮਿੰਦਰ ਭਾਜੀ ਦੀ ਇਸੇ ਅਦਾ ਦਾ ਸਹਾਰਾ ਲੈ ਰਹੇ ਹਨ। ਜਦੋਂ ਦੇਖੋ ਉਦੋਂ ਕੋਈ ਨਾ ਕੋਈ ਕਰਮਚਾਰੀ ਪਾਣੀ ਦੀ ਟੈਂਕੀ 'ਤੇ ਚੜ੍ਹਿਆ ਹੀ ਰਹਿੰਦਾ ਹੈ। ਸ਼ੁਰੂਆਤ ਈ.ਟੀ.ਟੀ. ਅਧਿਆਪਕਾਂ ਨੇ ਕੀਤੀ ਸੀ ਪਰ ਪਿਛਲੇ ਦਿਨੀਂ ਸਹਿਕਾਰੀ ਖੰਡ ਮਿਲ ਦੇ ਕਰਮਚਾਰੀ ਵੀ ਟੈਂਕੀ 'ਤੇ ਚੜ੍ਹ ਗਏ। ਇਕ ਅਧਿਕਾਰੀ ਨੇ ਟਿੱਪਣੀ ਕੀਤੀ, ਭਰਾਵੋ ਆਖ਼ਰ ਸਰਕਾਰ ਕਿਸ ਨੂੰ ਹੇਠਾਂ ਲਾਹੇ, ਕਰਮਚਾਰੀਆਂ ਨੂੰ, ਮਹਿੰਗਾਈ ਨੂੰ ਜਾਂ ਬੇਰੁਜ਼ਗਾਰੀ ਨੂੰ।

### ਰਾਜ ਨਹੀਂ ਸੇਵਾ

ਬਾਦਲ ਸਰਕਾਰ ਦਾ ਨਾਅਰਾ ਹੈ-'ਰਾਜ ਨਹੀਂ ਸੇਵਾ' ਪਿਛਲੇ ਸਾਲ ਜਦੋਂ ਲੁਧਿਆਣਾ ਦੇ ਤਹਿਸੀਲਦਾਰ ਦੇ ਕੱਪੜੇ ਲਾਹ ਕੇ ਅਕਾਲੀ ਦਲ ਦੇ ਮੈਂਬਰਾਂ ਨੇ ਉਸ ਦੀ ਕੁੱਟਮਾਰ ਕੀਤੀ ਤਾਂ ਪਤਾ ਚਲਿਆ ਕਿ ਸੇਵਾ ਤਾਂ ਵਾਕਿਯ ਹੋ ਰਹੀ ਹੈ। ਇਧਰ ਈ.ਟੀ.ਟੀ ਅਧਿਆਪਕਾਂ ਦੀ ਰੋਜ਼ਾਨਾ ਕੁੱਟਮਾਰ ਤੋਂ ਲੱਗਦਾ ਹੈ ਕਿ ਸੇਵਾ ਕੁਝ ਜ਼ਿਆਦਾ ਹੀ ਹੋ ਰਹੀ ਹੈ। ਬੇਚਾਰਿਆਂ ਨੇ ਜਾਗੋ ਕੱਢੀ। ਸਰਕਾਰੀ ਪੁਲੀਸ ਦੀ ਨੀਂਦ ਖਰਾਬ ਹੋਣ ਨਾਲ ਉਹ ਅਜਿਹੀ ਜਾਗੀ ਕਿ ਟੀਚਰਾਂ ਦੀ ਖ਼ੂਬ ਸੇਵਾ ਕੀਤੀ।

### ਕਰਨੀ ਤੇ ਕਥਨੀ ਵਿਚ ਫ਼ਰਕ ਨਹੀਂ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਕਿਹਾ ਸੀ, 'ਅਸੀਂ ਪੰਜਾਬ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗਾ ਬਣਾ ਦਿਆਂਗੇ।' ਹੁਣ ਬਜ਼ੁਰਗ ਕਹਿੰਦੇ ਹਨ-'ਭਾਈ ਵਾਕਿਯ ਹੀ ਬਾਦਲ ਦੀ ਕਰਨੀ ਤੇ ਕਥਨੀ ਵਿਚ ਫ਼ਰਕ ਨਹੀਂ ਹੈ, ਰਣਜੀਤ ਸਿੰਘ ਦੇ ਰਾਜ ਵਿਚ ਵੀ ਬਿਜਲੀ ਨਹੀਂ ਹੁੰਦੀ ਸੀ ਅਤੇ ਇਨ੍ਹਾਂ ਦੇ ਰਾਜ ਵਿਚ ਗੁਲ ਰਹਿੰਦੀ ਹੈ। ਬਠਿੰਡਾ ਨੂੰ ਚੰਡੀਗੜ੍ਹ ਬਣਾਉਣ ਦਾ ਵਾਅਦਾ ਵੀ ਪੂਰਾ ਕਰ ਦਿੱਤਾ, ਜ਼ਿਆਦਾਤਰ ਚੰਡੀਗੜ੍ਹ ਦੀ ਸਰਕਾਰ ਉਥੇ ਹੀ ਰਹਿੰਦੀ ਹੈ। ਮਹਾਰਾਜਾ ਵੀ ਸੰਗਤ ਦਰਸ਼ਨ ਕਰਦਾ ਸੀ ਅਤੇ ਬਾਦਲ ਵੀ ਕਰਦੇ ਹਨ। ਹੁਣ ਇਹ ਗੱਲ ਵੱਖਰੀ ਹੈ ਕਿ ਮਹਾਰਾਜਾ ਕਿਸੇ ਦੀ ਵੀ ਸ਼ਿਕਾਇਤ ਸੁਣਨ ਲਈ ਭੇਸ ਬਦਲ ਕੇ ਉਸ ਕੋਲ ਪੁੱਜ ਜਾਂਦੇ ਸੀ ਜਦਕਿ ਇਥੇ ਸ਼ਿਕਾਇਤਾਂ ਸੁਣਾਉਣ ਵਾਲਿਆਂ ਨੂੰ ਬਾਦਲ ਸਾਹਿਬ ਤੱਕ ਪੁੱਜਣਾ ਵੀ ਔਖਾ ਹੁੰਦਾ ਹੈ।

### ਨਾਲੇ ਪੁੰਨ ਤੇ ਨਾਲੇ ਫਲੀਆਂ

ਪੰਜਾਬ ਸਰਕਾਰ ਵੈਸੇ ਵੀ 'ਵਾਈਨ ਐਟ ਯੂਅਰ ਡੋਰਸਟੈਪ' ਰਾਹੀਂ ਕਾਫੀ ਨਾਮ ਕਮਾ ਚੁੱਕੀ ਹੈ। ਹਰ ਪਿੰਡ ਵਿਚ ਪਾਣੀ ਭਾਵੇਂ ਨਾ ਹੋਵੇ ਪਰ ਠੇਕਾ ਜ਼ਰੂਰ ਮਿਲਦਾ ਹੈ। ਸੂਬੇ ਦੇ ਕੁੱਲ 12329 ਪਿੰਡਾਂ ਲਈ ਵੱਡੇ ਹਸਪਤਾਲ ਸਿਰਫ਼ 229 ਅਤੇ ਡਿਸਪੈਂਸਰੀਆਂ ਸਿਰਫ਼ 2063 ਹਨ, ਪਰ ਸ਼ਰਾਬ ਦੇ ਠੇਕੇ ਹਨ 6300। ਸਾਡੇ ਸੂਹੀਏ ਨੇ ਦੱਸਿਆ ਕਿ ਸਰਕਾਰ ਅਜੇ ਹੋਰ ਠੇਕੇ ਖੋਲ੍ਹਣ ਜਾ ਰਹੀ ਹੈ। ਜਦੋਂ ਹਰੇਕ ਪਿੰਡ ਵਿਚ ਸ਼ਰਾਬ ਹੋਵੇਗੀ, ਲੋਕ ਪੀ ਕੇ ਟੱਲੀ ਹੋ ਜਾਣਗੇ ਤਾਂ ਭਲਾ ਕਿਹਨੂੰ ਲੋੜ ਰਹੇਗੀ ਬਿਜਲੀ ਦੀ ਤੇ ਕਿਹਨੂੰ ਖ਼ਤਰਾ ਹੋਵੇਗਾ ਬਿਮਾਰੀ ਦਾ। ਹੈਰਾਨ ਨਾ ਹੋਵੋ, ਇਹ ਜਾਣ ਕੇ ਕਿ ਪੰਜਾਬੀਆਂ ਨੇ ਪਿਛਲੇ ਸਾਲ 29 ਕਰੋੜ ਬੋਤਲਾਂ ਡਕਾਰ ਲਈਆਂ ਸਨ। ਇਸ ਤੋਂ ਪਹਿਲੇ ਸਾਲ 19 ਕਰੋੜ ਬੋਤਲਾਂ ਖਾਲੀ ਕੀਤੀਆਂ ਸਨ। ਦਸ ਕਰੋੜ ਬੋਤਲਾਂ ਦਾ ਸਾਲਾਨਾ ਲਾਭ ਹੋਵੇ ਤਾਂ ਕਿਵੇਂ ਕਿਹਾ ਜਾ ਸਕਦਾ ਹੈ ਕਿ ਮੰਦੀ ਹੈ..? ਵਿੱਤ ਮੰਤਰੀ ਖੁਸ਼ ਹਨ ਕਿ ਪਿਛਲੀ ਵਾਰ ਐਕਸਾਈਜ਼ ਤੋਂ 2150 ਕਰੋੜ ਰੁਪਏ ਦੀ ਆਮਦਨ ਹੋਈ ਸੀ ਤਾਂ ਇਸ ਵਾਰ 200 ਕਰੋੜ ਰੁਪਏ ਹੋਰ ਜ਼ਿਆਦਾ ਮਿਲਣਗੇ। ਬਾਦਲ ਸਾਹਿਬ ਵੀ ਪੁੰਨ ਕਮਾਉਣ ਜਾ ਰਹੇ ਹਨ। ਐਲਾਨ ਕੀਤਾ ਹੈ ਕਿ ਸ਼ਰਾਬ ਤੋਂ ਪ੍ਰਾਪਤ ਟੈਕਸ ਨੂੰ ਸ਼ਗਨ ਸਕੀਮ 'ਤੇ ਖਰਚਿਆ ਜਾਵੇਗਾ। ਨਾਲੇ ਪੁੰਨ ਨਾਲੇ ਫਲੀਆਂ। ਹਰਿਆਣਾ ਹੁਣ ਪੰਜਾਬ ਨਾਲੋਂ ਤਰੱਕੀ ਵਿਚ ਅੱਗੇ ਨਹੀਂ ਜਾ ਸਕਦਾ। ਪੰਜਾਬ 29 ਕਰੋੜ ਬੋਤਲਾਂ ਡਕਾਰਦਾ ਹੈ ਤਾਂ ਹਰਿਆਣਾ ਸਿਰਫ਼ 17 ਕਰੋੜ।

### ਸੂਚੀ ਦੇ ਨਾਵਾਂ ਵਿਚ ਸੋਧ

ਕਾਲੀਆਂ ਭੇਡਾਂ ਅਤੇ ਕਾਲੀ ਸੂਚੀ, ਪੰਜਾਬ ਨੂੰ ਇਹ ਦੋਵੇਂ ਬੁਰੀ ਤਰ੍ਹਾਂ ਪ੍ਰੇਸ਼ਾਨ ਕਰ ਰਹੀਆਂ ਹਨ। ਕਾਲੀਆਂ ਭੇਡਾਂ ਨੇ ਅੱਤਵਾਦੀਆਂ ਦੇ ਇਰਾਦਿਆਂ 'ਤੇ ਪਾਣੀ ਫੇਰਿਆ ਤਾਂ ਹੁਣ ਕਾਲੀ ਸੂਚੀ ਸਿਆਸੀ ਇਰਾਦਿਆਂ ਨੂੰ ਡੁਬੋ ਰਹੀ ਹੈ। ਵਿਦੇਸ਼ਾਂ ਵਿਚ ਵੇਸੇ ਜ਼ਿਆਦਾਤਰ ਖੁਸ਼ਹਾਲ ਪੰਜਾਬੀਆਂ ਦੇ ਨਾਂ ਕਾਲੀ ਸੂਚੀ ਵਿਚ ਸ਼ਾਮਲ ਹਨ। ਉਹ ਚਾਹ ਕੇ ਵਾਪਸ ਨਹੀਂ ਆ ਪਾ ਰਹੇ। ਮਜ਼ੇਦਾਰ ਗੱਲ ਇਹ ਹੈ ਕਿ ਨੇਤਾ ਭਾਵੇਂ ਸ਼੍ਰੋਮਣੀ ਅਕਾਲੀ ਦਲ ਦਾ ਹੋਵੇ, ਭਾਜਪਾ ਦਾ ਜਾਂ ਫੇਰ ਕਾਂਗਰਸ ਦਾ, ਸਾਰੇ ਵਿਦੇਸ਼ਾਂ ਵਿਚ ਜਾ ਕੇ ਅਜਿਹੇ ਲੋਕਾਂ ਨੂੰ ਮਿਲਦੇ ਹਨ ਅਤੇ ਚੰਦਾ ਲੈਂਦੇ ਹਨ। ਉਨ੍ਹਾਂ ਦੀ ਮਾਇਆ ਦੀ ਵਰਤੋਂ ਕਰਨ ਖਾਤਰ ਉਨ੍ਹਾਂ ਨੂੰ ਪੰਜਾਬ ਲਿਆਉਣ ਦਾ ਭਰੋਸਾ ਦਿੰਦੇ ਹਨ। ਇਸ ਲਈ ਭਾਰਤ ਵਾਪਸ ਆਉਂਦੇ ਹੀ ਉਨ੍ਹਾਂ ਦਾ ਸਭ ਤੋਂ ਪਹਿਲਾ ਬਿਆਨ ਹੁੰਦਾ ਹੈ-ਕਾਲੀ ਸੂਚੀ ਦੇ ਨਾਵਾਂ ਵਿਚ ਸੋਧ ਕੀਤੀ ਜਾਵੇ।

### ਮਿੱਤਰਾਂ ਨੂੰ ਸ਼ੌਂਕ..

ਮਿੱਤਰਾਂ ਨੂੰ ਸ਼ੌਂਕ ਐਕਟਿੰਗ ਦਾ। ਸਰਕਾਰ ਜੋ ਦਿਖਾਵਾ ਕਰਦੀ ਹੈ ਉਸ ਨੂੰ ਵੀ ਐਕਟਿੰਗ ਹੀ ਕਹਿੰਦੇ ਹਨ। ਰੋਜ਼ ਕਿਹਾ ਜਾਂਦਾ ਹੈ ਕਿ ਬਿਜਲੀ ਸਰਪਲਸ ਹੋਵੇਗੀ, ਇਹ ਤਾਂ ਪੰਜਾਬੀ ਹੀ ਜਾਣਦੇ ਹਨ ਕਿ ਬਿਜਲੀ ਸਿਰਫ਼ ਮੰਤਰੀਆਂ ਦੀਆਂ ਲੋੜਾਂ ਤੱਕ ਹੀ ਸਰਪਲਸ ਹੈ, ਪਰ ਜਵਾਬ ਨਹੀਂ ਮਾਸਟਰ ਮੋਹਨ ਲਾਲ ਦਾ। ਪਿਛਲੇ ਦਿਨੀਂ ਚੰਡੀਗੜ੍ਹ ਵਿਚ ਖੇਡੇ ਗਏ ਨਾਟਕ 'ਵਾਪਸੀ' ਵਿਚ ਸਰਪੰਚ ਦਾ ਕਿਰਦਾਰ ਨਿਭਾ ਕੇ ਮਾਸਟਰ ਜੀ ਨੇ ਦੱਸ ਦਿੱਤਾ ਕਿ ਵੈਸੇ ਹੀ ਨਹੀਂ ਉਹ ਮਾਸਟਰ ਬਣੇ। ਮੁੱਖ ਸੰਸਦੀ ਸਕੱਤਰ ਹਰੀਸ਼ ਰਾਏ ਢਾਂਡਾ ਪੁਲੀਸ ਅਧਿਕਾਰੀ ਦੇ ਰੋਲ ਵਿਚ ਆਪਣੀ ਗੱਲ ਕਹਿ ਗਏ। ਕਾਸ਼! ਇਹ ਨਾਟਕ ਸੁਖਬੀਰ ਬਾਦਲ ਨੇ ਦੇਖਿਆ ਹੁੰਦਾ ਤਾਂ ਪਤਾ ਚੱਲਦਾ ਕਿ ਰਾਜ ਕਿਸ ਨੂੰ ਕਹਿੰਦੇ ਹਨ।

### ਸਰਕਾਰ ਦਾ ਡਰ

ਪੰਜਾਬ ਸਰਕਾਰ ਇਨ੍ਹੀਂ ਦਿਨੀਂ ਕਾਂਗਰਸੀਆਂ ਤੋਂ ਏਨੀ ਨਹੀਂ ਡਰਦੀ ਜਿੰਨੀ ਈ.ਟੀ.ਟੀ. ਅਧਿਆਪਕਾਂ ਤੋਂ। ਮੁੱਖ ਮੰਤਰੀ ਬਾਦਲ ਹੋਣ ਜਾਂ ਫਿਰ ਸਿੱਖਿਆ ਮੰਤਰੀ ਬੀਬੀ ਉਪਿੰਦਰਜੀਤ ਕੌਰ, ਇਨ੍ਹਾਂ ਦੇ ਹਰ ਪ੍ਰੋਗਰਾਮ ਵਿਚ ਵਿਘਨ ਪਾਉਣ ਪੁੱਜ ਜਾਂਦੇ ਹਨ ਇਹ ਅਧਿਆਪਕ। ਭਾਰੀ ਪੁਲੀਸ ਬੰਦੋਬਸਤ ਦੇ ਬਾਵਜੂਦ ਇਹ ਅਜਿਹਾ ਚਕਮਾ ਦਿੰਦੇ ਹਨ ਕਿ ਪਤਾ ਨਹੀਂ ਚੱਲਦਾ ਕਿ ਕਦੋਂ ਭੀੜ ਵਿਚੋਂ ਉਠ ਕੇ ਬਾਦਲ ਸਰਕਾਰ ਮੁਰਦਾਬਾਦ ਦੇ ਨਾਅਰੇ ਲਾਉਣਾ ਸ਼ੁਰੂ ਕਰ ਦੇਣ। ਹੋਰ ਤਾਂ ਹੋਰ ਹੁਣ ਤਾਂ ਫੋਟੋ ਜਰਨਲਿਸਟ ਵੀ ਏਨੀ ਸਿਆਣੇ ਹੋ ਗਏ ਹਨ ਕਿ ਸਮਾਰੋਹ ਵਿਚ ਮੌਜੂਦ ਟੀਚਰਜ਼ ਜਾਂ ਕਰਮਚਾਰੀਆਂ ਵਿਚੋਂ ਜਿਉਂ ਹੀ ਕੋਈ ਬੋਲਣ ਲੱਗਦਾ ਹੈ ਉਹ ਇਕਦਮ ਕੈਮਰੇ 'ਤੇ ਕੰਮ ਸ਼ੁਰੂ ਕਰ ਦਿੰਦੇ ਹਨ।

*ਕਿਹਦੀ ਲੱਗੇਗੀ ਲਾਟਰੀ?*

## ਰਾਜ ਸਭਾ ਵਿਚ ਪੁੱਜਣ ਲਈ ਜੋੜ-ਤੋੜ ਸ਼ੁਰੂ

ਚੰਡੀਗੜ-ਪੰਜਾਬ ਤੋਂ ਰਾਜ ਸਭਾ ਵਿਚ ਪੁੱਜਣ ਲਈ ਜੋੜ-ਤੋੜ ਸ਼ੁਰੂ ਹੋ ਗਿਆ ਹੈ। 26 ਮਾਰਚ ਨੂੰ ਰਾਜ ਸਭਾ ਦੀਆਂ ਪੰਜ ਸੀਟਾਂ ਲਈ ਚੋਣਾਂ ਹੋਣੀਆਂ ਹਨ। ਅਕਾਲੀ ਦਲ ਤੇ ਕਾਂਗਰਸ ਨੂੰ ਦੋ-ਦੋ ਸੀਟਾਂ ਮਿਲਣਗੀਆਂ, ਜਦਕਿ ਇਕ ਸੀਟ ਭਾਜਪਾ ਦੇ ਖਾਤੇ ਵਿਚ ਜਾਣ ਦੀਆਂ ਸੰਭਾਵਨਾਵਾਂ ਹਨ। ਖਾਲੀ ਹੋ ਰਹੀਆਂ ਸੀਟਾਂ ਵਿਚ ਤਿੰਨ ਕਾਂਗਰਸ ਤੇ ਦੋ ਅਕਾਲੀ ਦਲ ਦੀਆਂ ਹਨ। ਅਜਿਹੇ ਵਿਚ ਭਾਜਪਾ ਨੂੰ ਇਕ ਸੀਟ ਦੇ ਲਾਭ ਦੀ ਉਮੀਦ ਹੈ। ਰਾਸ਼ਟਰ ਮੰਡਲ ਖੇਡਾਂ ਕਾਰਨ ਮੌਜੂਦਾ ਕੇਂਦਰੀ ਖੇਡ ਮੰਤਰੀ ਡਾ. ਐਮ.ਐਸ. ਗਿੱਲ ਨੂੰ ਫੇਰ ਤੋਂ ਟਿਕਟ ਮਿਲਣ ਦੇ ਪੂਰੇ ਆਸਾਰ ਹਨ। ਧਰਮਪਾਲ ਸਭਰਵਾਲ ਦਾ ਕਾਰਜਕਾਲ ਪੂਰਾ ਹੋਣ ਕਾਰਨ ਉਨ੍ਹਾਂ ਦੀ ਜਗ੍ਹਾ ਅਨੁਸੂਚਿਤ ਜਾਤੀ ਦੇ ਕਿਸੇ ਨੇਤਾ ਨੂੰ ਅਜ਼ਮਾਏ ਜਾਣ ਦੀ ਆਸ ਹੈ। ਅਜਿਹੇ ਸਮੇਂ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਸਮਸ਼ੇਰ ਸਿੰਘ ਦੂਲੋ ਤੇ ਸਾਬਕਾ ਮੰਤਰੀ ਡਾ. ਰਾਜਕੁਮਾਰ ਵੇਰਕਾ ਦੇ ਨਾਮ ਲਏ ਜਾ ਰਹੇ ਹਨ। ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਦੇ ਸੰਗਰੂਰ ਤੋਂ ਲੋਕ ਸਭਾ ਚੋਣਾਂ ਹਾਰ ਜਾਣ ਤੋਂ ਬਾਅਦ ਇਹ ਮੰਨ ਲਿਆ ਗਿਆ ਸੀ ਕਿ ਜਦੋਂ ਵੀ ਰਾਜ ਸਭਾ ਦੀ ਸੀਟ ਖਾਲੀ ਹੋਵੇਗੀ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਨੂੰ ਪਾਰਟੀ ਦਾ ਟਿਕਟ ਦੇਣਗੇ।

ਬਾਦਲ ਨੇ ਕੁਝ ਵਰ੍ਹੇ ਪਹਿਲਾਂ ਇਕ ਪ੍ਰੈਸ ਕਾਨਫਰੰਸ ਵਿਚ ਐਲਾਨ ਕੀਤਾ ਸੀ ਕਿ ਉਹ ਆਪਣੇ ਸਿਆਸੀ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਨੂੰ ਰਾਜ ਸਭਾ ਵਿਚ ਭਿਜਵਾਉਣਗੇ। ਆਨੰਦਪੁਰ ਸਾਹਿਬ ਲੋਕ ਸਭਾ ਖੇਤਰ ਤੋਂ ਚੋਣ ਹਾਰ ਚੁੱਕੇ ਡਾ. ਚੀਮਾ ਦੀ ਇਸ ਵਾਰ ਰਾਜ ਸਭਾ ਲਈ ਲਾਟਰੀ ਲੱਗ ਸਕਦੀ ਹੈ। ਸਿਆਸੀ ਹਲਕਿਆਂ ਵਿਚ ਇਹ ਚਰਚਾ ਹੈ ਕਿ ਬਾਦਲ ਆਪਣੇ ਐਡਵੋਕੇਟ ਜਨਰਲ ਐਚ.ਐਸ. ਮੱਤੇਵਾਲ 'ਤੇ ਵੀ ਮਿਹਰਬਾਨੀ ਦਿਖਾ ਸਕਦੇ ਹਨ। ਭਾਜਪਾ ਦੇ ਖਾਤੇ ਵਿਚ ਜਾ ਰਹੀ ਰਾਜ ਸਭਾ ਦੀ ਇਕ ਸੀਟ ਲਈ ਤਿੰਨ ਦਾਅਵੇਦਾਰ ਹਨ। ਇਨ੍ਹਾਂ ਵਿਚ ਭਾਜਪਾ ਦੇ ਮੌਜੂਦਾ ਪ੍ਰਦੇਸ਼ ਪ੍ਰਧਾਨ ਅਸ਼ਵਨੀ ਸ਼ਰਮਾ, ਸਾਬਕਾ ਸੂਬਾ ਪ੍ਰਧਾਨ ਪ੍ਰੋ. ਰਜਿੰਦਰ ਭੰਡਾਰੀ ਅਤੇ ਸਾਬਕਾ ਮੰਤਰੀ ਬਲਰਾਮਜੀ ਦਾਸ ਟੰਡਨ ਦਾ ਨਾਮ ਲਿਆ ਜਾ ਰਿਹਾ ਹੈ।


# Children's Education Funds Inc.

**ਕੀ ਤੁਸੀਂ ਜਾਣਦੇ ਹੋ?**

- ਕਿ ਕੈਨੇਡੀਅਨ ਗੌਰਮਿੰਟ ਨੇ 0 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਨੂੰ ਹਰ ਮਹੀਨੇ 100 ਡਾਲਰ ਦੇਣ ਦਾ ਐਲਾਨ ਕੀਤਾ ਹੈ।
- ਕਿ ਇਹ 100 ਡਾਲਰ ਜੁਲਾਈ 2006 ਤੋਂ ਮਿਲਣਾ ਸ਼ੁਰੂ ਹੋਇਆ ਹੈ।
- ਕਿ ਤੁਸੀਂ ਜੇਕਰ ਇਹੀ 100 ਡਾਲਰ RESP ਪਲੈਨ ਵਿਚ ਪਾਉਂਦੇ ਹੋ ਤਾਂ ਤੁਹਾਨੂੰ ਫੈਡਰਲ ਅਤੇ ਪ੍ਰੋਵਿੰਸ਼ੀਅਲ ਗਰਾਂਟਾਂ ਮਿਲ ਸਕਦੀਆਂ ਹਨ।
- ਕਿ ਭਾਵੇਂ ਤੁਸੀਂ ਪਹਿਲਾਂ ਵੀ RESP ਪੀ ਕੀਤੀ ਹੋਈ ਹੋਵੇ ਤਾਂ ਇਸ 100 ਡਾਲਰਾਂ ਦੀ ਇਕ ਹੋਰ RESP ਲੈ ਸਕਦੇ ਹੋ।ਜਦੋਂ ਤਕ ਤੁਸੀਂ ਇਕ ਬੱਚੇ ਦਾ ਉਮਰ ਭਰ ਵਿਚ 50,000 ਡਾਲਰ ਤੋਂ ਵੱਧ ਨਾ ਪਾਉਂਦੇ ਹੋਵੇ।
- ਕਿ ਜੇਕਰ ਤੁਸੀਂ ਇਹੀ 100 ਡਾਲਰ ਦੀ ਪੰਜ ਸਾਲਾ CET ਦੀ ਪਲੈਨ ਲੈਂਦੇ ਹੋ ਅਤੇ ਪੰਜ ਸਾਲ ਤੋਂ ਬਾਦ ਕੁਝ ਵੀ ਨਹੀਂ ਪਾਉਂਦੇ ਤਾਂ ਤਕਰੀਬਨ 31,000 ਡਾਲਰ ਬੱਚੇ ਦੀ ਕਾਲਜ ਜਾਂ ਯੁਨੀਵਰਸਿਟੀ ਦੀ ਪੜ੍ਹਾਈ ਸਮੇ ਮਿਲ ਸਕਦਾ ਹੈ।
- ਸੈਨਟੇਨੀਅਲ ਗਰਾਂਟ (800 ਡਾਲਰ) ਬੱਚੇ ਦੇ 2 ਸਾਲ ਦਾ ਹੋਣ ਤੋਂ ਪਹਿਲਾਂ ਹੀ ਲੈ ਸਕਦੇ ਹੋ।

**Did You Know?**

* That Canadian Government announced to give $100 for every child up to 6 years of age?
* That this $100 will be coming to every parent for every child under 6 year of age starting the month of July 2006?
* That of you save money in your RESP, you can get all the Federal and Provincial Grants from the Government?
* That you can have as many RESP's as you want as long as total life time contribution per child is not over $50,000?
* That if you save $100 only for 5 years in CET Group Plan, it could add up to approximately $31,000* after 18 years?

*ਗੌਰਮਿੰਟ ਦੇ ਹੀ ਪੈਸਿਆਂ ਨੂੰ RESP ਵਿਚ ਪਾਕੇ ਗੌਰਮਿੰਟ ਦੀਆਂ ਹੀ ਫਰੀ ਗਰਾਂਟਾਂ ਦਾ ਫਾਇਦਾ ਉਠਾਓ।*

**Save New Free Money From Government For Your Child's Education Plan & Get Grants From Government**

*Want to know more about above all, please call today for FREE information* **JESSIE SINGH C.A.I.B.**
*(Branch Manager) of Children Education Funds Inc.*

**403-830-7007**



Jessie Singh C.A.I.B.

Based on post performance & actual educational assistance paid. This amount includes CESG, Enhanced CESG, CLB and ACES. This amount is not intended to reflect future results. Discretionary Enhancements are included in the value. The rate of return is not intended to reflect future values or returns on investments. Please refer to our prospectus for further details.

ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

## ਸਿਆਸਤ 'ਚ ਇਸਤਰੀਆਂ ਦੀ ਹਿੱਸੇਦਾਰੀ

ਸਭ ਕੁੱਝ ਬਦਲ ਰਿਹਾ ਹੈ, ਬੜੀ ਤੇਜ਼ੀ ਨਾਲ ਬਦਲ ਰਿਹਾ ਹੈ। ਪਰ ਕੁੱਝ ਚੀਜ਼ਾਂ ਦਾ ਬਦਲਣਾ ਉਨ੍ਹਾਂ ਕੁੱਝ ਲੋਕਾਂ ਨੂੰ ਮਨਜ਼ੂਰ ਨਹੀਂ ਹੈ, ਜਿਹੜੇ ਵਿਗਿਆਨਕ ਅਤੇ ਅਤਿ ਆਧੁਨਿਕ ਦੌਰ ਵਿਚ ਰਹਿੰਦੇ ਹੋਏ ਵੀ ਮੱਧਯੁਗੀ ਮਾਨਸਿਕਤਾ ਢੋਹ ਰਹੇ ਹਨ। ਭਾਰਤ ਦੀ ਲੋਕ ਸਭਾ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿਚ ਔਰਤਾਂ ਨੂੰ 33 ਫੀਸਦੀ ਰਿਜ਼ਰਵੇਸ਼ਨ ਦੇਣ ਦੇ ਮੁੱਦੇ 'ਤੇ 'ਡਾਂਗਾਂ ਖੜਕਾਉਣ' ਅਤੇ 'ਜੰਗ ਹੋਏਗੀ' ਵਰਗੇ ਨਾਅਰੇ ਲਾਉਣ ਵਾਲੇ ਅਜਿਹੇ ਹੀ ਲੋਕ ਹਨ। ਲਾਲੂ ਪ੍ਰਸਾਦ, ਮੁਲਾਇਮ ਅਤੇ ਸ਼ਰਦ ਯਾਦਵ ਵਰਗੇ ਸਿਆਸੀ ਆਗੂਆਂ ਦੀ ਇਹ ਭਲਾ ਕੀ ਸਿਆਸਤ ਹੋਈ ਕਿ ਉਹ ਸਿਆਸੀ ਤਾਕਤ ਤਾਂ ਦਲਿਤਾਂ ਅਤੇ ਪੱਛੜਿਆਂ ਦੀਆਂ ਵੋਟਾਂ ਦੇ ਆਸਰੇ ਹਾਸਲ ਕਰਦੇ ਹਨ ਪਰ ਵਿਹਾਰ ਵਿਚ ਉਹ ਦਲਿਤ ਸਮਾਜ ਦੇ ਹਿੱਤਾਂ ਦੇ ਐਨ ਉਲਟ ਹੋ ਜਾਂਦੇ ਹਨ। ਇਨ੍ਹਾਂ ਨੂੰ ਪੁਛਿਆ ਜਾ ਸਕਦਾ ਹੈ ਕਿ ਭਾਰਤ ਵਿਚ ਸਹੀ ਅਰਥਾਂ ਹਰ ਪੱਧਰ 'ਤੇ ਔਰਤ ਤੋਂ ਵੱਧ ਦਮਿਤ ਅਤੇ ਗੁਲਾਮ ਕੌਣ ਹੈ?

ਕੀ ਰਾਬੜੀ ਦੇਵੀ ਦਾ ਬਿਹਾਰ ਵਰਗੇ ਸੂਬੇ ਦਾ ਮੁੱਖ ਮੰਤਰੀ ਬਣ ਜਾਣਾ ਹੀ ਭਾਰਤੀ ਔਰਤ ਦੀ ਮੁਕਤੀ ਹੈ? ਇਸਤਰੀਆਂ ਨੂੰ ਸਿਆਸਤ ਵਿਚ ਇਕ ਤਿਹਾਈ ਹਿੱਸੇਦਾਰੀ ਦੇਣ 'ਤੇ ਧਮਕੀਆਂ ਦੇਣ ਤੱਕ ਉਤਰ ਆਏ ਲਾਲੂ ਯਾਦਵ ਨੇ ਚਾਰਾ ਸਕੈਂਡਲ ਵਿਚ 'ਅੜਿਕੇ' ਆਉਣ 'ਤੇ ਉਦੋਂ ਕਿਉਂ ਨਾ ਰਾਬੜੀ ਦੇਵੀ ਦੀ ਥਾਂ ਕਿਸੇ ਸਚਮੁੱਚ ਦਲਿਤ ਜਾਂ ਪੱਛੜੀ ਹੋਈ ਇਸਤਰੀ ਆਗੂ ਨੂੰ ਮੁੱਖ ਮੰਤਰੀ ਦੀ ਕੁਰਸੀ ਸੌਂਪ ਦਿੱਤੀ? ਯੂ.ਪੀ.ਏ. ਦੇ ਚੇਅਰਪਰਸਨ ਬੀਬੀ ਸੋਨੀਆ ਗਾਂਧੀ ਦਾ ਲਾਲੂ ਯਾਦਵ ਨੂੰ ਕਹਿਣਾ- 'ਲਾਲੂ ਜੀ ਤੁਹਾਡੀਆਂ ਵੀ ਸੱਤ ਧੀਆਂ ਹਨ, ਇਸ ਬਿਲ ਦੇ ਪਾਸ ਹੋਣ ਦਾ ਤੁਹਾਨੂੰ ਕਿੰਨਾ ਲਾਭ ਹੋਣਾ ਹੈ।' ਆਪਣੇ ਆਪ ਵਿਚ ਅਜਿਹਾ ਕਟਾਖਸ਼ ਹੈ, ਜਿਹੜਾ ਲਾਲੂ ਵਰਗਿਆਂ ਦੀ ਸਿਆਸਤ ਦੇ ਪਾਜ ਉਘਾੜਦਾ ਹੈ। ਰਾਮ ਮਨੋਹਰ ਲੋਹੀਆ ਦੇ ਨਾਂਅ 'ਤੇ ਸਿਆਸੀ ਤਾਕਤ ਹਾਸਲ ਕਰਨ ਵਾਲੇ ਮੁਲਾਇਮ ਵਰਗੇ ਆਗੂਆਂ ਦੀ ਪੋਲ ਵੀ ਹੁਣ ਪੂਰੀ ਤਰ੍ਹਾਂ ਖੁੱਲ੍ਹ ਗਈ ਹੈ।

ਇਸ ਸਾਰੇ ਸ਼ੋਰ ਸ਼ਰਾਬੇ ਵਿਚ ਹੀ ਰਾਜ ਸਭਾ ਵਿਚ ਇਹ ਬਿਲ ਪਾਸ ਹੋ ਗਿਆ ਹੈ ਪਰ ਹਾਲੇ ਲੋਕ ਸਭਾ ਅਤੇ ਸੂਬਾਈ ਵਿਧਾਨ ਸਭਾਵਾਂ ਵਿਚ ਜਾਂਦਿਆਂ ਵੀ ਸੌ ਸੌ ਅੜਿਕੇ ਡਾਹੇ ਜਾਂਣੇ ਹਨ। ਅਸੀਂ ਇਸ ਬਿਲ ਦੀ ਪੁਰਜ਼ੋਰ ਹਮਾਇਤ ਕਰਦੇ ਹੋਏ ਆਸ ਕਰਦੇ ਹਾਂ ਕਿ ਇਹਦੇ ਕਾਨੂੰਨ ਬਣਨ ਨਾਲ ਭਾਰਤੀ ਔਰਤ ਦੀ ਸਿਆਸੀ ਤਾਕਤ ਵਿਚ ਵਾਧਾ ਤਾਂ ਹੋਵੇਗਾ ਹੀ, ਨਾਲ ਹੀ ਉਹਦੀ ਹਾਲਤ ਵਿਚ ਹਾਂ-ਪੱਖੀ ਤਬਦੀਲੀਆਂ ਆਉਣੀਆਂ ਲਾਜ਼ਮੀ ਹਨ ਪਰ ਇਹ ਅੰਤਿਮ ਲੜਾਈ ਨਹੀਂ ਹੈ।

ਅੰਤਿਮ ਲੜਾਈ ਤਾਂ ਨਾਰੀ ਦੀ ਹਰ ਬਲਾ ਤੋਂ ਮੁਕਤੀ ਤੱਕ ਜਾਰੀ ਰਹਿਣੀ ਹੈ। ਨਾਰੀ ਮੁਕਤੀ ਦਾ ਸਵਾਲ ਨਿਰਾ ਇਸ ਬਿਲ ਦੇ ਕਾਨੂੰਨ ਬਣਨ ਨਾਲ ਹੀ ਨਹੀਂ ਹੱਲ ਹੋਣ ਵਾਲਾ। ਔਰਤਾਂ ਦੇ ਹੱਕਾਂ-ਹਿੱਤਾਂ ਦੀ ਰਾਖੀ ਸਮੁੱਚੀ ਮਨੁੱਖੀ ਹੋਂਦ ਨਾਲ ਜੁੜਿਆ ਮਸਲਾ ਹੈ। ਨਾਰੀ ਮੁਕਤੀ ਸਮੁੱਚੀ ਸਮਾਜਕ, ਆਰਥਕ ਅਤੇ ਸਿਆਸੀ ਤਬਦੀਲੀ ਤੋਂ ਬਿਨਾਂ ਸੰਭਵ ਨਹੀਂ ਹੈ। ਇਸ ਨੂੰ ਸਿਰਫ਼ ਔਰਤਾਂ ਤੱਕ ਮਹਿਦੂਦ ਕਰਕੇ ਨਹੀਂ ਦੇਖਿਆ ਜਾ ਸਕਦਾ। ਲਿੰਗ-ਭੇਦ, ਸਿਖਿਆ ਵਿਚ ਭੇਦ-ਭਾਵ, ਆਰਥਕ, ਸਮਾਜਕ ਅਤੇ ਸਿਆਸੀ ਵਖਰੇਵੇਂ ਆਦਿ ਅਜਿਹੇ ਮਸਲੇ ਹਨ, ਜੋ ਇਕ-ਅੱਧ ਬਿਲ ਦੇ ਕਾਨੂੰਨ ਬਣ ਜਾਣ ਨਾਲ ਹੀ ਹੱਲ ਨਹੀਂ ਹੋ ਜਾਣੇ। ਇਹ ਪੂਰੇ ਪ੍ਰਬੰਧ ਨਾਲ ਜੁੜਿਆ ਹੋਇਆ ਮਸਲਾ ਹੈ। ਮੌਜੂਦਾ ਅਰਧ-ਜਗੀਰੂ ਅਤੇ ਅਰਧ-ਬਸਤੀਵਾਦੀ ਦੌਰ ਵਿਚ ਅਖੌਤੀ ਆਧੁਨਿਕ ਅਤੇ ਸਭਿਅਕ ਸਮਾਜ ਅੰਧਵਿਸ਼ਵਾਸਾਂ ਦੇ ਘੋੜੇ 'ਤੇ ਸਵਾਰ ਹੋ ਕੇ ਨਿੱਤ ਦਿਨ ਔਰਤਾਂ ਲਈ ਨਾਬਰਾਬਰੀ ਦੇ ਨਵੇਂ ਕੀਰਤੀਮਾਨ ਸਥਾਪਤ ਕਰ ਰਿਹਾ ਹੈ। ਇਨ੍ਹਾਂ ਪ੍ਰਸਥਿਤੀਆਂ ਵਿਚ ਨਾਰੀ-ਮੁਕਤੀ ਲਈ ਭਾਵੇਂ ਹਾਲੇ ਕਾਫੀ ਪੈਂਡਾ ਮਾਰਨਾ ਪਵੇਗਾ ਪਰ ਨਿੱਕੇ ਨਿੱਕੇ ਕਦਮ ਹੀ ਤਾਂ ਜੁੜ ਕੇ ਫਾਸਲੇ ਤਰਾਸ਼ਿਆ ਕਰਦੇ ਹਨ।

## ਟੈਕਸੀ ਡਰਾਈਵਰਾਂ ਦਾ ਸੰਘਰਸ਼

ਯੂਨਾਈਟਿਡ ਟੈਕਸੀ ਕੈਬੀਜ਼ ਐਸੋਸੀਏਸ਼ਨ ਆਫ ਐਡਮਿੰਟਨ ਨਾਲ ਸਬੰਧਤ ਡਰਾਈਵਰ ਦੁਖੀ ਵੀ ਹਨ ਤੇ ਰੋਸ ਵਿਚ ਵੀ। ਇਨ੍ਹਾਂ ਦਾ ਦੁੱਖ ਅਤੇ ਗੁੱਸਾ ਜਾਇਜ਼ ਵੀ ਹੈ ਤੇ ਲਾਜ਼ਮੀ ਵੀ। ਐਡਮਿੰਟਨ ਟੈਕਸੀ ਗਰੁੱਪ ਸਰਵਿਸਿਜ਼ ਵਲੋਂ ਡਰਾਈਵਰਾਂ ਕੋਲੋਂ ਉਗਰਾਹੇ ਜਾਂਦੇ ਹਫਤਾਵਾਰ ਖਰਚਿਆਂ ਵਿੱਚ ਅਚਾਨਕ ਕੀਤਾ ਗਿਆ ਭਾਰੀ ਵਾਧਾ ਸਹਿਣਯੋਗ ਨਹੀਂ ਹੈ। ਇਸੇ ਲਈ ਡਰਾਈਵਰ ਤਿੱਖੇ ਸੰਘਰਸ਼ ਵਿੱਚ ਪਏ ਹਨ। ਮਾਲਕਾਂ ਵਲੋਂ ਇੰਸੋਰੈਂਸ ਦੇ ਨਾਮ 'ਤੇ ਵਧਾਏ ਗਏ ਇੰਨਾਂ ਖਰਚਿਆਂ ਦੀ ਜਾਇਜ਼ਤਾ ਨੂੰ ਸਿੱਧ ਕਰਨ ਵਿੱਚ ਅਸਫਲ ਰਹਿਣ ਤੇ ਹੁਣ ਇਸ ਨੂੰ ਪ੍ਰਬੰਧਕੀ ਖਰਚਿਆਂ ਦੇ ਨਾਂ 'ਤੇ ਡਰਾਈਵਰਾਂ ਉਪਰ ਠੋਸਿਆ ਜਾ ਰਿਹਾ ਹੈ। ਪਹਿਲਾਂ ਹੀ ਆਰਥਿਕ ਮੰਦੇ ਦੀ ਮਾਰ ਝੱਲ ਰਹੇ ਅਤੇ ਮਾਲਕਾਂ ਦੇ ਮਾੜੇ ਪ੍ਰਬੰਧਾਂ ਕਾਰਨ ਟੈਕਸੀ ਵਪਾਰ ਨੂੰ ਲੱਗੀ ਢਾਅ ਕਾਰਨ ਡਰਾਈਵਰਾਂ ਦੀ ਆਮਦਨੀ ਨੂੰ ਭਾਰੀ ਸੱਟ ਵੱਜੀ ਹੈ। ਇਸੇ ਕਾਰਣ ਟੈਕਸੀ ਮਾਲਕਾਂ ਵਲੋਂ ਪਾਏ ਖਰਚਿਆਂ ਦਾ ਨਵਾਂ ਬੋਝ ਝੱਲਣ ਤੋਂ ਉਹ ਅਸਮਰੱਥ ਹਨ। ਸਿਟੀ ਆਫ ਐਡਮਿੰਟਨ ਨੂੰ ਇਸ ਮਸਲੇ ਦੇ ਤੁਰੰਤ ਹੱਲ ਲਈ ਦਖ਼ਲ ਦੇਣਾ ਚਾਹੀਦਾ ਹੈ ਅਤੇ ਇਸ ਦੇ ਸਦੀਵੀ ਹੱਲ ਲਈ ਕੇਂਦਰੀ (ਸੈਂਟਰਲ) ਡਿਸਪੈਚ ਸੇਵਾ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈਣਾ ਚਾਹੀਦਾ ਹੈ ਤਾਂ ਜੋ ਭਵਿਖ ਵਿੱਚ ਟੈਕਸੀ ਡਰਾਈਵਰਾਂ ਨੂੰ ਮਾਲਕਾਂ ਅਤੇ ਏਜੰਟਾਂ ਹੱਥੋਂ ਹੁੰਦੀ ਲੁੱਟ ਤੋਂ ਛੁਟਕਾਰਾ ਮਿਲ ਸਕੇ।

## ਨਿਆਂਪਾਲਿਕਾ ਦੀ ਭਰੋਸੇਯੋਗਤਾ ਕਹਿਟਰੇ 'ਚ?

ਕਨੇਡਾ ਦੇ ਸੂਬੇ ਓਨਟਾਰੀਓ ਦੀ ਇੱਕ ਅਦਾਲਤ ਵਲੋਂ ਸਾਬਕਾ ਐਮ.ਪੀ. ਅਤੇ ਕੇਂਦਰੀ ਮੰਤਰੀ ਹੈਲੇਨਾ ਗੁਰਜਿਸ ਦੇ ਪਤੀ ਸ੍ਰੀ ਰਹੀਮ ਜਾਫਰ ਵਿਰੁੱਧ ਸ਼ਰਾਬ ਪੀ ਕੇ ਨਿਰਧਾਰਿਤ ਗਤੀ ਤੋਂ ਉਪਰ ਗੱਡੀ ਚਲਾਉਣ ਅਤੇ ਨਸ਼ੀਲੇ ਪਦਾਰਥ ਰਖੱਣ ਦੇ ਗੰਭੀਰ ਦੋਸ਼ ਹੈਰਾਨੀਜਨਕ ਢੰਗ ਨਾਲ ਵਾਪਿਸ ਲੈਣ ਨਾਲ ਕਨੇਡੀਅਨ ਨਿਆਂਪਲਾਲਿਕਾ ਦੀ ਭਰੋਸੇਯੋਗਤਾ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਜ਼ਿਕਰਯੋਗ ਹੈ ਕਿ ਸ੍ਰੀ ਰਹੀਮ ਜਾਫਰ ਨੂੰ ਪੁਲੀਸ ਨੇ ਪਿਛਲੇ ਸਤੰਬਰ 'ਚ ਤੇਜ਼ ਗਤੀ ਨਾਲ ਗੱਡੀ ਚਲਾਉਣ ਦੇ ਦੋਸ਼ 'ਚ ਰੋਕਿਆ, ਪਰ ਮੌਕੇ 'ਤੇ ਮੌਜੂਦ ਪੁਲ਼ੀਸ ਆਫੀਸਰ ਵਲੋਂ ਚੈਕ ਕਰਨ 'ਤੇ ਉਨ੍ਹਾਂ ਨੂੰ ਸ਼ਰਾਬ ਅਤੇ ਕੋਕੀਨ ਰੱਖਣ ਦਾ ਦੋਸ਼ੀ ਪਾਇਆ ਗਿਆ ਸੀ। ਪਹਿਲੀ ਹੀ ਪੇਸ਼ੀ ਦੌਰਾਨ ਅਦਾਲਤ ਵਲੋਂ ਅਚਾਨਕ ਸਾਰੇ ਗੰਭੀਰ ਦੋਸ਼ਾਂ ਨੂੰ ਵਾਪਸ ਲੈਣ ਅਤੇ ਸ੍ਰੀ ਜਾਫਰ ਨੂੰ ਆਵਾਜਾਈ ਦੇ ਨਿਯਮਾਂ ਅਧੀਨ $500 ਦੇ ਮਾਮੂਲੀ ਜ਼ੁਰਮਾਨੇ ਨਾਲ ਛੱਡਣ ਨਾਲ ਨਿਆਂ-ਪਾਲਿਕਾ ਦੇ ਅਕਸ 'ਤੇ ਗਹਿਰਾ ਧੱਬਾ ਲੱਗਾ ਹੈ। ਇਹਦੇ ਨਾਲ ਹੀ ਪੀ. ਸੀ ਪਾਰਟੀ ਦੇ ਇਕ ਅਨੁਸ਼ਾਸ਼ਤ ਪਾਰਟੀ ਵਜੋਂ ਮੁਜਰਮਾਨਾਂ ਕਾਰਵਾਈਆਂ ਨਾਲ ਸਖਤੀ ਨਾਲ ਪੇਸ਼ ਆਉਣ ਦੇ ਢੌਂਗ ਦੀ ਪੋਲ ਵੀ ਖੁਲ ਗਈ ਹੈ।

ਇਸ ਮਸਲੇ ਨੇ ਜਿੱਥੇ ਵਿਰੋਧੀ ਸਿਆਸੀ ਧਿਰਾਂ ਨੂੰ ਭਖਵਾਂ ਮੁੱਦਾ ਦਿਤਾ ਹੈ, ਉਥੇ ਹੀ ਆਮ ਲੋਕਾਂ ਵਲੋਂ ਵੀ ਤਿੱਖੀ ਪਤੀ੍ਕਿਰਿਆ ਹੋਈ ਹੈ। ਲੋਕ ਪੁੱਛਦੇ ਕਿ ਕੀ ਪਹੁੰਚ ਵਾਲੇ ਲੋਕਾਂ ਲਈ ਕਾਨੂੰਨ ਆਮ ਲੋਕਾਂ ਨਾਲੋਂ ਵੱਖ ਹਨ? ਇਸ ਫੈਸਲੇ ਨਾਲ ਕਨੇਡੀਅਨ ਨਿਆਂ-ਪ੍ਰਬੰਧ ਦੇ ਅਕਸ 'ਤੇ ਲਗੀ ਢਾਹ ਦੀ ਭਰਪਾਈ ਹੋਣੀ ਨੇੜ ਭਵਿੱਖ 'ਚ ਮੁਸ਼ਕਿਲ ਹੈ।

ਸੰਪਾਦਕੀ ਬੋਰਡ
ਨਵਤੇਜ, ਦਲਬੀਰ ਸਾਂਗਿਆਣ (ਕੈਨੇਡਾ)
ਸੁਸ਼ੀਲ ਦੁਸਾਂਝ (ਭਾਰਤ)
ਸਲਾਹਕਾਰ ਬੋਰਡ
ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਿਰੀ)

2nd Floor 3448 – 93
Street NW,
Edmonton T6E 6A4,
Alberta (Canada)
Phone: 780 465 9118
Fax: 780 465 0661
e-mail: info@nawidunia.com

# ਜਵਾਨ ਪੰਜਾਬ ਦੇ



ਪ੍ਰੋ. ਰਾਕੇਸ਼ ਰਮਨ

ਪੰਜਾਬ ਦੇ ਜਵਾਨ ਦਾ ਜ਼ਿਕਰ ਆਉਂਦਿਆਂ ਹੀ ਸੁਣਨ ਵਾਲੇ ਦੇ ਮਨ ਵਿਚ ਇਕ ਅਜਿਹੇ ਉੱਚੇ-ਲੰਮੇ, ਰਿਸ਼ਟ-ਪੁਸ਼ਟ, ਸੋਹਣੇ-ਸੁਨੱਖੇ ਤੇ ਸੁਡੌਲ ਗੱਭਰੂ ਦਾ ਬਿੰਬ ਉੱਭਰਦਾ ਹੈ, ਜਿਸਨੂੰ ਸੱਚਮੁਚ ਹੀ ਦਰਸ਼ਨੀ ਕਿਹਾ ਜਾ ਸਕਦਾ ਹੈ। ਇਹ ਪੰਜਾਬ ਦੇ ਜਵਾਨ ਦੀ ਬਾਹਰੀ ਦਿੱਖ ਹੀ ਹੈ, ਜਿਹੜੀ ਹੁਣ ਤੱਕ ਉਸਦੀ 'ਮੂਲ ਪਛਾਣ' ਸਮਝੀ ਜਾਂਦੀ ਹੈ। ਇਸ ਜਵਾਨ ਦਾ ਸਮੁੱਚਾ ਮਹਿਮਾ-ਮੰਡਲ ਉਸਦੀ ਇਸ ਬਾਹਰੀ ਦਿੱਖ ਦੇ ਇਰਦ-ਗਿਰਦ ਫੈਲਿਆ ਹੋਇਆ ਹੈ। ਜੇਕਰ ਉਹ ਮਰਦ ਹੈ ਤਾਂ ਭੰਗੜੇ ਦਾ ਸਰਦਾਰ ਹੈ ਤੇ ਜੇਕਰ ਔਰਤ ਹੈ ਤਾਂ ਫਿਰ ਗਿੱਧਿਆਂ ਦੀ ਰਾਣੀ। ਕਈ ਹਾਲਤਾਂ 'ਚ ਉਹ ਕਾਮਾ ਤੇ ਯੋਧਾ ਵੀ ਹੈ। ਖੇਤਾਂ 'ਚ ਅੰਨ ਉਗਾਉਣਾ ਤੇ ਭੀੜ ਸਮੇਂ ਜਾਨ ਤਲੀ 'ਤੇ ਟਿਕਾਉਣਾ ਅਤੀਤ 'ਚ ਉਸਦੇ ਜੀਵਨ ਦੇ ਪ੍ਰਮੁੱਖ ਸਰੋਕਾਰ ਰਹੇ ਹਨ। ਨਿਰਸੰਦੇਹ, ਇਹ ਸਰੋਕਾਰ ਵੀ ਉਸਦੀ ਬਾਹਰੀ ਪਛਾਣ ਤੇ ਬਾਹਰਮੁਖੀ ਸਰਗਰਮੀ ਨਾਲ ਹੀ ਸਬੰਧਤ ਹਨ। ਪੰਜਾਬ ਦੇ ਜਵਾਨ ਨੂੰ ਪਰਿਭਾਸ਼ਿਤ ਕਰਨ ਲਈ ਇਤਿਹਾਸ ਤੇ ਵਿਰਸੇ 'ਚੋਂ ਜਿਹੜੇ ਆਦਰਸ਼ਾਂ ਦੇ ਹਵਾਲੇ ਅਸੀਂ ਚੁਣਦੇ ਹਾਂ, ਉਨ੍ਹਾਂ ਵਿਚੋਂ ਵੀ ਵਧੇਰੇ ਉਸਦੀ ਦੇਹ 'ਤੇ ਹੀ ਢੁੱਕਦੇ ਹਨ। ਇਹ ਹਵਾਲੇ ਆਸ਼ਕਾਂ ਦੇ ਹੋਣ, ਡਾਕੂਆਂ ਦੇ ਹੋਣ, ਸਿਰਲੱਥ ਯੋਧਿਆਂ ਦੇ ਹੋਣ ਤੇ ਭਾਵੇਂ ਸ਼ਹਿਜ਼ਾਦਿਆਂ ਦੇ, ਸਭਨਾਂ ਵਿਚ ਬੁਨਿਆਦੀ ਸਮਾਨਤਾ ਪੰਜਾਬ ਦੇ ਜਵਾਨ ਦੀ ਦਿੱਸਦੀ ਸੂਰਤ ਨੂੰ ਲੈ ਕੇ ਹੀ ਹੈ। ਪੰਜਾਬ ਦੇ ਜਵਾਨ ਦੀ ਇਸ ਦਿੱਸਦੀ ਸੂਰਤ ਨੂੰ ਵੀ ਅਸੀਂ ਇਕ ਸਰਬ-ਕਾਲੀ ਸੱਚ ਵਾਂਗ ਪ੍ਰਵਾਨ ਕੀਤਾ ਹੋਇਆ ਹੈ। ਜੀਵਨ ਪ੍ਰਸਥਿਤੀਆਂ ਬਦਲਦੀਆਂ ਆਈਆਂ ਹਨ ਤੇ ਬਦਲਦੀਆਂ ਰਹਿਣਗੀਆਂ ਪਰ ਪੰਜਾਬੀ ਜਵਾਨ ਪ੍ਰਤੀ ਧਾਰਨਾ ਅਜੇ ਅਬਦਲ ਹੀ ਬਣੀ ਹੋਈ ਹੈ, ਉਸਦਾ ਬਿੰਬ ਅਜੇ ਜਿਉਂ ਦਾ ਤਿਉਂ ਕਾਇਮ ਹੈ ਤੇ ਕੋਸ਼ਿਸ਼ ਵੀ ਇਹੋ ਦਿਖਾਈ ਦਿੰਦੀ ਹੈ ਕਿ ਇਸਨੂੰ ਹਰ ਹੀਲੇ ਕਾਇਮ ਰੱਖਿਆ ਜਾਵੇ ਵਿਚਾਰ ਜੀਵਨ ਦੀ ਵਾਸਤਵਿਕਤਾ 'ਚੋਂ ਉੱਪਜਦੇ ਹਨ ਤੇ ਜੀਵਨ ਦੀ ਵਾਸਤਵਿਕਤਾ ਵੀ ਵਿਚਾਰਾਂ ਅਨੁਸਾਰ ਢਲਦੀ ਹੈ। ਇਸ ਲਈ ਪੰਜਾਬ ਦੇ ਜਵਾਨ ਦੇ ਜਿਸ ਬਿੰਬ ਅਥਵਾ ਵਿਚਾਰ ਨੂੰ ਵਿਆਪਕ ਮਾਨਤਾ ਹਾਸਲ ਹੈ, ਜਿਸਨੂੰ ਵਾਰ-ਵਾਰ ਦੁਹਰਾਇਆ ਤੇ ਉਛਾਲਿਆ ਜਾਂਦਾ ਹੈ ਉਸੇ ਅਨੁਸਾਰ ਪੰਜਾਬੀ ਨੌਜਵਾਨ ਅਪਣੇ ਆਪ ਨੂੰ ਢਾਲਣ ਲਈ ਯਤਨਸ਼ੀਲ ਰਹਿੰਦਾ ਹੈ। ਨਵੇਂ ਯੁੱਗ 'ਚ ਕਿਉਂਕਿ ਬਾਹਰੀ ਦਿੱਖ ਦੇ ਮਾਡਲ ਪਹਿਲਾਂ ਬਹੁਤ ਤਬਦੀਲ ਹੋ ਗਏ ਹਨ, ਪ੍ਰੰਤੂ ਜਿਹੜੇ ਵੀ ਨਵੇਂ ਮਾਡਲ ਅਪਣਾਏ ਜਾ ਰਹੇ ਹਨ ਉਨ੍ਹਾਂ ਦਾ ਮਨੋਰਥ ਬਿਲਕੁਲ ਨਵਾਂ ਨਹੀਂ ਹੈ। ਪੰਜਾਬ ਦੇ ਜਵਾਨ ਜਿਨ੍ਹਾਂ ਮਾਡਲਾ ਤੋਂ ਪ੍ਰਭਾਵਿਤ ਹਨ, ਜਾਂ ਜਿਨ੍ਹਾਂ ਨੂੰ ਅਪਨਾ ਰਹੇ ਹਨ ਉਹ ਗਲੈਮਰ ਦੀ ਦੁਨੀਆ ਨਾਲ ਸਬੰਧਿਤ ਹਨ। ਸਿਨੇਮਾ, ਟੀ ਵੀ ਅਦਿ ਰਾਹੀਂ ਨੌਜਵਾਨਾਂ ਦੇ ਮਨ ਮਸਤਕ 'ਤੇ ਛਾ ਜਾਣ ਵਾਲੇ ਮਾਡਲਾਂ ਵਾਂਗ ਅਪਣੀ ਬਾਹਰੀ ਦਿੱਖ ਬਣਾਉਣ ਦੇ ਆਹਰ 'ਚ ਹੈ, ਅੱਜਕੱਲ੍ਹ ਜਵਾਨ ਪੰਜਾਬ ਦਾ। ਲਿਬਾਸ, ਬਣਨ-ਫਬਣ ਦਾ ਤੌਰ-ਤਰੀਕਾ, ਬੋਲ-ਚਾਲ ਤੇ ਸਮਾਜ ਅੰਦਰ ਵਿਚਰਨ ਦੇ ਮਾਮਲੇ 'ਚ ਉਹ ਫਿਲਮੀ ਅਦਾਕਾਰਾਂ ਦੀ ਨਕਲ ਕਰ ਰਿਹਾ ਹੈ। ਪੰਜਾਬ ਦੇ ਜਵਾਨ ਦੀਆਂ ਇਨ੍ਹਾਂ ਰੁਚੀਆਂ, ਪ੍ਰਾਥਮਿਕਤਾਵਾਂ ਤੇ ਲੋੜਾਂ ਨੂੰ ਮੁੱਖ ਰੱਖਕੇ ਹੀ ਜਵਾਨੀ ਨਾਲ ਸਬੰਧਤ ਕਲਚਰ ਵਿਕਸਤ ਤੇ ਪ੍ਰਫੁੱਲਤ ਹੋ ਰਿਹਾ ਹੈ। ਇਸ ਕਲਚਰ 'ਚ ਗਲੈਮਰ ਭਾਰੂ ਹੈ ਤੇ ਗਲੈਮਰ ਦਾ ਸਿੱਧਾ ਸਬੰਧ ਨਜ਼ਰ ਆਉਂਦੀ ਅਸਲੀਅਤ ਦੀ ਚਮਕ-ਦਮਕ ਨਾਲ ਹੁੰਦਾ ਹੈ। ਜਵਾਨ ਪੰਜਾਬ ਦੇ ਇਸ ਸਮੇਂ ਪ੍ਰਤੱਖ ਨਜ਼ਰ ਆਉਂਦੀ ਅਸਲੀਅਤ, ਜਿਸਨੂੰ ਗਲੈਮਰ ਦੀ ਉਚੇਚੀ ਪੁੱਠ ਚੜੀ ਹੁੰਦੀ ਹੈ, 'ਤੇ ਡੁਲ੍ਹੇ ਹੋਏ ਹਨ। ਪੰਜਾਬ ਦੇ ਜਵਾਨ ਦੀ ਨਬਜ਼ ਪਛਾਨਣ ਵਾਲੇ ਬਾਖੂਬੀ ਜਾਣਦੇ ਹਨ ਕਿ ਉਸਦੀ ਇਸ ਰੁਚੀ ਨੂੰ ਬਣਾਈ ਰੱਖਣ ਤੇ ਤ੍ਰਿਪਤ ਕਰੀ ਰੱਖਣ ਲਈ ਉਸਨੂੰ ਕੀ ਦਿਖਾਇਆ ਜਾਣਾ ਚਾਹੀਦਾ ਹੈ। ਇਸੇ ਕਰਕੇ ਦ੍ਰਿਸ਼-ਮਾਧਿਅਮਾਂ, ਸਿਨੇਮਾ ਤੇ ਟੀ ਵੀ ਵਿਚ ਗਲੈਮਰ ਭਾਰੂ ਹੈ। ਜਿਹੜੀਆਂ ਫਿਲਮਾਂ 'ਚ ਉਸਨੂੰ ਨਾਇਕ ਦੇ ਤੌਰ 'ਤੇ ਵੀ ਪੇਸ਼ ਕੀਤਾ ਜਾਂਦਾ ਹੈ, ਉਨ੍ਹਾਂ ਵਿਚ ਵੀ ਵਿਸ਼ੇਸ਼ ਥਾ ਉਸਦੇ ਚਿਹਰੇ-ਮੁਹਰੇ, ਡੀਲ-ਡੌਲ ਤੇ ਬਾਹੂਬਲ ਨੂੰ ਹੀ ਦਿੱਤੀ ਜਾਂਦੀ ਹੈ, ਜਿਸਨੂੰ ਦਰਸਾਉਣ ਲਈ ਉਹ ਪਰਦੇ 'ਤੇ ਪ੍ਰੇਮ ਲੀਲਾ ਰਚਾਉਂਦਾ, ਮਾਰਧਾੜ ਕਰਦਾ ਤੇ ਨਲਕੇ ਪੁੱਟਦਾ (ਹੱਥ ਦੇ ਇਕੋ ਝਟਕੇ ਨਾਲ) ਦਿਖਾਈ ਦਿੰਦਾ ਹੈ। ਇਸ ਤੋਂ ਵੱਖਰੀ ਭੂਮਿਕਾ 'ਚ ਸ਼ਾਇਦ ਹੀ ਕਿਤੇ ਪੰਜਾਬੀ ਜਵਾਨ ਦਿਖਾਈ ਦਿੰਦਾ ਹੋਵੇ।

ਫਿਲਮ ਤੇ ਟੀ ਵੀ ਵਰਗੇ ਦ੍ਰਿਸ਼ ਮਾਧਿਅਮਾਂ ਵਿਚ ਪੰਜਾਬ ਦੇ ਜਵਾਨ ਦੀ ਜੇਕਰ ਕਿਸੇ ਵੱਖਰੀ ਭੂਮਿਕਾ ਨੂੰ ਪੇਸ਼ ਵੀ ਕੀਤਾ ਜਾਂਦਾ ਹੈ ਤਾਂ ਉਹ ਵੱਧ ਤੋਂ ਵੱਧ ਮਾਤਭੂਮੀ ਲਈ ਕੁਰਬਾਨ ਹੋਣ ਵਾਲੇ ਫੌਜੀ ਦੀ ਹੁੰਦੀ ਹੈ ਜਾਂ ਫਿਰ ਸ਼ਹੀਦ ਭਗਤ ਸਿੰਘ ਦੀ। ਜਿੱਥੋਂ ਤੱਕ ਸਰਹੱਦਾਂ ਦੀ ਰਾਖੀ ਲਈ ਫੌਜੀ ਵਲੋਂ ਨਿਭਾਏ ਜਾਣ ਵਾਲੇ ਕਰਤੱਵ ਦਾ ਸਵਾਲ ਹੈ, ਇਸ ਕਰਤੱਵ ਨਾਲ ਕੋਈ ਬਹੁਤ ਮਹਾਨ ਸਰੋਕਾਰ ਨਹੀਂ ਜੁੜਿਆ ਹੋਇਆ ਕਿਉਂਕਿ ਹਿੰਦ-ਪਾਕਿ ਸਰਹੱਦ ਜਿੱਥੇ ਫੌਜੀ ਨੂੰ ਆਦਰਸ਼ ਲਈ ਪ੍ਰਾਣਾਂ ਦੀ ਆਹੂਤੀ ਪਾਉਂਦਿਆਂ ਦਿਖਾਇਆ ਜਾਂਦਾ ਹੈ, ਦੋਹਾਂ ਦੇਸ਼ਾਂ ਵਿਚਾਲੇ ਕੁਦਰਤੀ ਸਰਹੱਦ ਹੋਣ ਵਜੋਂ ਮਾਨਤਾ ਨਹੀਂ ਰੱਖਦੀ ਅਤੇ ਨਾ ਹੀ ਹਿੰਦ-ਪਾਕਿ ਦੇ ਲੋਕਾਂ ਵਿਚਕਾਰ ਦੁਸ਼ਮਣੀ ਦਾ ਹੀ ਕੋਈ ਨਾ ਟਾਲਿਆ ਜਾ ਸਕਣ ਵਾਲਾ ਠੋਸ ਆਧਾਰ ਮੌਜੂਦ ਹੈ। ਜ਼ਾਹਿਰ ਹੈ ਕਿ ਪੰਜਾਬ ਦੇ ਜਵਾਨ ਨੂੰ ਫੌਜੀ ਦੀ ਭੂਮਿਕਾ 'ਚ ਦਿਖਾਉਣ ਦਾ ਮੁੱਖ ਮਕਸਦ ਵੀ ਵਾਹ ਲੱਗਦੀ ਉਸਦੀ ਬਾਹਰਲੀ ਦਿੱਖ ਨੂੰ ਹੀ ਪ੍ਰਮੁੱਖਤਾ ਦੇਣਾ ਹੈ। ਇਸੇ ਤਰ੍ਹਾਂ ਸ਼ਹੀਦ ਭਗਤ ਸਿੰਘ ਦੀ ਭੂਮਿਕਾ 'ਚ ਵੀ ਉਹ ਭਗਤ ਸਿੰਘ ਵਜੋਂ ਘੱਟ ਤੇ ਅਜੇ ਦੇਵਗਣ (ਕੋਈ ਵੀ ਅਦਾਕਾਰ ਜਿਸ ਵਲੋਂ ਸ਼ਹੀਦ ਭਗਤ ਸਿੰਘ ਦੀ ਪਰਦੇ 'ਤੇ ਭੂਮਿਕਾ ਨਿਭਾਈ ਗਈ ਹੋਵੇ) ਵਜੋਂ ਵੱਧ ਨਜ਼ਰ ਆਉਂਦਾ ਹੈ। ਜੇਕਰ ਪੰਜਾਬ ਦੇ ਨੌਜਵਾਨ ਨੂੰ ਉੱਪਰ ਕੀਤੀ ਗਈ ਚਰਚਾ ਦੇ ਪਰਿਪੇਖ਼ 'ਚ ਦੇਖਿਆ ਜਾਵੇ ਤਾਂ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਉਸਦੇ ਮੋਢੇ ਤੋਂ ਡਾਂਗ ਉਤਾਰ ਕੇ ਕਦੇ ਬੰਦੂਕ ਧਰ ਦਿੱਤੀ ਜਾਂਦੀ ਰਹੀ ਹੈ ਤੇ ਕਦੇ ਉਸਦੇ ਹੱਥ ਸ਼ਹੀਦ ਭਗਤ ਸਿੰਘ ਦਾ ਪਿਸਤੌਲ ਫੜਾ ਦਿੱਤਾ ਜਾਂਦਾ ਰਿਹਾ ਹੈ। ਇਸ ਸਾਰੀ ਪ੍ਰਕਿਰਿਆ ਦੇ ਦੌਰਾਨ ਉਸਦਾ ਬਾਹਰਲਾ ਵਿਅਕਤੀਤਵ ਤਾਂ ਉੱਭਰ ਆਉਂਦਾ ਹੈ, ਪਰ ਉਸਦੀ ਅੰਦਰਲੀ ਸ਼ਖ਼ਸੀਅਤ ਦੀਆਂ ਪਰਤਾਂ ਨਾ ਕੇਵਲ ਅਣਫਰੋਲੀਆਂ ਹੀ ਰਹਿ ਜਾਂਦੀਆਂ ਹਨ, ਸਗੋਂ ਉਸਦੀ ਭਾਵੁਕ ਤੇ ਬੌਧਿਕ ਸਮਰੱਥਾ ਉਸਦੇ ਵਿਅਕਤੀਤਵ ਦਾ ਵਿਵਹਾਰਿਕ ਰੂਪ ਵਿਚ ਹਿੱਸਾ ਹੀ ਨਹੀਂ ਬਣ ਸਕਦੀ। ਪੰਜਾਬ ਦਾ ਅਜੋਕਾ ਜਵਾਨ ਵੀ ਸਭ ਤੋਂ ਵੱਧ ਇਸੇ ਸੰਕਟ ਤੋਂ ਹੀ ਗ੍ਰਸਤ ਹੈ। ਉਸਦਾ ਅੰਦਰਲਾ ਆਪਾ ਅਵਿਕਸਤ ਤੇ ਅਣਸੰਵਾਰਿਆ ਹੀ ਰਹਿ ਜਾਂਦਾ ਹੈ। ਸਮਕਾਲੀ ਸਮਾਜ ਤੇ ਸੱਭਿਆਚਾਰ ਵਿਚ ਉੱਘੜਵੇਂ ਰੂਪ 'ਚ ਅਜਿਹੇ ਆਦਰਸ਼ ਹੀ ਨਹੀਂ ਹਨ, ਜਿਹੜੇ ਉਸਨੂੰ ਅਪਣੇ ਅੰਦਰ ਵਲ ਮੋੜਨ ਤੇ ਉਸਨੂੰ ਅਪਣੇ ਮਾਨਸਿਕ ਤੇ ਬੌਧਿਕ ਵਿਕਾਸ ਲਈ ਪ੍ਰੇਰਿਤ ਕਰਨ। ਪੰਜਾਬ ਦੇ ਜਵਾਨ ਦਾ ਵਿਚਾਰਧਾਰਕ ਵਿਕਾਸ ਲਗਭਗ ਰੁਕ ਹੀ ਗਿਆ ਹੈ, ਕਿਉਂਕਿ ਵਿਚਾਰਧਾਰਕ ਵਿਕਾਸ ਲਈ ਜਿਸ ਭਾਵੁਕ ਤੇ ਬੌਧਿਕ ਹੁਲਾਰੇ ਦੀ ਲੋੜ ਹੁੰਦੀ ਹੈ ਉਹ ਸਮਕਾਲੀ ਪ੍ਰਸਥਿਤੀਆਂ 'ਚ ਉਸਨੂੰ ਪ੍ਰਾਪਤ ਹੀ ਨਹੀਂ ਹੈ।

ਸਾਡੇ ਸਮਕਾਲੀ ਰਾਜਨੀਤਿਕ, ਸਮਾਜਿਕ, ਸੱਭਿਆਚਾਰ ਤੇ ਆਰਥਿਕ ਖੇਤਰ 'ਚ ਘੱਟ ਹੀ ਕੁਝ ਅਜਿਹਾ ਹੈ ਜਿਹੜਾ ਸਾਡੇ ਨੌਜਵਾਨ ਨੂੰ ਵਿਚਾਰਧਾਰਕ ਪੱਖੋਂ ਮਜ਼ਬੂਤੀ ਬਖ਼ਸ਼ ਕੇ ਯੁੱਗ ਦੀਆਂ ਚੁਣੌਤੀਆਂ ਕਬੂਲ ਕਰਨ ਦੇ ਯੋਗ ਬਣਾ ਸਕਦਾ ਹੋਵੇ। ਰਾਜਨੀਤਕ ਖੇਤਰ 'ਚ ਰਾਜਨੇਤਾਵਾਂ ਦੇ ਧੀਆਂ, ਪੁੱਤ ਤੇ ਨੂੰਹਾਂ ਦੀ ਜਕੜ ਬਣਾਈ ਹੋਈ ਹੈ ਜਾਂ ਫਿਰ ਸਿਰੇ ਦੇ ਭ੍ਰਿਸ਼ਟ ਤੇ ਮੌਕਾਪ੍ਰਸਤ ਲੋਕਾਂ ਦਾ ਸਿੱਕਾ ਚਲਦਾ ਹੈ। ਸਮਾਜ 'ਚ ਰੁਤਬਾ ਪੈਸੇ ਨਾਲ ਮਿਣਿਆ ਜਾਂਦਾ ਹੈ। ਸੱਭਿਆਚਾਰਕ ਖੇਤਰ 'ਚ ਮਨੋਰੰਜਨ ਦੀ ਹੀ ਪ੍ਰਧਾਨਤਾ ਹੈ। ਗੀਤ-ਸੰਗੀਤ ਵਿਚ ਉੱਜਡ-ਆਸ਼ਕੀ, ਫੂਹੜ-ਕਾਮੇਡੀ, ਅਪਰਾਧੀ ਰੁਚੀਆਂ ਦੀ ਵਡਿਆਈ ਆਦਿ ਦਾ ਬੋਲਬਾਲਾ ਹੈ। ਮਨੋਰੰਜਨ ਦਾ ਰਿਸ਼ਤਾ ਸਿੱਖਿਆ ਤੇ ਸੇਧ ਨਾਲੋਂ ਅਸਲੋਂ ਹੀ ਟੁੱਟ ਗਿਆ ਹੋਇਆ ਹੈ। ਅਜਿਹੀ ਸਥਿਤੀ 'ਚ ਵਿਚਰ ਰਿਹਾ ਤੇ ਇਸਦੇ ਗਹਿਰੇ ਪ੍ਰਭਾਵ ਹੇਠ ਆਉਂਦਾ ਹੋਇਆ ਜਵਾਨ ਕਿਹੋ-ਜਿਹਾ ਹੋ ਸਕਦਾ ਹੈ, ਅਸੀਂ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹਾਂ। ਇਹ ਉਹੋ-ਜਿਹਾ ਹੀ ਹੋ ਸਕਦਾ ਹੈ ਜਿਹੋ-ਜਿਹਾ ਇਸ ਸਮੇਂ ਨਜ਼ਰ ਆ ਰਿਹਾ ਹੈ। ਇਤਿਹਾਸ, ਦਰਸ਼ਨ ਤੇ ਕਲਾ ਤੋਂ ਬੁਰੀ ਤਰ੍ਹਾਂ ਟੁੱਟਿਆ ਹੋਇਆ।



ਇਤਿਹਾਸ ਦੀ ਥਾਂ ਪੰਜਾਬ ਦੇ ਜਵਾਨ ਨੂੰ ਅਜਿਹੀਆਂ ਸਾਖੀਆਂ ਦਿੱਤੀਆਂ ਗਈਆ ਹਨ, ਜਿਹੜੀਆਂ ਉਸ ਅੰਦਰ ਕੇਵਲ ਸੰਪ੍ਰਦਾਇਕ ਤੁਅੱਸਬ ਹੀ ਪੈਦਾ ਕਰਨ ਦੀ ਸਮਰੱਥਾ ਰੱਖਦੀਆਂ ਹਨ। ਅਜਿਹੀਆਂ ਸਾਖ਼ੀਆਂ ਦੇ ਭਰਮ ਦਾ ਗ੍ਰਸਿਆ ਉਹ ਵਿਭਿੰਨ ਇਤਿਹਾਸ ਯੁੱਗਾਂ 'ਚ ਉੱਭਰੇ ਸਮਾਜਿਕ ਸਬੰਧਾਂ, ਵਿਰੋਧਾਂ ਤੇ ਘਟਨਾਵਾਂ ਦੀ ਦ੍ਰਿਸ਼ਟੀ ਤੋਂ ਜੀਵਨ ਦੀਆਂ ਜ਼ਮੀਨੀ ਹਕੀਕਤਾਂ ਨੂੰ ਸਮਝਣ ਤੋਂ ਅਸਮਰਥ ਹੀ ਰਹਿੰਦਾ ਹੈ। ਦਰਸ਼ਨ ਦੀ ਥਾਂ ਉਸ ਉੱਪਰ ਧਰਮ ਨੂੰ ਭਾਰੂ ਕੀਤਾ ਹੋਇਆ ਹੈ। ਥਾਂ-ਥਾਂ ਧਾਰਮਿਕ ਡੇਰੇ ਸਥਾਪਿਤ ਹਨ, ਜਿਨ੍ਹਾਂ ਦੇ ਵਧੇਰੇ ਮੁਖੀ ਬਾਹਰੀ ਦਿੱਖ ਸੰਵਾਰਨ ਅਰਥਾਤ ਸ਼ੁਕੀਨੀ ਦੇ ਮਾਮਲੇ 'ਚ ਉਸ ਨਾਲੋਂ ਵੀ ਅਗਾਂਹ ਲੰਘੇ ਹੋਏ ਹਨ। ਕਲਾ ਦੀ ਥਾਂ ਕਾਮ ਤੇ ਹਿੰਸਾ ਦੀ ਪ੍ਰਧਾਨਤਾ ਹੋ ਗਈ ਹੈ। ਇਹ ਸਥਿਤੀ ਵਕਤੀ ਤੌਰ 'ਤੇ ਤਾਂ ਸਾਡੇ ਜਵਾਨ ਨੂੰ ਕੁੱਝ ਰਾਹਤ ਬਖ਼ਸ਼ ਸਕਦੀ ਹੈ ਪ੍ਰਤੂੰ ਲੰਮੇ ਸਮੇਂ 'ਚ ਉਸਦੇ ਪੱਲੇ ਕੇਵਲ ਭਟਕਣਾ ਹੀ ਪਾਉਂਦੀ ਹੈ।

ਪੰਜਾਬ ਦੇ ਜਵਾਨ ਦੇ ਵਿਚਾਰਧਾਰਕ ਵਿਕਾਸ ਨੂੰ ਰੋਕਣ ਦੀ ਰਹਿੰਦੀ ਕਸਰ ਨਵੀਂ ਵਿੱਦਿਅਕ ਪ੍ਰਣਾਲੀ ਨੇ ਪੂਰੀ ਕਰ ਦਿੱਤੀ ਹੈ। ਪੰਜਾਬ 'ਚ ਵੱਡੀ ਗਿਣਤੀ 'ਚ ਇੰਜਨੀਅਰਿੰਗ ਕਾਲਜਾਂ ਦੇ ਖੁੱਲ੍ਹਣ ਨਾਲ ਨੌਜਵਾਨ ਸੀਨੀਅਰ ਸੈਕੰਡਰੀ ਤੋਂ ਮਗਰੋਂ ਨਾ ਤਾਂ ਸਮਾਜ ਵਿਗਿਆਨਾਂ ਦੀ ਪੜ੍ਹਾਈ ਕਰ ਸਕਦੇ ਹਨ ਤੇ ਨਾ ਹੀ ਪ੍ਰਕ੍ਰਿਤਿਕ ਵਿਗਿਆਨਾਂ ਦੀ। ਉਹ ਪੂਰੀ ਤਰ੍ਹਾਂ ਤਕੀਨੀਕੀ ਸਿੱਖਿਆ ਨਾਲ ਜੁੜ ਜਾਂਦੇ ਹਨ ਤੇ ਅਜਿਹਾ ਹੋਣ 'ਤੇ ਜੀਵਨ ਪ੍ਰਤੀ ਵੀ ਉਨ੍ਹਾਂ ਦੀ ਪਹੁੰਚ ਲਗਭਗ ਮਕਾਨਕੀ ਹੀ ਹੋ ਜਾਂਦੀ ਹੈ। ਇਸ ਸਮੇਂ ਪੰਜਾਬ ਦਾ ਜਵਾਨ ਮਾਨਵੀ ਨਜ਼ਰੀਏ ਤੋਂ ਨਵਾਂ ਨਰੋਆ ਸਮਾਜ, ਜਿਸ ਵਿਚ ਸਮਾਜਿਕ ਨਿਆਂ, ਆਰਥਿਕ ਬਰਾਬਰੀ ਤੇ ਵਿਸ਼ਵ ਭਾਈਚਾਰੇ ਦੀ ਪ੍ਰਧਾਨਤਾ ਹੋਵੇ, ਸਿਰਜਣ ਦੇ ਸੁਪਨੇ ਤੋਂ ਟੁੱਟਿਆ ਹੋਇਆ ਹੈ। ਸ਼ਾਇਦ ਇਸੇ ਕਰਕੇ ਹੀ ਉਹ ਅਪਣੇ ਅੰਦਰੋਂ ਵੀ ਬੁਰੀ ਤਰ੍ਹਾਂ ਟੁੱਟ ਚੁੱਕਾ ਹੈ ਤੇ ਅਦਰਸ਼ਹੀਣਤਾ ਦਾ ਸਰਾਪਿਆ ਦੇਸ਼ ਤੇ ਪਰਦੇਸ ਦੋਵਾਂ ਵਿਚ ਇਕ ਅੰਤਹੀਣ ਜਾਪਦੀ ਭਟਕਣਾ ਭੋਗ ਰਿਹਾ ਹੈ। ਪਰ ਭਟਕਣਾ ਤਾਂ ਕੋਈ ਇਲਾਜ਼ ਨਹੀਂ ਹੈ। ਪੰਜਾਬ ਦੀ ਜਵਾਨੀ ਨੂੰ ਦਰਪੇਸ਼ ਚਣੌਤੀਆਂ ਦਾ ਟਾਕਰਾ ਸੋਚਾਂ ਵਿਚ ਹਾਂ ਪੱਖੀ ਤਬਦੀਲੀ ਲਿਆ ਕੇ ਹੀ ਕੀਤਾ ਜਾ ਸਕਦਾ ਹੈ। ਇਹਦੇ ਲਈ ਜ਼ਰੂਰੀ ਹੈ ਕਿ ਆਪਣੇ ਆਲੇ-ਦੁਆਲੇ ਵਾਪਰਦੇ ਹਰ ਵਰਤਾਰੇ ਉਪਰ ਡੂੰਘੀ ਨਜ਼ਰ ਰੱਖਦਿਆਂ ਸਮਾਜ ਨੂੰ ਸਹੀ ਦਿਸ਼ਾ ਦੇਣ ਲਈ ਯਤਨਸ਼ੀਲ ਧਿਰਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ। ਦੇਸ਼ ਦੀਆਂ ਹਾਕਮ ਜਮਾਤਾਂ ਤਾਂ ਜਵਾਨੀ ਨੂੰ ਆਪਣੇ ਭਵਿੱਖੀ ਵੋਟਰਾਂ ਦੇ ਰੂਪ ਵਿਚ ਦੇਖਣ ਦੀ ਪਰਵਿਰਤੀ ਤੋਂ ਬਾਜ਼ ਨਹੀਂ ਆ ਸਕਦੀਆਂ। ਇਸ ਲਈ ਬਿਖਰੀ ਹੋਈ ਜਵਾਨੀ ਦਾ ਇਕ ਮੰਚ 'ਤੇ ਆਉਣਾ ਅੱਜ ਦੀ ਸਭ ਤੋਂ ਵੱਡੀ ਲੋੜ ਹੈ। ਇਸ ਅਹਿਮ ਲੋੜ ਨੂੰ ਆਪਣੇ ਏਜੰਡੇ 'ਤੇ ਲੋਕ ਕਦੋਂ ਲੈ ਕੇ ਆਉਂਦੇ ਹਨ, ਇਹਦੀ ਉਡੀਕ ਰਹੇਗੀ। ਪਰ ਇਹ ਸਾਰਾ ਕੁਝ ਪੰਜਾਬ ਅਤੇ ਦੇਸ਼ ਦੀ ਜਨਤਾ ਉੱਪਰ ਹੀ ਨਿਰਭਰ ਹੈ। ਪੰਜਾਬ ਦੀ ਜਵਾਨੀ ਆਪਣੇ ਸੁਨਹਿਰੇ ਭਵਿੱਖ ਲਈ ਖੁਦ ਤਰਦੱਦ ਕਰੇਗੀ, ਇਹ ਆਸ ਛੱਡੀ ਨਹੀਂ ਜਾ ਸਕਦੀ।

# ਪੇਟੈਂਟ

# ਕਿਸ ਨੂੰ ਹੋ ਰਿਹਾ ਹੈ ਫਾਇਦਾ?

**ਅਮਿਤ ਸੇਨ ਗੁਪਤਾ**

ਭਾਰਤ ਸਰਕਾਰ ਅੱਜਕੱਲ੍ਹ ਅਜਿਹਾ ਬਿਲ ਤਿਆਰ ਕਰਨ ਵਿਚ ਰੁੱਝੀ ਹੋਈ ਹੈ, ਜਿਸ ਨਾਲ ਜਨਤਾ ਦੇ ਪੈਸੇ ਨਾਲ ਹੋ ਰਹੀ ਖੋਜ ਅਤੇ ਵਿਕਾਸ ਕਾਰਜ ਸੰਬੰਧੀ ਪੇਟੈਂਟ ਦੀ ਰੱਖਿਆ ਹੋਰ ਯਕੀਨੀ ਬਣਾਈ ਜਾ ਸਕੇ। ਇਸ ਕੋਸ਼ਿਸ਼ ਦਾ ਜਿੱਥੇ ਵਿਗਿਆਨੀਆਂ ਦੇ ਭਾਈਚਾਰੇ ਵਲੋਂ ਤਿੱਖਾ ਵਿਰੋਧ ਹੋਇਆ ਹੈ, ਉਥੇ ਖੁਦ ਪੇਟੈਂਟ ਦੇ ਅਪਣੇ ਮਹੱਤਵ ਉਪਰ ਹੀ ਸਵਾਲੀਆ ਨਿਸ਼ਾਨ ਲੱਗ ਗਏ ਹਨ। ਪਬਲਿਕ ਲਾਇਬਰੇਰੀ ਆਫ ਸਾਇੰਸ ਵਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਜਰਨਲ 'ਪਲੌਸ ਮੈਡੀਸਿਨ' ਨੇ ਇਸ ਵਿਸ਼ੇ 'ਤੇ ਡੂੰਘੀ ਚਰਚਾ ਕੀਤੀ ਹੈ।

ਪੇਟੈਂਟ ਪ੍ਰਣਾਲੀ ਦੇ ਹਮਾਇਤੀਆਂ ਦਾ ਮੰਨਣਾ ਹੈ ਕਿ, ਇਹ ਪੇਟੈਂਟ ਹੀ ਹੈ ਜਿਸ ਕਾਰਣ ਮੈਡੀਕਲ ਖੇਤਰ ਵਿਚ ਹੋ ਰਹੀਆਂ ਖੋਜਾਂ ਦਾ ਲਾਭ ਆਮ ਲੋਕਾਂ ਨੂੰ ਮਿਲ ਪਾਉਂਦਾ ਹੈ। ਆਮ ਤੌਰ 'ਤੇ ਇਹ ਤਰਕ ਵੀ ਦਿੱਤਾ ਜਾਂਦਾ ਹੈ ਕਿ ਜੇਕਰ ਪੇਟੈਂਟ ਦੇ ਰੂਪ ਵਿਚ ਸਰਕਾਰ ਵਲੋਂ ਸੁਰੱਖਿਆ ਨਾ ਮਿਲਦੀ ਹੋਵੇ ਤਾਂ ਸ਼ਾਇਦ ਕੰਪਨੀਆਂ ਦਵਾਈਆਂ ਦੇ ਖੇਤਰ ਵਿਚ ਖੋਜ ਕਾਰਜ ਕਰਨ ਵੱਲ ਬਹੁਤਾ ਧਿਆਨ ਨਾ ਦੇਣ। ਪਰ ਦੂਜੇ ਪਾਸੇ ਵਿਰੋਧੀ ਦਲੀਲ ਵੀ ਉੱਠ ਰਹੀ ਹੈ, ਕਿ ਇਹ ਪੇਟੈਂਟ ਸਿਸਟਮ ਸਗੋਂ ਸਿਹਤ ਅਤੇ ਦਵਾਈਆਂ ਦੇ ਖੇਤਰ ਵਿਚ ਹੋ ਰਹੀ ਖੋਜ ਦੇ ਰਾਹ ਵਿਚ ਰੋੜਾ ਬਣਦਾ ਹੈ; ਏਕਾਧਿਕਾਰ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਉਨ੍ਹਾਂ ਲੋਕਾਂ ਤੱਕ ਇਸਦਾ ਪੂਰਾ ਲਾਭ ਨਹੀਂ ਪੁੱਜਣ ਦਿੰਦਾ, ਜਿਨ੍ਹਾਂ ਨੂੰ ਅਸਲ ਵਿਚ ਇਸ ਦੀ ਸਭ ਤੋਂ ਵਧ ਲੋੜ ਹੈ।

## ਅਜ਼ਾਰਾਦਾਰੀ ਹੈ ਪੇਟੈਂਟ ਤੰਤਰ

ਪਹਿਲਾਂ ਇਹ ਸਮਝਣ ਦੀ ਲੋੜ ਹੈ ਕਿ, ਆਖ਼ਿਰ ਇਹ ਪੇਟੈਂਟ ਹੈ ਕੀ? ਅਸਲ ਵਿਚ ਇਹ ਖੋਜ ਕਰਨ ਵਾਲੇ ਅਤੇ ਆਮ ਜਨਤਾ (ਜਿਸ ਦੀ ਨੁਮਾਇੰਦਗੀ ਸਰਕਾਰ ਕਰਦੀ ਹੈ) ਵਿਚਾਲੇ ਇਕ ਇਕਰਾਰਨਾਮਾ ਹੁੰਦਾ ਹੈ। ਪੇਟੈਂਟ ਕਾਢ ਕੱਢਣ ਵਾਲੇ ਨੂੰ ਇਹ ਹੱਕ ਦਿੰਦਾ ਹੈ ਕਿ ਉਹ ਉਸ ਉਪਰ ਅਪਣਾ ਪੂਰਾ ਹੱਕ ਰੱਖ ਸਕੇ, ਭਾਵ ਜਦੋਂ ਚਾਹੇ ਜਿਸ ਨੂੰ ਚਾਹੇ ਵੇਚ ਸਕੇ। ਉਸਦੀ ਹੂ-ਬ-ਹੂ ਨਕਲ ਤਿਆਰ ਕਰ ਸਕੇ ਜਾਂ ਜਿਸ ਤਰ੍ਹਾਂ ਚਾਹੇ ਉਸ ਨੂੰ ਬਾਜ਼ਾਰ ਵਿਚ ਵੇਚੇ ਜਾਂ ਉਸਦੀ ਮਸ਼ਹੂਰੀ ਕਰੇ। ਪਰ ਦੂਜੇ ਅਰਥਾਂ ਵਿਚ ਇਹ ਅਜ਼ਾਰਾਦਾਰੀ ਜਾਂ ਏਕਾਅਧਿਕਾਰ ਹੈ ਕਿਉਂਕਿ ਖੋਜ ਕਰਨ ਵਾਲਾ ਦੂਜਿਆਂ ਉਪਰ ਅਪਣੀ ਖੋਜ ਦੀ ਕਿਸੇ ਵੀ ਤਰ੍ਹਾਂ ਦੀ ਵਰਤੋਂ 'ਤੇ ਪਾਬੰਦੀ ਲਾ ਸਕਦਾ ਹੈ ਤੇ ਇਹ ਏਕਾਅਧਿਕਾਰ 20 ਸਾਲ ਤੱਕ ਕਾਇਮ ਰਹਿੰਦਾ ਹੈ। ਪਰ ਨਾਲ ਇਹ ਵਿਸ਼ੇਸ਼ ਅਧਿਕਾਰ ਇਕ ਪਾਬੰਦੀ ਵੀ ਲਾਉਂਦਾ ਹੈ, ਜਿਸ ਤਹਿਤ ਖੋਜ ਕਰਨ ਵਾਲੇ ਲਈ ਲਾਜ਼ਮੀ ਹੈ ਕਿ ਲੋਕ ਭਲਾਈ ਅਤੇ ਲੋਕ ਹਿਤ ਵਾਸਤੇ ਅਪਣੀ ਖੋਜ ਸੰਬੰਧੀ ਜਾਣਕਾਰੀ ਲੋਕਾਂ ਨੂੰ ਮੁਹੱਈਆ ਕਰਵਾਏ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਸ ਦਾ ਲਾਭ ਲੈ ਸਕਣ। ਪਰ ਜਿਸ ਤਰ੍ਹਾਂ ਨਾਲ ਸਾਡੇ ਮੁਲਕ ਦਾ ਪੇਟੈਂਟ ਸਿਸਟਮ ਕੰਮ ਕਰਦਾ ਲੱਗਦਾ ਹੈ ਉਸਦੇ ਚਲਦਿਆਂ ਸਿਹਤ ਸੰਭਾਲ ਦੇ ਖੇਤਰ ਵਿਚ ਹੋ ਰਹੇ ਖੋਜ ਕਾਰਜ ਵਿਚ ਖੜੋਤ ਆ ਰਹੀ ਹੈ। 1995 ਵਿਚ ਇਸ ਪ੍ਰਕਿਰਿਆ ਵਿਚ ਆਈ ਢਿੱਲ ਸਾਫ ਵੇਖੀ ਜਾ ਸਕਦੀ ਹੈ ਤੇ TRIPS ਸਮਝੌਤੇ ਨੂੰ ਇਸ ਵਾਸਤੇ ਸਭ ਤੋਂ ਵੱਧ ਜ਼ਿੰਮੇਵਾਰ ਮੰਨਿਆ ਜਾਂਦਾ ਹੈ।

## ਅਸਮਾਨਤਾ ਫੈਲਾਉਣ ਦਾ ਰੁਝਾਨ

ਪੇਟੈਂਟ ਸਿਸਟਮ ਨੇ ਵਿਕਸਿਤ ਅਤੇ ਵਿਕਾਸਸ਼ੀਲ ਮੁਲਕਾਂ ਵਿਚਲੇ ਅਮੀਰ ਅਤੇ ਗਰੀਬ ਵਿਚਲਾ ਫ਼ਰਕ ਹੋਰ ਗਹਿਰਾ ਕਰ ਦਿੱਤਾ ਹੈ। ਪੇਟੈਂਟ ਸਿਸਟਮ ਬਾਜ਼ਾਰ ਦੀ ਉਪਜ ਹੈ ਤੇ ਉਸ ਦੇ ਰੁਝਾਨ ਮੁਤਾਬਿਕ ਹੀ ਚੱਲਦਾ ਹੈ। ਜਿੱਥੇ ਅਮੀਰ ਪੈਸੇ ਦੇ ਸਿਰ 'ਤੇ ਮਹਿੰਗੀ ਤੋਂ ਮਹਿੰਗੀ ਚੀਜ਼ ਅਸਾਨੀ ਨਾਲ ਪ੍ਰਾਪਤ ਕਰ ਸਕਦੇ ਹਨ। ਪਰ ਦੂਜਿਆਂ ਨੂੰ ਇਸ ਦੀ ਭਾਰੀ ਕੀਮਤ ਅਦਾ ਕਰਨੀ ਪੈਂਦੀ ਹੈ, ਜੋ ਉਨ੍ਹਾਂ ਦੇ ਵਿੱਤੋਂ ਬਾਹਰ ਹੈ। ਬਾਜ਼ਾਰ, ਮਨੁੱਖੀ ਲੋੜਾਂ ਅਤੇ ਆਮ ਚੀਜ਼ਾਂ ਵਿਚ ਫ਼ਰਕ ਕਰਨ ਵਿਚ ਅਸਮਰਥ ਹੈ। ਸੋ ਇਹ ਸਮਝਣਾ ਔਖਾ ਨਹੀਂ ਕਿ ਬਾਜ਼ਾਰ ਵੀ ਉਨ੍ਹਾਂ ਚੀਜ਼ਾਂ ਦੀ ਖੋਜ ਉਪਰ ਹੀ ਪੈਸਾ ਖ਼ਰਚ ਕਰਦਾ ਹੈ ਜਿੰਨ੍ਹਾਂ ਦੇ ਖਰੀਦਦਾਰ ਵਧੇਰੇ ਗਿਣਤੀ ਵਿਚ ਮੌਜੂਦ ਹਨ। ਅੱਜ ਮਲੇਰੀਆ, ਨਿਮੋਨੀਆ, ਹੈਜ਼ਾ, ਟੀ.ਬੀ. ਦੁਨੀਆ ਉਪਰ ਬੀਮਾਰੀਆਂ ਦੇ ਕੁੱਲ ਬੋਝ ਦਾ 21 ਫੀ ਸਦੀ ਹਨ। ਪਰ ਸਿਹਤ ਸੰਬੰਧੀ ਖੋਜ ਕਾਰਜ ਲਈ ਖ਼ਰਚੇ ਜਾਂਦੇ ਪੈਸੇ ਦਾ ਸਿਰਫ 0.31 ਫੀ ਸਦੀ ਹਿੱਸਾ ਇਨ੍ਹਾਂ ਉਪਰ ਖ਼ਰਚ ਹੋ ਰਿਹਾ ਹੈ ਤੇ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਸਭ ਤੋਂ ਜ਼ਿਆਦਾ ਇਨ੍ਹਾਂ ਅਣਗੌਲੀਆਂ ਬੀਮਾਰੀਆਂ ਦੀ ਹੀ ਚਪੇਟ ਵਿਚ ਹਨ। ਇਨ੍ਹਾਂ ਦਵਾਈਆਂ ਉਪਰ ਖੋਜ ਇਸ ਲਈ ਨਹੀਂ ਕੀਤੀ ਜਾਂਦੀ ਕਿਉਂਕਿ ਇਹ ਗਰੀਬ ਮੁਲਕਾਂ ਵਿਚ ਪਾਈਆਂ ਜਾਣ ਵਾਲੀਆਂ ਬੀਮਾਰੀਆਂ ਹਨ ਤੇ ਜੇਕਰ ਇਹ ਦਵਾਈਆਂ ਬਣ ਵੀ ਜਾਣ ਤਾਂ ਗਰੀਬ ਵਰਗ ਖਰੀਦਣ ਯੋਗਾ ਨਹੀਂ।

## ਕਿਸ ਨੂੰ ਮਿਲ ਰਿਹਾ ਹੈ ਅਸਲੀ ਖੋਜਾਂ ਦਾ ਲਾਭ?

ਕਿੱਸਾ ਇੱਥੇ ਹੀ ਨਹੀਂ ਮੁੱਕਦਾ! ਲੋੜੀਂਦੀਆਂ ਸਿਹਤ ਸੁਵਿਧਾਵਾਂ (ਦਵਾਈਆਂ ਅਤੇ ਮਸ਼ੀਨਾਂ) ਦੀ ਕੀਮਤ ਵੀ ਇਹ ਧਿਆਨ ਵਿਚ ਰੱਖ ਦੇ ਨਿਰਧਾਰਿਤ ਕੀਤੀ ਜਾਂਦੀ ਹੈ ਕਿ ਇਹ ਅਮੀਰ ਵਰਗ ਦੀ ਪਹੁੰਚ ਵਿਚ ਹੀ ਹੋਣ ਅਤੇ ਭਾਰਤ ਜਿਹੇ ਮੁਲਕਾਂ ਦੀ ਆਮ ਜਨਤਾ ਇਨ੍ਹਾਂ ਨੂੰ ਖਰੀਦਣ ਵਿਚ ਔਖ ਮਹਿਸੂਸ ਕਰੇ। ਕੰਪਨੀਆਂ ਲੋਕਾਂ ਦੀਆਂ ਲੋੜਾਂ ਮੁਤਾਬਿਕ ਨਹੀਂ ਸਗੋਂ ਅੰਤਰਰਾਸ਼ਟਰੀ ਬਾਜ਼ਾਰ ਦੀ ਖਰੀਦਣ ਸਕਤੀ ਦੇ ਹਿਸਾਬ ਨਾਲ ਕੀਮਤ ਤੈਅ ਕਰਦੀਆਂ ਹਨ ਤੇ ਇਹ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਅਮੀਰ ਮੁਲਕਾਂ ਦੀ ਖਰੀਦ ਸ਼ਕਤੀ ਅਤੇ ਯੋਗਤਾ ਕਿਤੇ ਵੱਧ ਹੈ। ਇਸ ਵੇਲੇ, ਜਿੱਥੇ ਦੁਨੀਆਂ ਦੇ 3.8 ਬਿਲੀਅਨ ਲੋਕ ਦਿਨ ਵਿਚ ਦੋ (2) ਅਮਰੀਕੀ ਡਾਲਰ ਕਮਾ ਪਾਉਂਦੇ ਨੇ, ਉਨ੍ਹਾਂ ਨੂੰ ਪੇਟੈਂਟ ਦੇ ਭਾਰ ਹੇਠ ਦੱਬੀਆਂ ਆਧੁਨਿਕ ਖੋਜਾਂ ਦਾ ਕੋਈ ਲਾਭ ਨਹੀਂ ਹੋ ਰਿਹਾ।

## ਖੋਜ ਕਾਰਜ ਦੇ ਰਾਹ ਵਿਚ ਰੁਕਾਵਟਾਂ

ਪੇਟੈਂਟ ਸਿਸਟਮ ਕਾਰਨ ਕਈ ਅਜਿਹੇ ਖੇਤਰਾਂ ਵਿਚ ਖੋਜ ਨਹੀਂ ਹੋ ਪਾ ਰਹੀ ਹੈ ਜਿੱਥੇ ਨਵੀਆਂ ਕਾਢਾਂ ਦੀ ਸਖ਼ਤ ਲੋੜ ਹੈ। ਕਿਉਂਕਿ ਕਿਸੇ ਹੋਰ ਨੇ ਪਹਿਲਾਂ ਹੀ ਇਸ ਵਿਸ਼ੇ 'ਤੇ ਪੇਟੈਂਟ ਕਰਵਾਇਆ ਹੋਇਆ ਹੈ। ਸਵਾਲ ਇਹ ਹੈ ਕਿ ਜੇਕਰ ਇਹ ਸਾਰਾ ਤੰਤਰ ਲੋਕਾਂ ਦੀ ਮਦਦ ਦੇ ਰਾਹ ਵਿਚ ਰੋੜਾ ਬਣ ਰਿਹਾ ਹੈ ਤਾਂ ਇਸ ਨੂੰ ਲਾਗੂ ਹੀ ਕਿਉਂ ਕੀਤਾ ਗਿਆ? 16 ਵੀਂ ਸ਼ਤਾਬਦੀ ਵਿਚ ਇਸ ਨੂੰ ਇਹ ਸੋਚ ਕੇ ਲਾਗੂ ਕੀਤਾ ਗਿਆ ਸੀ ਕਿ ਕਿਤੇ ਮਾਹਿਰਾਂ ਦੀਆਂ ਖੋਜਾਂ ਅਜਾਈ ਨਾ ਚਲੀਆਂ ਜਾਣ! ਪਰ ਅੱਜ ਇਹ ਇਸਦੇ ਉਲਟ ਕੰਮ ਕਰ ਰਿਹਾ ਹੈ।

## ਨਵੇਂ ਢਾਂਚੇ ਦੀ ਲੋੜ ਸਮੇਂ ਦੀ ਮੰਗ

ਲੋੜ ਹੈ ਨਵਾਂ ਢਾਂਚਾ ਜਾਂ ਮੌਡਲ ਤਿਆਰ ਕਰਨ ਦੀ, ਜਿਸ ਤਹਿਤ ਖੋਜ ਕਾਰਜ ਨੂੰ ਬਜ਼ਾਰ ਅਤੇ ਮੁਨਾਫੇ ਤੋਂ ਪਰ੍ਹੇ ਰੱਖਿਆ ਜਾਵੇ। ਹੁਣ ਇਹ ਤਰਕ ਵੀ ਨਹੀਂ ਦਿੱਤਾ ਜਾ ਸਕਦਾ ਕਿ ਪੇਟੈਂਟ ਰਾਹੀਂ ਹੀ ਖੋਜ ਕਾਰਜ ਲਈ ਲੋੜੀਂਦੀ ਮਾਲੀ ਆਰਥਿਕ ਮਦਦ ਮਿਲਦੀ ਹੈ। ਕਿਉਂਕਿ ਅਮਰੀਕਾ ਵਰਗੇ ਮੁਲਕ ਯੂਰੋਪੀਅਨ ਯੂਨੀਅਨ, ਜਪਾਨ ਅਤੇ ਚੀਨ ਤੋਂ ਖੋਜ ਵਿਧੀਆਂ ਅਤੇ ਕਾਢਾਂ ਲੈਣ 'ਤੇ ਮਜ਼ਬੂਰ ਹੋਏ ਪਏ ਹਨ। ਹੁਣ ਵੇਲਾ ਹੈ ਖੁੱਲੇ ਖੋਜ ਕਾਰਜ ਦਾ ਭਾਵ ਅਜਿਹੇ ਵਾਤਾਵਰਣ ਦਾ ਜਿੱਥੇ ਹਰ ਕਿਸੇ ਲਈ ਖੋਜ ਦੇ ਦਰਵਾਜ਼ੇ ਹੋਣ ਤੇ ਖੋਜ ਦੇ ਨਤੀਜ਼ਿਆਂ ਨੂੰ ਆਪਸ ਵਿਚ ਸਾਂਝਾ ਕਰਨ ਦੀ ਖੁੱਲ ਹੋਵੇ। ਪਰ ਸਵਾਲ ਹੈ, ਕੀ ਸਾਡੇ ਕੋਲ ਅਜਿਹੀ ਦੂਰਦਰਸ਼ਿਤਾ ਹੈ ਕਿ ਅਸੀਂ ਭਵਿੱਖ ਨੂੰ ਸਹੀ ਤਰ੍ਹਾਂ ਵੇਖ ਲਈਏ ਤੇ ਸਮਝਦਾਰੀ ਭਰਿਆ ਫੈਸਲਾ ਲੈ ਸਕੀਏ?

### ਕਿਸਾਨਾਂ ਵਲੋਂ ਨਵੇਂ ਪੇਟੈਂਟ ਕਾਨੂੰਨ ਦਾ ਤਿੱਖਾ ਵਿਰੋਧ

ਵੱਖ-ਵੱਖ ਕਿਸਾਨ ਯੂਨੀਅਨਾਂ ਅਤੇ ਟਰੇਡ ਯੂਨੀਅਨਾਂ ਵਲੋਂ ਬੀਤੀ 26 ਫਰਵਰੀ ਨੂੰ ਸੰਸਦ ਅੱਗੇ ਰੋਸ ਮਾਰਚ ਕਰਦਿਆਂ 'ਲੋਕ ਵਿਰੋਧੀ' ਨਵੇਂ ਪੇਟੈਂਟ ਕਾਨੂੰਨ ਦਾ ਵਿਰੋਧ ਕੀਤਾ ਗਿਆ। ਇਸ ਮਗਰੋਂ ਕਿਸਾਨਾਂ ਵਲੋਂ ਬੀਜ ਸੱਤਿਆਗ੍ਰਹਿ ਵੀ ਸ਼ੁਰੂ ਕੀਤਾ ਗਿਆ । ਮੁਜ਼ਾਹਰਾਕਾਰੀਆਂ ਮੁਤਾਬਿਕ 1 ਜਨਵਰੀ ਨੂੰ ਲਾਗੂ ਹੋਇਆ ਇਹ ਕਾਨੂੰਨ ਵੱਡੀਆਂ ਬਹੁ-ਕੌਮੀ ਕੰਪਨੀਆਂ ਅਤੇ ਜੈਟਿਟਿਕਲੀ ਮੌਡੀਫਾਈਡ ਬੀਜ਼ਾਂ ਦੀ ਵਿਕਰੀ ਕਰਨ ਵਾਲਿਆਂ ਦੇ ਹੱਕ ਵਿਚ ਬਣਾਇਆ ਗਿਆ ਹੈ ਜਿਸ ਨੇ ਕਿਸਾਨਾਂ ਤੋਂ ਅਪਣੀ ਹੀ ਫਸਲ ਵਿਚੋਂ ਨਿਕਲੇ ਬੀਜ ਨੂੰ ਮੁੜ ਬੀਜਣ ਦਾ ਹੱਕ ਖੋਹ ਲਿਆ ਹੈ, ਕਿਉਂਕਿ ਹੋ ਸਕਦਾ ਹੈ ਕਿ ਇਹ ਬੀਜ ਕਿਸੇ ਨੇ ਪੇਟੈਂਟ ਕਰਾ ਕੇ ਰੱਖਿਆ ਹੋਵੇ। ਕਿਸਾਨਾਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਜਲਦਬਾਜ਼ੀ ਵਿਚ ਬਿਨਾਂ ਕਿਸੇ ਮਾਹਿਰ ਦੀ ਸਲਾਹ ਲਏ ਲਾਗੂ ਕਰ ਦਿੱਤਾ ਗਿਆ ਹੈ।

ਲੰਘੀ 30 ਜਨਵਰੀ ਨੂੰ ਵੀ ਕਿਸਾਨ ਜਥੇਬੰਦੀਆਂ ਨੇ ਉਸ ਮਤੇ ਦਾ ਦੇਸ਼ ਵਿਆਪੀ ਵਿਰੋਧ ਕੀਤਾ। ਕਿਸਾਨ ਜਥੇਬੰਦੀਆਂ ਦੀ ਬੈਠਕ ਵਿਚ ਨਵੀਂ ਦਿੱਲੀ ਵਿਖੇ ਯੂਨੀਵਰਸਿਟੀਆਂ ਦੇ ਮਾਹਿਰਾਂ ਤੋਂ ਲੈ ਕੇ ਉੱਘੇ ਵਕੀਲਾਂ ਅਤੇ ਸਾਬਕਾ ਭਾਰਤੀ ਰਾਜਦੂਤ ਨੇ ਵੀ ਸ਼ਿਰਕਤ ਕੀਤੀ। ਇਹ ਲੋਕ ਉਸ ਮਾਰੂ ਮਤੇ ਦਾ ਵਿਰੋਧ ਕਰ ਰਹੇ ਸਨ ਜਿਸ ਤਹਿਤ ਕਿਸਾਨਾਂ ਉਪਰ ਅਪਣੀ ਹੀ ਉਗਾਈ ਹੋਈ ਫਸਲ ਵਿਚੋਂ ਨਿਕਲੇ ਬੀਜ਼ ਨੂੰ ਮੁੜ ਵਰਤਣ ਦੀ ਮਨਾਹੀ ਕੀਤੀ ਜਾ ਰਹੀ ਹੈ ਤਾਂ ਜੋ ਐਗਰੋ ਕੈਮੀਕਲ ਅਤੇ ਬੀਜ ਬਣਾਉਣ ਵਾਲੀਆਂ ਅੰਤਰਰਾਸ਼ਟਰੀ ਬੀਜ ਕੰਪਨੀਆਂ ਨੂੰ ਫਾਇਦਾ ਹੋ ਸਕੇ।

# ਹਨ੍ਹੇਰੇ ਭਵਿੱਖ ਵੱਲ ਵਧ ਰਹੀ ਪੰਜਾਬ ਦੀ ਆਰਥਿਕਤਾ

ਕੁੱਲ ਘਰੇਲੂ ਪੈਦਾਵਾਰ ਵਿਚਲਾ ਵਾਧਾ ਅਰਥਚਾਰੇ ਦੀ ਸਿਹਤ ਤੇ ਵਿਕਾਸ ਦਾ ਬੁਨਿਆਦੀ ਪੈਮਾਨਾ ਹੈ। ਦੂਸਰੇ ਸੂਚਕ ਤੇ ਮਾਮਲੇ ਜਿਵੇਂ ਕਿ ਆਮਦਨ ਦੀ ਵੰਡ, ਅਸਮਾਨਤਾਵਾਂ ਦਾ ਪੱਧਰ ਤੇ ਭਲਾਈ ਪ੍ਰੋਗਰਾਮਾਂ ਦੇ ਟਿਕਾਉਣ ਦੀ ਸਮਰੱਥਾ ਇਸੇ ਮਾਪ 'ਤੇ ਹੀ ਨਿਰਭਰ ਕਰਦੀ ਹੈ।

ਬਦਕਿਸਮਤੀ ਨਾਲ ਪੰਜਾਬ ਇਕ ਸਮੇਂ ਤੋਂ ਇਸ ਮੁਹਾਜ਼ 'ਤੇ ਹਾਰ ਰਿਹਾ ਹੈ। ਜੇਕਰ ਅਸੀਂ 2002-03 ਤੋਂ 2006-07 ਦਾ ਸਮਾਂ ਲਈਏ, ਜਦੋਂ ਪਿਛਲੀ ਸਰਕਾਰ ਸੱਤਾ 'ਚ ਸੀ ਤਾਂ ਮੁਢਲੇ ਖੇਤਰ -(ਖੇਤੀਬਾੜੀ) 'ਚ ਕੁੱਲ ਰਾਜਕੀ ਘਰੇਲੂ ਪੈਦਾਵਾਰ ਦੀ ਮਿਲੀ ਜੁਲੀ ਦਰ 2.28 ਫੀ ਸਦੀ ਸੀ ਜਦ ਕਿ ਕੌਮੀ ਪੱਧਰ 'ਤੇ ਇਸ ਖੇਤਰ 'ਚ ਇਹ ਦਰ 2.74 ਫੀ ਸਦੀ ਸੀ। ਘੱਟ ਤੋਂ ਘੱਟ 1.15 ਫੀ ਸਦੀ ਦਰ 2003 ਵਿਚ ਸੀ, ਜਦੋਂ ਇਸ ਸਰਕਾਰ ਨੇ ਸੱਤਾ ਸੰਭਾਲੀ ਸੀ ਤੇ ਵੱਧ ਤੋਂ ਵੱਧ 5.77 ਫੀ ਸਦੀ 2003--04 'ਚ ਸੀ ਤੇ ਫਿਰ ਜਦੋਂ ਇਹ ਸਰਕਾਰ ਸੱਤਾ ਤੋਂ ਹਟੀ ਤਾਂ ਇਹ ਦਰ 2.78 ਤੱਕ ਹੇਠਾਂ ਆ ਗਈ ਸੀ।

ਸਨਅਤੀ ਖੇਤਰ (ਦੁਜੈਲਾ ਖੇਤਰ) ਮੁਕਾਬਲਤਨ ਚੰਗਾ ਰਿਹਾ। ਕੁੱਲ ਕੌਮੀ ਘਰੇਲੂ ਉਤਪਾਦਨ 6.40 ਦੀ ਤੁਲਨਾ 'ਚ 3.02 ਫੀ ਸਦੀ ਵਾਧੇ ਦੀ ਦਰ ਤੋਂ ਉੱਠਕੇ ਕੁੱਲ ਰਾਜਕੀ ਘਰੇਲੂ ਪੈਦਾਵਾਰ ਦੀ ਦਰ ਵਧਕੇ 2006-07 'ਚ 11.52 ਹੋ ਗਈ ਜਦ ਕਿ ਉਸ ਸਮੇਂ ਰਾਸ਼ਟਰੀ ਕੁੱਲ ਘਰੇਲੂ ਪੈਦਾਵਾਰ ਦੀ ਦਰ 11.49 ਫੀ ਸਦੀ ਸੀ। ਤੀਜੇ ਖੇਤਰ ਦੀ ਵਾਧਾ ਦਰ ਵੀ 6.25 ਫੀ ਸਦੀ ਤੋਂ ਸੁਧਰ ਕੇ 8.43 ਫੀ ਸਦੀ ਹੋ ਗਈ ।

2003--04 ਵਿਚ ਘਰੇਲੂ ਪੈਦਾਵਾਰ ਵਿਚ ਸਾਰੇ ਸੈਕਟਰਾਂ ਦਾ ਸਮੁੱਚਾ ਵਾਧਾ 2.85 ਫੀ ਸਦੀ ਤੋਂ ਵਧ ਕੇ 2006-07 ਤੱਕ 7.32 ਫੀ ਸਦੀ ਹੋ ਗਿਆ। ਇਸ ਤੋਂ ਮਗਰੋਂ ਇਹ ਦਰ ਡਿੱਗਣੀ ਸ਼ੁਰੂ ਹੋ ਗਈ। 2007-08 ਵਿਚ ਇਹ 6.54 ਫੀ ਸਦੀ ਤੇ 2007-08 ਵਿਚ ਇਹ 6.26 ਰਹਿ ਗਈ। ਇਨ੍ਹਾਂ ਸਾਰੇ ਸਾਲਾਂ 'ਚ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਨਾਲੋਂ ਰਾਜ ਦੀ ਕੁੱਲ ਘਰੇਲੂ ਪੈਦਾਵਾਰ ਹੇਠਾਂ ਆਈ। ਜਿਹੜਾ ਸੁਧਾਰ ਪਿਛਲੀ ਸਰਕਾਰ ਨੇ ਲਿਆਂਦਾ ਉਹ ਖਾਤਮੇ ਦੇ ਰਾਹ ਪੈ ਗਿਆ।

ਇਸ ਤੋਂ ਸੰਕੇਤ ਮਿਲਦਾ ਹੈ ਕਿ ਰਾਜ ਦੀ 95 ਫੀ ਸਦੀ ਭੌਂਇ ਵਾਹੀ ਹੇਠ ਅਤੇ ਤਸੱਲੀਬਖਸ਼ ਸਿੰਚਾਈ ਹੇਠ ਹੋਣ ਦੇ ਬਾਵਜੂਦ ਖੇਤੀਬਾੜੀ ਸੈਕਟਰ ਤਕਨਾਲੋਜੀ ਦੇ ਹੰਭਣ, ਪੌਸ਼ਟਿਕ ਤੱਤਾਂ ਦੀ ਕਮੀ, ਕੁੱਲ ਉਤਪਾਦਕਤਾ ਦੇ ਪਤਨ ਤੇ ਕੁਦਰਤ ਦੇ ਰੌਆਂ ਕਾਰਨ ਖੜ੍ਹੋਤ ਦਾ ਸ਼ਿਕਾਰ ਬਣਿਆ ਹੋਇਆ ਹੈ।

ਇਹ ਸਥਿਤੀ ਬਾਹਰੀ ਤੇ ਅੰਦਰੂਨੀ ਕਾਰਨਾਂ ਦਾ ਨਤੀਜਾ ਹੈ। ਇਹ ਰਾਜ ਪੱਧਰ ਦੇ ਨੀਤੀ ਘਾੜਿਆਂ ਦੇ ਸਨਕੀਪਣ ਤੇ ਲੋਕ ਲੁਭਾਊ ਨੀਤੀਆਂ ਨਾਲ ਜੁੜੀ ਹੋਈ ਹੈ, ਜਿਹੜੀਆਂ ਸਿਆਸਤਦਾਨਾਂ ਦੇ ਦਿਮਾਗ 'ਚੋਂ ਨਿੱਕਲ ਨਹੀਂ ਰਹੀਆਂ ਤੇ ਜਿਨ੍ਹਾਂ ਨੇ ਰਾਜ ਨੂੰ ਕਰਜ਼ੇ ਦੇ ਸ਼ਿਕੰਜੇ 'ਚ ਕੱਸਣ ਤੋਂ ਇਲਾਵਾ ਆਰਥਿਕ ਵਾਧੇ ਤੇ ਵਿਕਾਸ ਦੇ ਮਾਮਲੇ ਵਿਚ ਵੀ ਨਿਰਾਸ਼ਾਜਨਕ ਪ੍ਰਦਰਸ਼ਨ ਕੀਤਾ ਹੈ।

ਪੂੰਜੀ ਖਾਤੇ ਲਈ ਜੋ ਸਰੋਤ ਜੁਟਾਏ ਜਾ ਰਹੇ ਹਨ, ਉਹ ਵਿੱਤੀ ਘਾਟੇ ਨਾਲ ਨਿਪਟਣ ਵਿਚ ਅਸਫ਼ਲ ਸਾਬਤ ਹੋ ਰਹੇ ਹਨ। ਮਾਲੀ ਵਸੂਲੀ ਤਨਖ਼ਾਹਾਂ ਦੇ ਖਰਚੇ, ਵਿਆਜ ਤੇ ਬਕਾਇਆਂ ਦੀ ਅਦਾਇਗੀ ਤੇ ਦੂਸਰੇ ਸਥਾਈ ਖ਼ਰਚਿਆਂ ਲਈ ਵੀ ਕਾਫ਼ੀ ਨਹੀਂ ਹੈ। ਨਿਵੇਸ਼ ਕਰਨ ਹਿੱਤ ਪੂੰਜੀ ਖਾਤੇ ਲਈ ਸਰੋਤ ਜੁਟਾਉਣ ਵਜੋਂ ਜਨਤਕ ਉਧਾਰ ਚੁੱਕਣ ਵਿਚ ਵੀ ਕੋਈ ਹਰਜ਼ ਨਹੀਂ। ਜੇਕਰ ਇਹ ਸਰੋਤ ਵਿਆਜ ਦੀ ਅਦਾਇਗੀ, ਤਨਖ਼ਾਹਾਂ 'ਤੇ ਗੈਰ ਉਪਜਊ ਖਰਚਿਆਂ ਲਈ ਵਰਤੇ ਜਾਂਦੇ ਹਨ ਤਾਂ ਇਹ ਕਰਜ਼ੇ ਅਰਥਚਾਰੇ ਨੂੰ ਕਰਜ਼ੇ ਦੇ ਜਾਲ 'ਚ ਜਕੜ ਦਿੰਦੇ ਹਨ। ਪੰਜਾਬ ਦਾ ਅਰਥਚਾਰਾ ਇਸ ਸਮੇਂ ਦੀਵਾਲੀਏਪਣ ਦੇ ਸਪੱਸ਼ਟ ਸੰਕੇਤ ਪਿੱਛੇ ਛੱਡਦਾ ਹੋਇਆ ਤਬਾਹਕੁੰਨ ਆਰਥਿਕ, ਸਮਾਜਿਕ ਤੇ ਰਾਜਨੀਤਕ ਸਿੱਟਿਆਂ ਸਮੇਤ ਇਸੇ ਰਾਹ ਪਿਆ ਹੋਇਆ ਹੈ।

ਸਮਾਜ ਵਿਚ ਜਿਹੜੀ ਸਭ ਤੋਂ ਵੱਡੀ ਸਮੱਸਿਆ ਹੈ ਉਹ ਹੈ ਵਿਆਪਕ ਕਰ ਚੋਰੀ, ਜਿਹੜੀ ਸਾਡੇ ਨੀਤੀ ਘਾੜਿਆਂ ਦੇ ਧਿਆਨ 'ਚ ਹੀ ਨਹੀਂ ਆ ਰਹੀ ਜਾਂ ਸੰਭਵ ਹੈ ਕਿ ਉਹ ਅਪਣੇ ਆਪ ਨੂੰ ਮੌਜੂਦਾ ਸਿਆਸੀ ਪ੍ਰਬੰਧ ਕਾਰਨ , ਇਸ ਪਾਸੇ ਧਿਆਨ ਦੇਣ 'ਚ ਲਾਚਾਰ ਪਾ ਰਹੇ ਹੋਣ। ਜਦੋਂ ਤੱਕ ਲੋਕ ਲੁਭਾਊ ਰਾਜਨੀਤੀ ਨੂੰ ਤਿਲਾਜਲੀ ਦੇ ਕੇ ਜਨਤਕ ਖ਼ਰਚਿਆਂ ਨੂੰ ਤਰਕਸੰਗਤ ਨਹੀਂ ਬਣਾਇਆ ਜਾਂਦਾ, ਰਾਜ ਦੀ ਆਰਥਿਕਤਾ ਦੇ ਮੁੜ ਮਜ਼ਬੂਤ ਹੋਣ ਦੀ ਕੋਈ ਉਮੀਦ ਨਹੀਂ ਜਾ ਸਕਦੀ ਤੇ ਇਸਦੇ ਤਬਾਹੀ ਦੇ ਕੰਢੇ ਤੋਂ ਪਿੱਛੇ ਮੁੜਨ ਦੀ ਕੋਈ ਸੰਭਾਵਨਾ ਨਹੀਂ ਹੈ।

***(ਉੱਘੇ ਅਰਥ ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਦੇ ਇਕ ਲੇਖ 'ਚੋਂ ਕੁਝ ਅੰਸ਼)***

**ਧੁਖ਼ਦਾ ਕਾਲਮ**

**ਸੁਸ਼ੀਲ ਦੁਸਾਂਝ**

## ਪ੍ਰਵਾਸੀ ਭਾਰਤੀ ਤੇ ਲਚਰ ਸਰਕਾਰੀ ਨਜ਼ਰੀਆ

ਇਨ੍ਹਾਂ ਕੁਝ ਵਰ੍ਹਿਆਂ ਦੌਰਾਨ ਕੇਂਦਰ ਅਤੇ ਸੂਬਾਈ ਸਰਕਾਰਾਂ ਦਾ ਧਿਆਨ 'ਰੱਜੇ-ਪੁੱਜੇ' ਪ੍ਰਵਾਸੀ ਭਾਰਤੀਆਂ ਵੱਲ ਵਧਿਆ ਹੈ। ਸਰਕਾਰਾਂ ਕਿਉਂਕਿ ਮੁਲਕ ਨੂੰ ਆਪਣੇ ਆਰਥਕ ਸੰਕਟਾਂ ਦਾ ਮੁਕਾਬਲਾ ਕਰਨ ਵਿਚ ਆਪਣੇ-ਆਪ ਨੂੰ ਲਗਭਗ ਅਸਮਰਥ ਸਮਝ ਰਹੀਆਂ ਹਨ; ਇਸੇ ਲਈ ਉਹ ਬਹੁਕੌਮੀ ਕੰਪਨੀਆਂ ਦੇ ਨਾਲ-ਨਾਲ ਬਾਹਰਲੇ ਮੁਲਕਾਂ ਵਿਚ ਵੱਡੇ ਵੱਡੇ ਕਾਰੋਬਾਰ ਸਥਾਪਤ ਕਰਨ ਵਾਲੇ ਪ੍ਰਵਾਸੀ ਭਾਰਤੀਆਂ ਅੱਗੇ ਹੱਥ ਫੈਲਾਉਣ ਲਈ ਮਜਬੂਰ ਹਨ। ਪ੍ਰਵਾਸੀ ਭਾਰਤੀ ਆਪਣੇ ਇਸ ਪਿਆਰੇ ਵਤਨ ਵਿਚ ਜੇਕਰ ਪੂੰਜੀ ਲਾਉਂਦੇ ਹਨ ਤਾਂ ਇਹ ਸ਼ਲਾਘਾਯੋਗ ਹੈ ਪਰ ਉਨ੍ਹਾਂ ਤੋਂ ਪੂੰਜੀ ਲਵਾ ਲੈਣ ਨਾਲ ਹੀ ਸਰਕਾਰ ਦਾ ਕੰਮ ਖ਼ਤਮ ਨਹੀਂ ਹੋ ਜਾਂਦਾ ਹੈ? ਕੀ ਜਿਹੜੇ ਪ੍ਰਵਾਸੀ ਇੱਥੇ ਪੂੰਜੀ ਨਿਵੇਸ਼ ਕਰਦੇ ਹਨ, ਉਨ੍ਹਾਂ ਲਈ ਇੱਥੇ ਸਾਜਗਾਰ ਮਾਹੌਲ ਸਿਰਜਣਾ ਸਰਕਾਰ ਦਾ ਕੰਮ ਨਹੀਂ?

ਕੁਝ ਹੋਰ ਸਵਾਲ ਵੀ ਸਾਡੇ ਸਾਹਮਣੇ ਹਨ, ਉਹ ਇਹ ਕਿ ਚੰਦ ਕਾਰੋਬਾਰੀ ਜਾਂ ਵਪਾਰੀ ਪ੍ਰਵਾਸੀ ਭਾਰਤੀਆਂ ਨੂੰ ਦੁਨੀਆ ਭਰ ਵਿਚ ਵਿਚਰਦੇ ਲੱਖਾਂ ਭਾਰਤੀਆਂ ਦੇ ਨੁਮਾਇੰਦੇ ਮੰਨਿਆ ਜਾ ਸਕਦਾ ਹੈ? ਕੀ ਪ੍ਰਵਾਸੀ ਸੰਮੇਲਨਾਂ ਵਿਚ ਸਿਰਫ਼ ਵਪਾਰਕ ਮਸਲੇ ਹੀ ਵਿਚਾਰੇ ਜਾਂਦੇ ਹਨ ਤੇ ਪ੍ਰਵਾਸੀ ਭਾਰਤੀਆਂ ਨੂੰ ਪੈਰ-ਪੈਰ 'ਤੇ ਦਰਪੇਸ਼ ਹੋਰ ਔਕੜਾਂ ਅਤੇ ਮੁਸ਼ਕਲਾਂ ਕੋਈ ਅਰਥ ਹੀ ਨਹੀਂ ਰੱਖਦੀਆਂ?

ਪਹਿਲੀ ਗੱਲ ਤਾਂ ਇਹ ਹੈ ਕਿ ਨਿੱਕੇ ਤੋਂ ਲੈ ਕੇ ਵੱਡੇ ਪ੍ਰਵਾਸੀ ਭਾਰਤੀ ਪੂੰਜੀ ਨਿਵੇਸ਼ਕਾਰ ਲਈ ਸਾਡੇ ਮੁਲਕ ਵਿਚ ਕਿਧਰੇ ਵੀ ਕੋਈ ਸਾਫ਼ ਸੁਥਰਾ ਅਤੇ ਪਾਰਦਰਸ਼ੀ ਢਾਂਚਾ ਨਹੀਂ ਹੈ। ਭਾਵੇਂ ਪ੍ਰਵਾਸੀ ਮਾਮਲਿਆਂ ਲਈ ਮੰਤਰਾਲੇ ਬਣਾ ਦਿੱਤੇ ਗਏ ਪਰ ਸਿੱਟਾ ਸਿਫ਼ਰ+ਸਿਫ਼ਰ = ਸਿਫ਼ਰ ਹੀ ਨਿਕਲਿਆ ਹੈ। ਇਸੇ ਤੋਂ ਨਿਰਾਸ਼ ਹੋ ਕੇ ਜਿਹੜੇ ਪ੍ਰਵਾਸੀ ਭਾਰਤੀਆਂ ਨੇ ਇੱਥੇ ਆਪਣੇ ਕਾਰੋਬਾਰ ਲਾਏ ਵੀ ਸਨ, ਉਨ੍ਹਾਂ ਵਿਚੋਂ ਵੀ ਵੱਡੀ ਗਿਣਤੀ ਨੇ ਆਪੋ-ਆਪਣੇ ਬਿਸਤਰੇ ਬੰਨ੍ਹ ਲਏ ਹਨ। ਅਗਲੀ ਬਹੁਤ ਹੀ ਮਹੱਤਵਪੂਰਨ ਗੱਲ ਇਹ ਹੈ ਕਿ ਮੁਲਕ ਦੀ ਆਰਥਿਕਤਾ ਵਿਚ ਮਜ਼ਬੂਤੀ ਲਿਆਉਣ ਦਾ ਕੰਮ ਵੱਡੇ ਪ੍ਰਵਾਸੀ ਪੂੰਜੀ ਨਿਵੇਸ਼ਕਾਰਾਂ ਵਲੋਂ ਨਹੀਂ ਸਗੋਂ ਵੱਡੀ ਗਿਣਤੀ ਵਿਚ ਆਪ ਪ੍ਰਵਾਸੀ ਭਾਰਤੀਆਂ ਵਲੋਂ ਕੀਤਾ ਜਾ ਰਿਹਾ ਹੈ।

ਵੱਡੇ ਪ੍ਰਵਾਸੀ ਭਾਰਤੀ ਜੇਕਰ ਇੱਥੇ ਪੈਸੇ ਲਾਉਂਦੇ ਹਨ ਤਾਂ ਉਹ ਵਪਾਰਕ ਨਜ਼ਰੀਏ ਤੋਂ ਲਾਉਂਦੇ ਹਨ। ਜਦਕਿ ਆਮ ਪ੍ਰਵਾਸੀ ਭਾਰਤੀ ਇੱਧਰ ਰਹਿੰਦੇ ਆਪਣੇ ਪਰਿਵਾਰਾਂ ਦੇ ਨਾਲ-ਨਾਲ ਪਿੰਡਾਂ ਅਤੇ ਇਲਾਕਿਆਂ ਨੂੰ ਬਿਨਾ ਕਿਸੇ ਮੁਨਾਫੇ ਨੂੰ ਚਿਤਵਦਿਆਂ ਪੈਸੇ ਭੇਜਦੇ ਹਨ। ਇਹ ਹੈ ਅਸਲ ਵਿਚ ਆਪਣੇ ਮੁਲਕ ਦੀ ਆਰਥਕਤਾ ਨੂੰ ਮਜ਼ਬੂਤ ਕਰਨ ਲਈ ਯਤਨ। ਆਪ ਪ੍ਰਵਾਸੀ ਭਾਰਤੀਆਂ ਵਲੋਂ ਕੀਤੇ ਜਾ ਰਹੇ ਇਹ ਕੰਮ ਓਪਰੀ ਨਜ਼ਰੇ ਤਾਂ ਭਾਵੇਂ ਨਿਗੂਣੇ ਹੀ ਲੱਗਣ ਪਰ ਇਸ ਨੂੰ ਲੱਖਾਂ ਪ੍ਰਵਾਸੀ ਭਾਰਤੀਆਂ ਨਾਲ ਜੋੜ ਕੇ ਦੇਖਣ ਤੋਂ ਪਤਾ ਲੱਗੇਗਾ ਕਿ ਇਹ ਕਿੱਡਾ ਵੱਡਾ ਕਾਰਜ ਹੈ। ਆਪਣੇ ਪੰਜਾਬ ਖਾਸਕਰ ਦੁਆਬੇ ਦੀ ਮਿਸਾਲ ਹੀ ਸਾਹਮਣੇ ਹੈ। ਦੁਆਬੇ ਦਾ ਕੋਈ ਇਕ ਪਿੰਡ ਦਿਖਾ ਦਿਓ ਜਿੱਥੇ ਆਮ ਪ੍ਰਵਾਸੀ ਪੰਜਾਬੀ ਵਲੋਂ ਭੇਜੇ ਹੋਏ ਲੱਗੇ ਨਾ ਦਿਖਾਈ ਦਿੰਦੇ ਹੋਣ। ਇਨ੍ਹਾਂ ਪਿੰਡਾਂ ਵਿਚ ਸਕੂਲ, ਕਾਲਜ, ਹਸਪਤਾਲ ਅਤੇ ਹੋਰਨਾਂ ਖੇਤਰਾਂ ਵਿਚ ਹੋਏਸ ਵਿਕਾਸ ਪਿੱਛੇ ਕੋਈ ਮੁਨਾਫਾਖੋਰ ਪ੍ਰਵਾਸੀ ਭਾਰਤੀ ਨਹੀਂ ਸਗੋਂ ਦਰਮਿਆਨੇ ਅਤੇ ਗਰੀਬ ਪਰਿਵਾਰਾਂ ਦੇ ਵਿਦੇਸ਼ਾਂ ਵਿਚ ਗਏ ਹੋਏ ਲੋਕ ਹੀ ਹਨ।

ਇਸ ਤੋਂ ਇਲਾਵਾ ਪ੍ਰਵਾਸੀ ਪੰਜਾਬੀਆਂ ਦੀਆਂ ਜਾਇਦਾਦਾਂ 'ਤੇ ਭ੍ਰਿਸ਼ਟ ਪੁਲਿਸ ਮਸ਼ੀਨਰੀ ਦੀ ਸਹਾਇਤਾ ਨਾਲ ਕਬਜ਼ੇ ਹੋ ਰਹੇ ਹਨ; ਕੋਈ ਨਹੀਂ ਹੈ ਉਹਨਾਂ ਦੀ ਸੁਣਨ ਵਾਲਾ ਪ੍ਰਭਾਵਤ ਪ੍ਰਵਾਸੀ ਪੰਜਾਬੀ ਦੋ-ਚਾਰ ਮਹੀਨਿਆਂ ਲਈ ਪੈਰਵੀ ਵਾਸਤੇ ਆਉਂਦੇ ਹਨ; ਪਰ ਜਦ ਕੁਝ ਪਿੜ-ਪੱਲੇ ਨਹੀਂ ਪੈਂਦਾ, ਨਿਰਾਸ਼ ਹੋ ਕੇ ਸਦਾ ਲਈ ਵਾਪਸ ਚਲੇ ਜਾਂਦੇ ਹਨ। ਵਿਆਹਾਂ ਸ਼ਾਦੀਆਂ ਦਾ ਇਕ ਪੂਰਾ ਜਾਲ ਤੰਤਰ ਸਰਗਰਮ ਹੈ। ਸਰਕਾਰ ਅਤੇ ਸਬੰਧਤ ਪੁਲਿਸ ਮਸ਼ੀਨਰੀ ਇੱਥੇ ਵੀ ਹੱਥ 'ਤੇ ਹੱਥ ਧਰ ਕੇ ਬੈਠੀ ਦਿਖਾਈ ਦਿੰਦੀ ਹੈ। ਇਹ ਤਾਂ ਮੋਟੇ ਮਸਲੇ ਹਨ। ਪ੍ਰਵਾਸੀ ਭਾਰਤੀਆਂ ਦੇ ਹੋਰ ਦਰਜਨਾਂ ਮਸਲੇ ਹਨ; ਜਿਨ੍ਹਾਂ ਵੱਲ ਕਿਸੇ ਦੀ ਕੋਈ ਤਵੱਜੋਂ ਨਹੀਂ। ਬੱਸ ਜੇ ਕਿਤੇ ਨਜ਼ਰ ਹੈ ਤਾਂ ਉਹ ਹੈ ਪ੍ਰਵਾਸੀਆਂ ਦੀਆਂ ਜੇਬ੍ਹਾਂ 'ਤੇ। ਸਰਕਾਰਾਂ ਤਾਂ ਸਿਰਫ ਵਪਾਰੀ ਪ੍ਰਵਾਸੀਆਂ ਨੂੰ ਅਸਲ ਵਿਚ ਪ੍ਰਵਾਸੀ ਮੰਨਦੀ ਹੈ। ਪ੍ਰਵਾਸ ਭੋਗਦੇ ਪਰ ਆਪਣੇ ਵਤਨ ਲਈ ਜੀ-ਜਾਨ ਛਿੜਕਣ ਵਾਲੇ ਆਮ ਪ੍ਰਵਾਸੀ ਭਾਰਤੀ ਦੇ ਮਸਲੇ ਸਰਕਾਰਾਂ ਲਈ ਕੋਈ ਅਹਿਮੀਅਤ ਨਹੀਂ ਰੱਖਦੇ। ਹੁਣ ਇਹ ਪ੍ਰਵਾਸੀ ਭਾਰਤੀਆਂ/ਪੰਜਾਬੀਆਂ ਅਤੇ ਉਹਨਾਂ ਨਾਲ ਜੁੜੇ ਹੋਏ ਪਰਿਵਾਰਾਂ ਤੇ ਆਮ ਲੋਕਾਂ ਨੇ ਦੇਖਣਾ ਹੈ ਕਿ ਸਰਕਾਰਾਂ ਦੀ ਇਸ ਬਦਨੀਅਤੀ ਦਾ ਕਿਵੇਂ ਮੁਕਾਬਲਾ ਕਰਨਾ ਹੈ।

# ਭਾਰਤ ਅੱਜ-ਕੱਲ੍ਹ

ਭਾਰਤਦੀਪ

## ਉਹ ਇਲਾਕਾ ਜਿੱਥੇ ਮਿਲਦੀ ਹੈ ਪਾਰੋ

**ਗੀਤਾਸ਼੍ਰੀ/ਨ.ਦ.ਬਿਊਰੋ**

ਪਿਛਲੇ ਦਿਨੀਂ ਇਕ ਖ਼ਬਰ ਪੜ੍ਹੀ ਕਿ ਹਰਿਆਣਾ ਵਿਚ ਇਕ ਨਾਬਾਲਗ ਦੁਲਹਨ ਨੌਂ ਦਿਨਾਂ ਤੋਂ ਗੁੰਮ ਹੈ। ਉਸ ਦੇ ਪਰਿਵਾਰ ਵਾਲਿਆਂ ਦਾ ਕਹਿਣਾ ਹੈ ਕਿ ਲੜਕੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੈ। ਮਾਮਲਾ ਕੁਝ ਹੋਰ ਹੋਵੇਗਾ। ਜੇਕਰ 12 ਸਾਲ ਦੀ ਲੜਕੀ ਦਾ ਵਿਆਹ 70 ਸਾਲ ਦੇ ਬੁੱਢੇ ਨਾਲ ਕਰ ਦਿੱਤਾ ਜਾਵੇ, ਤਾਂ ਕੀ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਨਹੀਂ ਹੋਵੇਗੀ? ਕੀ ਉਹ ਆਮ ਲਾੜੀਆਂ ਵਾਂਗ ਹੱਸੇਗੀ। ਘਰਵਾਲੇ ਨਾ ਤਾਂ ਉਸ ਨੂੰ ਵੇਚਣ ਦੀ ਗੱਲ ਕਹਿ ਰਹੇ ਹਨ ਅਤੇ ਨਾ ਹੀ ਕਿਸੇ ਵੱਲੋਂ ਅਗਵਾ ਕਰ ਕੇ ਲੈ ਜਾਣ ਦੀ। ਹਾਲਾਂਕਿ ਨਾਬਾਲਗ ਲੜਕੀਆਂ ਦੇ ਗੁੰਮ ਹੋਣ 'ਤੇ ਉਨ੍ਹਾਂ ਦੇ ਪਰਿਵਾਰ ਅਕਸਰ ਹੀ ਸਟੈਂਡ ਲੈ ਜਾਂਦੇ ਹਨ। ਹਰਿਆਣਾ ਦਾ ਕੁਝ ਹਿੱਸਾ ਕੁੜੀਆਂ ਦੀ ਤਸਕਰੀ ਦਾ ਮੁੱਖ ਅੱਡਾ ਬਣ ਗਿਆ ਹੈ। ਹਰ ਰੋਜ਼ ਉਥੇ ਬਿਹਾਰ, ਝਾਰਖੰਡ, ਅਸਾਮ, ਉੜੀਸਾ ਦੇ ਪੱਛੜੇ ਇਲਾਕਿਆਂ ਤੋਂ ਲਿਆਂਦੀਆਂ ਗਈਆਂ ਕੁੜੀਆਂ ਵੇਚੀਆਂ ਜਾਂਦੀਆਂ ਹਨ। ਕਦੇ ਦਲਾਲ ਤੇ ਕਦੇ ਘਰਵਾਲੇ ਇਥੇ ਸੌਦਾ ਕਰਨ ਆਉਂਦੇ ਹਨ। ਉਹ ਵਿਕਦੀਆਂ ਹਨ ਅਤੇ ਬਣਦੀਆਂ ਹਨ ਪਾਰੋ। ਫੇਰ ਭੁੱਲ ਜਾਂਦੀਆਂ ਹਨ ਆਪਣੀ ਮੁਕਤੀ ਦਾ ਸੁਪਨਾ। ਇਸ ਇਲਾਕੇ ਵਿਚ ਪਾਰੋ ਦਾ ਪਤਾ ਲਾਉਣਾ ਲਗਭਗ ਅਸੰਭਵ ਹੈ। ਮੇਵਾਤ ਇਲਾਕੇ ਵਿਚ ਵੀ ਅਜਿਹੀਆਂ ਕਈ ਪਾਰੋ ਮੌਜੂਦ ਹਨ, ਜਿਨ੍ਹਾਂ 'ਤੇ ਪਰਦਾ ਪਾ ਕੇ ਰੱਖਿਆ ਜਾਂਦਾ ਹੈ। ਉਨ੍ਹਾਂ ਨੂੰ ਬਾਹਰੀ ਵਿਅਕਤੀ ਸਾਹਮਣੇ ਆਉਣ ਦੀ ਆਗਿਆ ਨਹੀਂ ਹੈ। ਦਿੱਲੀ ਨਾਲ ਲੱਗਦੇ ਗੁੜਗਾਉਂ ਨਜ਼ਦੀਕ ਹੈ ਮੇਵਾਤ ਦਾ ਇਹ ਇਲਾਕਾ। ਮੇਵ, ਜਾਟ ਅਤੇ ਅਹੀਰ ਬਹੁਤਾਤ ਵਾਲੇ ਇਸ ਇਲਾਕੇ ਵਿਚ 'ਪਾਰੋ' ਦਾ ਖ਼ੂਬ ਰੁਝਾਨ ਹੈ। ਇਥੇ ਬੇਚਾਰਗੀ ਦੇ ਨਾਲ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਗਰੀਬਾਂ ਨੂੰ ਇਥੋਂ ਦਾ ਕੋਈ ਅਮੀਰ ਵਿਅਕਤੀ ਆਪਣੀ ਲੜਕੀ ਨਹੀਂ ਦਿੰਦਾ। ਅਜਿਹੇ ਵੇਲੇ, ਉਨ੍ਹਾਂ ਕੋਲ 'ਪਾਰੋ' ਤੋਂ ਬਿਨਾਂ ਕੋਈ ਚਾਰਾ ਨਹੀਂ ਹੈ। ਇਥੋਂ ਦੇ ਕਈ ਪਿੰਡਾਂ ਵਿਚ ਅੱਧੀ ਸੰਖਿਆ ਪਾਰੋ ਦੀ ਹੈ। ਇਹ ਵੱਖਰੀ ਗੱਲ ਹੈ ਕਿ ਲੋਕ ਆਪਣੇ ਘਰਾਂ ਵਿਚ ਕੈਦ ਪਾਰੋ ਦੇ ਮੁੱਦੇ 'ਤੇ ਗੱਲ ਕਰਨ ਤੋਂ ਬਚਣਾ ਚਾਹੁੰਦੇ ਹਨ। ਇਥੋਂ ਦੀ ਹਰ ਪਾਰੋ ਕੋਲ ਆਪਣੀ-ਆਪਣੀ ਕਹਾਣੀ ਹੈ, ਪਰ ਸਭ ਦੇ ਹਿੱਸੇ ਦਾ ਦੁਖ ਇਕੋ ਜਿਹਾ ਹੈ, ਪਹਾੜ ਵਰਗਾ। ਪੱਛਮ ਦੀ ਇਸਤਰੀਵਾਦੀ ਲੇਖਿਕਾ ਏਲੀਨ ਮਾਰਗਨ ਆਪਣੀ ਕਿਤਾਬ ਡਿਸੈਂਟ ਆਫ ਵੀਮੈਨ ਵਿਚ ਇਕ ਪੁਰਾਣੀ ਕਹਾਵਤ ਦਾ ਹਵਾਲਾ ਦਿੰਦੀ ਹੈ, 'ਭਗਵਾਨ ਨੇ ਕਦੇ ਕਿਹਾ ਸੀ ਕਿ ਜੋ ਤੁਹਾਨੂੰ ਚਾਹੀਦਾ ਹੈ, ਉਹ ਲੈ ਲਓ, ਪਰ ਇਸ ਦਾ ਮੁੱਲ ਤੁਹਾਨੂੰ ਚੁਕਾਉਣਾ ਪਵੇਗਾ।' ਇਸਤਰੀ ਦੇ ਸਬੰਧ ਵਿਚ ਇਹ ਗੱਲ ਸੌ ਫੀਸਦੀ ਸਹੀ ਲਗਦੀ ਹੈ। ਉਸ ਨੇ ਔਰਤ ਦੇ ਰੂਪ ਵਿਚ ਪੈਦਾ ਹੋਣ ਦਾ ਮੁੱਲ ਚੁਕਾਇਆ ਅਤੇ ਵਸਤੂ ਵਿਚ ਤਬਦੀਲ ਹੋ ਗਈ ਹੈ।

### ਭਾਖੜਾ ਵਿਚ ਪਾਣੀ ਦਾ ਪੱਧਰ ਘਟਿਆ

ਭਾਖੜਾ ਬੰਨ੍ਹ ਵਿਚ ਪਾਣੀ ਦਾ ਪੱਧਰ ਘੱਟ ਹੋਣ ਨਾਲ ਪੰਜਾਬ, ਹਰਿਆਣਾ ਤੇ ਰਾਜਸਥਾਨ ਨੂੰ ਝੱਲਣੀ ਪੈ ਸਕਦੀ ਹੈ ਪਾਣੀ ਦੀ ਕਮੀ, ਕਿਉਂਕਿ ਇਨ੍ਹਾਂ ਸੂਬਿਆਂ ਨੂੰ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਪਾਣੀ ਸਪਲਾਈ ਕੀਤਾ ਜਾਂਦਾ ਹੈ।

ਇਸ ਸਾਲ ਸਰਦੀਆਂ ਵਿਚ ਮੀਂਹ ਨਾ ਪੈਣ ਕਾਰਨ ਪਾਣੀ ਦਾ ਪੱਧਰ ਪਿਛਲੇ ਸਾਲ ਦੇ ਮੁਕਾਬਲੇ ਘਟਿਆ ਹੈ। ਜਦਕਿ ਪਿਛਲੇ ਸਾਲ ਮੌਨਸੂਨ 95 ਫੀਸਦੀ ਹੋਣ ਕਾਰਨ ਪਾਣੀ ਦਾ ਪੱਧਰ ਸਾਧਾਰਨ ਹੀ ਸੀ। ਇਥੋਂ ਤਕ ਕਿ ਮੌਨਸੂਨ ਦਾ ਪਾਣੀ ਵੱਧ ਆਉਣ ਕਾਰਨ ਪਾਣੀ ਨੂੰ ਹੇਠਾਂ ਛੱਡਣਾ ਪਿਆ ਸੀ। ਪਰ ਜਿਥੇ ਇਸ ਸਾਲ ਪਾਣੀ ਦਾ ਪੱਧਰ ਘਟ ਹੈ, ਉਥੇ ਦੂਸਰੇ ਪਾਸੇ ਅਕਤੂਬਰ ਤੇ ਨਵੰਬਰ ਵਿਚ ਚਾਰੇ ਸੂਬਿਆਂ ਵਿਚ ਪਾਣੀ ਦੀ ਲੋੜ ਵੀ ਜ਼ਿਆਦਾ ਹੁੰਦੀ ਹੈ। ਬੋਰਡ ਵਲੋਂ ਸੂਬਿਆਂ ਨੂੰ ਉਨ੍ਹਾਂ ਦੇ ਹਿੱਸੇ ਅਨੁਸਾਰ ਪਾਣੀ ਸਪਲਾਈ ਕੀਤਾ ਜਾਂਦਾ ਹੈ। 9 ਮਾਰਚ 2010 ਨੂੰ ਪਾਣੀ ਦਾ ਪੱਧਰ 1541.40 ਫੁੱਟ ਰਿਹਾ ਜਦਕਿ ਪਿਛਲੇ ਸਾਲ ਇਸ ਦਿਨ ਪਾਣੀ ਦਾ ਪੱਧਰ 1585.22 ਫੁੱਟ ਸੀ। ਜ਼ਾਹਰ ਹੈ ਕਿ ਜੇਕਰ ਪਾਣੀ ਘੱਟ ਛਡਿਆ ਗਿਆ ਤਾਂ ਇਸ ਨਾਲ ਬਿਜਲੀ ਦੀ ਵੀ ਕਮੀ ਹੋਵੇਗੀ ਜਿਸ ਕਾਰਨ ਲੋਕਾਂ ਨੂੰ ਬਿਜਲੀ ਦੇ ਕੱਟ ਵੀ ਸਹਿਣੇ ਪੈਣਗੇ। ਬੋਰਡ ਵੱਲੋਂ ਜਿਨ੍ਹਾਂ 4 ਸੂਬਿਆਂ ਨੂੰ ਪਾਣੀ ਸਪਲਾਈ ਕੀਤਾ ਜਾਂਦਾ ਹੈ ਉਨ੍ਹਾਂ ਵਿਚੋਂ ਪੰਜਾਬ ਵਿਚ ਪਾਣੀ ਦੀ ਜ਼ਰੂਰਤ ਹੋਰਨਾਂ ਸੂਬਿਆਂ ਨਾਲੋਂ ਵੱਧ ਰਹਿੰਦੀ ਹੈ। ਚੰਡੀਗੜ੍ਹ ਤੇ ਦਿੱਲੀ ਨੂੰ ਬੋਰਡ ਵੱਲੋਂ ਨਿਰਧਾਰਤ ਪਾਣੀ ਸਪਲਾਈ ਕੀਤਾ ਜਾਂਦਾ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਐਮ.ਕੇ. ਗੁਪਤਾ ਦਾ ਕਹਿਣਾ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਪਾਣੀ ਦਾ ਪੱਧਰ ਘਟ ਹੈ, ਕਿਉਂਕਿ ਪਿਛਲੇ ਸਾਲ 60 ਫੀਸਦੀ ਮੀਂਹ ਪਿਆ ਸੀ ਪਰ ਇਸ ਸਾਲ ਤਾਂ ਸਰਦੀਆਂ ਵਿਚ ਵੀ ਮੀਂਹ ਨਹੀਂ ਪਿਆ। ਬੇਸ਼ੱਕ ਸੂਬਿਆਂ ਦੀ ਮੰਗ ਜ਼ਿਆਦਾ ਹੈ ਪਰ ਇਸ ਬਾਰੇ ਸਾਰੇ ਸੂਬਿਆਂ ਨੂੰ ਦੱਸ ਦਿੱਤਾ ਗਿਆ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਹਿੱਸੇ ਅਨੁਸਾਰ ਹੀ ਪਾਣੀ ਦਿੱਤਾ ਜਾਵੇਗਾ।

### ਕਪਿਲ ਹਾਲ ਆਫ ਫੇਮ ਵਿਚ

ਦੁਬਈ-ਭਾਰਤ ਦੇ ਮਹਾਨ ਆਲਰਾਊਂਡਰ ਕਪਿਲ ਦੇਵ ਨੂੰ ਕੌਮਾਂਤਰੀ ਕ੍ਰਿਕਟ ਕੌਂਸਲ ਦੀ ਹਾਲ ਆਫ ਫੇਮ ਵਿਚ ਸ਼ਾਮਲ ਕਰ ਲਿਆ ਗਿਆ ਹੈ। ਆਈ.ਸੀ.ਸੀ. ਮੁਖੀ ਡੇਵਿਡ ਮੋਰਗਨ ਨੇ ਇਥੇ ਕ੍ਰਿਕਟ ਦੀ ਸਰਵ ਉਚ ਸੰਸਥਾ ਦੇ ਮੁੱਖ ਦਫ਼ਤਰ ਵਿਚ ਹੋਏ ਸਮਾਰੋਹ ਦੌਰਾਨ ਕਪਿਲ ਨੂੰ ਯਾਦਗਾਰੀ ਚਿੰਨ੍ਹ ਵਜੋਂ ਕੈਪ ਭੇਟ ਕੀਤੀ। ਹਾਲ ਆਫ ਫੇਮ ਨੂੰ ਫੈਡਰੇਸ਼ਨ ਆਫ ਇੰਟਰਨੈਸ਼ਨਲ ਕ੍ਰਿਕੇਟਰਜ਼ ਐਸੋਸੀਏਸ਼ਨ (ਫਿਕਾ) ਦੇ ਸਹਿਯੋਗ ਨਾਲ ਚਲਾਇਆ ਜਾਂਦਾ ਹੈ। ਇਸ ਵਿਚ ਦੁਨੀਆ ਦੇ ਮਹਾਨ ਕ੍ਰਿਕਟਰ ਸ਼ਾਮਲ ਕਰਕੇ ਉਨ੍ਹਾਂ ਨੂੰ ਸਨਮਾਨਤ ਕੀਤਾ ਜਾਂਦਾ ਹੈ। ਕਪਿਲ ਨੇ ਕਿਹਾ, 'ਮੈਂ ਆਈ.ਸੀ.ਸੀ. ਹਾਲ ਆਫ ਫੇਮ ਵਿਚ ਸ਼ਾਮਲ ਹੋ ਕੇ ਗੌਰਵ ਮਹਿਸੂਸ ਕਰ ਰਿਹਾ ਹਾਂ। ਮੈਂ ਇਹ ਸੋਚ ਕੇ ਖ਼ੁਸ਼ ਹਾਂ ਕਿ ਮੈਨੂੰ ਭਾਰਤੀ ਕ੍ਰਿਕਟ ਦੇ ਮਹਾਨ ਖਿਡਾਰੀਆਂ ਵਿਚੋਂ ਇਕ ਚੁਣਿਆ ਗਿਆ ਹੈ।' ਉਨ੍ਹਾਂ ਕਿਹਾ, 'ਮੈਨੂੰ ਖ਼ੁਸ਼ੀ ਹੈ ਕਿ ਇਸ ਖੇਡ ਦੇ ਕਈ ਮਹਾਨ ਖਿਡਾਰੀਆਂ ਨਾਲ ਮੇਰਾ ਨਾਮ ਵੀ ਚੁਣਿਆ ਗਿਆ। ਜਿਸ ਪਲ ਮੈਂ ਕ੍ਰਿਕਟ ਖੇਡਣੀ ਸ਼ੁਰੂ ਕੀਤੀ ਸੀ, ਉਦੋਂ ਤੋਂ ਮੈਂ ਹਮੇਸ਼ਾ ਜੇਕਰ ਕਿਸੇ ਖਿਡਾਰੀ ਨੂੰ ਪ੍ਰੇਰਨਾ ਮੰਨਿਆ ਤਾਂ ਉਹ ਸੁਨੀਲ ਗਵਾਸਕਰ ਸਨ। ਹੁਣ ਕਲਾਈਵ ਲਾਈਡ, ਰਿਚਰਡ ਹੈਡਲੀ ਅਤੇ ਵਸੀਮ ਅਕਰਮ ਵਰਗੇ ਇਸ ਖੇਡ ਦੇ ਮਹਾਨ ਖਿਡਾਰੀਆਂ ਨਾਲ ਸ਼ਾਮਲ ਹੋਣਾ ਅਸਲ ਵਿਚ ਪ੍ਰੰਸਨ ਕਰਦਾ ਹੈ।'

6 ਜਨਵਰੀ 1959 ਨੂੰ ਚੰਡੀਗੜ੍ਹ ਵਿਚ ਜਨਮੇ ਕਪਿਲ ਨੇ ਆਪਣੇ 16 ਸਾਲ ਦੇ ਕੈਰੀਅਰ ਵਿਚ 131 ਟੈਸਟ ਮੈਚ ਅਤੇ 225 ਇਕ ਰੋਜ਼ਾ ਕੌਮਾਂਤਰੀ ਮੈਚ ਖੇਡੇ। ਕਪਿਲ ਨੂੰ ਭਾਰਤ ਦਾ ਸਰਵੋਤਮ ਤੇਜ਼ ਗੇਂਦਬਾਜ਼ ਮੰਨਿਆ ਜਾਂਦਾ ਹੈ। ਇਹ ਬਹੁਤ ਚੰਗੇ ਆਲਰਾਊਂਡਰ ਵੀ ਸਨ।

ਉਨ੍ਹਾਂ ਨੇ ਟੈਸਟ ਮੈਚਾਂ ਵਿਚ 434 ਅਤੇ ਵਨ ਡੇ ਵਿਚ 253 ਵਿਕਟ ਲਏ। ਸਾਲ 1994 ਵਿਚ ਉਨ੍ਹਾਂ ਨੇ ਰਿਚਰਡ ਹੈਡਲੀ ਦਾ ਰਿਕਾਰਡ ਤੋੜ ਕੇ ਟੈਸਟ ਮੈਚਾਂ ਵਿਚ ਸਭ ਤੋਂ ਵਧ ਵਿਕਟ ਲੈਣ ਦਾ ਰਿਕਾਰਡ ਬਣਾਇਆ ਸੀ।

### ਪੈਸੇ ਅਤੇ ਸਰਦਾਰੀ ਦੀ ਜੰਗ ਵਿਚ ਹਾਰੀ ਹਾਕੀ

ਨਵੀਂ ਦਿੱਲੀ (ਰਾਜੀਵ ਸ਼ਰਮਾ) ਬੇਚਾਰੀ ਹਾਕੀ......ਆਪਣੇ ਹੀ ਵਤਨ ਵਿਚ ਫੇਰ ਹੋ ਗਈ ਪਰਾਈ। ਹੁੰਦੀ ਵੀ ਕਿਉਂ ਨਾ? ਆਖ਼ਰ ਇਸਦਾ ਸੁਨਹਿਰੀ ਅਤੀਤ ਵਾਪਸ ਆਉਣ ਦੀ ਫ਼ਿਕਰ ਕਿਸ ਨੂੰ ਸੀ। ਚਿੰਤਾ ਸੀ ਤਾਂ ਪੈਸੇ ਅਤੇ ਸਰਦਾਰੀ ਦੀ। ਪੈਸੇ ਅਤੇ ਸਰਦਾਰੀ ਦੀ ਜੰਗ ਵਿਚ ਫੇਰ ਹਾਰ ਗਈ ਦੇਸ਼ ਦੀ ਕੌਮੀ ਖੇਡ।

ਵੈਸੇ ਵੀ ਹਾਕੀ ਟੀਮ ਤੋਂ ਕਿਸੇ ਵੱਡੇ ਚਮਤਕਾਰ ਦੀ ਉਮੀਦ ਤਾਂ ਸੀ ਨਹੀਂ ਕਿਉਂਕਿ ਪਿਛਲੇ ਵਿਸ਼ਵ ਕੱਪ ਵਿਚ ਟੀਮ 11ਵੇਂ ਸਥਾਨ 'ਤੇ ਰਹੀ ਸੀ ਤੇ ਓਲੰਪਿਕ ਲਈ ਅਸੀਂ ਕਵਾਲੀਫਾਈ ਤੱਕ ਨਹੀਂ ਕਰ ਸਕੇ। ਤਾਂ ਭਲਾ ਵਿਸ਼ਵ ਜੇਤੂ ਬਣਨ ਦਾ ਸੁਪਨਾ ਕਿਵੇਂ ਦੇਖ ਸਕਦੇ ਸੀ। ਹਾਂ ਇਨਾ ਜ਼ਰੂਰ ਚਾਹੀਦਾ ਸੀ ਕਿ ਟੀਮ ਜੇਕਰ ਸੈਮੀਫਾਈਨਲ ਜਾਂ ਮੋਹਰੀ ਛੇ ਵਿਚ ਜਗ੍ਹਾ ਬਣਾ ਲਏ ਤਾਂ ਆਖ਼ਰੀ ਸਾਹ ਗਿਣ ਰਹੀ ਹਾਕੀ ਨੂੰ ਨਵਾਂ ਜਨਮ ਮਿਲ ਜਾਵੇ। ਅਜਿਹਾ ਨਹੀਂ ਹੋ ਸਕਿਆ। ਉਲਟਾ ਅਸੀਂ ਚੈਂਪੀਅਨਜ਼ ਟਰਾਫ਼ੀ ਤੋਂ ਵੀ ਹੱਥ ਧੋ ਬੈਠੇ। ਸਾਬਕਾ ਓਲੰਪੀਅਨਾਂ ਨੇ ਹਾਕੀ ਦੀ ਇਸ ਦੁਰਦਸ਼ਾ ਲਈ ਖਿਡਾਰੀਆਂ ਅਤੇ ਅਧਿਕਾਰੀਆਂ ਨੂੰ ਹੀ ਜ਼ੁੰਮੇਵਾਰ ਠਹਿਰਾਇਆ ਹੈ।

ਮਹਿਲਾ ਹਾਕੀ ਟੀਮ ਦੇ ਕੋਚ ਕੌਸ਼ਿਕ ਨੇ ਮੰਨਿਆ ਕਿ ਵਿਵਾਦਾਂ ਦਾ ਅਸਰ ਖੇਡ 'ਤੇ ਪਿਆ ਹੈ, ਪਰ ਉਨ੍ਹਾਂ ਕਿਹਾ ਕਿ ਇਸ ਲਈ ਖਿਡਾਰੀ ਹੀ ਨਹੀਂ ਹਾਕੀ ਇੰਡੀਆ ਵੀ ਬਰਾਬਰ ਦੀ ਜ਼ੁੰਮੇਵਾਰ ਹੈ। ਸਾਬਕਾ ਓਲੰਪੀਅਨ ਅਸ਼ੋਕ ਕੁਮਾਰ ਨੇ ਕਿਹਾ ਕਿ ਹਾਕੀ ਦੀ ਇਸ ਦੁਰਦਸ਼ਾ ਲਈ ਖਿਡਾਰੀ ਹੀ ਜ਼ੁੰਮੇਵਾਰ ਹਨ। ਪਾਕਿ ਦੇ ਖਿਲਾਫ ਮੈਚ ਨੂੰ ਛੱਡ ਕੇ ਕਦੇ ਵੀ ਅਜਿਹਾ ਨਹੀਂ ਲੱਗਿਆ ਕਿ ਉਹ ਜਿੱਤ ਲਈ ਖੇਡ ਰਹੇ ਸਨ। ਉਨ੍ਹਾਂ ਵਿਚ ਨਾ ਤਾਂ ਜਿੱਤ ਪ੍ਰਤੀ ਜੁਨੂੰਨ ਦਿਸਿਆ ਅਤੇ ਨਾ ਹੀ ਜੋਸ਼। ਖਿਡਾਰੀਆਂ ਨੇ ਭੁਗਤਾਨ ਨੂੰ ਲੈ ਕੇ ਜੋ ਇਕਜੁੱਟਤਾ ਦਿਖਾਈ ਸੀ ਉਹ ਖੇਡ ਵਿਚ ਨਹੀਂ ਨਜ਼ਰ ਆਈ। ਫੇਰ ਦਿਸਦੀ ਵੀ ਕਿਦਾਂ, ਟੀਮ ਇਕਜੁੱਟ ਸੀ ਹੀ ਨਹੀਂ। ਕਪਤਾਨੀ ਵਿਵਾਦ ਵੀ ਟੀਮ ਲੈ ਡੁੱਬਾ। ਉਨ੍ਹਾਂ ਨੂੰ ਪੈਸਾ ਚਾਹੀਦਾ ਸੀ, ਉਹ ਇਕ ਮੈਚ ਜਿੱਤਣ 'ਤੇ ਮਿਲ ਗਿਆ। ਦੇਸ਼ ਦੀ ਜਨਤਾ ਦੀਆਂ ਭਾਵਨਾਵਾਂ ਨਾਲ ਉਨ੍ਹਾਂ ਨੂੰ ਕੋਈ ਵਾਸਤਾ ਨਹੀਂ ਹੈ। ਅਸ਼ੋਕ ਕੁਮਾਰ ਅਨੁਸਾਰ ਦੇਸ਼ ਵਿਚ ਹਾਕੀ ਬਚੀ ਹੀ ਕਿਥੇ ਹੈ। ਦੇਸ਼ ਵਿਚ ਸਕੂਲਾਂ ਅਤੇ ਕਾਲਜਾਂ ਵਿਚ ਹਾਕੀ ਖੇਡੀ ਨਹੀਂ ਜਾਂਦੀ। ਸਾਡੇ ਕੋਲ ਬ੍ਰੈਂਚ ਸਟਰੈਂਥ ਨਹੀਂ ਹੈ। ਇਹੀ ਕਾਰਨ ਹੈ ਕਿ ਵਾਰ ਵਾਰ ਹਾਰੇ ਹੋਏ ਘੋੜਿਆਂ 'ਤੇ ਦਾਅ ਲਾਉਣਾ ਪੈਂਦਾ ਹੈ। ਫੇਰ ਨਤੀਜਾ ਤਾਂ ਇਹੀ ਹੋਵੇਗਾ। ਵੈਸੇ ਵੀ ਪੱਛੜਦੀ ਜਾ ਰਹੀ ਹਾਕੀ ਨੂੰ ਉਪਰ ਚੁੱਕਣ ਦੀ ਚਿੰਤਾ ਹੈ ਹੀ ਕਿਸ ਨੂੰ? ਦੇਸ਼ ਵਿਚ ਵਿਸ਼ਵ ਕੱਪ ਹੋਣਾ ਸੀ ਅਤੇ ਭਾਰਤੀ ਹਾਕੀ ਵਿਚ ਵਿਵਾਦ ਚੱਲ ਰਿਹਾ ਸੀ।

ਇਕ ਪਾਸੇ ਖਿਡਾਰੀ ਪੈਸੇ ਲਈ ਰੋ ਰਹੇ ਸਨ ਤਾਂ ਦੂਜੇ ਪਾਸੇ ਅਧਿਕਾਰੀ ਭਾਰਤੀ ਹਾਕੀ 'ਤੇ ਕਬਜ਼ੇ ਲਈ ਲੜ ਰਹੇ ਸਨ। ਹਾਕੀ ਇੰਡੀਆ ਦੀਆਂ ਚੋਣਾਂ ਵਾਰ ਵਾਰ ਟਲ ਰਹੀਆਂ ਸਨ। ਇਸ ਦਾ ਦੋਸ਼ ਹਾਕੀ ਇੰਡੀਆ ਖੇਡ ਮੰਤਰਾਲੇ ਨੂੰ ਤੇ ਖੇਡ ਮੰਤਰਾਲਾ ਉਸ ਨੂੰ ਦੇ ਰਿਹਾ ਸੀ। ਹਾਕੀ ਇੰਡੀਆ ਖਿਲਾਫ ਹਰ ਪਾਸਿਓਂ ਬਗ਼ਾਵਤ ਦਾ ਬਿਗਲ ਵੱਜ ਰਿਹਾ ਸੀ। ਖਿਡਾਰੀਆਂ ਨੂੰ ਹਰ ਪਾਸਿਓਂ ਮਿਲ ਰਹੇ ਸਮਰਥਨ ਅੱਗੇ ਹਾਕੀ ਇੰਡੀਆ ਨੂੰ ਝੁਕਣਾ ਪਿਆ ਅਤੇ ਇਕ ਹਫ਼ਤੇ ਦੇ ਡਰਾਮੇ ਤੋਂ ਬਾਅਦ ਉਨ੍ਹਾਂ ਨੂੰ ਪੈਸਾ ਦੇਣਾ ਪਿਆ।

ਫਰਵਰੀ ਵਿਚ ਕਪਤਾਨੀ ਨੂੰ ਲੈ ਕੇ ਵਿਵਾਦ ਪੈਦਾ ਹੋ ਗਿਆ। ਕੋਚ ਬ੍ਰਾਸਾ, ਪ੍ਰਭਜੋਤ ਨੂੰ ਇਹ ਜ਼ੁੰਮੇਵਾਰੀ ਸੌਂਪਣਾ ਚਾਹੁੰਦੇ ਸਨ, ਪਰ ਚੋਣ ਕਮੇਟੀ ਨੇ ਰਾਜਪਾਲ ਨੂੰ ਕਪਤਾਨ ਐਲਾਨ ਦਿੱਤਾ। ਵਿਰੋਧ ਦੀ ਆਵਾਜ਼ ਉਠੀ, ਪਰ ਦਬਾ ਦਿੱਤੀ ਗਈ। 29 ਵਰ੍ਹਿਆਂ ਬਾਅਦ ਦੇਸ਼ ਨੂੰ ਵਿਸ਼ਵ ਕੱਪ ਦੀ ਮੇਜ਼ਬਾਨੀ ਦਾ ਮੌਕਾ ਮਿਲਿਆ, ਪਰ ਕੌਮੀ ਖੇਡ ਅਤੇ ਦੇਸ਼ ਦੀ ਸ਼ਾਨ ਹਾਕੀ ਨੂੰ ਉਹ ਗੌਰਵ ਨਾ ਮਿਲ ਸਕਿਆ। ਜਿਸਦੀ ਦੇਸ਼ ਵਾਸੀ 35 ਸਾਲ ਤੋਂ ਉਡੀਕ ਕਰਦੇ ਆ ਰਹੇ ਸਨ। ਬਾਲੀਵੁੱਡ ਤੋਂ ਲੈ ਕੇ ਆਮ ਜਨਤਾ ਤਕ ਨੇ 'ਧਕ-ਧਕ ਇੰਡੀਆ, ਫਿਰ ਦਿਲ ਦੋ ਹਾਕੀ ਕੋ' ਦੀ ਮੁਹਿੰਮ ਚਲਾਈ। ਲੋਕਾਂ ਨੇ ਹਾਕੀ ਨੂੰ ਦਿਲ ਤਾਂ ਦਿੱਤਾ, ਪਰ ਖਿਡਾਰੀਆਂ ਅਤੇ ਅਧਿਕਾਰੀਆਂ ਨੇ ਹਾਕੀ ਪ੍ਰੇਮੀਆਂ ਨੂੰ ਸਿਵਾ ਰੁਸਵਾਈ ਦੇ ਕੁਝ ਨਹੀਂ ਦਿੱਤਾ। ਦੱਖਣੀ ਅਫਰੀਕਾ ਤੋਂ ਵੀ ਟੀਮ ਜਿੱਤ ਨਹੀਂ ਸਕੀ ਅਤੇ ਕਾਫੀ ਮੁਸ਼ਕਲ ਨਾਲ ਡਰਾਅ ਖੇਡ ਨਾਲ ਆਪਣੀ ਇੱਜ਼ਤ ਬਚਾਈ।

### ਸੋਨੀਆ ਗਾਂਧੀ ਨੇ ਮਹਿਲਾ ਰਾਖਵਾਂਕਰਨ ਬਿਲ ਪਾਸ ਕਰਨ ਦੀ ਕਮਾਂਡ ਸੰਭਾਲੀ ਅਤੇ 24 ਘੰਟਿਆਂ ਦੇ ਅੰਦਰ ਹੀ ਪਾਸਾ ਪਲਟ ਗਿਆ

## ਲਾਲੂ-ਮੁਲਾਇਮ ਸਾਡੇ ਨਾਲ ਰਹਿੰਦੇ ਤਾਂ ਚੰਗਾ ਹੁੰਦਾ-ਸੋਨੀਆ



**ਨਵੀਂ ਦਿੱਲੀ/ਨ.ਦ.ਬਿਊਰੋ**

ਰਾਜ ਸਭਾ ਵਿਚ ਮਹਿਲਾ ਬਿਲ ਪਾਸ ਹੋ ਜਾਣ ਨਾਲ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਹੈ। ਹਾਲਾਂਕਿ ਉਨ੍ਹਾਂ ਨੇ ਮੰਨਿਆ ਹੈ ਕਿ ਸਰਕਾਰ ਨੇ ਇਕ ਵੱਡਾ ਜ਼ੋਖਮ ਲੈਂਦਿਆਂ ਮਹਿਲਾ ਸ਼ਕਤੀਕਰਨ ਦੀ ਦਿਸ਼ਾ ਵਿਚ ਅੱਗੇ ਵਧਣ ਦਾ ਫੈਸਲਾ ਕੀਤਾ ਸੀ। ਉਹ ਦੱਸਦੀ ਹੈ ਕਿ ਬਿਲ ਪਾਸ ਹੋਣ ਤੋਂ ਪਹਿਲਾਂ ਰਾਜ ਸਭਾ ਦੀ ਕਾਰਵਾਈ ਦੇਖਦੇ ਹੋਏ ਬੇਹੱਦ ਤਣਾਅ ਵਿਚ ਸੀ ਪਰ ਹੁਣ ਖ਼ੁਸ਼ ਹੈ। ਉਨ੍ਹਾਂ ਦੀ ਰਾਏ ਹੈ ਕਿ ਮਹਿਲਾ ਬਿਲ 'ਤੇ ਜੇਕਰ ਪੁਰਾਣੇ ਸਹਿਯੋਗੀ ਰਾਸ਼ਟਰੀ ਜਨਤਾ ਦਲ ਅਤੇ ਸਮਾਜਵਾਦੀ ਪਾਰਟੀ ਵੀ ਨਾਲ ਰਹਿੰਦੇ ਤਾਂ ਚੰਗਾ ਹੁੰਦਾ। ਰਾਜ ਸਭਾ ਵਿਚ ਮਹਿਲਾ ਬਿਲ 'ਤੇ ਜਾਰੀ ਬਹਿਸ ਦੇ ਚਲਦਿਆਂ ਸੰਸਦ ਦੇ ਕੇਂਦਰੀ ਭਵਨ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਕੁਝ ਇਸ ਤਰ੍ਹਾਂ ਗੈਰ ਰਸਮੀ ਗੱਲਬਾਤ ਹੋਈ-

? ਰਾਜ ਸਭਾ ਵਿਚ ਬਿਲ ਉਪਰ ਚਰਚਾ ਸ਼ੁਰੂ ਹੋਣ ਤੋਂ ਤੁਸੀਂ ਖ਼ੁਸ਼ ਹੋ?

• ਹਾਂ, ਮੈਂ ਬਹੁਤ ਖ਼ੁਸ਼ ਹਾਂ। ਪਹਿਲਾਂ ਜ਼ਰੂਰ ਨਰਵਸ ਸੀ ਪਰ ਅਜਿਹੇ ਮੌਕੇ ਕਈ ਵਾਰ ਆ ਚੁੱਕੇ ਹਨ ਜਦੋਂ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪਿਆ ਹੈ।

? ਕੀ ਬਿਲ ਇਸ ਤਰਜ਼ 'ਤੇ ਲੋਕ ਸਭਾ ਵਿਚ ਵੀ ਪਾਸ ਹੋ ਜਾਵੇਗਾ?

• ਮੇਰੀ ਸ਼ੁਭ ਇੱਛਾ ਹੈ ਕਿ ਉਥੇ ਵੀ ਇਹ ਬਿਲ ਇਸੇ ਤਰ੍ਹਾਂ ਪਾਸ ਹੋ ਜਾਵੇ।

? ਮਮਤਾ ਬੈਨਰਜੀ ਨੇ ਬਿਲ ਜਬਰੀ ਪਾਸ ਕਰਨ ਦੇ ਤੌਰ ਤਰੀਕਿਆਂ ਦਾ ਵਿਰੋਧ ਕੀਤਾ ਹੈ?

• ਜਦੋਂ ਕੈਬਨਿਟ ਨੇ ਇਸ ਬਿਲ ਨੂੰ ਮਨਜ਼ੂਰੀ ਦਿੱਤੀ ਤਾਂ ਮਮਤਾ ਬੈਨਰਜੀ ਦੀ ਵੀ ਉਸ ਵਿਚ ਸਹਿਮਤੀ ਸੀ। ਮਮਤਾ ਤੇ ਡੀ.ਐਮ.ਕੇ. ਨੂੰ ਪੂਰੀ ਤਰ੍ਹਾਂ ਭਰੋਸੇ ਵਿਚ ਲਿਆ ਗਿਆ ਸੀ। ਮੀਟਿੰਗ ਵਿਚ ਸਾਰਿਆਂ ਨੇ ਬਿਲ ਪਾਸ ਕਰਾਉਣ ਦੀ ਸਰਕਾਰ ਦੀ ਇੱਛਾ ਦਾ ਸਵਾਗਤ ਕੀਤਾ ਸੀ।

? ਤੁਹਾਨੂੰ ਨਹੀਂ ਲੱਗਦਾ ਕਿ ਕਾਂਗਰਸ ਲਈ ਬਿਲ ਨੂੰ ਇਸ ਤਰ੍ਹਾਂ ਪਾਸ ਕਰਾਉਣਾ ਖ਼ਤਰੇ ਭਰਿਆ ਕਦਮ ਹੈ?

• ਮੈਂ ਸਮਝਦੀ ਹਾਂ ਕਿ ਸਰਕਾਰ ਦੀ ਸਥਿਰਤਾ ਨੂੰ ਕੋਈ ਖ਼ਤਰਾ ਨਹੀਂ ਹੈ ਪਰ ਮੈਂ ਜਿਓਤਸ਼ੀ ਨਹੀਂ ਹਾਂ। ਮੈਨੂੰ ਪੱਕਾ ਭਰੋਸਾ ਹੈ ਕਿ ਸਾਡੇ ਰੁੱਸੇ ਸਹਿਯੋਗੀ ਵਾਪਸ ਸਾਡੇ ਨਾਲ ਆਉਣਗੇ।

? ਮਹਿਲਾ ਰਾਖਵਾਂਕਰਨ ਬਿਲ ਪਾਸ ਹੋਣ ਨਾਲ ਕੀ ਉਮੀਦਾਂ ਹਨ?

• ਦੇਸ਼ ਦੀਆਂ ਔਰਤਾਂ ਦੀ ਸਰਬਪੱਖੀ ਤਰੱਕੀ ਲਈ ਇਹ ਨਵਾਂ ਰਸਤਾ ਖੁੱਲ੍ਹੇਗਾ। ਖ਼ੁਸ਼ੀ ਦੀ ਗੱਲ ਇਹ ਹੈ ਕਿ ਔਰਤਾਂ ਦੇ ਵੱਡੇ ਹਿੱਤ ਲਈ ਮਰਦਾਂ ਨੇ (ਮਰਦ ਸੰਸਦ ਮੈਂਬਰਾਂ) ਆਪਣਾ ਭਰਪੂਰ ਸਮਰਥਨ ਦਿੱਤਾ।

? ਹਰ ਹਾਲਤ ਵਿਚ ਬਿਲ ਪਾਸ ਕਰਾਉਣ ਦਾ ਫੈਸਲਾ ਕਿਵੇਂ ਲਿਆ ਗਿਆ?

• ਸੰਸਦ ਵਿਚ ਪ੍ਰਧਾਨ ਮੰਤਰੀ ਦੇ ਦਫ਼ਤਰ ਵਿਚ ਸਾਡੀ ਕੋਰ ਗਰੁੱਪ ਦੀ ਮੀਟਿੰਗ ਹੋਈ। ਉਸ ਵਿਚ ਪੂਰੀ ਚਰਚਾ ਤੋਂ ਬਾਅਦ ਤੈਅ ਕੀਤਾ ਗਿਆ ਕਿ ਹੁਣ ਕਦਮ ਪਿੱਛੇ ਨਹੀਂ ਹਟਣਗੇ।

### 'ਲਾਲੂ ਜੀ ਤੁਹਾਡੇ ਵੀ ਸੱਤ ਧੀਆਂ ਹਨ'

ਆਮ ਤੌਰ 'ਤੇ ਬਹੁਤ ਘੱਟ ਬੋਲਣ ਵਾਲੀ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆਂ ਗਾਂਧੀ ਨੇ 'ਬੜਬੋਲੇ' ਲਾਲੂ ਪ੍ਰਸਾਦ ਯਾਦਵ ਨੂੰ ਨਸੀਹਤ ਦਿੱਤੀ ਸੀ ਕਿ 7 ਧੀਆਂ ਦੇ ਪਿਓ ਨੂੰ ਤਾਂ ਘੱਟੋ-ਘੱਟ ਔਰਤਾਂ ਦੇ ਰਾਖਵੇਂਕਰਨ ਦੇ ਬਿੱਲ ਦਾ ਸਮਰਥਨ ਕਰਨਾ ਚਾਹੀਦਾ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ, ''ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਤੁਹਾਡੀਆਂ ਸੱਤ ਧੀਆਂ ਨੇ ਤੇ ਤੁਹਾਨੂੰ ਇਸ ਬਿੱਲ ਦਾ ਕਿੰਨਾ ਲਾਭ ਹੈ।''

ਜਦੋਂ ਪੱਤਰਕਾਰਾਂ ਨੇ ਪੁੱਛਿਆ ਕਿ ਉਨ੍ਹਾਂ ਦੀ ਨਸੀਹਤ ਦੇ ਜਵਾਬ ਵਿਚ ਲਾਲੂ ਨੇ ਕੀ ਕਿਹਾ ਤਾਂ ਸ੍ਰੀਮਤੀ ਗਾਂਧੀ ਨੇ ਜਵਾਬ ਦਿੱਤਾ, '' ਉਹ ਤਾਂ ਸਿਰਫ਼ ਹੱਸ ਕੇ ਸਾਰ ਗਏ।

ਦਰਅਸਲ, ਜੇਕਰ ਅੱਜ ਮਹਿਲਾ ਬਿਲ ਰਾਜ ਸਭਾ ਵਿਚ ਪਾਸ ਹੋਇਆ ਤਾਂ ਇਸ ਦਾ ਸਿਹਰਾ ਇਕ ਵੱਡੀ ਹੱਦ ਤੱਕ ਸੋਨੀਆ ਗਾਂਧੀ ਨੂੰ ਹੀ ਜਾਂਦਾ ਹੈ। ਉਨ੍ਹਾਂ ਨੇ ਪਾਰਟੀ ਅੰਦਰ ਝਿਜਕ ਨੂੰ ਦੂਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਅਤੇ ਸਰਕਾਰ ਨੂੰ ਕਿਹਾ ਕਿ ਉਹ ਬਿਲ ਪਾਸ ਕਰਵਾਉਣ ਲਈ ਸਖ਼ਤ ਕਦਮ ਚੁੱਕਣ ਤੋਂ ਗੁਰੇਜ਼ ਨਾ ਕਰੇ।

# ਵਿਸ਼ਵ ਅੱਜ-ਕੱਲ੍ਹ

ਵਿਸ਼ਵਪ੍ਰੀਤ

## ਕਾਲਾ ਧਨ: ਗਰੀਬ ਦੇਸ਼ਾਂ ਦਾ ਹਜਮ ਹੋ ਜਾਂਦੈ 255 ਅਰਬ ਯੂਰੋ

**ਵਾਸ਼ਿੰਗਟਨ/ਨ.ਦ.ਬਿਊਰੋ**

ਕਾਲੇ ਧਨ ਦੇ ਪਨਾਹਗਾਰ ਬਣੇ ਦੇਸ਼, ਸਭ ਤੋਂ ਵੱਧ ਗਰੀਬ ਦੇਸ਼ਾਂ ਦੇ 255 ਅਰਬ ਯੂਰੋ (16,00,288 ਕਰੋੜ ਰੁਪਏ) ਹੜੱਪ ਲੈਂਦੇ ਹਨ।

ਆਰਥਿਕ ਸਹਿਯੋਗ ਭਾਵ ਵਿਕਾਸ ਸੰਗਠਨ (ਆਈ.ਸੀ.ਡੀ.) ਦੇ ਇਕ ਅਧਿਕਾਰੀ ਨੇ ਦੱਸਿਆ ਕਿ ਕਾਲੇ ਧਨ ਦੇ ਪਨਾਹਗਾਰਾਂ ਕਾਰਨ ਕਈ ਦੇਸ਼ਾਂ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ ਤੇ ਇਹ ਨੁਕਸਾਨ ਲਗਾਤਾਰ ਵਧ ਰਿਹਾ ਹੈ। ਹੁਣ ਇਹ ਦੱਸਣਾ ਮੁਸ਼ਕਿਲ ਹੈ ਕਿ ਕਿੰਨੀ ਰਕਮ ਉਥੇ ਗਈ ਹੈ। ਪਰ ਇਹ ਰਕਮ ਵੱਡੀ ਹੈ ਤੇ ਵਧਦੀ ਜਾ ਰਹੀ ਹੈ। ਓ.ਈ.ਸੀ.ਡੀ. ਦੇ ਸੈਂਟਰ ਫਾਰ ਟੈਕਸ ਪੋਲਿਸੀ ਅਤੇ ਐਡਮਿਨਿਸਟਰੇਸ਼ਨ ਦੇ ਨਿਰਦੇਸ਼ਕ ਜੇਫਰੀ ਓਬੇਨਸ ਨੇ ਦੱਸਿਆ ਕਿ ਕੁੱਲ ਮਿਲਾ ਕੇ ਐਲ.ਡੀ.ਸੀ.(ਸਭ ਤੋਂ ਘੱਟ ਵਿਕਸਿਤ ਦੇਸ਼) ਸਭ ਤੋਂ ਵੱਧ ਨੁਕਸਾਨ ਝੱਲਣ ਵਾਲੇ ਦੇਸ਼ ਹਨ। ਆਕਸਫੈਮ (ਅੰਤਰਰਾਸ਼ਟਰੀ ਪਰਉਪਕਾਰੀ ਸਮੂਹ) ਦਾ ਅਨੁਮਾਨ ਹੈ ਕਿ ਕਾਲੇ ਧਨ ਦੇ ਪਨਾਹਗਾਰਾਂ ਨੂੰ ਇਨ੍ਹਾਂ ਦੇਸ਼ਾਂ ਦਾ 255 ਅਰਬ ਯੂਰੋ ਤੋਂ ਵੀ ਵੱਧ ਧਨ ਜਾਂਦਾ ਹੈ। ਐਲ.ਡੀ.ਸੀ. ਵਿਚ ਸਭ ਤੋਂ ਗਰੀਬ ਅਤੇ ਕਮਜ਼ੋਰ ਦੇਸ਼ ਆਉਂਦੇ ਹਨ। ਜਿਨ੍ਹਾਂ ਵਿਚ ਬੰਗਲਾਦੇਸ਼, ਅਫਗਨਿਸਤਾਨ ਅਤੇ ਨੇਪਾਲ ਵਰਗੇ ਦੇਸ਼ ਸ਼ਾਮਿਲ ਹਨ।

ਓਬੇਨਸ ਨੇ ਦੱਸਿਆ ਕਿ ਭਾਰਤ ਅੰਤਰਰਾਸ਼ਟਰੀ ਕਰ ਢਾਂਚੇ ਨੂੰ ਮਜਬੂਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਉਹਨਾਂ ਨੇ ਕਿਹਾ ਕਿ ਭਾਰਤ ਜੀ-20 ਮੰਚ ਦੇ ਖਾਸ ਦੇਸ਼ਾਂ ਦੇ ਸਮੂਹ ਦਾ ਅੰਗ ਹੈ। ਭਾਰਤ ਇਸ ਮੰਚ ਉਤੇ ਐਲ.ਡੀ.ਸੀ. ਦੇਸ਼ਾਂ ਦੀ ਵੀ ਅਵਾਜ਼ ਉਠਾਉਂਦਾ ਹੈ। ਏਧਰ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਕਾਲੇ ਧਨ ਦੇ ਪਨਾਹਗਾਰ ਰਾਸ਼ਟਰੀ ਸੁਰੱਖਿਆ ਲਈ ਖਤਰਾ ਹਨ। ਓਬੇਨਸ ਨੇ ਵੀ ਇਸਦਾ ਸਮਰਥਨ ਕਰਦੇ ਹੋਏ ਕਿਹਾ ਕਿ ਕਾਲੇ ਧਨ ਦੇ ਪਨਾਹਗਾਰਾਂ ਅਤੇ ਅੱਤਵਾਦੀ ਸੰਗਠਨਾਂ ਦੇ ਆਪਸ ਵਿਚ ਕੁਝ ਸੰਬੰਧ ਹਨ। ਉਹਨਾਂ ਨੇ ਇਹ ਵੀ ਕਿਹਾ ਕਿ ਕਾਲੇ ਧਨ ਨੂੰ ਸਫੇਦ ਕਰਨ, ਅੱਤਵਾਦੀ ਫੰਡ, ਰਿਸ਼ਵਤ ਅਤੇ ਕਰ ਚੋਰੀ ਵਿਚ ਕੁਝ ਸਬੰਧ ਹਨ।

## ਆਉਂਦੇ ਦੋ ਸਾਲਾਂ ਤੱਕ ਇੰਝ ਹੀ ਰਹੇਗੀ ਬੇਰੁਜ਼ਗਾਰੀ ਦੀ ਦਰ

ਫੈਡਰਲ ਰਿਜ਼ਰਵ ਮੁਤਾਬਿਕ ਆਉਂਦੇ ਦੋ ਸਾਲਾਂ ਦੌਰਾਨ ਅਮਰੀਕਾ ਵਿਚ ਬੇਰੁਜ਼ਗਾਰੀ ਦੀ ਦਰ ਵਿਚ ਵਾਧਾ ਇਸੇ ਤਰ੍ਹਾਂ ਹੀ ਜਾਰੀ ਰਹੇਗਾ। ਕਿਉਂਕਿ ਫਿਲਹਾਲ ਮਹਿੰਗਾਈ ਤੇ ਮੰਦੀ ਦੇ ਦੌਰ ਨਾਲ ਜੂਝ ਰਹੇ ਅਮਰੀਕੀਆਂ ਕੋਲ ਇਸ ਤੋਂ ਉਭਰਨ ਦਾ ਕੋਈ ਮੌਕਾ ਨਹੀਂ। ਆਉਂਦੇ ਦੋ ਸਾਲਾਂ ਤੱਕ ਵੀ ਅਮਰੀਕੀ ਕੰਪਨੀਆਂ ਇਸੇ ਤਰ੍ਹਾਂ ਹੀ ਚੋਕੰਨੀਆਂ ਰਹਿਣਗੀਆਂ। ਫੈਡਰਲ ਅਮਰੀਕੀ ਅਧਿਕਾਰੀਆਂ ਅਤੇ ਨੀਤੀਆਂ ਬਣਾਉਣ ਵਾਲਿਆਂ ਦਾ ਮੰਨਣਾ ਹੈ ਕਿ ਜਿੱਥੋਂ ਤੱਕ ਨੌਕਰੀਆਂ ਦਾ ਸਵਾਲ ਹੈ ਅਤੇ ਰੁਜ਼ਗਾਰ ਦੇ ਬਹੁਤੇ ਨਵੇਂ ਮੌਕੇ ਪੈਦਾ ਹੋਣ ਦੀ ਕੋਈ ਆਸ ਨਹੀਂ ਅਤੇ ਸਥਿਤੀ ਨੂੰ ਪਹਿਲਾਂ ਵਰਗੀ ਹੋਣ ਵਿਚ 5 ਤੋਂ 6 ਸਾਲ ਦਾ ਸਮਾਂ ਵੀ ਲੱਗ ਸਕਦਾ ਹੈ। ਤਾਜ਼ਾ ਅੰਕੜਿਆਂ ਮੁਤਾਬਿਕ ਮੌਜੂਦਾ ਸਾਲ ਦੌਰਾਨ ਬੇਰੁਜ਼ਗਾਰੀ ਦੀ ਦਰ 9.5ਫੀਸਦੀ ਤੋਂ 9.7ਫੀਸਦੀ ਵਿਚਕਾਰ ਰਹੇਗੀ। ਅਗਲੇ ਸਾਲ ਇਹ 8.2ਫੀਸਦੀ ਤੋਂ 8.5ਫੀਸਦੀ ਤੱਕ ਹੇਠਾਂ ਆ ਸਕਦੀ ਹੈ। 2012 ਵਿਚ ਇਹ ਦਰ 6.6ਫੀਸਦੀ ਹੋਣ ਦੀ ਆਸ ਹੈ।

## ਜ਼ਿੰਬਾਬਏ ਦੇ 86 ਸਾਲਾ ਰੋਬਰਟ ਮੁਗਾਬੇ ਫਿਰ ਚੋਣ ਲੜਨਗੇ

ਰਾਸ਼ਟਰਪਤੀ ਰੋਬਰਟ ਮੁਗਾਬੇ ਨੇ ਕਿਹਾ ਕਿ ਉਹ ਚੋਣ ਲੜਨ ਲਈ ਤਿਆਰ ਹਨ ਜੇਕਰ ਉਨ੍ਹਾਂ ਦੀ ਪਾਰਟੀ ਉਨ੍ਹਾਂ ਨੂੰ ਚੋਣ ਲੜਣ ਲਈ ਕਹੇਗੀ। ਰੋਬਰਟ ਮੁਗਾਬੇ 1980 ਤੋਂ ਇਸ ਦੇਸ਼ ਤੇ ਰਾਜ ਕਰਦੇ ਆ ਰਹੇ ਹਨ। ਮੁਗਾਬੇ ਅਤੇ ਉਨਾਂ ਦੇ ਲੰਮੇ ਸਮੇਂ ਤੋਂ ਵਿਰੋਧੀ ਮੋਰਗਨ ਸਵਾਨਜੀਰੇ ਨੇ ਅਫਰੀਕੇ ਮੁਲਕਾਂ ਦੇ ਸਮਝੌਤੇ ਤਹਿਤ ਪਿਛਲੇ ਇਕ ਸਾਲ ਤੋਂ ਸਾਂਝੀ ਸਰਕਾਰ ਬਣਾ ਲਈ ਸੀ। ਇਹ ਗੱਠਜੋੜ ਸਰਕਾਰ ਕਾਫੀ ਸਮੇਂ ਤੋਂ ਚੱਲੀ ਆ ਰਹੀ ਰਾਜਨੀਤਕ ਜੱਦੋ ਜਹਿਦ ਤੋਂ ਬਾਅਦ ਹੋਂਦ ਵਿਚ ਆਈ ਸੀ। ਸਾਲ 2012 ਵਿਚ ਹੋਣ ਵਾਲੀਆਂ ਚੋਣਾਂ ਨਵੇਂ ਸੰਵਿਧਾਨ ਅਨੁਸਾਰ ਹੋਣਗੀਆਂ। ਨਵੇਂ ਸੰਵਿਧਾਨ ਦੇ ਖਰੜੇ ਨੂੰ ਤਿਆਰ ਕੀਤਾ ਜਾ ਰਿਹਾ ਹੈ ਤੇ ਮੁਗਾਬੇ ਦੇ ਸਮਰਥਕਾਂ ਵੱਲੋਂ ਕਈ ਵੇਰੀ ਇਸ ਕੰਮ ਨੂੰ ਗਾਹੇ ਬਗਾਹੇ ਤਾਰਪੀਡੋ ਕਰਨ ਦੇ ਯਤਨ ਕੀਤੇ ਗਏ। ਰਾਬਰਟ ਮੁਗਾਬੇ ਇਕ ਭ੍ਰਿਸ਼ਟ ਕਿਸਮ ਦੇ ਰਾਸ਼ਟਰਪਤੀ ਹਨ ਜਿਨਾਂ ਨੇ ਮੁਲਕ ਨੂੰ ਆਰਥਕ ਤਬਾਹੀ ਕੰਡੇ ਲਿਆ ਖੜਾ ਕੀਤਾ ਹੋਇਆ ਹੈ।

## ਦੁਬਈ ਵਿਚ ਪੰਜਾਬੀ ਮਾਂ ਬੋਲੀ ਦਾ ਪ੍ਰਸਾਰ

ਮੋਹਾਲੀ-ਮਾਂ ਬੋਲੀ ਨਾਲ ਪਿਆਰ ਤਾਂ ਸਾਰਿਆਂ ਨੂੰ ਹੁੰਦਾ ਹੈ, ਪਰ ਕੁਝ ਦਾ ਮੋਹ ਏਨਾ ਡੂੰਘਾ ਹੁੰਦਾ ਹੈ ਕਿ ਉਹ ਸੱਤ ਸਮੁੰਦਰ ਪਾਰ ਜਾਣ ਦੇ ਬਾਵਜੂਦ ਇਸ ਨੂੰ ਨਹੀਂ ਭੁਲਦੇ। ਅਜਿਹਾ ਹੀ ਇਕ ਨਜ਼ਾਰਾ ਦੇਖਣ ਨੂੰ ਮਿਲਿਆ ਸ਼ਾਰਜਾਹ ਵਿਚ। ਮੋਹਾਲੀ ਦੀ ਰਹਿਣ ਵਾਲੀ ਕੋਮਲ ਵਿਆਹ ਮਗਰੋਂ ਦੁਬਈ ਵਸ ਗਈ। ਉਨ੍ਹਾਂ ਦਾ ਸੁਪਨਾ ਸੀ ਟੀਚਰ ਬਣ ਕੇ ਮਾਂ ਬੋਲੀ ਭਾਵ ਪੰਜਾਬੀ ਦਾ ਪ੍ਰਸਾਰ ਕਰਨਾ। ਉਹ ਇਕ ਹਜ਼ਾਰ ਬੱਚਿਆਂ ਨੂੰ ਜ਼ਰੂਰ ਆਪਣੇ ਸਕੂਲ ਵਿਚ ਸਿਖਿਆ ਦੇ ਰਹੀ ਹੈ।

ਕੋਮਲ ਦੁਨੀਆ ਦੇ 7 ਅਰਬ ਦੇਸ਼ਾਂ ਵਿਚੋਂ ਇਕੋ ਇਕ ਅਜਿਹੀ ਔਰਤ ਹੈ, ਜੋ ਕਿ ਸ਼ਾਰਜਾਂ ਦੁਬਈ ਸਥਿਤ ਆਪਣੇ ਸਪਰਿੰਗ ਡੇਲ ਇੰਡੀਅਨ ਸਕੂਲ ਵਿਚ ਪੰਜਾਬੀ ਪੜ੍ਹਾਉਂਦੀ ਹੈ। ਇਸ ਵਿਸ਼ੇ ਨੂੰ ਸਕੂਲ ਵਿਚ ਐਡੀਸ਼ਨਲ ਵਿਸ਼ੇ ਦੇ ਤੌਰ 'ਤੇ ਲਾਗੂ ਕਰਵਾਉਣ ਲਈ ਉਨ੍ਹਾਂ ਨੂੰ ਦੁਬਈ ਸਰਕਾਰ ਨਾਲ ਕਾਫੀ ਜਦੋ-ਜਹਿਦ ਕਰਨੀ ਪਈ। ਸਰਦਾਰਨੀ ਦੇ ਸਕੂਲ ਦੇ ਤੌਰ 'ਤੇ ਮਸ਼ਹੂਰ ਇਸ ਸਕੂਲ ਵਿਚ ਪੰਜਾਬੀ ਤੋਂ ਇਲਾਵਾ ਉਰਦੂ, ਮਲਿਆਲਮ ਅਤੇ ਬੰਗਾਲੀ ਭਾਸ਼ਾ ਵੀ ਪੜ੍ਹਾਈ ਜਾਂਦੀ ਹੈ। ਕੋਮਲ ਮੰਨਦੀ ਹੈ ਕਿ ਕੋਈ ਕਿਤੇ ਵੀ ਰਹੇ ਉਸ ਨੂੰ ਆਪਣੀ ਮਾਂ ਬੋਲੀ ਦਾ ਮੁਢਲਾ ਗਿਆਨ ਹੋਣਾ ਹੀ ਚਾਹੀਦਾ ਹੈ। ਉਨ੍ਹਾਂ ਦੇ ਸਕੂਲ ਵਿਚ ਪੰਜਾਬੀ ਮੂਲ ਨਾਲ ਜੁੜਿਆ ਹਰ ਬੱਚਾ ਆਪਣੇ ਸਭਿਆਚਾਰ ਅਤੇ ਮਾਂ ਬੋਲੀ ਜਾਨਣ ਲਈ ਉਥੇ ਪੰਜਾਬੀ ਪੜ੍ਹਦਾ ਹੈ।

ਸੀ.ਬੀ.ਐਸ.ਈ. ਨਾਲ ਜੁੜੇ ਉਨ੍ਹਾਂ ਦੇ ਸਕੂਲ ਵਿਚ ਲਾਹੌਰ ਤੋਂ ਇਲਾਵਾ ਇਰਾਨ, ਇਰਾਕ, ਸ੍ਰੀਲੰਕਾ, ਬੰਗਲਾਦੇਸ਼ ਤੇ ਕੇਰਲ ਨਿਵਾਸੀ ਜੋ ਉਥੇ ਵਸ ਚੁੱਕੇ ਹਨ, ਦੇ ਬੱਚੇ ਵੀ ਪੜ੍ਹਦੇ ਹਨ। ਕੋਮਲ ਨੇ ਦੱਸਿਆ ਕਿ 1986 ਵਿਚ ਉਹ ਵਿਆਹ ਤੋਂ ਬਾਅਦ ਪਤੀ ਕੋਲ ਦੁਬਈ ਚਲੀ ਗਈ ਸੀ। ਜਿਸ ਸਕੂਲ ਵਿਚ ਉਨ੍ਹਾਂ ਦੇ ਤਿੰਨ ਬੱਚੇ ਪੜ੍ਹਦੇ ਸਨ, ਉਸ ਸਕੂਲ ਦੀ ਮਾਲਕਣ ਕਿਸੇ ਕਾਰਨ ਸਕੂਲ ਨੂੰ ਨਾ ਚਲਾ ਸਕੀ ਅਤੇ ਉਨ੍ਹਾਂ ਨੂੰ 1999 ਵਿਚ ਉਹ ਸਕੂਲ ਸੌਂਪ ਦਿੱਤਾ। ਸਕੂਲ ਸੰਭਾਲਣ ਤੋਂ ਬਾਅਦ ਉਨ੍ਹਾਂ ਨੂੰ ਮੁੜ ਆਪਣਾ ਪੰਸਦੀਦਾ ਖੇਤਰ ਅਧਿਆਪਨ ਨਾਲ ਜੁੜਨ ਦਾ ਮੌਕਾ ਮਿਲ ਗਿਆ।

ਹਰ ਵਾਰ ਨਾ ਵਿਚ ਹੀ ਮਿਲਿਆ ਜਵਾਬ

ਸਕੂਲ ਸੰਭਾਲਣ ਤੋਂ ਚਾਰ ਸਾਲ ਬਾਅਦ 2003 ਵਿਚ ਕੋਮਲ ਨੇ ਸੋਚਿਆ ਕਿ ਪੰਜਾਬੀ ਵੀ ਸਕੂਲ ਵਿਚ ਪੜ੍ਹਾਈ ਜਾਣੀ ਚਾਹੀਦੀ ਹੈ। ਪਰ ਮੁਸ਼ਕਲ ਇਹੀ ਸੀ ਕਿ ਪੰਜਾਬੀ ਨੂੰ ਅਰਬ ਦੇਸ਼ ਵਿਚ ਮਨਜ਼ੂਰੀ ਕਿਵੇਂ ਮਿਲੇਗੀ। ਇਸ ਨੂੰ ਲੈ ਕੇ ਕਈ ਵਾਰ ਦੁਬਈ ਸਰਕਾਰ ਕੋਲ ਪੰਜਾਬੀ ਨੂੰ ਸਕੂਲ ਵਿਚ ਲਾਗੂ ਕਰਵਾਉਣ ਲਈ ਗਈ, ਪਰ ਹਰ ਵਾਰ ਨਾ ਵਿਚ ਹੀ ਜਵਾਬ ਮਿਲਿਆ। ਕੋਮਲ ਦੱਸਦੀ ਹੈ ਕਿ ਉਨ੍ਹਾਂ ਨੂੰ ਇਹ ਕਿਹਾ ਜਾਂਦਾ ਸੀ ਕਿ ਤੁਸੀਂ ਇਥੇ ਆਪਣੇ ਧਰਮ ਦਾ ਪ੍ਰਚਾਰ ਇਸ ਜ਼ਰੀਏ ਕਰੋਗੇ।

ਉਨ੍ਹਾਂ ਦੱਸਿਆ ਕਿ ਉਹਨੇ ਇਸ ਮੁੱਦੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨਾਲ ਵੀ ਸੰਪਰਕ ਕੀਤਾ। ਪਰ ਸਫਲਤਾ ਨਹੀਂ ਮਿਲੀ। ਉਹ ਲਗਾਤਾਰ ਮਨਜ਼ੂਰੀ ਲੈਣ ਦੀ ਕੋਸ਼ਿਸ਼ ਕਰਦੀ ਰਹੀ। ਅਖੀਰ ਵਿਚ ਉਨ੍ਹਾਂ ਨੂੰ ਇਹ ਕਹਿ ਕੇ ਮਨਜ਼ੂਰੀ ਦਿੱਤੀ ਗਈ ਕਿ ਉਹ ਪੰਜਾਬੀ ਨੂੰ ਐਡੀਸ਼ਨਲ ਵਿਸ਼ੇ ਵਜੋਂ ਸਕੂਲ ਵਿਚ ਪੜ੍ਹਾ ਸਕਦੀ ਹੈ। ਕੋਮਲ ਮੂਲ ਤੌਰ 'ਤੇ ਰੋਪੜ ਦੇ ਪਿੰਡ ਸੈਣੀਮਾਜਰਾ ਦੀ ਹੈ।

# ਇਰਾਕ ਜੰਗ 'ਚ ਅਮਰੀਕਾ ਦਾ ਕੂੜ ਪ੍ਰਚਾਰ

**ਨਵੀਂ ਦੁਨੀਆ ਬਿਊਰੋ**

ਉਘੇ ਅੰਗਰੇਜ਼ੀ ਕਵੀ ਅਤੇ ਮਿਸਰ ਦੇ ਇਤਿਹਾਸ ਦੇ ਖੋਜਕਾਰ ਨੇ ਇਕ ਵਾਰ ਮਜ਼ਾਕ 'ਚ ਕਿਹਾ ਸੀ, "ਉਨ੍ਹਾਂ ਨੂੰ ਇਹ ਔਖਾ ਲੱਗੇਗਾ ਜਿਹੜੇ ਅਥਾਰਟੀ ਨੂੰ ਹਕੀਕਤ ਮੰਨਣ ਦੀ ਬਜਾਏ ਹਕੀਕਤ ਨੂੰ ਅਥਾਰਟੀ ਮੰਨ ਬੈਠੇ ਹਨ।" ਕੁਝ ਕੁ ਲੋਕਾਂ ਨੇ ਉਸਦੀ ਗੱਲ ਸਮਝੀ। ਇਸ ਤਰ੍ਹਾਂ ਪੀ ਐਸ ਵਾਈ ਓਪੀ ਐਸ (ਸਾਈਔਪਸ) ਜਾਂ ਸਾਈਕਲੋਜੀਕਲ ਆਪਰੇਸ਼ਨ (ਮਨੋਵਿਗਿਆਨਕ ਕਾਰਵਾਈ) ਹੋਂਦ 'ਚ ਆਈ। ਸਾਈਔਪਸ 'ਅਗਿਆਨਤਾ' ਦੇ ਮੁੱਢਲੇ ਸਿਧਾਂਤ 'ਤੇ ਕੰਮ ਕਰਦਾ ਹੈ। ਹੁਣ ਜਦੋਂ ਅਮਰੀਕਾ ਅਤੇ ਇਸ ਦੇ ਭਾਈਵਾਲ ਇਰਾਨ 'ਚ ਮਨੋਵਿਗਿਆਨਕ ਕਾਰਵਾਈ ਕਰਨ ਦੀ ਕੋਸ਼ਿਸ਼ 'ਚ ਹਨ ਤਾਂ ਇਹ ਦੇਖਣਾ ਦਿਲਚਸਪ ਹੈ ਕਿ ਅਮਰੀਕਾ ਨੇ ਇਸ ਨੂੰ ਇਰਾਕੀ ਜੰਗ 'ਚ ਕਿਵੇਂ ਸਫਲਤਾਪੂਰਵਕ ਵਰਤਿਆ ਹੈ ਤਾਂ ਜੋ ਸੰਸਾਰ ਦਾ ਨਜ਼ਰੀਆ ਬਦਲਿਆ ਜਾ ਸਕੇ।

ਇਹ ਦਸਤਾਵੇਜ਼ 'ਟਰੁੱਥ ਫਰਾਮ ਦੀ ਪੌੜੀਆਂ' ਕਰਨਲ ਸੈਮ ਗਾਰਡੀਨਰ ਨੇ ਸਾਹਮਣੇ ਲਿਆਂਦੇ ਹਨ। ਗਾਰਡੀਨਰ ਅਮਰੀਕੀ ਹਵਾਈ ਸੈਨਾ ਦਾ ਸੇਵਾਮੁਕਤ ਕਰਨਲ ਅਤੇ ਜੰਗੀ ਕੂਟਨੀਤੀ ਤੇ ਕੂਟਨੀਤੀ ਚਾਲਾਂ ਦਾ ਮਾਹਰ ਹੈ। ਉਸ ਨੇ ਪਹਿਲਾਂ ਨੈਸ਼ਨਲ ਵਾਰ ਕਾਲਜ, ਏਅਰ ਵਾਰ ਕਾਲਜ ਅਤੇ ਨੇਵਰ ਵਾਰ ਕਾਲਜ 'ਚ ਵੀ ਪੜ੍ਹਾਇਆ ਹੈ। ਸੋ, ਅਮਰੀਕਾ ਨੇ ਬੁਸ਼ ਕਾਰਜਕਾਲ ਦੌਰਾਨ ਅਜਿਹੀਆਂ ਗੱਲਾਂ ਫੈਲਾਅ ਦਿੱਤੀਆਂ ਜਿਹੜੀਆਂ ਪੱਖਪਾਤੀ ਹੀ ਨਹੀਂ ਸਗੋਂ ਸੱਚਾਈ ਤੋਂ ਕੋਹਾਂ ਦੂਰ ਸਨ। ਗਾਰਡੀਨਰ ਦਾ ਕਹਿਣਾ ਹੈ ਕਿ ਇਹ ਤਾਂ ਹੀ ਸੰਭਵ ਹੋਇਆ ਕਿਉਂਕਿ ਮੀਡੀਆ ਘਰਾਣੇ ਤੇ ਏਜੰਸੀਆਂ ਅਮਰੀਕੀ ਫੌਜ ਦੀ ਜਨ ਸੰਪਰਕ ਸਮੱਗਰੀ ਨੂੰ ਸੱਚਾਈ ਦਾ ਪੁਲੰਦਾ ਸਮਝਦੀਆਂ ਹਨ ਤੇ ਉਹ ਇਸਨੂੰ ਬਿਨਾਂ ਪੜਤਾਲੇ ਛਾਪ ਦਿੰਦੇ ਹਨ। ਖ਼ਬਰਾਂ ਦਾ ਭੁੱਖਾ ਮੀਡੀਆ ਜਨ ਸੰਪਰਕ ਏਜੰਸੀਆਂ ਦੀਆਂ ਰਿਪੋਰਟਾਂ ਨੂੰ ਚੁੱਕ ਕੇ ਹੂਬਹੂ ਛਾਪ ਦਿੰਦਾ ਸੀ। ਗਾਰਡੀਨਰ ਉਨ੍ਹਾਂ ਖ਼ਬਰਾਂ ਨੂੰ ਕੇਂਦਰ ਬਿੰਦੂ 'ਚ ਰੱਖਦਾ ਹੈ ਜਿਹੜੀਆਂ ਦੂਜੇ ਖਾੜੀ ਯੁੱਧ ਦੌਰਾਨ ਨਿਕਲੀਆਂ। ਉਹ ਕਹਿੰਦਾ ਹੈ - ਇਹ ਮਾੜਾ ਖੁਫੀਆ-ਤੰਤਰ ਨਹੀਂ ਸੀ। ਇਹ ਇਸਤੋਂ ਵੀ ਕਿਤੇ ਵੱਧ ਸੀ। ਇਹ ਸੋਚੀ ਸਮਝੀ ਕੋਸ਼ਿਸ਼ ਸੀ ਜੋ ਜੰਗ ਤੋਂ ਪਹਿਲਾਂ ਸ਼ੁਰੂ ਹੋਈ ਅਤੇ ਜੰਗ ਤੋਂ ਬਾਅਦ ਵੀ ਜਾਰੀ ਰਹੀ।"

ਰੱਖਿਆ ਵਿਭਾਗ ਨੇ 2002 ਦੇ ਸ਼ੁਰੂ 'ਚ ਮੀਡੀਆ 'ਚ ਤਰਥੱਲੀ ਮਚਾ ਦਿੱਤੀ ਜਦੋਂ ਇਹ ਭੇਤ ਉਜਾਗਰ ਹੋਇਆ ਕਿ ਕੂਟਨੀਤੀ ਪ੍ਰਭਾਵ ਪਾਉਣ ਲਈ ਮੰਤਰਾਲਾ ਬਣਾਉਣ ਦੀ ਚਾਲ ਸੀ। ਪਰ ਵਾਈਟ ਹਾਊਸ ਸਮਝੌਤੇ ਨਾਲ ਮੰਤਰਾਲਾ ਕਾਇਮ ਕਰਨ ਦੇ ਯਤਨ ਰੁਕ ਗਏ।

ਫਿਰ ਉਸੇ ਸਾਲ ਨਵੰਬਰ 'ਚ ਵੇਲੇ ਦੇ ਰੱਖਿਆ ਸਕੱਤਰ ਡਾਨਲਡ ਹੈਨਰੀ ਰਮਜ਼ਫੀਲਡ ਨੇ ਸਫਰ ਦੌਰਾਨ ਜਹਾਜ਼ 'ਚ ਪੱਤਰਕਾਰਾਂ ਨੂੰ ਆਖਿਆ ਕਿ ਉਹ ਤਾਂ ਉਦੋਂ ਮਜ਼ਾਕ ਕਰ ਰਿਹਾ ਸੀ ਜਦੋਂ ਉਸਨੇ ਕਿਹਾ ਸੀ ਕਿ ਉਹ ਕੂਟਨੀਤੀ ਪ੍ਰਭਾਵ ਨਹੀਂ ਪਾਏਗਾ।



ਗਾਰਡੀਨਰ ਦੀ ਰਿਪੋਰਟ ਦੱਸਦੀ ਹੈ ਕਿ 50 ਤੋਂ ਵੱਧ ਰਿਪੋਰਟਾਂ ਨਕਲੀ ਜਾਂ ਝੂਠੀਆਂ ਸਨ ਜਿਨ੍ਹਾਂ ਨੇ ਅਮਰੀਕੀ ਅਤੇ ਬਰਤਾਨਵੀ ਲੋਕਾਂ ਅੱਗੇ ਖਾੜੀ ਯੁੱਧ ਦੀ ਤਸਵੀਰ ਵਿਗਾੜ ਕੇ ਪੇਸ਼ ਕੀਤੀ। ਉਦੋਂ ਲੋਕਾਂ ਨੂੰ ਇਹ ਦਿਖਾਉਣਾ ਸੀ ਕਿ ਇਰਾਕ ਨਾਲ ਜੰਗ ਬਦੀ ਤੇ ਨੇਕੀ ਦਰਮਿਆਨ ਸੰਘਰਸ਼ ਸੀ। ਅੱਤਵਾਦ ਬਦੀ ਹੈ ਤੇ ਅਸੀਂ ਠੀਕ ਹਾਂ। ਦੂਜੀ ਕੋਸ਼ਿਸ਼ ਈਰਾਕ ਨੂੰ 9/11 ਹਮਲਿਆਂ ਨਾਲ ਜੋੜਨਾ ਸੀ ਅਤੇ ਅਮਰੀਕੀ ਲੋਕਾਂ ਨੂੰ ਵਿਸ਼ਵਾਸ ਕਰਾਉਣਾ ਸੀ ਕਿ ਸੱਦਾਮ ਹੁਸੈਨ ਇਨ੍ਹਾਂ ਹਮਲਿਆਂ ਪਿੱਛੇ ਸੀ।

ਫਿਰ ਐਂਥਰੈਕਸ ਰਿਪੋਰਟ ਆਈ। ਮੀਡੀਆ ਰਾਹੀਂ ਪ੍ਰਚਾਰਿਆ ਗਿਆ ਕਿ ਕਥਿਤ ਐਥਰੈਕ ਚਿੱਠੀ ਇਰਾਕ ਤੋਂ ਆਈ ਹੈ। ਜਦੋਂ ਇਰਾਕ 'ਤੇ ਹਮਲਾ ਹੋਇਆ; ਉਦੋਂ ਮੀਡੀਆ ਮਸ਼ੀਨ ਰਫਤਾਰ ਨਾਲ ਦੌੜ ਪਿਆ। ਸਭ ਤੋਂ ਪਹਿਲਾਂ ਇਹ ਸਹਿਮਤੀ ਬਣੀ ਕਿ ਕਿਸ ਸਰਗਰਮੀ ਨੂੰ ਹਥਿਆਰਬੰਦ ਲੜਾਈ ਕਿਹਾ ਜਾਏਗਾ। ਗ੍ਰਹਿ ਵਿਭਾਗ ਦੇ ਦਸਤਾਵੇਜ਼ਾਂ 'ਚ ਨਿਜ਼ਾਮ ਸ਼ਬਦ ਵਰਤਿਆ ਗਿਆ।। ਜਦੋਂ ਲੜਾਈ ਲੱਗੀ, ਉਦੋਂ ਪਰਿਭਾਸ਼ਿਕ ਸ਼ਬਦਾਵਲੀ ਸਾਹਮਣੇ ਆਉਣ ਲੱਗੀ। ਈਰਾਕੀ ਫੌਜ ਦੇ ਅਮਰੀਕੀ ਫੌਜ ਦੀ 507 ਵੀਂ ਡਵੀਜ਼ਨ 'ਤੇ ਕਬਜ਼ੇ ਨੂੰ 'ਇਰਾਕੀ ਅਤਵਾਦੀਆਂ ਦਾ ਹਮਲਾ' ਦੱਸਿਆ ਗਿਆ। ਇਹ ਗੱਲ ਬਹਿਸ ਦਾ ਮੁੱਦਾ ਹੀ ਨਹੀ ਕਿ ਜਦੋਂ ਤੁਸੀ ਦੁਸ਼ਮਣ ਦੇ ਟਿਕਾਣੇ ਵਿਚ ਵੜ ਜਾਂਦੇ ਹੋ ਤਾਂ ਤੁਹਾਨੂੰ ਦਿੱਤਾ ਜਵਾਬ 'ਹਮਲਾ' ਕਿਵੇਂ ਹੋ ਸਕਦਾ ਹੈ ਤੇ ਫੌਜੀ 'ਅੱਤਵਾਦੀ ਕਿਵੇਂ' ਹੋ ਸਕਦੇ ਹਨ। ਪਰ ਇਹ ਕਾਰਗਾਰ ਹਥਿਆਰ ਸੀ। ਉਨ੍ਹਾਂ ਨੂੰ ਅੱਤਵਾਦੀ ਕਹਿ ਕੇ ਅਮਰੀਕਾ ਲੋਕਾਂ ਦੇ ਨਜ਼ਰੀਏ ਨੂੰ ਅਪਣੇ ਹੱਕ 'ਚ ਬਦਲ ਸਕਦਾ ਸੀ। ਬਾਅਦ 'ਚ ਹੋਏ ਸਰਵੇਖਣਾਂ 'ਚ ਇਹ ਗੱਲ ਪ੍ਰਤੱਖ ਹੋ ਗਈ ਸੀ।

ਅਗਲਾ ਮਾਮਲਾ ਅਲਸਲ-ਅਲ-ਇਸਲਾਮ ਦਾ ਹੈ। ਕੁਰਦਾਂ ਦੇ ਇਸ ਗੁੱਟ ਬਾਰੇ ਕਿਹਾ ਗਿਆ ਹੈ ਕਿ ਉਹ ਬਿਨ ਲਾਦੇਨ ਨੂੰ ਆਦਰਸ਼ ਮੰਨਦਾ ਹੈ ਅਤੇ ਸੱਦਾਮ ਹੁਸੈਨ ਨਾਲ ਸੰਬੰਧ ਰੱਖਦਾ ਹੈ ਕਿਉਂਕਿ ਅਮਰੀਕੀ ਫੌਜ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਗੁਆਂਢ 'ਚ ਕੁਝ ਰਿਪਬਲੀਕਨ ਗਾਰਡ ਦੇਖੇ ਸਨ। ਉਨ੍ਹਾਂ ਦੇ ਹੈਡਕੁਆਟਰ ਨੂੰ 'ਅੱਤਵਾਦ ਤੇ ਵਿਸਫੋਟਕਾਂ' ਦੀ ਫੈਕਟਰੀ ਦੱਸਿਆ ਗਿਆ। ਆਖਰ ਅਮਰੀਕਾ ਨੂੰ ਉਥੋਂ ਚੂਹਿਆਂ ਨੂੰ ਦਿੱਤੀ ਜਾਂਦੀ ਜ਼ਹਿਰ ਦੇ ਪੈਕਟ ਹੀ ਮਿਲੇ। ਪਰ ਸਭ ਤੋਂ ਨੁਕਸਾਨਦੇਹ ਪ੍ਰਚਾਰ ਉਹ ਘੜੀ ਕਹਾਣੀ ਸੀ ਜਿਸ 'ਚ ਦੱਸਿਆ ਗਿਆ ਕਿ ਕਿਵੇਂ ਇਰਾਕੀ ਫੌਜੀਆਂ ਨੇ ਅਮਰੀਕੀ ਫੌਜ ਦੀ ਵਰਦੀ ਪਾ ਕੇ ਸਥਾਨਕ ਲੋਕਾਂ ਨੂੰ ਮਾਰਿਆ। ਇਹ ਰਿਪੋਰਟ ਹਫਤੇ ਭਰ ਚੱਲਦੀ ਰਹੀ। ਇਸਦਾ ਕੋਈ ਸਬੂਤ ਨਹੀਂ ਸੀ। ਇਸੇ ਤਰ੍ਹਾਂ ਸਕੱਡ ਮਿਜ਼ਾਇਲ ਅਤੇ ਚਾਲਕ ਰਹਿਤ ਜਹਾਜ਼ ਦੀ ਵਰਤੋਂ ਦੀ ਅਫਵਾਹ ਉਡਾਈ ਗਈ ਤੇ ਮੀਡੀਆ ਨੇ ਇਸ ਨੂੰ ਬਿਨਾਂ ਪੜਤਾਲੇ ਛਾਪਿਆ। ਸੱਦਾਮ ਇਕੱਲਾ ਹੀ ਨਹੀਂ ਸੀ, ਫਰਾਂਸੀਸੀਆਂ ਨੂੰ ਵੀ ਅਮਰੀਕਾ ਅਤੇ ਬਰਤਾਨਵੀ ਕਾਰਵਾਈਆਂ ਦਾ ਸਮਰਥਨ ਨਾ ਕਰਨ ਦਾ ਖਾਮਿਆਜਾ ਭੁਗਤਣਾ ਪਿਆ। ਫਰਾਂਸੀਸੀਆਂ ਨੂੰ ਨਿਸ਼ਾਨਾ ਬਣਾ ਕੇ ਅੱਠ ਵਾਰ ਝੂਠੀਆਂ ਕਹਾਣੀਆਂ ਬਣਾਈਆਂ ਗਈਆਂ।

ਸਤੰਬਰ 'ਚ ਨਿਊਯਾਰਕ ਟਾਈਮਜ਼ ਨੂੰ ਦੱਸਿਆ ਗਿਆ ਕਿ ਫਰਾਂਸ ਨੇ ਇਰਾਕ ਨੂੰ ਬਿਜਲੀ ਦੇ ਅਜਿਹੇ ਬਟਨ ਭੇਜੇ ਹਨ, ਜਿਹੜੇ ਪ੍ਰਮਾਣੂ ਹਥਿਆਰਾਂ ਲਈ ਵਰਤੇ ਜਾ ਸਕਦੇ ਹਨ। ਇੰਗਲੈਂਡ ਦੇ ਅਖ਼ਬਾਰਾਂ 'ਚ ਵੀ ਇਹੋ ਘੜੀ-ਘੜਾਈ ਰਿਪੋਰਟ ਨਜ਼ਰ ਹੋਈ। ਹਕੀਕਤ ਇਹ ਹੈ ਕਿ ਕ ਭਾਵੇ ਇਰਾਕ ਨੇ ਇਨ੍ਹਾਂ ਸਵਿੱਚਾਂ ਦੀ ਮੰਗ ਕੀਤੀ ਸੀ, ਪਰ ਇਹ ਕਿਸੇ ਵੀ ਤਰ੍ਹਾਂ ਸਪਲਾਈ ਨਹੀਂ ਕੀਤੇ ਗਏ ਸਨ।

ਇਸੇ ਤਰ੍ਹਾਂ ਅਮਰੀਕਾ ਦੇ ਖੁਫੀਆ ਸੂਤਰਾਂ ਨੇ ਵਾਸ਼ਿੰਗਟਨ ਟਾਈਮਜ਼ ਨੂੰ ਦੱਸਿਆ ਕਿ ਫਰਾਂਸ ਦੀਆਂ ਦੋ ਕਾਰਪੋਰੇਸ਼ਨਾਂ ਨੇ ਇਰਾਕ ਨੂੰ ਕਲਪੁਰਜੇ ਵੇਚੇ ਸਨ। ਇਨ੍ਹਾਂ ਕੰਪਨੀਆਂ ਨੇ ਇਨ੍ਹਾਂ ਦਾਅਵਿਆਂ ਨੂੰ ਖਾਰਜ ਕਰ ਦਿੱਤਾ। ਇਸ ਦਾ ਸਬੂਤ ਕਦੇ ਵੀ ਸਾਹਮਣੇ ਨਹੀਂ ਆਇਆ।

ਜੰਗ ਦੇ ਮੈਦਾਨ ਵਿਚ ਇਹ ਗੱਲ ਫੈਲਾਈ ਗਈ ਕਿ ਇਰਾਕੀ ਫੌਜੀ ਉਨ੍ਹਾਂ ਸ਼ਹਿਰੀਆਂ ਨੂੰ ਮਾਰ ਰਹੇ ਹਨ, ਜਿਹੜੇ ਚਿੱਟੇ ਝੰਡੇ ਲਹਿਰਾਉਂਦਿਆਂ ਆਤਮਸਮਰਪਣ ਕਰ ਰਹੇ ਹਨ। ਇਹ ਕਹਾਣੀ ਝੂਠੀ ਸੀ ਪਰ ਕਈ ਹਫਤਿਆਂ ਤੱਕ ਚੱਲਦੀ ਰਹੀ। ਦਰਅਸਲ ਇਸ ਦੇ ਉਲਟ ਜੰਗ ਦਾ ਨਾ ਭੁੱਲਣਯੋਗ ਅਕਸ ਬਰਤਾਨਵੀ ਫੌਜੀਆਂ ਬਾਰੇ ਬਣਿਆ, ਜਿਹੜੇ ਕਿਸੇ ਖਾਈ 'ਚ ਦੋ ਇਰਾਕੀਆਂ ਦੀਆਂ ਲਾਸ਼ਾਂ 'ਤੇ ਖੜੇ ਸਨ ਤੇ ਇਰਾਕੀਆਂ ਨੇ ਚਿੱਟਾ ਝੰਡਾ ਫੜਿਆ ਹੋਇਆ ਸੀ।

ਇਸ ਤਰ੍ਹਾਂ ਹੋਰ ਕਈ ਝੂਠੀਆਂ ਕਹਾਣੀਆਂ ਵੀ ਘੜੀਆਂ ਗਈਆਂ। ਦਰਅਸਲ 'ਸੱਦਾਮ ਫਰਾਂਸੀਸੀ ਪਾਸਪੋਰਟ ਜ਼ਰੀਏ ਬਚ ਨਿਕਲਿਆ' ਅਤੇ ਇਰਾਕ 'ਚ ਆਤਮਸਮਰਪਣ ਕਰਨ ਵਾਲੇ ਬਰਤਾਨਵੀ ਫੌਜੀਆਂ ਨੂੰ ਫਾਂਸੀ' ਜਿਹੀਆਂ ਰਿਪੋਰਟਾਂ ਕਲਪਨਾ 'ਤੇ ਅਧਾਰਿਤ ਸਨ। ਹਕੀਕਤ ਇਹ ਹੈ ਕਿ ਉਸ ਬਰਤਾਨਵੀ ਫੌਜੀ ਦੀ ਭੈਣ, ਜਿਸ ਨੂੰ ਫਾਂਸੀ ਲਾ ਦਿੱਤੀ ਗਈ ਸੀ, ਨੇ ਖੁਦ ਸਾਹਮਣੇ ਆ ਕੇ ਕਿਹਾ ਕਿ ਇਹ ਗੱਲ ਝੂਠੀ ਸੀ।

ਇਰਾਕ ਤਬਾਹ ਹੋ ਗਿਆ ਪਰ ਮਨੋਵਿਗਿਆਨਕ ਕਾਰਵਾਈ ਜਾਰੀ ਹੈ। ਇਹ ਇਰਾਕ 'ਚ ਹਰ ਸਮੇਂ ਚੱਲ ਰਹੀ ਹੈ। ਇਕ ਵਾਰ ਫਿਰ ਮੀਡੀਆ ਸਬਕ ਸਿੱਖਣੋਂ ਇਨਕਾਰ ਕਰ ਰਿਹਾ ਹੈ।

## ਤੇਰੀਆਂ-ਮੇਰੀਆਂ

# ਭਗਤ ਸਿੰਘ ਦੀ ਅਸਲ ਸ਼ਕਤੀ ਉਸਦੇ ਸ਼ਬਦ ਵਿਚ ਹੈ



## ਪ੍ਰੋ. ਜਗਮੋਹਨ ਸਿੰਘ

**ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਨਾਲ ਉਨ੍ਹਾਂ ਦੀ ਕੈਨੇਡਾ ਫੇਰੀ ਸਮੇਂ 'ਨਵੀਂ ਦੁਨੀਆ' ਦੇ ਸੰਪਾਦਕੀ ਮੰਡਲ ਵੱਲੋਂ ਕੀਤੀ ਗਈ ਵਿਸ਼ੇਸ਼ ਮੁਲਾਕਾਤ**

## ਪ੍ਰੋ. ਜਗਮੋਹਨ ਸਿੰਘ ਨਾਲ ਨਵਤੇਜ ਤੇ ਜਸਵੀਰ ਦੀਆਂ ਗੱਲਾਂ

***? ਮੋਟੇ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਆਜ਼ਾਦੀ ਸਮੇਂ ਅੰਗਰੇਜ਼ ਦਾ ਕਾਂਗਰਸ ਨਾਲ ਕੋਈ ਸਮਝੌਤਾ ਸੀ-ਤੁਹਾਡਾ ਇਸ ਬਾਰੇ ਕੀ ਕਹਿਣਾ ਹੈ?***

➢ ਇਹ ਸੱਤਾ ਦੀ ਤਬਦੀਲੀ ਦਾ ਮਾਮਲਾ ਸੀ। ਅਸਲੀਅਤ ਇਹ ਹੈ ਕਿ ਹਾਕਮ ਵਰਗ ਦੀ ਮਜਬੂਰੀ ਸੀ। ਆਈ. ਐਨ. ਏ. ਦਾ, ਜਿਵੇਂ ਕਿ ਪ੍ਰਭਾਕਰਨ ਵੀ ਕਹਿੰਦਾ ਹੈ, ਉਹ ਸੁਨੇਹਾ ਸੀ ਕਿ ਅੰਗਰੇਜ਼ਾਂ ਨੂੰ ਸਹਿਯੋਗ ਨਾ ਦਿਓ, ਉਨ੍ਹਾਂ ਦੀ ਨੌਕਰੀ ਨਾ ਕਰੋ। ਇਹ ਸੁਨੇਹਾ ਨੇਵੀ ਵਿਚ ਗਿਆ, ਜਹਾਜ਼ੀਆਂ ਦੀ ਬਗ਼ਾਵਤ ਹੋਈ। ਹਵਾਈ ਸੈਨਾ ਵਿਚ ਵਿਦਰੋਹ ਹੋਇਆ। ਬੰਬਈ ਵਿਚ ਮਜ਼ਦੂਰਾਂ ਦੀ ਬਹੁਤ ਵੱਡੀ ਹੜਤਾਲ ਹੋਈ। ਮਿ. ਐਟਲੀ ਨੇ ਸਮਝ ਲਿਆ ਕਿ ਹੁਣ ਅੰਗਰੇਜ਼ਾਂ ਨੂੰ ਨੁਕਸਾਨ ਉਠਾਉਣਾ ਪਵੇਗਾ। ਅੱਗੋਂ ਸਵਾਲ ਚੌਧਰ ਦਾ ਸੀ। ਦੇਸ਼ ਵੰਡ ਦਾ ਸੀ। ਵੰਡ ਦੀ ਥਿਊਰੀ ਕੋਈ ਨਵੀਂ ਨਹੀਂ ਸੀ। ਅੰਗਰੇਜ਼ਾਂ ਨੇ ਆਇਰਲੈਂਡ ਨੂੰ ਵੰਡ ਕੇ ਛੱਡਿਆ ਸੀ ਤੇ ਭਾਰਤ ਨੂੰ ਵੀ। ਅੰਗਰੇਜ਼ਾਂ ਪ੍ਰਤੀ ਸਾਫ਼ਟ ਕਾਰਨਰ ਇਹ ਸੀ ਕਿ ਉਨ੍ਹਾਂ ਦੀ ਪ੍ਰਾਪਰਟੀ ਸੁਰੱਖਿਅਤ ਰਹੇ। ਜਦੋਂ ਅਜੀਤ ਸਿੰਘ ਵੀ ਭਾਰਤ ਆਇਆ ਤਾਂ ਉਸਨੂੰ ਵੀ ਕਿਹਾ ਗਿਆ ਕਿ ਉਹ ਭਾਰਤ ਜਾ ਕੇ ਬੋਲੇ ਨਾ। ਜਦੋਂ ਰਾਣੀ ਨੇ ਭਾਰਤ ਜਾ ਕੇ ਅਪਣਾ ਰਾਜ ਦੇਖਣ ਦੀ ਇੱਛਾ ਕੀਤੀ ਤਾਂ ਉਸ ਤੋਂ ਵੀ ਮਾਫ਼ੀ ਮੰਗਵਾਉਣ ਲਈ ਮਨ੍ਹਾ ਕੀਤਾ ਗਿਆ, ਖੁਸ਼ਵਤ ਸਿੰਘ ਆਦਿ ਨੇ ਕਿਹਾ ਕਿ ਅਜਿਹਾ ਕਰਨ ਨਾਲ ਭਾਰਤ-ਇੰਗਲੈਂਡ ਸਬੰਧਾਂ 'ਤੇ ਮਾੜਾ ਅਸਰ ਪਵੇਗਾ। ਮੈਂ ਕਹਿੰਦਾ ਹਾਂ ਕਿ ਆਜ਼ਾਦੀ ਨਹੀਂ ਸੀ ਮਿਲੀ-ਕਿਉਂਕਿ ਅਸੀਂ ਖੁੱਲ੍ਹਕੇ ਗੱਲ ਹੀ ਨਹੀਂ ਸੀ ਕਹਿ ਸਕਦੇ-ਕਾਮਨਵੈੱਲਥ ਦਾ ਭਾਰਤ ਨੂੰ ਮੈਂਬਰ ਇਸ ਲਈ ਬਣਾਇਆ ਗਿਆ ਤਾਂ ਕਿ ਬ੍ਰਿਟਿਸ਼ ਪ੍ਰਾਪਰਟੀ ਪ੍ਰੋਟੈਕਿਟਡ ਰਹੇ- ਅੱਜ ਅਸੀਂ ਉਨ੍ਹਾਂ ਦੀਆਂ ਕੰਪਨੀਆਂ ਨੂੰ ਉਹ ਕੁੱਝ ਆਪ ਹੀ ਦੇ ਦਿੱਤਾ ਹੈ, ਜੋ ਉਨ੍ਹਾਂ (ਅੰਗਰੇਜ਼ਾਂ) ਨੇ ਖੁਦ ਵੀ ਨਹੀਂ ਸੀ ਦਿੱਤਾ।

***? ਭਗਤ ਸਿੰਘ ਦਾ ਦਿਨ ਕਦੋਂ ਤੋਂ ਮਨਾਉਣਾ ਸ਼ੁਰੂ ਹੋਇਆ?***

➢ ਭਗਤ ਸਿੰਘ ਦਾ ਸ਼ਹੀਦੀ ਦਿਨ 1932 ਤੋਂ ਹੀ ਮਨਾਇਆ ਜਾਣਾ ਸ਼ੁਰੂ ਹੋ ਗਿਆ ਸੀ। ਕੋਈ ਕਿਸੇ ਨੂੰ ਬੁਲਾਉਂਦਾ ਨਹੀਂ ਸੀ। ਅਪਣੇ ਆਪ ਹੀ ਲੋਕ ਇਕੱਠੇ ਹੋ ਜਾਂਦੇ ਸਨ। ਭਗਤ ਸਿੰਘ ਦੀ ਫੋਟੋ ਘਰ-ਘਰ ਪਹੁੰਚ ਗਈ ਸੀ। ਲੋਕਾਂ ਨੇ ਉਸਨੂੰ ਨਾਇਕ ਤਸਲੀਮ ਕਰ ਲਿਆ ਸੀ। ਇਸ ਗੱਲ ਦਾ ਅੰਦਾਜ਼ਾ ਏਥੋਂ ਲਾਇਆ ਜਾ ਸਕਦਾ ਹੈ ਕਿ ਪੂਨੇ ਦੇ ਇਕ ਪਿੰਡ ਦਾ ਇਕ ਮਜ਼ਦੂਰ ਜਿਸ ਦਾ ਵਾਸਤਾ ਕੇਵਲ ਆਪਣੀ ਮਿਹਨਤ ਨਾਲ ਹੁੰਦਾ ਹੈ-ਭਗਤ ਸਿੰਘ ਦੀ ਤਸਵੀਰ ਅਪਣੇ ਘਰ ਲਗਾਉਣਾ ਪਸੰਦ ਕਰਦਾ ਸੀ। ਇਸ ਕਰਕੇ ਨਹੀਂ ਕਿ ਇਹ ਰਾਜਗੁਰੂ ਦਾ ਪਿੰਡ ਸੀ-ਇਹ ਗੱਲ ਤਾਂ ਬਾਅਦ ਵਿਚ ਪਤਾ ਲੱਗਦੀ ਹੈ।

***? ਕੀ ਸਰਕਾਰ ਨੇ ਸੁਚੇਤ ਤੌਰ 'ਤੇ ਭਗਤ ਸਿੰਘ ਦੀ ਵਿਚਰਾਧਾਰਾ ਨੂੰ ਫੈਲਣ ਤੋਂ ਰੋਕਿਆ ਹੈ, ਜਿਵੇਂ ਕਿ ਸਮਝਿਆ ਜਾਂਦਾ ਹੈ?***

➢ ਦਰਅਸਲ, ਇਹ ਪ੍ਰਕਿਰਿਆ 1931 ਤੋਂ ਮਗਰੋਂ ਹੀ ਸ਼ੁਰੂ ਹੋ ਗਈ ਸੀ। ਇਹ ਉਸਦੀ ਵਿਚਾਰਧਾਰਾ ਦੇ ਡਰ ਕਰਕੇ ਹੈ। ਹਾਕਮ ਧਿਰਾਂ ਉਸਨੂੰ ਸਮਝਣਾ ਨਹੀਂ ਚਾਹੁੰਦੀਆਂ। ਲੀਡਰਾਂ ਨੇ ਉਸ ਨੂੰ ਪੜ੍ਹਿਆ ਨਹੀਂ-ਉਸਦੀ ਵਿਚਾਰਧਾਰਾ ਉਨ੍ਹਾਂ ਨੂੰ ਪਸੰਦ ਨਹੀਂ, ਪਰ ਉਹ ਕੌਮੀ ਨਾਇਕ ਵਜੋਂ ਪ੍ਰਵਾਨ ਹੋ ਗਿਆ ਹੈ। ਇਸ ਲਈ ਹਾਕਮ ਧਿਰਾਂ ਨੂੰ ਵੀ ਉਸ ਨੂੰ ਪ੍ਰਵਾਨ ਕਰਨਾ ਪੈਂਦਾ ਹੈ, ਪਰ ਬਦਲਵੇਂ ਰੂਪ ਵਿਚ। ਜਿਵੇਂ ਕਿ ਸਾਂਡਰਸ ਦੀ ਹੱਤਿਆ ਕਰਨ ਦੇ ਕਾਰਨਾਮੇ ਕਰਕੇ। ਹਾਲਾਂਕਿ ਭਗਤ ਸਿੰਘ ਖੁਦ ਇਸ ਹੱਤਿਆ ਨੂੰ ਅਪਣੀ ਅਸਲੀ ਲੜਾਈ ਦੇ ਰੂਪ ਵਿਚ ਨਹੀਂ ਸੀ ਲੈਂਦਾ। ਉਸ ਨੇ ਅਪਣੇ ਆਖ਼ਰੀ ਖ਼ਤ ਵਿਚ ਲਿਖਿਆ ਵੀ ਹੈ ਕਿ ਉਨ੍ਹਾਂ ਦੀ ਅਸਲੀ ਜੰਗ ਇੰਗਲੈਂਡ ਦੇ ਰਾਜ ਖ਼ਿਲਾਫ ਹੈ। ਜੰਗ ਕੀ ਹੈ? ਇਸਦਾ ਅਸਲ ਤੱਤ ਇਸ ਖ਼ਤ ਰਾਹੀਂ ਭਗਤ ਸਿੰਘ ਨੇ ਲੋਕਾਂ ਸਾਹਮਣੇ ਰੱਖਿਆ।..ਬੀਜ ਨੇ ਗਿਟਕ ਵਿਚ ਬੰਦ ਹੋਣਾ ਹੀ ਹੁੰਦਾ ਹੈ ਤੇ ਬੀਜ ਦੇ ਜੰਮਣ 'ਤੇ ਗਿਟਕ ਨੇ ਖੁਰਨਾ ਵੀ ਹੁੰਦਾ ਹੈ। ਬਹੁਤੇ ਤੱਤੇ ਬੰਦੇ ਪਿਸਤੌਲਧਾਰੀ ਭਗਤ ਸਿੰਘ ਨੂੰ ਵਧੇਰੇ ਮੰਨਦੇ ਹਨ। ਦਰਅਸਲ, ਜਿਸ ਚੀਜ਼ ਨੂੰ ਅਸੀਂ ਘਰ ਵਿਚ ਪ੍ਰਵਾਨ ਨਹੀਂ ਕਰ ਸਕਦੇ, ਉਹ ਬਾਹਰ ਵੀ ਪ੍ਰਵਾਨ ਨਹੀਂ ਕਰਨੀ ਚਾਹੀਦੀ। ਸਮਾਜਕ ਤਬਦੀਲੀ ਘਰ ਤੋਂ ਸ਼ੁਰੂ ਹੁੰਦੀ ਹੈ। ਘਰ ਵਿਚ ਹੀ ਕਦਰਾਂ-ਕੀਮਤਾਂ ਵਿਕਸਿਤ ਹੁੰਦੀਆਂ ਹਨ। ਮਿਹਨਤ ਤੇ ਰੁਪਏ ਵਿਚ ਫ਼ਰਕ ਹੁੰਦਾ ਹੈ। ਜੋ ਤ੍ਰਿਪਤੀ ਮਿਹਨਤ ਵਿਚੋਂ ਮਿਲਦੀ ਹੈ ਉਹ ਰੁਪਏ ਵਿਚੋਂ ਨਹੀਂ ਮਿਲ ਸਕਦੀ। ਇਹੋ ਸਮਾਜਵਾਦੀ ਤੇ ਸਾਮਰਾਜਵਾਦੀ ਪਹੁੰਚ ਦਾ ਫ਼ਰਕ ਹੈ। ਗ਼ਦਰੀ ਬਾਬਿਆਂ ਦੀ ਵੀ ਧਾਰਨਾ ਸੀ ਕਿ ਸਮਾਜਵਾਦ ਹੀ ਏਕਤਾ ਦੇ ਸੂਤਰ ਵਿਚ ਮਨੁੱਖਤਾ ਨੂੰ ਪਰੋਂਦਾ ਹੈ ਜਦਕਿ ਸਾਮਰਾਜਵਾਦ ਅਨੇਕਤਾ ਨੂੰ ਉਤਸ਼ਾਹਿਤ ਕਰਦਾ ਹੈ। ਵਿਅਕਤੀਵਾਦ ਨੂੰ ਹੱਲਾਸ਼ੇਰੀ ਦਿੰਦਾ ਹੈ।

***? ਭਗਤ ਸਿੰਘ ਦਾ ਜੋ ਸੌਵਾਂ ਜਨਮ ਦਿਨ ਮਨਾਇਆ ਗਿਆ, ਇਸ ਬਾਰੇ ਤੁਹਾਡਾ ਕੀ ਪ੍ਰਭਾਵ ਰਿਹਾ? ਕੀ ਇਹ ਭਗਤ ਸਿੰਘ ਦਾ ਮੁੜ ਜਨਮ ਸੀ, ਲੋਕਾਂ ਵਿਚ ਭਗਤ ਸਿੰਘ ਨੂੰ ਜਾਨਣ ਦੀ ਤਾਂਘ ਵਧੀ-ਇਸ ਸਮੁੱਚੀ ਪ੍ਰਕਿਰਿਆ ਵਿਚ ਸਰਕਾਰ ਦੀ ਕੀ ਭੂਮਿਕਾ ਰਹੀ?***

➢ ਭਗਤ ਸਿੰਘ ਦਾ ਸੌਵਾਂ ਜਨਮ ਦਿਨ ਮਨਾਉਣ 'ਤੇ ਛੇ ਕਰੋੜ ਰੁਪਏ ਖ਼ਰਚ ਹੋਏ। ਤਿੰਨ ਕਰੋੜ ਪੰਜਾਬ ਸਰਕਾਰ ਦੇ ਤੇ ਤਿੰਨ ਕਰੋੜ ਪੰਜਾਬ ਸਰਕਾਰ ਨੂੰ ਕੇਂਦਰ ਤੋਂ ਮਿਲੇ। ਪੰਜਾਬ ਸਰਕਾਰ ਨੂੰ ਕੇਂਦਰ ਤੋਂ ਗੱਫ਼ੇ ਮਿਲ ਗਏ-ਇਹ ਸੌਵਾਂ ਜਨਮ ਦਿਨ ਵਰ੍ਹਾ ਚੰਦਰ ਸ਼ੇਖਰ ਦਾ ਵੀ ਤੇ ਦੁਰਗਾ ਭਾਬੀ ਦਾ ਵੀ। ਮੈਂ ਸਲਾਹ ਦਿੱਤੀ ਸੀ ਕਿ ਚੰਦਰ ਸ਼ੇਖ਼ਰ ਦਾ ਯੁਵਕ ਸ਼ਕਤੀਕਰਨ ਤੇ ਦੁਰਗਾ ਭਾਬੀ ਦਾ ਜਨਮ ਦਿਨ ਇਸਤਰੀ ਸ਼ਕਤੀਕਰਨ ਦੇ ਰੂਪ ਵਿਚ ਮਨਾਇਆ ਜਾਵੇ। ਸਕੂਲਾਂ-ਕਾਲਜਾਂ ਵਿਚ ਇਸ ਬਾਰੇ ਲੈਕਚਰ ਕਰਵਾਏ ਜਾਣ ਪਰ ਮੇਰੀ ਇਹ ਸਲਾਹ ਪਸੰਦ ਨਹੀਂ ਕੀਤੀ ਗਈ-ਖ਼ੈਰ ਸਰਕਾਰੀ ਸ਼ਤਬਾਦੀ ਪ੍ਰੋਗਰਾਮ ਅੰਮ੍ਰਿਤਸਰ ਤਬਦੀਲ ਹੋ ਗਏ। ਲੋਕਾਂ ਦੇ ਪ੍ਰੋਗਰਾਮ ਖਟਕੜ ਕਲਾਂ, ਜਲੰਧਰ ਤੇ ਬਰਨਾਲੇ ਹੋਏ। ਜਲੰਧਰ 50 ਹਜ਼ਾਰ ਦਾ, ਬਰਨਾਲੇ 50 ਹਜ਼ਾਰ ਦਾ ਤੇ ਖਟਕੜ ਕਲਾਂ 80 ਹਜ਼ਾਰ ਦਾ ਇਕੱਠ ਹੋਇਆ। ਖਟਕੜ ਕਲਾਂ ਵਿਚ ਕਈ-ਕਈ ਘੰਟੇ ਟਰੈਫਿਕ ਜਾਮ ਰਿਹਾ। ਜਨਤਾ ਦਾ ਇਹ ਉਭਾਰ ਬੇਮਿਸਾਲ ਸੀ। ਅਸਲ ਵਿਚ ਲੋੜ ਸੰਕਟ ਵਿਚੋਂ ਪੈਦਾ ਹੁੰਦੀ ਹੈ। ਜਿਉਂ-ਜਿਉਂ ਸੰਕਟ ਵਧਦਾ ਹੈ ਤਿਉਂ-ਤਿਉਂ ਸਾਨੂੰ ਸਾਡੀਆਂ ਜੜ੍ਹਾਂ ਯਾਦ ਆਉਂਦੀਆਂ ਹਨ। ਏਥੇ ਕੈਨੇਡਾ ਵਿਚ ਵੀ ਜਦੋਂ ਸੰਕਟ ਵਧੇਗਾ-ਭਗਤ ਸਿੰਘ ਦੀ ਪ੍ਰਸੰਗਿਕਤਾ ਵਧੇਗੀ। ਏਥੋ ਦੇ ਸੰਕਟਾਂ ਕਾਰਨ ਹੀ ਭਗਤ ਸਿੰਘ ਪ੍ਰਤੀ ਲੋੜ ਦਾ ਬੀਜ ਜੰਮ ਰਿਹਾ ਹੈ-ਉੱਗ ਰਿਹਾ ਹੈ-ਨਵੇਂ ਹੱਲ ਇਸ ਤਰੀਕੇ ਨਾਲ ਲੱਭਣਗੇ।

***? ਕਿਹੜੀ ਜਥੇਬੰਦੀ ਤੁਹਾਡੇ ਖ਼ਿਆਲ ਅਨੁਸਾਰ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਮੁੱਖ ਰੂਪ ਵਿਚ ਅੱਗੇ ਰੱਖ ਰਹੀ ਹੈ?***

➢ ਹਰ ਕੋਈ ਭਗਤ ਸਿੰਘ ਨੂੰ ਆਪਣੇ ਤਰੀਕੇ ਨਾਲ ਆਪਣਾ ਰਿਹਾ ਹੈ—ਕੋਈ ਵੱਡਾ ਪ੍ਰੋਗਰਾਮ ਜਾਂ ਕੋਈ ਸਾਂਝਾ ਪ੍ਰੋਗਰਾਮ ਨਹੀਂ ਬਣਾ ਰਿਹਾ। ਹਰ ਜਥੇਬੰਦੀ ਦੀ ਆਪੋ-ਅਪਣੀ ਸੀਮਾ ਆਪੋ ਅਪਣੀ ਮਜਬੂਰੀ ਹੈ-ਏਥੇ ਵੀ ਮੈਂ ਬਹੁਤ ਘੁੰਮਿਆ ਹਾਂ, ਪਰ ਕਿਤੇ ਕੋਈ ਇਕਜੁੱਟਤਾ ਦਿਖਾਈ ਨਹੀਂ ਦਿੱਤੀ-ਪੰਜਾਬ ਵਿਚ ਵੀ ਇਹੀ ਹਾਲ ਹੈ-ਹਰ ਇਕ (ਜਥੇਬੰਦੀ) ਨੂੰ ਸ਼ਾਇਦ ਡਰ ਹੈ, ਜਿਵੇਂ ਕਿ ਸੋਚਿਆ ਜਾਂਦਾ ਹੈ ਕਿ ਮੇਰੀਆਂ ਭੇਡਾਂ ਦੂਜਿਆਂ ਦੀਆਂ ਭੇਡਾਂ ਵਿਚ ਨਾ ਰਲ ਜਾਣ।

***? ਇਸ ਸਬੰਧ ਵਿਚ ਅਗਾਂਹ ਤੁਹਾਨੂੰ ਕਿਹੋ ਜਿਹੇ ਆਸਾਰ ਦਿਖਾਈ ਦੇ ਰਹੇ ਹਨ?***

➢ ਮੈਂ ਆਸ਼ਾਵਾਦੀ ਹਾਂ, ਲੋਕਾਂ ਵਿਚ ਭਗਤ ਸਿੰਘ ਨੂੰ ਜਾਨਣ ਦੀ ਤਾਂਘ ਹੈ। ਬਹੁਤ ਵੱਡੇ-ਵੱਡੇ ਸਵਾਲ ਉਭਰਦੇ ਹਨ-ਅਸੀਂ ਭਗਤ ਸਿੰਘ ਨੂੰ ਸਮਝਕੇ ਸਵਾਲਾਂ ਦਾ ਹੱਲ ਕੱਢਣਾ ਚਾਹੁੰਦੇ ਹਾਂ।

***? ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਸਥਾਪਤ ਭਗਤ ਸਿੰਘ ਚੇਅਰ ਬਾਰੇ ਤੁਹਾਡਾ ਕੀ ਖਿਆਲ ਹੈ?***

➢ ਜੇ.ਐਨ.ਯੂ. ਵਿਚ ਨਜ਼ਰੀਆ ਆਲੋਚਨਾਤਮਕ ਹੈ। ਏਥੇ ਮਾਰਕਸਵਾਦ ਨੂੰ ਸਮਝਣ ਦਾ ਮਾਹੌਲ ਹੈ। ਅਸ਼ੋਕ ਮਿੱਤਰਾ ਦਾ ਕਹਿਣਾ ਹੈ ਕਿ ਅਜੋਕੀ ਸੀ.ਪੀ.ਐਮ. ਜੇ.ਐਨ.ਯੂ. ਵਿਚੋਂ ਨਿਕਲੀ ਹੈ। ਇਹ ਖੱਬੀ ਲਹਿਰ ਦੀ ਕਮਜ਼ੋਰੀ ਵੀ ਹੈ ਕਿਉਂਕਿ ਪਾਰਟੀ (ਖੱਬੀ ਲੀਡਰਸ਼ਿਪ) ਲੋਕ ਲਹਿਰਾਂ ਵਿਚੋਂ ਹੀ ਆਉਣੀ ਚਾਹੀਦੀ ਹੈ। ਮਾਰਕਸਵਾਦ ਨੂੰ ਸਮਝਣਾ ਸਰਕਾਰੀ ਲੋੜ ਵੀ ਹੈ। ਵੀਅਤਨਾਮ ਦੀ ਲੜਾਈ ਸਮੇਂ ਸਾਰਾ ਅਮਰੀਕਾ ਮਾਰਕਸਵਾਦ ਪੜ੍ਹ ਰਿਹਾ ਸੀ, ਇਹ ਜਾਨਣ ਲਈ ਕਿ ਇਹ ਲੋਕ ਕਿਵੇਂ ਲੜਾਈ ਲੜ ਰਹੇ ਹਨ.. ਇਸੇ ਤਰ੍ਹਾਂ ਸਿਸਟਮ ਭਗਤ ਸਿੰਘ ਦੀ ਸ਼ਕਤੀ ਨੂੰ ਸਮਝਣ ਦਾ ਯਤਨ ਕਰ ਰਿਹਾ ਹੈ। ਭਗਤ ਸਿੰਘ ਦੀ ਅਸਲ ਸ਼ਕਤੀ ਉਸਦੇ ਸ਼ਬਦ ਵਿਚ ਹੈ, ਉਸ ਦੀ ਵਿਚਾਰਧਾਰਾ ਵਿਚ ਹੈ ਕਿ ਉਹ ਕਿਵੇਂ ਛਾਇਆ ਰਿਹਾ। ਉਸਨੇ ਜੁਡੀਸ਼ੀਅਲ ਸਿਸਟਮ ਨੂੰ ਕਿਵੇਂ ਚੈਲੇਂਜ ਕੀਤਾ। ਪਾਰਲੀਮੈਂਟ ਵਿਚ ਸਿਸਟਮ ਨੂੰ ਕਿਵੇਂ ਵੰਗਾਰਿਆ-ਕਿਵੇਂ ਲੋਕ ਲਹਿਰਾਂ ਦੀ ਆਵਾਜ਼ ਅੱਗੇ ਪੁਚਾਈ? ਅੱਜ ਇਹ ਸਾਰੇ ਸਵਾਲ ਸਿਸਟਮ ਨੂੰ ਵੀ ਜਾਨਣੇ ਜ਼ਰੂਰੀ ਜਾਪਦੇ ਹਨ।

***? ਪਾਰਲੀਮੈਂਟ ਵਿਚ ਭਗਤ ਸਿੰਘ ਦੀ ਕਿਸ ਪਛਾਣ ਵਾਲਾ ਬੁੱਤ ਲਗਾਇਆ ਜਾਵੇ, ਇਸ ਬਾਰੇ ਛਿੜੇ ਵਿਵਾਦ ਵਿਚ ਤੁਹਾਡਾ ਪੱਖ ਕੀ ਸੀ?***

➢ ਭਗਤ ਸਿੰਘ ਏਥੋਂ ਇਕ ਖ਼ਾਸ ਰੂਪ ਲੈ ਕੇ ਗਿਆ-ਟੋਪੀ ਵਾਲਾ ਭਗਤ ਸਿੰਘ, ਇਹੋ ਉਸਦਾ ਰੂਪ ਸਾਰੇ ਭਾਰਤ ਵਿਚ ਗਿਆ। ਕੌਮੀ ਝੰਡਾ ਝੁਲਾਉਣ ਵਾਲਾ ਭਗਤ ਸਿੰਘ ਇਕੱਲਾ ਨਹੀਂ ਸੀ-ਬੀ.ਕੇ. ਦੱਤ ਵੀ ਸੀ, ਜੋ ਕਿ ਇਕ ਬੰਗਾਲੀ ਸੀ-ਪਗੜੀ ਵਾਲੇ ਭਗਤ ਸਿੰਘ ਦਾ ਬੁੱਤ ਲਾ ਕੇ ਸਾਨੂੰ ਭਗਤ ਸਿੰਘ ਨੂੰ ਇਕ ਦਾਇਰੇ ਵਿਚ ਬੰਦ ਨਹੀਂ ਕਰਨਾ ਚਾਹੀਦਾ। ਦਰਅਸਲ, ਜਦੋਂ ਭਗਤ ਸਿੰਘ ਹਰਮਨਪਿਆਰਾ ਹੋ ਗਿਆ ਤਾਂ ਉਹ ਲੋਕ ਵੀ ਜਿਹੜੇ ਗ਼ਦਾਰੀ ਕਰਦੇ ਰਹੇ ਸਨ, ਭਗਤ ਸਿੰਘ 'ਤੇ ਅਪਣਾ ਹੱਕ ਜਤਾਉਣ ਲੱਗ ਪਏ-ਇਹ ਰੌਲ਼ਾ ਜ਼ਿਆਦਾ ਉਨ੍ਹਾਂ ਨੇ ਹੀ ਪਾਇਆ ਕਿ ਭਗਤ ਸਿੰਘ ਉਨ੍ਹਾਂ ਵਰਗਾ ਨਜ਼ਰ ਆਉਣਾ ਚਾਹੀਦਾ ਹੈ-ਫਾਂਸੀ ਤਿੰਨੇ ਚੜ੍ਹੇ ਸਨ, ਬੁੱਤ ਤਿੰਨਾਂ ਦੇ ਹੀ ਹੋਣੇ ਚਾਹੀਦੇ ਹਨ-ਤਿੰਨੇ ਰਾਸ਼ਟਰੀ ਏਕਤਾ ਦੇ ਪ੍ਰਤੀਕ ਬਣਦੇ ਹਨ।

***? ਤੁਹਾਡੇ ਮੁਤਾਬਕ ਭਗਤ ਸਿੰਘ ਦੀ ਅਸਲ ਪਛਾਣ ਕੀ ਹੈ?***

➢ ਭਗਤ ਸਿੰਘ ਦੀ ਅਸਲ ਪਛਾਣ ਉਸਦੇ ਲਫ਼ਜ਼ ਹਨ, ਉਸਦੀ ਵਿਚਾਰਧਾਰਾ ਹੈ। ਅਸਲ ਭਗਤ ਸਿੰਘ ਉਸਦੇ ਵਿਚਾਰਾਂ ਵਿਚੋਂ ਹੀ ਰੂਪ ਧਾਰਦਾ ਹੈ। ਦਰਅਸਲ, ਬੁੱਤ ਦਾ ਸੰਕਲਪ ਇਸ ਰੂਪ ਨੂੰ ਵਿਗੜਦਾ ਹੀ ਹੈ। ਬੁੱਤ ਪੂਜਾ ਲਈ ਹੁੰਦਾ ਹੈ ਤੇ ਬੁੱਤ ਦੀ ਪੂਜਾ ਕਰਕੇ ਬੰਦਾ ਅਪਣੀ ਜ਼ੁੰਮੇਵਾਰੀ ਤੋਂ ਸੁਰਖ਼ਰੂ ਹੋ ਜਾਂਦਾ ਹੈ। ਬੁੱਤ ਦਾ ਮਹੱਤਵ ਕੇਵਲ ਉਦੋਂ ਸੀ ਜਦੋਂ ਸ਼ਬਦ ਨਹੀਂ ਸੀ। ਜਦੋਂ ਸ਼ਬਦ ਦੀ ਭੂਮਿਕਾ ਵਧੀ ਬੁੱਤ ਪ੍ਰਸਤੀ ਦਾ ਵੀ ਵਿਰੋਧ ਹੋਇਆ। ਸ਼ਬਦ ਤੋਂ ਪਹਿਲਾਂ ਬੁੱਤ ਵਿਦਿਅਕ ਔਜ਼ਾਰਾਂ ਵਜੋਂ ਵਰਤੇ ਜਾਂਦੇ ਸਨ, ਇਹ ਗੱਲ ਸਾਨੂੰ ਅਲਬਰੂਨੀ ਨੇ ਦੱਸੀ, ਜਿਵੇਂ ਦੁਰਗਾ ਦੇ ਸੋਲਾਂ ਹੱਥ ਤੇ ਸੋਲਾਂ ਹੱਥਾਂ ਵਿਚ ਸੋਲਾਂ ਹੀ ਹਥਿਆਰ ਹਨ। ਸ਼ਸਤਰ ਵਿਦਿਆ ਵਿਚ ਵੀ ਹਥਿਆਰ ਸੋਲਾਂ ਹੀ ਮੰਨੇ ਗਏ ਹਨ। ਹੁਣ ਯੁੱਗ ਬਦਲ ਗਿਆ ਹੈ। ਇਹ ਯੁੱਗ ਸ਼ਬਦ ਤੇ ਵਿਚਾਰਧਾਰਾ ਦਾ ਯੁੱਗ ਹੈ-ਇਨ੍ਹਾਂ ਵਿਚੋਂ ਹੀ ਭਗਤ ਸਿੰਘ ਦੀ ਅਸਲੀ ਪਛਾਣ ਬਣਦੀ ਹੈ।

***? ਤੁਸੀਂ ਬਹੁਤ ਸਾਰੇ ਦੇਸ਼ਾਂ ਦਾ ਦੌਰਾ ਕੀਤਾ ਹੈ। ਵੱਖ ਵੱਖ ਨਸਲਾਂ ਦੇ ਲੋਕਾਂ ਵਿਚ ਰਹਿ ਰਹੇ ਭਾਰਤੀ ਮੂਲ ਦੇ ਲੋਕਾਂ ਦੀ ਅਗਲੀ ਪੀੜ੍ਹੀ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਕੀ ਅਗਵਾਈ ਹਾਸਲ ਕਰ ਸਕਦੀ ਹੈ?***

➢ 1962 ਤੋਂ 1968 ਤੱਕ ਦੇ ਦੌਰ ਵਿਚ ਜਿਹੜੇ ਪਰਿਵਾਰਾਂ ਵਿਚ ਅਮੀਰੀ ਆਈ-ਪੈਸੇ ਕਮਾਉਣ ਦੀ ਦੌੜ ਮੁਕੰਮਲ ਹੋਈ, ਉਨ੍ਹਾਂ ਪਰਿਵਾਰਾਂ ਦੇ ਨੌਜਵਾਨਾਂ ਨੇ ਫਰਾਂਸ ਦਾ ਰਾਜ ਵੀ ਬਦਲਿਆ। ਰਾਜ ਪੱਖੀ ਤੇ ਲੋਕ ਪੱਖੀ ਤਾਕਤਾਂ ਵਿਚ ਸਪਸ਼ਟ ਧਰੁਵੀਕਰਨ ਕੀਤਾ। ਨੌਜਵਾਨਾਂ ਨੂੰ ਜ਼ਿਆਦਾ ਐਕਸਪੋਜ਼ਰ ਮਿਲਣਾ ਚਾਹੀਦਾ ਹੈ, ਪੀੜ੍ਹੀਆਂ ਵਿਚ ਸੰਵਾਦ ਹੋਣਾ ਚਾਹੀਦਾ ਹੈ, ਬੈਰੀਅਰ ਟੁੱਟਣੇ ਚਾਹੀਦੇ ਹਨ। ਏਥੇ ਮਲਟੀਕਲਚਰਡ ਡਾਇਲਾਗ ਦੀ ਸੰਭਾਵਨਾ ਵੱਧ ਹੈ। ਵੱਖ ਵੱਖ ਕਮਿਊਨਿਟੀਜ਼ ਦੇ ਅਪਣੇ ਰੇਡੀਓ ਸਟੇਸ਼ਨ ਹਨ, ਰੀਸਰਚ ਦੇ ਵੱਧ ਮੌਕੇ ਹਨ। ਨੌਜਵਾਨ ਪੀੜ੍ਹੀ ਦਾ ਮਾਈਂਡ ਕਰਿਟੀਕਲ ਹੁੰਦਾ ਹੈ ਜਦਕਿ ਸਾਡੀ ਪੀੜ੍ਹੀ ਦਾ ਬੌਂਡਿਡ। ਇਸ ਕਰਕੇ ਅਕਸਰ ਨੌਜਵਾਨ ਸਾਡੇ ਨਾਲ ਗੱਲ ਕਰਨ ਤੋਂ ਕਤਰਾਉਂਦੇ ਹਨ। ਮੈਂ ਬੱਤੀ ਸਾਲ ਘੁੰਮ ਫਿਰ ਕੇ ਦੇਖਿਆ ਹੈ, ਕੱਟੜਵਾਦੀ ਵਿਚਾਰ ਬਹੁਤੀ ਦੇਰ ਟਿਕ ਨਹੀਂ ਸਕਣਗੇ, ਸਾਨੂੰ ਅਪਣੇ ਵਿਰਸੇ ਪ੍ਰਤੀ ਸੁਚੇਤ ਹੋਣਾ ਪਏਗਾ। ਸਾਨੂੰ ਅਪਣੇ ਬੱਚਿਆਂ ਨੂੰ ਸ਼ਿੱਦਤ ਨਾਲ ਅਪਣੇ ਇਤਿਹਾਸ ਨਾਲ ਜੁੜਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਭਗਤ ਸਿੰਘ ਦੀ ਵਿਚਾਰਧਾਰਾ ਤੋਂ ਇਹੋ ਅਗਵਾਈ ਮਿਲਦੀ ਹੈ।

***? ਪੰਜਾਬ ਦੀ ਖੇਤੀਬਾੜੀ ਦੇ ਮੌਜੂਦਾ ਸੰਕਟ ਬਾਰੇ ਤੁਹਾਡੀ ਕੀ ਰਾਇ ਹੈ? ਜਿਵੇਂ ਕਿ ਜ਼ਮੀਨੀ ਪਾਣੀ ਦਾ ਪੱਧਰ ਡਿੱਗ ਰਿਹਾ ਹੈ-ਨਿਰਾਸ਼ਾ ਵਧ ਰਹੀ ਹੈ-ਖੁਦਕੁਸ਼ੀਆਂ ਆਦਿ?***

➢ ਇਹ ਸਭ ਕੁੱਝ ਪ੍ਰਬੰਧ ਦੀ ਦੇਣ ਹੈ। ਵਿਸ਼ਵਾਸ ਟੁੱਟਦਾ ਹੈ ਤਾਂ ਨਸ਼ੇਖੋਰੀ ਤੇ ਨਿਰਾਸ਼ਾ ਵੱਧਦੀ ਹੈ। ਐਰਿਕ ਫਰਾਮ ਦਾ ਵੀ ਕਹਿਣਾ ਹੈ ਕਿ ਮਨੁੱਖ ਇਕ ਸਿਰਜਣਸ਼ੀਲ ਪ੍ਰਾਣੀ ਹੈ, ਜਦੋਂ ਉਹ ਅਪਣੀ ਸਿਰਜਣਸ਼ੀਲਤਾ ਤੋਂ ਟੁੱਟਦਾ ਹੈ, ਵਿਹਲਾ ਹੋ ਜਾਂਦਾ ਹੈ, ਤਾਂ ਜੇਕਰ ਉਹ ਬਾਹਰਮੁਖੀ ਬਿਰਤੀ ਵਾਲਾ ਹੋਵੇ ਤਾਂ ਬਾਹਰੀ ਤੋੜ-ਵੱਲ(ਕਤਲ) ਹੋ ਜਾਂਦਾ ਹੈ ਤੇ ਜੇਕਰ ਅੰਤਰਮੁਖੀ ਹੋਵੇ ਤਾਂ ਖੁਦਕੁਸ਼ੀ ਤੇ ਨਸ਼ੇਖੋਰੀ ਵੱਲ ਰੁਚਿਤ ਹੋ ਜਾਂਦਾ ਹੈ। ਉਪਰਲੇ ਵਰਗਾਂ ਦੇ ਨੌਜਵਾਨ ਅਪਣੀ ਸਿਰਜਣਸ਼ੀਲਤਾ ਨਾਲੋਂ ਟੁੱਟੇ ਹਨ ਤੇ ਕਤਲ, ਖੁਦਕੁਸ਼ੀ ਤੇ ਨਸ਼ੇਖੋਰੀ ਦਾ ਵਰਤਾਰਾ ਵੀ ਉਨ੍ਹਾਂ ਵਿਚ ਜ਼ਿਆਦਾ ਹੈ, ਜਿਵੇਂ ਕਿ ਕਿਹਾ ਵੀ ਜਾਂਦਾ ਹੈ ਵਿਹਲੀ ਜੱਟੀ ਉੱਨ ਵੇਲੇ, ਨਹੀਂ ਤਾਂ ਘਸੁੰਨ ਵੇਲੇ। ਹੇਠਲੇ ਮਿਹਨਤਕਸ਼ ਤਬਕੇ ਅਜੇ ਇਨ੍ਹਾਂ ਰੁਝਾਨਾਂ ਤੋਂ ਬਚੇ ਹੋਏ ਹਨ।

***? ਜ਼ਮੀਨਾਂ ਦੇ ਭਾਅ ਵੀ ਬਹੁਤ ਵਧੇ ਹਨ।***

➢ ਇਹ ਸਭ ਇਕ ਸਾਜ਼ਿਸ਼ ਤਹਿਤ ਹੋ ਰਿਹਾ ਹੈ। ਜ਼ਮੀਨ ਗ਼ੈਰ-ਉਪਜਾਊ ਕੀਤੀ ਜਾ ਰਹੀ ਹੈ ਤਾਂ ਕਿ ਘਾਟੇ ਹੇਠ ਆਇਆ ਕਿਸਾਨ ਇਸਨੂੰ ਆਪ ਹੀ ਛੱਡ ਦੇਵੇ। ਜ਼ਮੀਨ ਵੇਚ ਕੇ ਹੱਥ ਆਇਆ ਪੈਸਾ ਮੁੜ ਬਾਜ਼ਾਰ ਵਿਚ ਚਲਾ ਜਾਂਦਾ ਹੈ। ਜ਼ਮੀਨ ਵਿਕਦੀ ਹੈ ਤਾਂ ਅਗਲੇ ਟੱਬਰ ਦੀ ਰੋਟੀ ਦਾ ਸਾਧਨ ਵੀ ਖੁੱਸ ਜਾਂਦਾ ਹੈ। ਫਿਕਸ ਡਿਪਾਜ਼ਟ ਵਿਚ ਕੋਈ ਲਾਭ ਨਹੀਂ-ਕਿਉਂਕਿ ਮਨਮੋਹਨ ਸਿੰਘ ਦੀਆਂ ਆਰਥਕ ਨੀਤੀਆਂ ਹੀ ਅਜਿਹੀਆਂ ਹਨ। ਸ਼ੇਅਰ ਮਾਰਕੀਟ ਦੀ ਦੁਨੀਆ ਉਂਜ ਹੀ ਭਰਮ ਦੀ ਦੁਨੀਆ ਹੈ।

***? ਭਗਤ ਸਿੰਘ ਦੀ ਵਿਚਾਰਧਾਰਾ ਅਪਨਾਉਣ ਵਾਲਿਆਂ ਵਿਚੋਂ ਤੁਹਾਡੀ ਆਪਣੀ ਰਾਜਸੀ ਪ੍ਰਤੀਬੱਧਤਾ ਕਿਸ ਨਾਲ ਹੈ?***

➢ ਮੇਰੀ ਪ੍ਰਤੀਬੱਧਤਾ ਆਮ ਲੋਕਾਂ ਨਾਲ ਹੈ। ਮੇਰੀ ਜ਼ੁੰਮੇਵਾਰੀ ਸਭ ਲਈ ਉਪਲਬਧ ਹੋਣਾ ਹੈ-ਸਿਰਫ਼ ਹਾਕਮ ਧਿਰ ਨਾਲ ਮੇਰੀ ਬਣ ਨਹੀਂ ਸਕਦੀ ਪਰ ਸੰਵਾਦ ਰਚਾਉਣਾ ਜ਼ਰੂਰੀ ਹੈ, ਪ੍ਰਸ਼ਨ ਖੜਾ ਕਰਨਾ ਜ਼ਰੂਰੀ ਹੈ।

***? ਜਥੇਬੰਦਕ ਪ੍ਰਤੀਬੱਧਤਾ।***

➢ ਜਮਹੂਰੀ ਅਧਿਕਾਰਾਂ ਨਾਲ-ਇਸ ਮਕਸਦ ਲਈ ਸਾਰਿਆਂ ਨੂੰ ਘੱਟੋ-ਘੱਟ ਪ੍ਰੋਗਰਾਮ 'ਤੇ ਸਹਿਮਤ ਹੋ ਕੇ ਇਕ ਪਲੇਟਫਾਰਮ 'ਤੇ ਇਕੱਤਰ ਹੋਣਾ ਚਾਹੀਦਾ ਹੈ।

***? ਕਿਤੇ ਇਹ ਗੱਲ ਸੁਤੰਤਰ ਬੁੱਧੀਜੀਵੀ ਹੋਣ ਵਰਗੀ ਤਾਂ ਨਹੀਂ।***

➢ ਲੋੜ ਪ੍ਰਤੀਬੱਧ ਗਰੁੱਪ ਦੀ ਨਹੀਂ-ਵੱਡੀ ਪ੍ਰਤੀਬੱਧਤਾ ਦੀ ਲੋੜ ਹੈ। ਸਾਡੀ ਏ.ਐਫ.ਡੀ.ਆਰ. ਦੀ ਰਿਪੋਰਟ ਅਨੁਸਾਰ ਵਿਸ਼ਵ ਜਮਹੂਰੀ ਅਧਿਕਾਰ ਸੰਗਠਨ ਨੂੰ ਵੀ ਅਪਣਾ ਪ੍ਰੋਗਰਾਮ ਸੋਧਣਾ ਪਿਆ। ਸਵਾਲ ਕੱਲ੍ਹ ਦਾ ਹੈ। ਭਗਤ ਸਿੰਘ ਨੇ ਵੀ ਕਿਹਾ ਸੀ ਕਿ ਮੰਨ ਲਓ ਕੱਲ੍ਹ ਨੂੰ ਅੰਗਰੇਜ਼ ਛੱਡ ਕੇ ਚਲੇ ਜਾਂਦੇ ਹਨ ਤਾਂ ਪਾਵਰਲੈੱਸ ਹੋਣ ਦਾ ਖ਼ਲਾਅ ਕਿਵੇਂ ਭਰੇਗਾ-ਸੋ ਪੰਚਾਇਤ ਦਾ ਮਾਡਲ ਤਿਆਰ ਹੋਣਾ ਚਾਹੀਦਾ ਹੈ-ਪਾਜ਼ੇਟਿਵ ਮਾਡਲ-ਕੋਈ ਵੀ ਨਾ ਤਾਂ ਦਿਲੋਂ ਮਾਰਕਸਵਾਦੀ ਹੁੰਦਾ ਹੈ ਤੇ ਨਾ

ਹੀ ਕੋਈ ਮਾਰਕਸਵਾਦੀ ਕੋਈ ਨਵੇਂ ਸਿਧਾਂਤ ਬਣਾਉਂਦਾ ਹੈ ..ਬਦਲ ਸੋਚਦੇ ਰਹਿਣਾ ਚਾਹੀਦਾ ਹੈ। ਅਸੀਂ ਪੀਪਲਜ਼ ਫਾਰਮਰ ਐਸੋਸੀਏਸ਼ਨ ਬਣਾਈ ਹੈ, ਜਿਸ ਵਿਚ ਖੱਬੇ ਵੀ ਹਨ ਤੇ ਦੂਸਰੇ ਵੀ-ਅਸੀਂ ਕਿਸਾਨੀ ਨੂੰ ਬਚਾਉਣਾ ਹੈ। ਕਿਸਾਨੀ ਨੂੰ ਬਚਾਉਣ ਲਈ ਸਹੀ ਚੇਤਨਾ ਪੈਦਾ ਕਰਨੀ ਹੈ। ਕਿਸਾਨੀ ਨੂੰ ਬਚਾਉਣ ਲਈ ਕਰਜ਼ੇ ਆਦਿ ਮੁਆਫ਼ ਕਰਨ ਦੇ ਜੋ ਫੈਸਲੇ ਹੁੰਦੇ ਹਨ, ਅਸੀਂ ਉਨ੍ਹਾਂ ਬਾਰੇ ਵੀ ਸਹੀ ਪਹੁੰਚ ਬਣਾਉਂਦੇ ਹਾਂ-ਲੋਕਾਂ ਨੂੰ ਸਮਝਾਉਂਦੇ ਹਾਂ ਕਿ ਇਸ ਤਰ੍ਹਾਂ ਦੇ ਫੈਸਲੇ ਨਾਲ ਤਾਂ ਫਾਇਦਾ ਬੈਂਕ ਨੂੰ ਹੀ ਹੁੰਦਾ ਹੈ ਜਦਕਿ ਫਾਇਦਾ ਕਿਸਾਨ ਨੂੰ ਮਿਲਣਾ ਚਾਹੀਦਾ ਹੈ।

**? ਕੁੱਝ ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਾਈਟਸ ਬਾਰੇ।**

➢ ਏਥੇ ਐਮਰਜੰਸੀ ਦੇ ਪਿਛੋਕੜ ਬਾਰੇ ਦੱਸਣਾ ਜ਼ਰੂਰੀ ਹੈ। ਦਰਅਸਲ ਆਜ਼ਾਦੀ ਤੋਂ ਬਾਅਦ ਸੰਨ ਪੰਝਤਰ ਤੱਕ ਪਹੁੰਚਦਿਆਂ ਦੇਸ਼ ਦੀ ਹਾਲਤ ਬਹੁਤ ਨਾਜ਼ੁਕ ਹੋ ਗਈ ਸੀ-ਬਿਹਾਰ ਵਿਚ ਅਕਾਲ ਪੈ ਗਿਆ ਸੀ-ਕੇਂਦਰ ਵੱਲੋਂ ਅਕਾਲ ਨਾਲ ਨਜਿੱਠਣ ਲਈ ਕੋਈ ਮਦਦ ਨਹੀਂ ਸੀ ਕੀਤੀ ਜਾ ਰਹੀ-ਏਥੇ ਜੈ ਪ੍ਰਕਾਸ਼ ਨਰਾਇਣ ਹੀ ਕੁੱਝ ਯਤਨ ਕਰਕੇ ਅਕਾਲ ਪੀੜਤਾਂ ਦੀ ਮਦਦ ਕਰ ਰਿਹਾ ਸੀ-ਲੋਕਾਂ ਵਿਚ ਰੋਹ ਸੀ। ਐਮਰਜੰਸੀ ਪ੍ਰਬੰਧ ਦੀ ਅਸਲਫਲਤਾ ਨਾਲ ਨਜਿੱਠਣ ਲਈ ਲਗਾਈ ਗਈ ਸੀ ਨਾ ਕਿ ਪ੍ਰਸ਼ਾਸਨ ਦੀ ਅਸਫ਼ਲਤਾ ਨਾਲ-ਅਸੀਂ ਆਪਣੀ ਜਥੇਬੰਦੀ ਰਾਹੀਂ ਦੱਸਦੇ ਹਾਂ ਕਿ ਜਿਉਂ-ਜਿਉਂ ਰਾਜ ਦੀ ਤਾਕਤ ਵਧੇਗੀ, ਨਾਗਰਿਕ ਅਧਿਕਾਰ ਘਟਦੇ ਜਾਣਗੇ, ਕਿਉਂਕਿ ਇਹ ਰਾਜ ਦਵਾਰਾ ਦਿੱਤੇ ਗਏ ਹੁੰਦੇ ਹਨ ਜਦਕਿ ਜਮਹੂਰੀ ਅਧਿਕਾਰ ਮਨੁੱਖ ਨੂੰ ਕੁਦਰਤੀ ਰੂਪ ਵਿਚ ਹਾਸਲ ਹੁੰਦੇ ਹਨ-ਇਸ ਤਰ੍ਹਾਂ ਅਸੀਂ ਜਮਹੂਰੀ ਅਧਿਕਾਰਾਂ ਦੇ ਸੰਕਲਪ ਨੂੰ ਉਭਾਰਿਆ ਤੇ ਇਨ੍ਹਾਂ ਦੀ ਪੈਰਵੀ ਕੀਤੀ।

***? ਏ.ਡੀ.ਐਫ.ਆਰ. ਦੀਆਂ ਸਰਗਰਮੀਆਂ ਕੀ ਹਨ?***

➢ ਏ.ਡੀ.ਐਫ.ਆਰ. ਦੀ ਵੀ ਉਮਰ ਹੁਣ ਵਧ ਗਈ ਹੈ। ਉਮਰ ਵਧਣ ਨਾਲ ਸ਼ਿੱਦਤ ਘਟ ਜਾਂਦੀ ਹੈ। ਫਿਰ ਵੀ ਜਮਹੂਰੀਅਤ ਦੀ ਮਜ਼ਬੂਤੀ ਲਈ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ।

***? ਐਤਕੀਂ ਦੀ ਵਿਦੇਸ਼ ਫੇਰੀ ਦੇ ਪ੍ਰਭਾਵ ਕਿਹੋ-ਜਿਹੇ ਰਹੇ?***

➢ ਅਮਰੀਕਾ ਵਿਚ ਮੈਂ ਪਾਕਿਸਤਾਨੀ ਪਰਵਾਸੀਆਂ ਦੀ ਸਭਾ 'ਅਪਨਾ' ਵਾਲਿਆਂ ਨੂੰ ਮਿਲਿਆ-ਗੱਲਬਾਤ ਹੋਈ-ਇਹ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਤ ਹੋਏ ਤੇ ਇਨ੍ਹਾਂ ਉਸੇ ਵੇਲੇ ਭਗਤ ਸਿੰਘ 'ਤੇ ਡਾ. ਸੁਰਿੰਦਰਬੀਰ ਸਿੰਘ ਵੱਲੋਂ ਲਿਖੀ ਪੁਸਤਕ ਆਨ ਲਾਈਨ ਕਰ ਦਿੱਤੀ। ਇਨ੍ਹਾਂ ਕੋਲ ਸ਼ਾਹਮੁਖੀ ਤੇ ਗੁਰਮੁਖੀ ਦੋਵਾਂ ਲਿਪੀਆਂ ਵਿਚ ਪੁਸਤਕਾਂ ਪੜ੍ਹਨ ਦੀ ਸਹੂਲਤ ਹੈ। ਸਾਡਾ ਵਿਰਸਾ ਮਹਾਨ ਹੈ_ਵਾਰਸ ਦੀ ਹੀਰ ਮਹਾਨ ਰਚਨਾ ਹੈ-ਮੇਰਾ ਵਿਸ਼ਵਾਸ ਹੈ ਕਿ ਵਿਚਾਰਾਂ ਦਾ ਪ੍ਰਭਾਵ ਗ੍ਰਹਿਣ ਕੀਤਾ ਜਾਵੇ-ਮੇਰੇ ਤਾਇਆ ਜੀ ਪਾਠ ਕਰਨ ਵਾਲੇ ਸਨ, ਅਕਾਲੀ ਕਹਾਉਂਦੇ ਸਨ, ਪਰ ਪਿਤਾ ਜੀ ਬਾਣੀ ਦੇ ਦੋ ਚਾਰ ਸ਼ਬਦਾਂ ਨੂੰ ਜੀਣ ਵਾਲੇ ਮਨੁੱਖ ਸਨ ਤੇ ਸਫਲ ਵਿਅਕਤੀ ਸਨ-ਸ਼ਬਦ(ਵਿਚਾਰਧਾਰਾ) ਨੂੰ ਜਿਉਣ ਦਾ ਪ੍ਰਭਾਵ ਹਮੇਸ਼ਾ ਪ੍ਰਬਲ ਹੁੰਦਾ ਹੈ-ਡਾ ਨੀਤੀ ਕੁਮਾਰ ਨੇ ਪੰਜਾਬ ਦੇ ਰਾਜਸੀ ਇਤਿਹਾਸ 'ਤੇ ਕੰਮ ਕੀਤਾ ਹੈ, ਉਨ੍ਹਾਂ ਵੀ ਇਹੋ ਲਿਖਿਆ ਹੈ ਕਿ ਮਹਾਤਮਾ ਗਾਂਧੀ ਤੇ ਭਗਤ ਸਿੰਘ ਦੇ ਵਰਤ ਰੱਖਣ ਵਿਚ ਵੀ ਇਹੋ ਫ਼ਰਕ ਹੁੰਦਾ ਸੀ ਕਿ ਮਹਾਤਮਾ ਗਾਂਧੀ ਦਾ ਵਰਤ ਸਵੈ-ਕੇਂਦਰਤ ਹੁੰਦਾ ਸੀ ਜਦੋਂ ਕਿ ਭਗਤ ਸਿੰਘ ਦੀ ਭੁੱਖ ਹੜਤਾਲ ਲੋਕਾਂ ਲਈ ਹੁੰਦੀ ਸੀ ਜਿਸ ਕਰਕੇ ਇਸ ਵਿਚ ਸ਼ਿੱਦਤ ਵੀ ਵਧੇਰੇ ਹੁੰਦੀ ਸੀ-ਬਾਕੀ ਤੁਹਾਡੇ ਨਾਲ ਮੁਲਾਕਾਤ ਚੰਗੀ ਰਹੀ-ਐਕਸਫੋਰਡ ਵਾਲਿਆਂ ਨੇ ਆਪਣਾ ਪੰਦਰਵਾਂ ਮੇਲਾ ਲਾਇਆ-ਵੈਨਕੂਵਰ, ਟੋਰਾਂਟੋ ਦਾ ਤਜਲਰਬਾ ਵੀ ਚੰਗਾ ਰਿਹਾ।

***? ਭਗਤ ਸਿੰਘ ਦੀਆਂ ਤਸਵੀਰਾਂ ਬਾਰੇ ਕੁੱਝ ਦੱਸੋ।***

➢ ਭਗਤ ਸਿੰਘ ਦੀਆਂ ਪੰਜ ਤਸਵੀਰਾਂ ਇਸ ਸਮੇਂ ਉਪਲਬਧ ਹਨ। ਇਨ੍ਹਾਂ ਵਿਚੋਂ ਸਭ ਤੋਂ ਵਧੀਆ ਮੰਜੀ ਵਾਲੀ ਹੈ। ਇਹ ਪੰਜੇ ਤਸਵੀਰਾਂ ਇੰਟਰਨੈੱਟ 'ਤੇ ਪੈ ਚੁੱਕੀਆਂ ਹਨ।

# ਸ਼ਹੀਦ ਭਗਤ ਸਿੰਘ ਬਾਰੇ ਕੁਝ ਨਵੀਂ ਜਾਣਕਾਰੀ

**ਪ੍ਰੋ ਹਜ਼ਾਰਾ ਸਿੰਘ**



23 ਮਾਰਚ 1981 ਨੂੰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹੀਦੀ ਦੀ 50 ਵੀਂ ਬਰਸੀ ਦੇਸ਼ ਭਰ ਵਿਚ ਬੜੇ ਜੋਸ਼ ਤੇ ਸ਼ਰਧਾ ਨਾਲ ਮਨਾਈ ਗਈ। ਭਿੰਨ-ਭਿੰਨ ਸੰਸਥਾਵਾਂ ਨੇ ਉਸ ਸਮੇਂ ਸੋਵੀਨਰ ਵੀ ਛਾਪੇ। ਇਨ੍ਹਾਂ ਲੇਖਾਂ ਵਿਚ ਕਈ ਐਸੀਆਂ ਗੱਲਾਂ ਛਪੀਆਂ ਜਿਹੜੀਆਂ ਕਿ ਇਤਿਹਾਸਿਕ ਨਜ਼ਰੀਏ ਤੋਂ ਠੀਕ ਨਹੀਂ ਸੀ। ਇਹ ਜ਼ਰੂਰੀ ਹੈ ਕਿ 1981 ਦੀਆਂ ਲਿਖਤਾਂ 'ਚ ਜੋ ਭੁਲੇਖੇ ਪਾਏ ਗਏ ਸਨ ਉਹ ਦੂਰ ਕੀਤੇ ਜਾਣ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਨੂੰ ਤਾਰੀਖ਼ੀ ਤੱਤ ਨਾ ਸਮਝ ਲੈਣ।

ਕੁਲਵੰਤ ਸਿੰਘ ਕੂਨਰ ਤੇ ਗੁਰਪ੍ਰੀਤ ਸਿੰਘ ਸਿੰਧਰਾ ਵਲੋਂ 2004 'ਚ ਅੰਗਰੇਜ਼ੀ 'ਚ ਛਪੀ ਕਿਤਾਬ 'ਭਗਤ ਸਿੰਘ ਦੀ ਸ਼ਹੀਦੀ ਬਾਰੇ ਕੁਝ ਛੁਪੇ ਤੱਤ' (Some Hidden Facts-Martydom Of Shaheed Bhagat Singh) ਨੇ ਇਕ ਬੇਬੁਨਿਆਦ ਵਿਵਾਦ ਖੜ੍ਹਾ ਕਰ ਦਿੱਤਾ ਹੈ, ਜਿਸ ਵਿਚ ਕੋਈ ਤਸਦੀਕੀ ਸਬੂਤ ਪੇਸ਼ ਨਹੀਂ ਕੀਤਾ ਗਿਆ। ਭਗਤ ਸਿੰਘ ਦਾ ਜਨਮ 28 ਸਤੰਬਰ, 1907 ਨੂੰ ਪਿੰਡ ਬੰਗਾ, 105 ਜੀ. ਬੀ. ਜ਼ਿਲ੍ਹਾ ਲਾਇਲਪੁਰ ਵਿਖੇ ਹੋਇਆ। ਬਹੁਤ ਸਾਰੇ ਲੇਖਕ ਪਿੰਡ ਖਟਕੜ ਕਲਾਂ ਨਜ਼ਦੀਕ ਬੰਗਾ ਜ਼ਿਲ੍ਹਾ ਜਲੰਧਰ (ਹੁਣ ਨਵਾਂ ਸ਼ਹਿਰ) ਨੂੰ ਭਗਤ ਸਿੰਘ ਦਾ ਜਨਮ ਅਸਥਾਨ ਸਮਝਦੇ ਹਨ, ਜਿਹੜਾ ਕਿ ਨਵੀਂ ਪੀੜ੍ਹੀ ਨੂੰ ਭੁਲੇਖਾ ਪਾ ਦਿੰਦਾ ਹੈ।

ਭਗਤ ਸਿੰਘ ਦੇ ਜਨਮ ਦੇ ਨੇੜੇ ਤੇੜੇ ਪਰਿਵਾਰ ਵਿਚ ਕਈ ਖ਼ੁਸ਼ੀ ਭਰੀਆਂ ਘਟਨਾਵਾਂ ਵਾਪਰੀਆਂ। ਉਸਦਾ ਪਿਤਾ ਸਰਦਾਰ ਕਿਸ਼ਨ ਸਿੰਘ ਇਕ ਸੰਖੇਪ ਜਿਹੇ ਦੇਸ਼ ਨਿਕਾਲੇ ਮਗਰੋਂ ਨੇਪਾਲ ਤੋਂ ਵਾਪਸ ਘਰ ਆਇਆ। ਉਸਦੇ ਸਾਰਿਆਂ ਤੋਂ ਛੋਟੇ ਚਾਚੇ ਸਰਦਾਰ ਸਵਰਨ ਸਿੰਘ ਦੇ ਵੀ ਜੇਲ੍ਹ ਤੋਂ ਪੈਰੋਲ 'ਤੇ ਰਿਹਾ ਹੋਣ ਦੀ ਖ਼ਬਰ ਉਨ੍ਹਾਂ ਦਿਨਾਂ ਵਿਚ ਹੀ ਪੁੱਜੀ। ਉਸਦੇ ਵੱਡੇ ਚਾਚਾ ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਮਾਂਡਲੇ (ਬਰਮਾ) ਵਿਚ ਨਜ਼ਰਬੰਦ ਸਨ। ਅਖ਼ਬਾਰਾਂ ਵਿਚ ਇਹ ਖ਼ਬਰ ਛਪੀ ਕਿ ਸਰਕਾਰ ਨੇ ਉਨ੍ਹਾਂ ਦੋਹਾਂ ਨੇਤਾਵਾਂ ਨੂੰ ਰਿਹਾ ਕਰਨ ਦਾ ਫ਼ੈਸਲਾ ਕਰ ਲਿਆ ਹੈ। ਘਰ ਵਾਲਿਆਂ ਨੇ ਇਸ ਬੱਚੇ ਨੂੰ ਖੁਸ਼ਕਿਸਮਤ ਸਮਝਿਆ ਤੇ ਉਸ ਦਾ ਨਾਂ ਭਾਗਾਂ ਵਾਲਾ ਰੱਖ ਦਿੱਤਾ ਜਿਸਨੂੰ ਨਾਮਕਰਣ ਸੰਸਕਾਰ ਵੇਲੇ ਭਗਤ ਸਿੰਘ ਵਿਚ ਬਦਲ ਦਿੱਤਾ ਗਿਆ।

## ਸਰਦਾਰ ਅਰਜਨ ਸਿੰਘ ਦਾ ਪ੍ਰਣ

ਪਰਿਵਾਰ ਦੇ ਮੁਖੀ ਤੇ ਭਗਤ ਸਿੰਘ ਦੇ ਦਾਦਾ ਸਰਦਾਰ ਅਰਜਨ ਸਿੰਘ ਇਕ ਪ੍ਰਸਿੱਧ ਹਕੀਮ ਤੇ ਸਮਾਜ ਸੁਧਾਰਕ ਸਨ। ਭਗਤ ਸਿੰਘ ਸਰਦਾਰ ਕਿਸ਼ਨ ਸਿੰਘ ਦਾ ਸਭ ਤੋਂ ਵੱਡਾ ਪੁੱਤਰ ਨਹੀਂ ਸੀ। ਸਾਰਿਆਂ ਤੋਂ ਵੱਡੇ ਦਾ ਨਾਮ ਜਗਤ ਸਿੰਘ ਸੀ। ਸਰਦਾਰ ਅਰਜਨ ਸਿੰਘ ਨੇ ਇਨ੍ਹਾਂ ਬੱਚਿਆਂ ਦੇ ਨਾਮਕਰਣ ਸੰਸਕਾਰ ਦੇ ਸਮੇਂ ਇਸ ਪ੍ਰਣ ਦਾ ਐਲਾਨ ਕੀਤਾ ਕਿ ਉਹ ਅਪਣੇ ਦੋਨੇ ਪੋਤਰੇ ਸੁਤੰਤਰਤਾ ਸੰਗਰਾਮ ਨੂੰ ਭੇਂਟ ਕਰ ਰਹੇ ਹਨ। ਜਗਤ ਸਿੰਘ ਨਮੂਨੀਏ ਕਾਰਨ 10 ਸਾਲ ਦੀ ਉਮਰ ਵਿਚ ਹੀ ਮੌਤ ਦਾ ਸ਼ਿਕਾਰ ਹੋ ਗਿਆ। ਉਸ ਤੋਂ ਬਾਅਦ ਜਦ ਵੀ ਭਗਤ ਸਿੰਘ ਦੀ ਦਾਦੀ ਤੇ ਪਰਿਵਾਰ ਦੇ ਹੋਰ ਮੈਂਬਰਾਂ ਨੇ ਭਗਤ ਸਿੰਘ ਨਾਲ ਵਿਆਹ ਦੀ ਗੱਲ ਛੇੜੀ, ਉਸ ਨੇ ਅਪਣੇ ਦਾਦੇ ਵਲੋਂ ਕੀਤਾ ਗਿਆ ਪ੍ਰਣ ਯਾਦ ਦਿਵਾ ਕੇ ਇਸ ਗੱਲ ਨੂੰ ਅਣਸੁਣੀ ਕਰ ਦਿੱਤਾ। ਭਗਤ ਸਿੰਘ 'ਤੇ ਬਣੀਆਂ ਫ਼ਿਲਮਾਂ 'ਚ ਮਨਘੜਤ ਸੀਨ ਕਮਰਸ਼ੀਅਲ ਨਜ਼ਰੀਏ ਤੋਂ ਜੋੜ ਲਏ ਗਏ ਹਨ, ਜੋ ਇਤਿਹਾਸ ਨਾਲ ਧੋਖੇਬਾਜ਼ੀ ਹੈ।

## ਲਾਹੌਰ ਵਿਚ ਪੜ੍ਹਾਈ

ਭਗਤ ਸਿੰਘ 1917 ਵਿਚ ਪਿੰਡ ਤੋਂ ਪ੍ਰਾਇਮਰੀ ਸਿੱਖਿਆ ਪੂਰੀ ਕਰਕੇ ਡੀ.ਏ.ਵੀ. ਸਕੂਲ, ਮੋਹਨ ਲਾਲ ਰੋਡ, ਲਾਹੌਰ ਦਾ ਵਿਦਿਆਰਥੀ ਬਣ ਗਿਆ। ਇਸ ਦੌਰਾਨ ਉਸਨੂੰ ਅਪਣੇ ਪਿਤਾ ਨਾਲ ਕਈ ਵਾਰ ਅੰਮ੍ਰਿਤਸਰ ਆਉਣ ਦਾ ਮੌਕਾ ਮਿਲਿਆ। ਉਹ ਅਕਸਰ ਡਾ. ਸੈਫ਼ੁਲਦੀਨ ਕਿਚਲੂ ਦੇ ਘਰ ਠਹਿਰਿਆ ਕਰਦੇ ਸਨ। ਉਹ ਉਥੋਂ ਦੇ ਮਸ਼ਹੂਰ ਵਕੀਲ ਸਨ। ਡਾ.ਕਿਚਲੂ ਉਦੋਂ ਤੋਂ ਹੀ ਇਸ ਨੌਜਵਾਨ ਦੀ ਸ਼ਕਲ ਤੇ ਹੌਸਲੇ ਤੋਂ ਪ੍ਰਭਾਵਿਤ ਹੋ ਗਏ ਸਨ। ਬਾਅਦ ਵਿਚ ਜਦ ਵੀ ਭਗਤ ਸਿੰਘ ਨੇ ਡਾ.ਕਿਚਲੂ ਤੋਂ ਸਿਆਸੀ ਕਾਰਵਾਈਆਂ ਲਈ ਮਾਲੀ ਮੱਦਦ ਮੰਗਦੇ, ਉਹ ਬਿਨਾਂ ਝਿਜਕ ਮਦਦ ਕਰ ਦਿੰਦੇ। ਕਈ ਲੇਖਕ ਇਹ ਭੁਲੇਖਾ ਪਾਉਂਦੇ ਹਨ ਕਿ ਪਿੰਡੋਂ ਲਾਹੌਰ ਆਉਣ 'ਤੇ ਭਗਤ ਸਿੰਘ ਦੀ ਕਰਤਾਰ ਸਿੰਘ ਸਰਾਭਾ ਨਾਲ ਮੁਲਾਕਾਤ ਹੋਈ ਸੀ। ਇਹ ਬਿਲਕੁਲ ਗ਼ਲਤ ਹੈ ਕਿਉਂਕਿ ਸਰਾਭਾ ਨੂੰ ਤਾਂ ਨਵੰਬਰ 1915 ਵਿਚ ਹੀ ਫਾਂਸੀ ਦੇ ਦਿੱਤੀ ਗਈ ਸੀ ਅਤੇ ਭਗਤ ਸਿੰਘ ਉਸ ਵੇਲੇ ਸਿਰਫ਼ ਅੱਠ ਸਾਲ ਦਾ ਹੀ ਹੋਇਆ ਸੀ ਤੇ ਪਿੰਡ ਵਿਚ ਹੀ ਪੜ੍ਹਦਾ ਸੀ।

## ਨੈਸ਼ਨਲ ਕਾਲਜ ਲਾਹੌਰ

ਅਗਸਤ 1921 ਵਿਚ ਮਹਾਤਮਾ ਗਾਂਧੀ ਨੇ ਪਹਿਲਾਂ ਨਾ-ਮਿਲਵਰਤਣ ਅੰਦੋਲਨ ਚਲਾਇਆ। ਵਿਦਿਆਰਥੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਸਰਕਾਰੀ ਸਕੂਲਾਂ, ਕਾਲਜਾਂ ਤੋਂ ਪੜ੍ਹਾਈ ਤਿਆਗ ਦੇਣ। ਭਗਵਤੀ ਚਰਨ ਵੋਹਰਾ, ਸੁਖਦੇਵ ਤੇ ਭਗਤ ਸਿੰਘ ਉਨ੍ਹਾਂ ਜਵਾਨਾਂ ਚੋਂ ਸਨ ਜਿਨ੍ਹਾਂ ਮਹਾਤਮਾ ਗਾਂਧੀ ਦੀ ਅਪੀਲ ਨੂੰ ਖਿੜੇ ਮੱਥੇ ਮੰਨਿਆ ਸੀ। ਇਨ੍ਹਾਂ ਨੌਜਵਾਨਾਂ ਦੀ ਪੜ੍ਹਾਈ ਲਈ ਲਾਹੌਰ ਵਿਚ ਪ੍ਰਿੰਸੀਪਲ ਛਬੀਲ ਦਾਸ ਦੀ ਅਗਵਾਈ ਹੇਠ ਨੈਸ਼ਨਲ ਕਾਲਜ ਖੋਲ੍ਹਿਆ ਗਿਆ ਸੀ। ਜਦ ਭਗਤ ਸਿੰਘ ਨੇ ਨਾ-ਮਿਲਵਰਤਣ ਲਹਿਰ ਵਿਚ ਹਿੱਸਾ ਲੈਣ ਲਈ ਪੜ੍ਹਾਈ ਛੱਡੀ ਸੀ, ਉਹ ਹਾਲੇ ਸਕੂਲ ਵਿਚ ਹੀ ਪੜ੍ਹਦਾ ਸੀ। ਉਸਨੇ ਮੈਟ੍ਰਿਕ ਬਰਾਬਰ ਇਮਤਿਹਾਨ ਲੈ ਕੇ ਭਗਤ ਸਿੰਘ ਨੂੰ ਕਾਲਜ ਵਿਚ ਦਾਖ਼ਲ ਕਰ ਲਿਆ। ਕਈ ਲੇਖਕ ਇਸ ਗੱਲ ਦਾ ਵੀ ਭੁਲੇਖਾ ਪਾਉਂਦੇ ਹਨ ਕਿ ਜਦ ਨਾ-ਮਿਲਵਰਤਣ ਲਹਿਰ ਵਿਚ ਹਿੱਸਾ ਲੈਣ ਲਈ ਪੜ੍ਹਾਈ ਛੱਡੀ ਸੀ, ਉਹ ਡੀ.ਏ.ਵੀ. ਕਾਲਜ, ਲਾਹੌਰ ਦਾ ਵਿਦਿਆਰਥੀ ਸੀ। ਦਰਅਸਲ ਉਹ ਉਸ ਵੇਲੇ ਡੀ.ਏ.ਵੀ. ਸਕੂਲ ਵਿਚ ਨੌਵੀਂ ਜਮਾਤ ਵਿਚ ਪੜ੍ਹਦਾ ਸੀ।

## ਕਾਨਪੁਰ ਵਿਚ ਕਿਆਮ

ਜਨਵਰੀ 1922 ਵਿਚ ਜਦ ਮਹਾਤਮਾ ਗਾਂਧੀ ਨੇ ਨਾ-ਮਿਲਵਰਤਣ ਲਹਿਰ ਨੂੰ ਵਾਪਸ ਲੈ ਲਿਆ ਤਾਂ ਜਨਤਾ ਵਿਚ ਆਮ ਤੌਰ 'ਤੇ ਅਤੇ ਨੌਜਵਾਨਾਂ ਵਿਚ ਖ਼ਾਸ ਤੌਰ 'ਤੇ ਡਾਢਾ ਰੋਸ ਪਾਇਆ ਗਿਆ। ਭਗਤ ਸਿੰਘ ਲਾਹੌਰ ਛੱਡ ਕੇ 1924 ਵਿਚ ਕਾਨਪੁਰ ਚਲਿਆ ਗਿਆ। ਉੱਥੇ ਉਸਦੇ ਪਿਤਾ ਦੇ ਮਿੱਤਰ ਗਣੇਸ਼ ਸ਼ੰਕਰ ਵਿਦਿਆਰਥੀ ਹਿੰਦੀ ਮਿਲਾਪ ਦੇ ਸੰਪਾਦਕ ਸਨ। ਭਗਤ ਸਿੰਘ ਨੇ ਉਨ੍ਹਾਂ ਨਾਲ ਅਪਣੀ ਪੂਰੀ ਜਾਣ ਪਹਿਚਾਣ ਨਹੀਂ ਕਰਵਾਈ ਬਲਕਿ ਇਕ ਆਨਰੇਰੀ ਕਰਮਚਾਰੀ ਦੇ ਤੌਰ 'ਤੇ ਅਖ਼ਬਾਰ ਵਿਚ ਕੰਮ ਕਰਨ ਦੀ ਪੇਸ਼ਕਸ਼ ਕੀਤੀ। ਉਹ ਬਲਵੰਤ ਦੇ ਨਾਮ ਨਾਲ ਹਿੰਦੀ ਮਿਲਾਪ ਵਿਚ ਲੇਖ ਲਿਖਿਆ ਕਰਦਾ ਸੀ। ਇਸ ਨਾਮ ਬਦਲਣ ਦਾ ਭਗਤ ਸਿੰਘ ਨੂੰ ਆਖ਼ਰੀ ਸਾਲਾਂ ਵਿਚ ਕਾਫ਼ੀ ਜਾਤੀ ਤੇ ਸਿਆਸੀ ਫ਼ਾਇਦਾ ਹੋਇਆ। ਕਾਕੋਰੀ ਕੇਸ ਵਿਚ ਪੁਲਿਸ ਉਸਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ ਸੀ ਪਰ ਕਿਉਂਕਿ ਯੂ.ਪੀ. ਪੁਲਿਸ ਦੇ ਕਾਗਜ਼ਾਂ ਵਿਚ ਉਸ ਦਾ ਨਾਮ ਬਲਵੰਤ ਸੀ, ਪੰਜਾਬ ਵਿਚ ਇਸ ਨਾਮ ਦਾ ਕੋਈ ਵਰਕਰ ਨਾ ਹੋਣ ਕਾਰਨ ਭਗਤ ਸਿੰਘ ਗ੍ਰਿਫ਼ਤਾਰੀ ਤੋਂ ਬਚ ਗਿਆ। ਜੇ ਫੜਿਆ ਜਾਂਦਾ ਤੇ ਜੇਲ੍ਹ 'ਚ ਬੰਦ ਹੋਣ ਕਾਰਣ 1928-31 ਦੌਰਾਨ ਹੋਏ ਧਮਾਕਾ ਪਾਉਣ ਵਾਲੇ ਕਾਰਨਾਮੇ ਨਾ ਕਰ ਸਕਦਾ।

## ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ

ਭਗਤ ਸਿੰਘ ਦੀ ਸਲਾਹ 'ਤੇ ਹਿੰਦੁਸਤਾਨ ਰੀਪਬਲਿਕਨ ਐਸੋਸੀਏਸ਼ਨ ਦਾ ਨਾਂ ਬਦਲ ਕੇ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਰਖ ਦਿੱਤਾ ਗਿਆ। ਸੋਸ਼ਲਿਸਟ ਸ਼ਬਦ ਰੂਸ ਵਿਚ ਆਏ ਬਾਲਸ਼ਵਿਕ ਇਨਕਲਾਬ ਨਾਲ ਹਿੰਦੁਸਤਾਨ ਸੁਤੰਤਰਤਾ ਸੰਘਰਸ਼ ਦੀ ਸਾਂਝ ਪ੍ਰਗਟ ਕਰਦਾ ਸੀ। ਉਨ੍ਹਾਂ ਦਿਨਾਂ ਵਿਚ ਹੀ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਚੁਣਿਆ ਗਿਆ ਜਿਹੜਾ ਕਿ ਭਗਤ ਸਿੰਘ ਦੀ ਖ਼ਾਸ ਕਰਕੇ ਅਤੇ ਐਚ.ਐਸ.ਆਰ. ਏ. ਦੀ ਆਮ ਕਰਕੇ ਸੁਤੰਤਰਤਾ ਸੰਗਰਾਮ ਨੂੰ ਉੱਘੀ ਦੇਣ ਹੈ।

## ਸੈਂਟਰਲ ਅਸੰਬਲੀ ਦਿੱਲੀ ਵਿਚ ਬੰਬ ਸੁੱਟਣਾ

ਜਦ ਕੇਂਦਰੀ ਸਰਕਾਰ ਨੇ ਸੈਂਟਰਲ ਅਸੰਬਲੀ ਵਿਚ ਪਬਲਿਕ ਸੇਫ਼ਟੀ ਬਿੱਲ ਤੇ ਟਰੇਡਜ਼ ਡਿਸਪਿਊਸਟ ਬਿੱਲ 1929 ਵਿਚ ਪੇਸ਼ ਕੀਤੇ ਤਾਂ ਐਚ. ਐਸ. ਆਰ. ਏ. ਇਨ੍ਹਾਂ ਜਬਰ ਕਾਨੂੰਨਾਂ ਵਿਰੁੱਧ ਜਨਤਾ ਦਾ ਰੋਸਾ ਅਸੰਬਲੀ ਦੇ ਫ਼ਰਸ਼ 'ਤੇ ਬੰਬ ਸੁੱਟ ਕੇ ਕਰਨਾ ਚਾਹੁੰਦੀ ਸੀ। ਬੰਬ ਸੁੱਟਣ ਦੀ ਜ਼ਿੰਮੇਵਾਰੀ ਜੈ ਦੇਵ ਕਪੂਰ ਤੇ ਬੀ.ਕੇ. ਦੱਤ ਨੂੰ ਸੌਂਪੀ ਗਈ ਸੀ ਪਰ ਸੁਖਦੇਵ ਦੇ ਕਹਿਣ 'ਤੇ ਕਿ ਭਗਤ ਸਿੰਘ, ਭਵਿੱਖ ਦਾ ਇਤਿਹਾਸ ਤੈਨੂੰ ਕਾਇਰ ਸਮਝੇਗਾ ਕਿ ਤੂੰ ਬੰਬ ਸੁੱਟਣ ਦੀ ਜ਼ਿੰਮੇਵਾਰੀ ਤੋਂ ਗੁਰੇਜ਼ ਕੀਤਾ ਹੈ" ਉਸ ਨੂੰ ਅਪਣੇ ਜਿਗਰੀ ਦੋਸਤ ਦੀ ਸਲਾਹ ਬਹੁਤ ਜਚੀ ਤੇ ਉਸ ਦੇ ਇਕਰਾਰ ਕਰਨ 'ਤੇ ਚੰਦਰ ਸ਼ੇਖਰ ਆਜ਼ਾਦ ਨੂੰ ਇਹ ਜ਼ਿੰਮੇਵਾਰੀ ਭਗਤ ਸਿੰਘ ਨੂੰ ਸੌਂਪਣੀ ਪਈ । ਜੈ ਦੇਵ ਕਪੂਰ ਨੇ ਅਸੰਬਲੀ ਹਾਲ ਦੀ ਪੁਲਿਸ ਦੇ ਡੀ.ਐਸ.ਪੀ. ਨਾਲ ਦੋਸਤੀ ਗੰਢ ਕੇ ਹਾਲ ਵਿਚ ਜਾਣ ਦਾ ਪ੍ਰਬੰਧ ਕਰ ਰੱਖਿਆ ਸੀ। ਇਹ ਜੈ ਦੇਵ ਦੀ ਬਹੁਤ ਵੱਡੀ ਸਫਲਤਾ ਸੀ ਕਿ 8 ਅਪ੍ਰੈਲ 1929 ਨੂੰ ਜਦ ਭਗਤ ਸਿੰਘ ਤੇ ਬੀ. ਕੇ. ਦੱਤ. ਨੇ ਸੈਂਟਰਲ ਅਸੰਬਲੀ, ਨਵੀਂ ਦਿੱਲੀ ਵਿਚ ਬੰਬ ਸੁੱਟਿਆ, ਉਹ ਦੋਵੇਂ ਬਗੈਰ ਪਾਸਾਂ ਦੇ ਹੀ ਹਾਲ ਵਿਚ ਦਾਖ਼ਲ ਹੋਏ।

## ਭਗਤ ਸਿੰਘ ਦੇ ਸਰੂਪ ਭੁਲੇਖੇ

ਕੁਝ ਯੂਨੀਵਰਸਿਟੀਆਂ ਤੇ ਸੰਸਥਾਵਾਂ ਭਗਤ ਸਿੰਘ ਦੀ ਕੁਰਬਾਨੀ ਦੀ ਸ਼ਲਾਘਾ ਕਰਨ ਦੀ ਬਜਾਏ ਉਸ ਦੇ ਸਿੱਖੀ ਰੂਪ ਨੂੰ ਪੇਸ਼ ਕਰਨ ਵਲ ਜ਼ਿਆਦਾ ਜ਼ੋਰ ਲਾ ਰਹੀਆਂ ਹਨ। ਕਈ ਕਿਤਾਬਾਂ ਵਿਚ ਇਹ ਲਿਖਿਆ ਗਿਆ ਹੈ ਕਿ ਭਗਤ ਸਿੰਘ ਦੀ ਇਹ ਤਸਵੀਰ ਚਾਰਪਾਈ 'ਤੇ ਹੱਥਕੜੀ ਸਮੇਤ ਬੈਠੇ ਜੇਲ੍ਹ ਕੋਠੜੀ ਵਿਚ ਲਈ ਗਈ ਸੀ ਜਦ ਕਿ ਉਸਨੂੰ ਫਾਂਸੀ ਦੀ ਸਜ਼ਾ ਹੋ ਚੁੱਕੀ ਸੀ। ਸਿਰ 'ਤੇ ਕੇਸ ਅਤੇ ਮੂੰਹ 'ਤੇ ਦਾਹੜੀ ਦਿਖਾਈ ਗਈ ਸੀ। ਸ੍ਰੀ ਨਾਹਰ ਸਿੰਘ ਨੇ ਇਹ ਵੀ ਲਿਖਿਆ ਕਿ ਭਗਤ ਸਿੰਘ ਨੇ ਭਾਈ ਰਣਧੀਰ ਸਿੰਘ ਦੇ ਕੋਲ ਅਪਣੇ ਪਤਿਤ ਹੋਣ 'ਤੇ ਅਫ਼ਸੋਸ ਜ਼ਾਹਰ ਕੀਤਾ ਸੀ ਤੇ ਦੁਬਾਰਾ ਸਿੰਘ ਸਜਣ ਦਾ ਪ੍ਰਣ ਕੀਤਾ ਸੀ। ਜਿਹੜੇ ਲੋਕ ਜੇਲ੍ਹ ਦੇ ਨੇਮਾਂ ਨੂੰ ਜਾਣਦੇ ਨੇ, ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਮੁਜਰਮ ਨੂੰ ਜੇਲ੍ਹ ਵਿਚ ਚਾਰਪਾਈ ਨਹੀਂ ਦਿੱਤੀ ਜਾਂਦੀ। ਉਸ ਨੂੰ ਹੱਥਕੜੀ ਨਹੀਂ ਪਹਿਨਾਈ ਜਾਂਦੀ ਬਲਕਿ ਪੈਰਾਂ ਵਿਚ ਬੇੜੀਆਂ ਪਾਈਆਂ ਜਾਂਦੀਆਂ ਹਨ। ਅਮ੍ਰਿਤਸਰ ਤੋਂ ਛਪਦੇ ਪੰਜਾਬੀ ਦੇ ਮਹਾਵਾਰੀ ਰਸਾਲੇ 'ਕਿਰਤੀ' ਵਿਚ 'ਵਿਦਰੋਹੀ' ਕਲਮੀ ਨਾਂ ਨਾਲ ਭਗਤ ਸਿੰਘ ਦੇ ਲੇਖ ਅਕਸਰ ਛਪਦੇ ਸਨ। ਕਾਕੋਰੀ ਕੇਸ ਵਿਚ ਰਾਜਿੰਦਰ ਲਹਿਰੀ, ਅਸ਼ਫਾਕ ਉੱਲਾ, ਰੋਸ਼ਨ ਸਿੰਘ ਤੇ ਰਾਮ ਪ੍ਰਸ਼ਾਦ ਬਿਸਮਿਲ ਨੂੰ ਫਾਂਸੀ ਦੀ ਸਜ਼ਾ ਸੁਣਾਏ ਜਾਣ ਬਾਅਦ 'ਕਿਰਤੀ' ਰਸਾਲੇ ਵਿਚ 'ਵਿਦਰੋਹੀ' ਨਾਂ ਹੇਠ ਇਕ ਲੇਖ 'ਕਾਕੋਰੀ ਦੇ ਵੀਰਾਂ ਨਾਲ ਜਾਣ ਪਹਿਚਾਣ' 1927 ਦੇ ਸ਼ੁਰੂ ਵਿਚ ਛਪਿਆ ਸੀ। ਪੁਲਿਸ ਨੇ ਮਈ 1927 ਵਿਚ ਭਗਤ ਸਿੰਘ ਨੂੰ ਪੁੱਛ ਗਿੱਛ ਲਈ ਗ੍ਰਿਫ਼ਤਾਰ ਕਰ ਲਿਆ। ਉਸ ਨੂੰ ਲਾਹੌਰ ਕਿਲ੍ਹੇ ਵਿਚ ਰੱਖਿਆ ਗਿਆ ਤੇ ਤਿੰਨ ਹਫ਼ਤੇ ਬਾਅਦ ਛੱਡ ਦਿੱਤਾ ਗਿਆ। ਇਹ ਤਸਵੀਰ ਉਦੋਂ ਲਾਹੌਰ ਕਿਲ੍ਹੇ ਵਿਚ ਪੁਲਿਸ ਨੇ ਅਪਣੇ ਰਿਕਾਰਡ ਲਈ ਖਿੱਚੀ ਸੀ। ਅਸਲ ਤਸਵੀਰ ਵਿਚ ਭਗਤ ਸਿੰਘ ਕੋਲ ਇਕ ਪੁਲਿਸ ਅਫ਼ਸਰ ਕੁਰਸੀ 'ਤੇ ਬੈਠਾ ਹੈ। ਪਰ ਇਹ ਤਸਵੀਰ ਕਈ ਲੇਖਕ ਤੇ ਸੰਸਥਾਵਾਂ ਅਪਣੇ ਮੰਤਵਾਂ ਲਈ ਅਧੂਰੇ ਢੰਗ ਨਾਲ ਵਰਤ ਰਹੀਆਂ ਹਨ।

ਭਗਤ ਸਿੰਘ ਦੀ ਲਿਖਤ 'ਮੈਂ ਨਾਸਤਿਕ ਕਿਉਂ ਹਾਂ' ਪਹਿਲੀ ਵਾਰ 1931 ਵਿਚ 'ਪੀਪਲ' ਲਾਹੌਰ ਵਿਚ ਛਪੀ ਸੀ। ਬਾਅਦ ਵਿਚ ਤੱਦ ਦੇ ਮਦਰਾਸ ਪ੍ਰਾਂਤ ਦੇ ਕੁਝ ਅਖ਼ਬਾਰਾਂ ਵਿਚ ਇਸ ਦਾ ਤੇਲਗੂ ਵਿਚ ਉਲਥਾ ਵੀ ਛਪਿਆ ਸੀ। ਹੁਣ ਇਸ ਲੇਖ ਦੀਆਂ ਕਾਪੀਆਂ ਹਜ਼ਾਰਾਂ ਦੀ ਗਿਣਤੀ ਵਿਚ ਅੰਗਰੇਜ਼ੀ ਤੇ ਪੰਜਾਬੀ ਵਿਚ ਸ਼ਹੀਦ ਭਗਤ ਸਿੰਘ ਰੀਸਰਚ ਕਮੇਟੀ, ਲੁਧਿਆਣਾ ਵਲੋਂ ਛਾਪ ਕੇ ਸਸਤੀ ਕੀਮਤ 'ਤੇ ਵੇਚੀਆਂ ਜਾ ਚੁੱਕੀਆਂ ਹਨ। ਜਿਹੜੇ ਲੋਕ ਭਗਤ ਸਿੰਘ ਦੀ ਵਿਚਾਰਧਾਰਾ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਦੇ ਚਾਹਵਾਨ ਹੋਣ ਉਨ੍ਹਾਂ ਨੂੰ ਨਾ ਸਿਰਫ਼ ਇਹ ਪੈਂਫਲਿਟ ਪੜ੍ਹਨਾ ਚਾਹੀਦਾ ਹੈ, ਬਲਕਿ 'ਕਿਰਤੀ' ਰਸਾਲੇ ਵਿਚ 'ਵਿਦਰੋਹੀ' ਨਾਂ ਹੇਠ ਛਪੇ ਲੇਖ ਜ਼ਰੂਰ ਪੜ੍ਹਨੇ ਚਾਹੀਦੇ ਹਨ। ਇਨ੍ਹਾਂ ਨਾਲ ਭਗਤ ਸਿੰਘ ਦੀ ਪੂਰੀ ਸ਼ਖ਼ਸੀਅਤ ਸਾਹਮਣੇ ਆਏਗੀ। ਉਹ ਯੋਧਾ ਹੋਣ ਦੇ ਨਾਲ ਨਾਲ ਇਕ ਡੂੰਘਾ ਸੋਚਵਾਨ ਤੇ ਪ੍ਰਭਾਵਸ਼ਾਲੀ ਲਿਖਾਰੀ ਵੀ ਸੀ।

8 ਅਪ੍ਰੈਲ 1928 ਨੂੰ ਖ਼ਾਲੀ ਜਗ੍ਹਾ 'ਤੇ ਫੋਕਾ ਬੰਬ ਸੁੱਟਣ ਤੇ ਹਵਾਈ ਪਿਸਤੌਲੀ ਨਿਸ਼ਾਨਿਆਂ ਬਾਅਦ ਜੋ ਲਾਲ ਪਰਚੇ (typed leaflets) ਰੁਗ ਭਰ ਕੇ ਅਸੰਬਲੀ ਦੇ ਫ਼ਰਸ਼ 'ਤੇ ਖਿਲਾਰੇ ਗਏ ਸਨ ਉਨ੍ਹਾਂ 'ਚ ਦਰਜ ਸੀ ਕਿ ਉਹ ਇਨਸਾਨੀ ਜ਼ਿੰਦਗੀ ਦੀ ਕਦਰ ਬਹੁਤ ਕਰਦੇ ਹਨ, ਪਰ ਸਾਮਰਾਜ ਦੇ ਬੋਲ੍ਹੇ ਕੰਨ ਖੋਲ੍ਹਣ ਲਈ ਇਕ ਉੱਚਾ ਧਮਾਕਾ ਕਰਨਾ ਜ਼ਰੂਰੀ ਹੈ।

ਜੇ ਉਹ ਚਾਹੁੰਦੇ ਤਾਂ ਹੋਮ ਮੈਂਬਰ ਜੇਮਜ਼ ਕਰੇਕਾਰ ਨੂੰ ਵੀ ਨਿਸ਼ਾਨਾ ਬਣਾ ਸਕਦੇ ਸਨ। ਸਰ ਜੌਨ ਸਾਈਮਨ ਵੀ ਨਾਲ ਦੀ ਗੈਲਰੀ ਵਿਚ ਬੈਠਾ ਸੀ।

# ਲੰਡਨ ’ਚ ਭਗਤ ਸਿੰਘ ਦੀ ਫਾਂਸੀ ਤੁੜਵਾਉਣ ਦੀ ਚੱਲੀ ਮੁਹਿੰਮ

ਭਗਤ ਸਿੰਘ ਤੋਂ ਪੁੱਛੇ ਬਿਨਾਂ ਇਹਦੇ ਪਿਤਾ ਕਿਸ਼ਨ ਸਿੰਘ ਦੀ ਕੀਤੀ ਰਹਿਮ ਦੀ ਅਪੀਲ ਲੰਡਨ ਵਿਚ ਬੈਠੀ ਪ੍ਰਿਵੀ ਕੌਂਸਲ ਨੇ 11 ਫ਼ਰਵਰੀ 1931 ਨੂੰ ਰੱਦ ਕਰ ਦਿੱਤੀ ਸੀ। ਉਨ੍ਹੀਂ ਦਿਨੀਂ ਲੰਡਨ ਵਿਚ ਲੱਕੜੀ ਦੇ ਕਾਰੀਗਰਾਂ ਦੀ ਯੂਨੀਅਨ ਨੇ ਭਗਤ ਸਿੰਘ ਅਤੇ ਇਹਦੇ ਸਾਥੀਆਂ ਦੀ ਫਾਂਸੀ ਤੁੜਵਾਉਣ ਦੀ ਦਸਤਖ਼ਤੀ ਮੁਹਿੰਮ ਵੀ ਚਲਾਈ ਸੀ। ਇਸ ਪਿੱਛੇ ਬਰਤਾਨਵੀ ਕਮਿਊਨਿਸਟ ਪਾਰਟੀ, ਲੀਗ ਅਗੇਂਸਟ ਇੰਪੀਰੀਅਲਇਜ਼ਮ, ਇੰਡੀਅਨ ਨੈਸ਼ਨਲ ਕਾਂਗਰਸ ਦੀ ਲੰਡਨ ਬਰਾਂਚ ਦਾ ਹੱਥ ਸੀ।

ਬ੍ਰਿਟਿਸ਼ ਲਾਇਬ੍ਰੇਰੀ ਵਿਚ ਸਾਂਭੇ ਪਏ ਇਸ ਮੁਹਿੰਮ ਦੇ ਕਾਗ਼ਜ਼ਾਂ ਤੋਂ ਪਤਾ ਲੱਗਦਾ ਹੈ ਕਿ ਤਿੰਨ ਸੌ ਵੱਧ ਅੰਗਰੇਜ਼ਾਂ ਅਤੇ ਲੰਡਨ ਵਿਚ ਪੜ੍ਹਦੇ ਹਿੰਦੁਸਤਾਨੀ ਵਿਦਿਆਰਥੀਆਂ ਤੇ ਕਾਮਿਆਂ ਨੇ ਦਸਤਖ਼ਤ ਕੀਤੇ ਸਨ।




ਭਗਤ ਸਿੰਘ. 1924. ਲਹੌਰ



Stop the Lahore Executions!

To the Right Honorable Wedgwood Benn, M.P.,
H.M. Secretary of State for India,
India Office,
Whitehall, S.W.1.

DEAR SIR,

We, the undersigned electors and Indians in Great Britain, emphatically protest against your sanction being given to the sentences, **including three death penalties,** passed by the judge in the Conspiracy Case at Lahore, India, after a trial, the character of which arouses the gravest misgivings.

We are aware that the twenty-seven Indian youths accused in this case were not only tried without a jury but by the special personal instructions of the Viceroy. Extraordinary regulations were adopted to conclude the trial without regard to the usual procedure.

We regard the sentences passed under these circumstances as a violation of justice and demand that they should be disallowed by you. If the three death sentences are put into operation, we shall hold you and your Government responsible for sanctioning what amounts to the murder of political opponents under the guise of official judicial sentences.

Without entering into the question whether there was any justification at all for the trial of the accused men at Lahore, whose conviction could only be obtained by such extraordinary means, we desire as strongly as possible to press our views upon you that there should be in all cases, without exception, an open, normal trial by a jury of the countrymen of the accused persons.

| SIGNATURE | ADDRESS |
|---|---|
| M.K. Gupta | 37 Gt Ormond St. W.C.2 |
| A.P. Petigara | 34 Bernard St W.C.1 |
| K. Rama Rao | 112, Gower St. |

## ਚਿੱਠੀ ਦਾ ਪੰਜਾਬੀ ਉਲਥਾ

“ਲਹੌਰ ਹਿੰਦੁਸਤਾਨ ਵਿਚ ਲਾਹੌਰ ਸਾਜ਼ਿਸ਼ ਕੇਸ ਦੇ ਜੱਜ ਦੀਆਂ ਦਿੱਤੀਆਂ ਸਜ਼ਾਵਾਂ (ਮੌਤ ਦੀਆਂ ਤਿੰਨ ਸਜ਼ਾਵਾਂ ਸਮੇਤ) ਨੂੰ ਜੋ ਤੁਸੀਂ ਪਰਵਾਨਗੀ ਦਿੱਤੀ ਹੈ, ਉਹਦੇ ਖ਼ਿਲਾਫ਼ ਅਸੀਂ ਗ੍ਰੇਟ ਬ੍ਰਿਟੇਨ ਦੇ ਵੋਟਰ ਸਖ਼ਤ ਰੋਸ ਜ਼ਾਹਰ ਕਰਦੇ ਹਾਂ। ਇਸ ਮੁਕੱਦਮੇ ਦੀਆਂ ਕਈ ਗੱਲਾਂ ਗ਼ਲਤ ਹਨ।

ਸਾਨੂੰ ਪਤਾ ਹੈ ਕਿ ਇਸ ਮੁਕੱਦਮੇ ਦੇ ਸਤਾਈ ਹਿੰਦੁਸਤਾਨੀ ਨੌਜਵਾਨਾਂ ਦਾ ਮੁਕੱਦਮਾ ਜੀਊਰੀ ਤੋਂ ਬਿਨਾਂ ਵਾਇਸਰਾਏ ਦੀਆਂ ਦਿੱਤੀਆਂ ਖ਼ਾਸ ਹਿਦਾਇਤਾਂ ਨਾ.ਲ ਚੱਲਿਆ। ਆਮ ਤਰੀਕੇਕਾਰ ਦਾ ਖ਼ਿਆਲ ਨਾ ਕਰਦਿਆਂ ਮੁਕੱਦਮਾ ਮੁਕਾਉਣ ਵਾਸਤੇ ਗ਼ੈਰਮਾਮੂਲੀ ਕਾਇਦੇ-ਅਸੂਲ ਘੜੇ ਗਏ।

ਇਨ੍ਹਾਂ ਹਾਲਤਾਂ ਵਿਚ ਦਿੱਤੀਆਂ ਸਜ਼ਾਵਾਂ ਨੂੰ ਅਸੀਂ ਇਨਸਾਫ਼ ਨਾ.ਲ ਕੀਤਾ ਧੱਕਾ ਸਮਝਦੇ ਹਾਂ ਅਤੇ ਤੁਹਾਡੇ ਤੋਂ ਇਹ ਮੰਗ ਕਰਦੇ ਹਾਂ ਕਿ ਤੁਸੀਂ ਸਜ਼ਾਵਾਂ ਤੋੜ ਦਿਓ। ਜੇ ਤਿੰਨਾਂ ਨੌਜਵਾਨਾਂ ਨੂੰ ਫਾਹੇ ਲਾ ਦਿੱਤਾ ਗਿਆ, ਤਾਂ ਅਸੀਂ ਤੁਹਾਨੂੰ ਤੇ ਤੁਹਾਡੀ ਸਰਕਾਰ ਨੂੰ ਸਰਕਾਰੀ ਜੁਡੀਸ਼ਲ ਸਜ਼ਾਵਾਂ ਦੇ ਓਹਲੇ ਸਿਆਸੀ ਵਿਰੋਧੀਆਂ ਦੇ ਕ਼ਤਲਾਂ ਦਾ ਜ਼ਿੰਮੇਵਾਰ ਕਰਾਰ ਦੇਵਾਂਗੇ।

ਅਸੀਂ ਇਸ ਸਵਾਲ ਵਿਚ ਨਹੀਂ ਪੈਣਾ ਚਾਹੁੰਦੇ ਕਿ ਲਹੌਰ ਦਾ ਇਹ ਮੁਕੱਦਮਾ ਚਲਾਉਣਾ ਕਿੰਨਾ ਕੁ ਸਹੀ ਸੀ, ਜਿਹਦੀਆਂ ਸਜ਼ਾਵਾਂ ਇਹੋ ਜਿਹੇ ਗ਼ੈਰਮਾਮੂਲੀ ਤਰੀਕਿਆਂ ਨਾ.ਲ ਹੀ ਦਿੱਤੀਆਂ ਜਾ ਸਕਣੀਆਂ ਸੀ। ਅਸੀਂ ਵਧ ਤੋਂ ਵਧ ਸਖ਼ਤ ਸ਼ਬਦਾਂ ਵਿਚ ਤੁਹਾਨੂੰ ਅਪਣੇ ਵਿਚਾਰ ਦੱਸਣੇ ਚਾਹੁੰਦੇ ਹਾਂ ਕਿ ਸਾਰੇ ਮੁਕੱਦਮੇ ਹਰ ਹਾਲਤ ਵਿਚ ਮੁਲਜ਼ਿਮਾਂ ਦੇ ਹਮਵਤਨਾਂ ਦੀ ਜੀਊਰੀ ਰਾਹੀਂ ਹੀ ਖੁੱਲ੍ਹੇ ਤੌਰ 'ਤੇ ਚੱਲਣੇ ਚਾਹੀਦੇ ਹਨ।”

ਲੱਕੜੀ ਦੇ ਕਾਰੀਗਰਾਂ ਦੀ ਯੂਨੀਅਨ ਦੇ ਆਗੂ ਏ. ਈ. ਰਿਚਰਡਸਨ ਨੇ ਸੈਕ੍ਰੇਟਰੀ ਆੱਵ ਸਟੇਟ ਫ਼ੌਰ ਇੰਡੀਆ ਵੈੱਜਵੁੱਡ ਬੈੱਨ ਨੂੰ 19 ਫ਼ਰਵਰੀ 1931 ਨੂੰ ਦਸਤਖ਼ਤਾਂ ਦਾ ਪੁਲੰਦਾ ਘੱਲਦਿਆਂ ਨਾ.ਲ .ਲਿਖੇ ਰੁੱਕੇ ਵਿਚ ਲੇਬਰ ਪਾਰਟੀ ਦੀ ਸਰਕਾਰ ਦੇ ਇਸ ਵਜ਼ੀਰ ਦੇ ਜ਼ਮੀਰ ਨੂੰ 'ਇਨਸਾਨੀਅਤ ਦੇ ਕਾਜ਼' ਦਾ ਨਾਂ ਲੈ ਕੇ ਝੰਜੋੜਿਆ ਸੀ:

“ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਜੇ ਈਮਾਨਦਾਰੀ ਵਰਤਦਿਆਂ ਤੁਹਾਨੂੰ ਅਪਣਾ ਅਹੁਦਾ ਵੀ ਤਿਆਗਣਾ ਪਵੇ, ਤਾਂ ਤੁਹਾਨੂੰ ਸਿਰਫ਼ ਬਰਤਾਨੀਆਂ ਦੇ ਹੀ ਨਹੀਂ, ਸਗੋਂ ਦੁਨੀਆ ਭਰ ਦੇ 75 ਫ਼ੀ ਸਦੀ ਮਿਹਨਤਕਸ਼ ਲੋਕਾਂ ਦੀ ਪੂਰੀ ਹਿਮਾਇਤ ਹਾਸਿਲ ਹੋਵੇਗੀ। ਤੁਹਾਡਾ ਜ਼ਮੀਰ ਜੇ ਕੋਈ ਐਸੀ ਚੀਜ਼ ਹੈ ਸੁਰਖ਼ਰੂ ਰਹੇਗਾ ਕਿ ਤੁਸਾਂ ਇਨਸਾਨੀਅਤ ਦੇ ਆਦਰਸ਼ ਵਾਸਤੇ ਅਪਣਾ ਪੂਰਾ ਤਾਣ ਲਾਇਆ ਸੀ।”

ਸੈਕ੍ਰੇਟਰੀ ਆੱਵ ਸਟੇਟ ਫ਼ੌਰ ਇੰਡੀਆ ਵੈੱਜਵੁੱਡ ਬੈੱਨ ਨੇ 21 ਫ਼ਰਵਰੀ ਨੂੰ “ਤੁਹਾਡਾ ਜ਼ਮੀਰ ਜੇ ਕੋਈ ਐਸੀ ਚੀਜ਼ ਹੈ” ਲਫ਼ਜ਼ਾਂ ਹੇਠ ਲੀਕ ਵਾਹ ਕੇ ਅਪਣੇ ਮਾਤਹਿਤ ਨੂੰ ਹੁਕਮ ਲਿਖਿਆ ਸੀ: ਰਿਚਰਡਸਨ ਨੂੰ ਖ਼ਤ ਲਿਖੋ ਅਤੇ ਬਾਕੀ ਅਣਡਿੱਠ ਕਰ ਦਿਓ। ਜ਼ਾਹਿਰ ਹੈ, ਭਾਰਤੀ ਮਾਮਲਿਆਂ ਦੇ ਵਜ਼ੀਰ ਨੂੰ ਜ਼ਮੀਰ ਵਾ.ਲੀ ਗੱਲ ਬੜੀ ਚੁੱਭੀ ਹੋਵੇਗੀ।



Mr. Clauson,
(through Under Secretary of State)

These protests are being organised by the Communists in control of the London Branch, Indian National Congress (e.g., Saklatvala), and officials of the League against Imperialism, such as Bridgeman and the Revd. Conrad Noel, who heads the list on one of these documents. One can easily imagine the sort of version of the case these people will give to the persons whose signatures they solicit. A.E. Richardson, who signs the letter forwarding the signatures, is a member of the Amalgamated Society of Woodworkers, and recently attended one of the League's meetings, where no doubt he was persuaded by someone like Bridgeman to act as the channel of communication to the Secretary of State.

The three men condemned to death in the Lahore case were guilty of a series of violent crimes, including the murder of a British Police officer and an Indian Police Constable, and, in the case of two of them, bomb-

throwing/

ਵੈੱਜਵੁੱਡ ਬੈੱਨ ਦਾ ਪੁਤ ਟੋਨੀ ਅੱਜ ਲੇਬਰ ਪਾਰਟੀ ਦਾ ਧੜੱਲੇਦਾਰ ਆਗੂ ਹੈ। ਮੈਂ ਇਹਨੂੰ ਚਿੱਠੀ ਲਿਖੀ ਕਿ ਅਪਣੇ ਪਿਤਾ ਦੇ ਕਾਗ਼ਜ਼ਾਂ ਚ ਭਗਤ ਸਿੰਘ ਦੇ ਕੇਸ ਬਾਬਤ ਕੁਝ ਹੋਰ ਗੱਲਾਂ ਤਸਵੀਰਾਂ ਵਗ਼ੈਰਾ ਹੋਣ, ਤਾਂ ਦੱਸੋ। ਇਹਨੇ ਜਵਾਬ ਦਿੱਤਾ ਕਿ ਇਹਦੇ ਕੋ.ਲ ਭਗਤ ਸਿੰਘ ਬਾਬਤ ਕੋਈ ਕਾਗ਼ਜ਼-ਪੱਤ੍ਰ ਨਹੀਂ। ਨਾ.ਲ ਇਹ ਵੀ ਲਿਖਿਆ ਕਿ ਸੰਵਿਧਾਨਕ ਤੌਰ 'ਤੇ ਬਰਤਾਨਵੀ ਸ਼ਹਿਨਸ਼ਾਹ ਦਾ ਨੁਮਾਇੰਦਾ ਵਾਇਸਰਾਏ ਹੀ ਭਗਤ ਸਿੰਘ ਦੀ ਫਾਂਸੀ ਤੋੜ ਸਕਦਾ ਸੀ; ਹਿੰਦੁਸਤਾਨੀ ਮਾਮਲਿਆਂ ਦਾ ਵਜ਼ੀਰ ਨਹੀਂ। 'ਮੇਰਾ ਬਾਪ ਹਿੰਦੁਸਤਾਨੀ ਆਜ਼ਾਦੀ ਦਾ ਪੱਕਾ (ਕਮਿੱਟਡ) ਹਿਮਾਇਤੀ ਸੀ।'

***(8 ਮਾਰਚ 1991 ਦੀ ਚਿੱਠੀ) ਅਮਰਜੀਤ ਚੰਦਨ***

*ਹਿੰਦੀ ਕਵਿਤਾ*

## ਤੇਈ ਵਰ੍ਹਿਆਂ ਦੀ ਉਮਰ

***ਅਨਿਲ ਗੰਗਲ***

ਤੇਈ ਵਰ੍ਹਿਆਂ ਦੀ ਉਮਰ ’ਚ
ਇਕ ਨੌਜਵਾਨ ਕੀ ਕਰਦਾ ਤੇ ਕੀ ਸੋਚਦਾ ਹੈ?

ਤੇਈ ਵਰ੍ਹਿਆਂ ਦੀ ਉਮਰ ’ਚ ਉਹ ਦੇਸ਼ ਨਹੀਂ
ਅਪਣੇ ਭਵਿੱਖ ਦੇ ਗ੍ਰਾਫ ਦੀ ਤਰੱਕੀ ਬਾਰੇ ਸੋਚਦਾ ਹੈ
ਤੇ ਜੁਗਤਾਂ ਲੜਾਉਂਦਾ ਹੈ।

ਨਹੀਂ ਖਲਲ ਪੈਂਦਾ ਉਹਦੀਆਂ ਰਾਤਾਂ ਦੀ ਨੀਂਦ
ਤੇ ਦਿਨ ਦੇ ਚੈਨ ’ਚ
ਕਿ ਉਹਦਾ ਦੇਸ਼
ਦੇਸ਼ ਨਾ ਰਹਿ ਕੇ ਬਣਦਾ ਜਾ ਰਿਹੈ ਬਾਜ਼ਾਰ।

ਹੁੰਦਾ ਜਾਂਦਾ ਹੈ ਉਹ ਉਨੀਂਦਰੇ ਦਾ ਸ਼ਿਕਾਰ
ਕਿ ਕੁਝ ਸਾਮਾਨ ਖਰੀਦਣ ਲਈ
ਛੋਟੀ ਪੈਂਦੀ ਜਾਂਦੀ ਹੈ ਉਹਦੀ ਜੇਬ।

ਉਹ ਸ਼ੇਅਰ ਬਾਜ਼ਾਰ ਵਿਚ ਲੋਕਾਂ ਨੂੰ
ਅਪਣੀ ਪੂੰਜੀ ਲਾ ਕੇ
ਇਕ ਤੋਂ ਚਾਰ ਕਰਦਿਆਂ
ਤੇ ਬਰਬਾਦ ਹੁੰਦੇ ਦੇਖਦਾ ਹੈ
ਤੇ ਸੋਚਦਾ ਹੈ
ਕਿ ਜ਼ਿੰਦਗੀ ਦੀਆਂ ਸਾਰੀਆਂ ਮੁਸ਼ਕਿਲਾਂ ਦਾ
ਬਸ ਇਹੀ ਰਸਤਾ ਹੈ
ਉਹ ਸਿਨਮੇ ਦੇ ਪਰਦੇ ’ਤੇ
ਇੰਟਰਨੈੱਟ ਦੀ ਸੁਪਨੀਲੀ ਦੁਨੀਆਂ ’ਚੋਂ
ਲੱਭ ਕੇ ਲਿਆਉਂਦਾ ਹੈ ਅਪਣੇ ਵਾਸਤੇ
ਕਿਸਮ-ਕਿਸਮ ਦੇ ਖ਼ਾਬ
ਤੇ ਚਿੱਕੜ ਵਿਚ ਧਸੇ ਪੈਰ ਵਾਂਗ
ਉਹਦੇ ’ਚ ਗਰਕ ਹੋ ਜਾਂਦਾ ਹੈ।

ਫੁੱਟਪਾਥ ’ਤੇ ਚੱਲਦਿਆਂ ਉਹ
ਅਸਮਾਨ ਵਿਚ ਸੁਰਾਖ਼ ਕਰਦੀਆਂ
ਇਮਾਰਤਾਂ ਨੂੰ ਦੇਖਦਾ ਹੈ
ਤੇ ਸੋਚਦਾ ਹੈ
ਜੇ ਕਿਸਮਤ ਨੇ ਸਾਥ ਨਾ ਦਿੱਤਾ
ਤੇ ਉਨ੍ਹਾਂ ਇਮਾਰਤਾਂ ਵਿਚ
ਰਹਿਣ ਵਾਲਿਆਂ ਦੇ ਸਰੀਰਾਂ ’ਚ ਉਹ
ਪਰ-ਕਾਇਆ ਦਾਖ਼ਲ ਨਾ ਹੋ ਸਕਿਆ
ਤਾਂ ਘੱਟੋ-ਘੱਟ ਉਨ੍ਹਾਂ ਦੇ ਕਤਲ
ਤੇ ਉਨ੍ਹਾਂ ਦੀਆਂ ਮਾਵਾਂ, ਭੈਣਾਂ ਅਤੇ ਕੁੜੀਆਂ ਨਾਲ
ਬਲਾਤਕਾਰ ਤਾਂ ਕਰ ਹੀ ਸਕਦਾ ਹੈ।

ਤੇਈ ਵਰ੍ਹਿਆਂ ਦੀ ਉਮਰ ’ਚ
ਉਹ ਹੱਥ ਖੜ੍ਹਾ ਕਰਕੇ ਐਲਾਨ ਕਰਦਾ ਹੈ
ਕਿ ਜ਼ਿੰਦਗੀ ਜਾਂ ਤਾਂ ਖਾਣ-ਪੀਣ
ਤੇ ਮੌਜ-ਮਸਤੀ ਦਾ ਨਾਂ ਹੈ
ਜਾਂ ਫੇਰ ਕੂੜੇ-ਕਰਕਟ ਦਾ ਢੇਰ ਹੈ
ਏਸ ਕਰਕੇ ਗੁੰਮ ਹੁੰਦਾ ਜਾਂਦਾ ਹੈ ਉਹ
ਦੇਹ ਦੀਆਂ ਸੁਰੰਗਾਂ
ਬਾਬਿਆਂ ਦੀਆਂ ਦਾੜ੍ਹੀਆਂ
ਭਵਿੱਖੀ-ਕਥਨਾਂ ਤੇ
ਅੰਗੂਠੀਆਂ ਤੇ ਨਗਾਂ ਦੇ ਅਥਾਹ ਅੰਧਕਾਰ ਵਿਚ।

ਤੇਈ ਵਰ੍ਹਿਆਂ ਦੇ ਨੌਜਵਾਨ ਦੀਆਂ ਅੱਖਾਂ ਵਿਚ
ਮੈਂ ਕੀ ਨਹੀਂ ਦੇਖ ਪਾਉਂਦਾ
ਇਕ ਅੱਸੀ ਵਰ੍ਹਿਆਂ ਦੇ ਬੁੱਢੇ ਦੀਆਂ ਅੱਖਾਂ ਦੀ ਚਮਕ

ਤੇਈ ਵਰ੍ਹਿਆਂ ਦੀ ਉਮਰ ਵਿਚ
ਉਹ ਨਹੀਂ ਬੀਜਦਾ ਖੇਤਾਂ ਵਿਚ ਬੰਦੂਕਾਂ
‘ਮੈਜਿਨੀ’ ਤੇ ‘ਗੈਰੀਬਾਲਡੀ’ ਨਹੀਂ ਪੜ੍ਹਦਾ
ਇਨਕਲਾਬ ਦਾ ਨਾਅਰਾ ਬੁਲੰਦ ਨਹੀਂ ਕਰਦਾ

ਤੇਈ ਵਰ੍ਹਿਆਂ ਦੀ ਉਮਰ ਵਿਚ ਉਹ
ਫਾਂਸੀ ਦੇ ਤਖ਼ਤੇ ’ਤੇ ਰੱਸਾ ਚੁੰਮਣ ਦਾ
ਸੁਪਨਾ ਨਹੀਂ ਦੇਖਦਾ।

***ਅਨੁਵਾਦ– ਚਰਨਜੀਤ ਰੰਧਾਵਾ***

## ਸਮਕਾਲ: ਬਾਬੂ ਰਜਬ ਅਲੀ

॥ਦੋਹਰਾ॥

ਦਫ਼ਤਰ ਮੂਹਰੇ ਖੜ੍ਹ ਗਏ, ਭਰ ਕੇ ਤੇ ਪਸਤੌਲ। ਭਗਤ ਛੱਡੇ ਅੰਗਰੇਜ਼ 'ਤੇ ਪੈਣ ਕਾਲ਼ਜੇ ਹੌਲ॥
ਟੋਲੀ ਆਣ ਸੜਕ 'ਤੇ ਅਟਕੀ, ਦਫ਼ਤਰ ਬੰਦ ਹੋ ਘੰਟੀ ਖੜਕੀ।
ਘੇਰਨ ਲਾਉਣ ਸ਼ਿਕਾਰੀ ਟਾਲ਼ਾ, ਆਵੇ ਮੂਨਾਂ ਦੇ ਵਿਚ ਕਾਲ਼ਾ।
ਚੱਕਿਆ ਗੜ੍ਹਾ ਉਤਾਹਾਂ ਨੂੰ। ਹੋਣੀ ਖੜ੍ਹੀ ਸਾਂਡਰਸ ਕੋਲ਼ੇ, ਲੱਗ ਗੀ ਗਿਣਨੇ ਸਾਹਾਂ ਨੂੰ।
ਸਜਦੇ ਸੂਟ ਜਿਉਂ ਚੜ੍ਹਨ ਬਰਾਤਾਂ, ਗੱਭਰੂ ਖੜ੍ਹ ਗੇ ਲਾ ਕਰ ਘਾਤਾਂ।
ਬਹੁਤੀ ਆਕੜ ਕਰੇ ਹੰਕਾਰੀ, ਟੰਗ ਨੂੰ ਵਲ਼ ਕੇ ਹੁਬਕਲ਼ੀ ਮਾਰੀ।
ਚੜ੍ਹ ਗਿਆ ਸਾਈਕਲ ਚੰਗੀ 'ਤੇ। ਪੰਜ ਪਸਤੌਲਾਂ ਵਾਲ਼ੇ ਕਰਦੇ ਫ਼ੈਰ ਫ਼ਰੰਗੀ 'ਤੇ॥
ਛੱਡ 'ਤਾ ਭਗਤ ਜੁਆਨ ਨੇ ਭਰ ਕੇ, ਪਾਇਆ ਸ਼ੋਰ ਕਲਰਕਾਂ ਡਰ ਕੇ।
ਅੱਖੀਆਂ ਮੀਚਣ ਸਾਈਕਲ ਭਿੜਗੇ, ਕਿਧਰੇ ਟੋਪ ਅੰਗਰੇਜ਼ੀ ਰਿੜ੍ਹਗੇ।
ਸੁੱਚੀਆਂ ਟਾਈਆਂ ਲਿੱਬੜਦੀਆਂ। ਫਿੱਸੀਆਂ ਗੋਰੀਆਂ ਗੋਗੜਾਂ, ਗੋਰੇ ਅੱਧ-ਪੱਕ ਚਿੱਭੜ ਦੀਆਂ।
ਸਾਰਾ ਜੁੱਸਾ ਥਰ-ਥਰ ਕੰਬ ਗਿਆ, ਫੱਟੜ ਰੋਝ ਬਥੇਰਾ ਰੰਭ ਗਿਆ।
ਆ ਗੀ ਹੋਣੀ ਰੱਤ ਦੀ ਪਿਆਸੀ, ਭੱਜ ਗਿਆ ਕਿਧਰੇ ਨੰਗ ਚਪੜਾਸੀ।
ਪੇਚੇ ਪੈਣ ਪਤੰਗੀ 'ਤੇ। ਪੰਜ ਪਸਤੌਲਾਂ ਵਾਲ਼ੇ ਕਰਦੇ ਫ਼ੈਰ ਫ਼ਰੰਗੀ 'ਤੇ॥
ਆ ਗੀ ਰਾਜਗੁਰੂ ਦੀ ਵਾਰੀ, ਪਿਸਟਲ ਭਰ ਕੇ ਗੋਲ਼ੀ ਮਾਰੀ।
ਹੋ ਗਿਆ ਸ਼ਹਿਰ ਵਿਚਾਲ਼ੇ ਸਾਕਾ, ਇਕ ਬਟੇ ਦੋ ਕੋਹ ਸੁਣੇ ਧਮਾਕਾ।
ਰੁੱਗ ਮਾਸ ਕੱਢ ਲਿਆ ਗਰਦਨ ਦਾ। ਦਰਦ ਵੰਡਾਵਣ ਚੜ੍ਹ ਗਿਆ ਦਰਦੀ ਭਾਰਤ ਦਰਦਣ ਦਾ।
ਦੋਹਵੇਂ ਮੌਰ ਵਚਾਲ਼ਿਓਂ ਪਾਟੇ, ਲੱਗ ਗੇ ਰੱਤ ਦੇ ਪੈਣ ਧਲ਼ਾਟੇ।
ਪੈ ਗਿਆ ਗਲ਼ ਚ ਟੋਪ ਦਾ ਫੀਤਾ, ਪੀੜਾਂ ਲੱਗੀਆਂ ਹਾਏ-ਹਾਏ ਕੀਤਾ।
ਚੀਰ ਬਣਾ ਤੇ ਸੰਘੀ 'ਤੇ। ਪੰਜ ਪਸਤੌਲਾਂ ਵਾਲ਼ੇ ਕਰਦੇ ਫ਼ੈਰ ਫ਼ਰੰਗੀ 'ਤੇ॥
ਫਿਰ ਸੁਖਦੇਵ ਚਲਾ ਤੀ ਗੋਲ਼ੀ, ਰਾਹੀ ਪਾਉਂਦੇ ਕਾਵਾਂ-ਰੌਲ਼ੀ।
ਸਹੁਰੀ ਟੀਂ-ਟੀਂ ਕਰਦੀ ਜਾਂਦੀ, ਰਾਜ਼ੀ ਕਿਚਲੂ, ਝੁਰਦਾ ਗਾਂਧੀ।
ਰੰਗਣਾਂ ਚੜ੍ਹੀ ਜਵਾਹਰ ਨੂੰ। ਐ ਅੰਗਰੇਜ਼ ਦਬੱਲ ਦਿਓ ਹਿੰਦੋਸਤਾਨੋਂ ਬਾਹਰ ਨੂੰ।
ਹੋ ਗਿਆ ਖੜਕਾ ਭੱਜ ਗੇ ਤੂੰਬੇ, ਗਿਰਦੇ ਫਿਰਦੇ ਰੱਤ ਦੇ ਬੂੰਬੇ।
ਸੀ ਲਾਲ ਮਖ਼ਮਲ ਵਰਗੀ ਦੇਹੀ, ਵੱਜ ਕੇ ਤੇਜ਼ ਬਰੂਦਾਂ ਫੇਹੀ।
ਜੈਸੇ ਕਰਦ ਨਰੰਗੀ 'ਤੇ। ਪੰਜ ਪਸਤੌਲਾਂ ਵਾਲ਼ੇ ਕਰਦੇ ਫ਼ੈਰ ਫ਼ਰੰਗੀ 'ਤੇ॥
ਚੰਦਰ ਸ਼ੇਖਰ ਰੌਂਦ ਚਲਾਇਆ, ਮਾਂ ਦੇ ਲਾਲ ਜ਼ਬਿਸਕੂ1 ਢਾਇਆ।
ਕਾਰਤੂਸ ਕੱਢ ਤਾ ਮੋਟੇ ਪੱਟ ਚੋਂ, ਗਿਰਦਾ ਸੁਰਖ਼ ਲਹੂ ਜਿਹਾ ਫੱਟ ਚੋਂ।
ਜਿਵੇਂ ਦੋ ਨਾਲ਼ੇ ਮੋਘੇ ਜੀ। ਬਗਲੇ ਹਿੰਦ ਚੋਂ ਲਾਉਣ ਉਡਾਰੀ, ਚੁਗਣ ਵਲਾਇਤੋਂ ਚੋਗੇ ਜੀ।
ਜਿਹੜੇ ਬੁੱਲ੍ਹ ਸਨ ਪਾਨੋਂ ਪਤਲੇ, ਪਾੜਿਆ ਮਾਸ ਖਿੰਡਾ ਤੇ ਗਤਲ਼ੇ।
ਹੋ ਗੇ ਲੰਦਨ ਦੇ ਅੱਜ ਢੈਲ਼ੇ, ਚੜ੍ਹਗੇ ਦੋ-ਦੋ ਉਂਗਲ਼ਾਂ ਮੈਲ਼ੇ।
ਉਸਦੀ ਹਿਕ ਜ੍ਹੀ ਨੰਗੀ 'ਤੇ। ਪੰਜ ਪਸਤੌਲਾਂ ਵਾਲ਼ੇ ਕਰਦੇ ਫ਼ੈਰ ਫ਼ਰੰਗੀ 'ਤੇ॥
ਚਲਾ ਤੀ ਜੈ ਗੁਪਾਲ ਨੇ ਮਗਰੋਂ, ਡੂੰਘਾ ਟੋਆ ਬਣਾ ਤਾ ਗੱਗਰੋਂ।
ਲਗ ਗਿਆ ਸੀਸ ਜ਼ਿਮੀਂ 'ਤੇ ਲੇਟਣ, ਪੱਕੀਆਂ ਸੜਕਾਂ ਫਿਸ ਗਿਆ ਟੋਟਣ।
ਗੇੜਾ ਬੰਨ੍ਹ ਲਿਆ ਬਾਹਵਾਂ ਨੇ। ਤੇ ਜੱਟ ਮਿਰਜ਼ੇ ਵਾਂਙੂ ਝੁਰਮਟ ਪਾ ਲਿਆ ਕਾਵਾਂ ਨੇ।
ਪਿੱਟ ਕੇ ਦਸ ਪੰਦਰਾਂ ਸਾਲ ਧਾਂਦਲ਼, 'ਬਾਬੂ' ਗੋਰੇ ਟੱਪ ਗੇ ਚਾਂਦਲ਼ 2।
ਸਾਜ਼ੋਂ ਬਿਨਾਂ ਕਵੀਸ਼ਰ ਗੱਜਦੇ, ਕਿਤੇ ਤਾਂ ਤੂੰਬੇ ਤੁਣ-ਤੁਣ ਵੱਜਦੇ।
ਕਈ ਸੁਰ ਲੌਣ ਸਰੰਗੀ 'ਤੇ। ਪੰਜ ਪਸਤੌਲਾਂ ਵਾਲ਼ੇ ਕਰਦੇ ਫ਼ੈਰ ਫ਼ਰੰਗੀ 'ਤੇ॥

***ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਜਨਮ ਸ਼ਤਾਬਦੀ ਵੇਲੇ ਸਮਕਾਲ ਵਾਸਤੇ ਬਾਬੂ ਰਜਬ ਅਲੀ ਦਾ ਇਹ ਛੰਦ ਕਿਉਂ ਚੁਣਿਆ?***

ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਪੰਜਾਬ ਤੇ ਹਿੰਦੁਸਤਾਨ ਭਰ ਵਿਚ ਆਜ਼ਾਦੀ ਦੀ ਜੰਗ ਵਿਚ ਹੋਰ ਅਣਗਿਣਤ ਲੋਕਾਂ ਨੇ ਅਪਣੀਆਂ ਜਾਨਾਂ ਵਾਰੀਆਂ। ਭਗਤ ਸਿੰਘ ਨੂੰ "ਸ਼ਹੀਦ-ਏ-ਆਜ਼ਮ" ਆਖਣ ਨਾਲ਼ ਉਹਦਾ ਕੋਈ ਬਹੁਤਾ ਮਾਣ ਨਹੀਂ ਹੁੰਦਾ। ਭਗਤ ਸਿੰਘ ਨੂੰ ਆਪ ਸ਼ਹੀਦ ਹੋਣ ਦਾ ਚਾਅ ਤਾਂ ਸੀ, ਪਰ ਉਹਨੇ ਨਹੀਂ ਚਾਹਿਆ ਹੋਣਾ ਕਿ ਉਹਨੂੰ ਸ਼ਹੀਦ-ਏ-ਆਜ਼ਮ ਦੀ ਉਪਾਧੀ ਦਿੱਤੀ ਜਾਵੇ। ਕਰਤਾਰ ਸਿੰਘ ਸਰਾਭਾ ਅਤੇ ਹੋਰ ਅਨੇਕ ਸ਼ਹੀਦ ਭਗਤ ਸਿੰਘ ਦੇ ਰੋਲ ਮਾਡਲ ਸਨ। ਜੇ ਭਗਤ ਸਿੰਘ "ਸ਼ਹੀਦ-ਏ-ਆਜ਼ਮ" ਹੈ, ਤਾਂ ਅਸੀਂ ਕਰਤਾਰ ਸਿੰਘ ਨੂੰ ਕੀ ਆਖਾਂਗੇ? ਗੁਰੂ ਅਰਜਨ ਦੇਵ ਜੀ ਨੂੰ ਕੀ ਆਖਾਂਗੇ?

ਮਾਲਵੇ ਦੇ ਕਵੀਸ਼ਰ ਬਾਬੂ ਰਜਬ ਅਲੀ (ਜਨਮ: 1894 ਸਾਹੋਕੇ ਚਲਾਣਾ: 1979 ਓਕਾੜਾ) ਦਾ ਇਹ ਛੰਦ ਇਸ ਲਈ ਚੁਣਿਆ ਹੈ ਕਿ ਇਹ ਪੰਜਾਬੀ ਲੋਕ-ਮਾਨਸਿਕਤਾ ਦੀ ਐਨ ਸਹੀ ਤਰਜਮਾਨੀ ਕਰਦੀ ਹੈ। ਭਗਤ ਸਿੰਘ ਬਾਰੇ ਬੀਸੀਓਂ ਕਿੱਸੇ-ਚਿੱਠੇ, ਕਵਿਤਾਵਾਂ, ਗੀਤ, ਡਰਾਮੇ ਲਿਖੇ ਗਏ ਹਨ ਅਤੇ ਕਈ ਫ਼ਿਲਮਾਂ ਵੀ ਬਣ ਚੁੱਕੀਆਂ ਹਨ। ਬਾਬੂ ਦੀ ਇਹ ਰਚਨਾ ਉਨ੍ਹਾਂ ਸਾਰੀਆਂ ਕਿਰਤਾਂ ਦਾ ਨਚੋੜ ਹੈ ਅਤੇ ਹੁਣ ਤਕ ਭਗਤ ਸਿੰਘ ਬਾਰੇ ਬਣੀ ਹਰ ਫ਼ਿਲਮ ਦਾ ਸਕ੍ਰੀਨ ਪਲੇਅ ਹੈ। ਭਗਤ ਸਿੰਘ ਦੀ ਇਸ ਫ਼ਿਲਮ ਦਾ ਸਿਖਰ ਮੀਆਂਵਾਲ਼ੀ-ਸਰਗੋਧੇ ਦੇ ਰਾਮ ਲਭਾਇਆ ਤਾਹਿਰ ਦੀ ਲਿਖੀ ਘੋੜੀ ਹੈ। ਭਗਤ ਸਿੰਘ ਨੂੰ 'ਲੋਕਾਂ' ਦੀਆਂ ਨਜ਼ਰਾਂ ਨਾਲ਼ ਦੇਖਣ ਲਈ ਇਹ ਦੋ ਰਚਨਾਵਾਂ ਹੀ ਬਹੁਤੇਰੀਆਂ ਹਨ। ਡੇਢ੍ਹ ਸੌ ਪੰਜਾਬੀ ਕਵੀਆਂ ਦੀ ਲਿਖੀ ਇੱਕੋ ਰਚਨਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਕਾਵਿ (ਨੈਸ਼ਨਲ ਬੁੱਕ ਟਰੱਸਟ ਇੰਡੀਆ. 2005) ਕਿਤਾਬ ਵਿਚ ਦਰਜ ਹੈ।

***ਪੰਜਾਬੀ ਲੋਕ-ਮਾਨਸਿਕਤਾ ਦਾ ਕੀ ਮਤਲਬ ਹੈ?***

ਪੰਜਾਬ ਦਾ ਤਿੰਨ ਹਜ਼ਾਰ ਸਾਲ ਦਾ ਇਤਿਹਾਸ ਬਾਹਰਲੇ ਧਾੜਵੀਆਂ ਅੱਗੇ ਹਿੱਕ ਡਾਹੁਣ ਦਾ ਇਤਿਹਾਸ ਹੈ। ਸਿੱਖ ਅਰਦਾਸ ਵੀ ਜ਼ੁਲਮ, ਤਸ਼ੱਦਦ ਤੇ ਕੁਰਬਾਨੀ ਦੇ ਇਸ ਇਤਿਹਾਸ ਦੀ ਵਾਰਤਾ ਹੈ।

ਪੰਜਾਬ ਵਿੱਚੋਂ ਬਰਤਾਨਵੀ ਸਾਮਰਾਜ-ਵਿਰੋਧੀ ਲਹਿਰ ਵਿਚ ਕੋਈ ਕੌਮੀ ਪੱਧਰ ਦਾ ਆਗੂ ਨਹੀਂ ਉੱਭਰ ਸਕਿਆ ਸੀ। ਅਜੀਤ ਸਿੰਘ ਤੇ ਲਾਜਪਤ ਰਾਏ ਇਹ ਘਾਟਾ ਪੂਰ ਸਕਦੇ ਸੀ। ਪਰ ਅਜੀਤ ਸਿੰਘ ਦੀ ਖਾਹਮਖਾਹ ਦੀ ਆਪ-ਸਹੇੜੀ ਜਲਾਵਤਨੀ ਅਤੇ ਲਾਜਪਤ ਰਾਏ ਦੀ ਹੋਈ ਕੁਵੇਲੇ ਮੌਤ ਨਾਲ਼ ਇਹ ਇਤਿਹਾਸਕ ਵੇਲਾ ਖੁੰਝ ਗਿਆ।

ਬਿਨਾਂ ਸ਼ੱਕ ਗਾਂਧੀ ਜੀ ਕੌਮੀ ਲਹਿਰ ਦੇ ਮਹਾਨ ਆਗੂ ਸਨ। ਪਰ ਪੰਜਾਬੀ ਕੌਮਪ੍ਰਸਤੀ ਦਾ ਕੰਡਾ "ਹਿੰਦੂ ਗੁਜਰਾਤੀ ਖੱਸੀ ਬਾਣੀਏ" ਨੂੰ ਆਜ਼ਾਦੀ ਦਾ ਆਗੂ ਮੰਨਣ ਲਈ ਤਿਆਰ ਨਹੀਂ। ਭਗਤ ਸਿੰਘ ਨੂੰ ਗਾਂਧੀ ਦੇ ਬਰਾਬਰ ਦਾ ਜਾਂ ਉਸ ਤੋਂ ਵੱਡਾ ਦਰਜਾ ਦੇ ਕੇ ਹਰ ਪੰਜਾਬੀ ਨੂੰ ਤਸੱਲੀ ਹੁੰਦੀ ਹੈ।

ਭਗਤ ਸਿੰਘ ਦਾ ਨਾਂ ਹਰ ਧਰਮ, ਹਰ ਸਿਆਸੀ ਵਿਚਾਰਧਾਰਾ ਦਾ ਘਰ ਪੂਰਾ ਕਰਦਾ ਹੈ। ਸਿਰਫ਼ ਗਿਣਤੀ ਦੇ "ਖ਼ਾਲਿਸਤਾਨੀ" ਭਗਤ ਸਿੰਘ ਨੂੰ ਨਾ ਸ਼ਹੀਦ ਮੰਨਦੇ ਹਨ ਅਤੇ ਨਾ ਉਹਦੀ ਕੋਈ ਦੇਣ।

ਭਗਤ ਸਿੰਘ ਦੇਸ ਪੰਜਾਬ ਦੀ ਕੌਮੀ ਪਛਾਣ ਹੈ। ਓਵੇਂ ਜਿਵੇਂ ਗੁਰੂ ਸਾਹਿਬਾਨ, ਹੀਰ-ਰਾਂਝਾ-ਵਾਰਿਸ ਅਤੇ ਸੂਫ਼ੀ ਪੀਰ।

**ਸੰਤ ਸਿੰਘ ਸੇਖੋਂ ਭਗਤ ਸਿੰਘ ਨੂੰ ਨਾਇਕ ਮੰਨਣੋਂ ਇਨਕਾਰੀ ਕਿਉਂ ਸੀ?**

ਮੁੱਛ-ਮਰੋੜ ਟੋਪ-ਬੰਬ-ਪਿਸਤੌਲ ਵਾਲ਼ੇ ਭਗਤ ਸਿੰਘ ਦਾ ਮਾਰਕਸਵਾਦ-ਲੇਨਿਨਵਾਦ ਨਾਲ਼ ਕੋਈ ਵਾਸਤਾ ਨਹੀਂ। ਅਸਲ ਵਿਚ ਭਗਤ ਸਿੰਘ ਨੂੰ ਜੇਲ ਚ ਜਾ ਕੇ ਗਿਆਨ ਹੋਇਆ ਸੀ ਕਿ ਇਹ ਕਤਲਾਂ-ਬੰਬਾਂ-ਪਿਸਤੌਲਾਂ ਵਾਲ਼ਾ ਰਸਤਾ ਲੋਕ ਲਹਿਰ ਦਾ ਨਹੀਂ; ਸਿੱਧਾ ਅਜਾਈਂ ਮੌਤ ਦੀ ਲਹਿਰ ਦਾ ਰਸਤਾ ਹੈ। ਇਹਨੇ ਜੇਲੋਂ ਪੰਜਾਬ ਦੇ ਵਿਦਿਆਰਥੀਆਂ ਨੂੰ 19 ਅਕਤੂਬਰ 1929 ਦੀ ਚਿੱਠੀ ਲਿਖ ਕੇ ਇਸ ਰਸਤਿਓਂ ਵਰਜਿਆ ਵੀ ਸੀ "ਅਸੀਂ ਨੌਜਵਾਨਾਂ ਨੂੰ ਬੰਬ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਉਨ੍ਹਾਂ ਦੇ ਕਰਨ ਨੂੰ ਇਸ ਤੋਂ ਕਿਤੇ ਵੱਡੇ ਕੰਮ ਹਨ।...ਫ਼ੈਕਟਰੀਆਂ ਵਿਚ ਕੰਮ ਕਰਦੇ ਲੱਖਾਂ ਮਜ਼ਦੂਰਾਂ ਕੋਲ਼, ਪਿੰਡਾਂ ਦੀਆਂ ਕੁੱਲੀਆਂ ਢਾਰਿਆਂ ਵਿਚ ਨੌਜਵਾਨਾਂ ਨੇ ਇਨਕ਼ਲਾਬ ਦਾ ਸੁਨੇਹਾ ਦੇਸ ਦੀ ਹਰ ਨੁੱਕਰ ਚ ਪਹੁੰਚਾਣਾ ਹੈ।" ਗ਼ਦਰ ਪਾਰਟੀ ਦੇ ਆਗੂ ਲਲਤੋਂ ਵਾਲ਼ੇ ਬਾਬੇ ਗੁਰਮੁਖ ਸਿੰਘ ਅਤੇ ਮਾਹਲਪੁਰ ਦੇ ਹਰਜਾਪ ਸਿੰਘ ਨੇ ਰੂਸ ਤੋਂ ਇਨਕਲ਼ਾਬੀ ਤਾਲੀਮ ਲੈ ਕੇ ਕਾਬਲ ਵਿਚ ਜਲਾਵਤਨੀ ਕੱਟਦਿਆਂ ਸੰਨ 1930 ਦੇ ਕਿਰਤੀ ਪਰਚੇ ਵਿਚ ਛਪਵਾਈ ਅਪਣੀ ਸਾਂਝੀ ਚਿੱਠੀ ਵਿਚ ਭਗਤ ਸਿੰਘ ਹੁਰਾਂ ਦੇ ਜ਼ਾਤੀ ਐਕਸ਼ਨਾਂ ਨੂੰ ਅਤੇ ਇੱਥੋਂ ਤਕ ਗ਼ਦਰ ਲਹਿਰ ਅਤੇ ਬੱਬਰ ਲਹਿਰ ਨੂੰ ਵੀ 'ਟੈਰਾਰਿਸਟ' ਆਖਿਆ ਸੀ। ਸੇਖੋਂ ਨੇ ਇਹ ਮਿਸਾਲ ਦਿੱਤੀ ਸੀ ਕਿ ਲੇਨਿਨ ਨੇ ਅਪਣੇ ਵੱਡੇ ਭਰਾ ਦੇ ਬੁੱਤ ਰੂਸ ਵਿਚ ਥਾਂ-ਪਰ-ਥਾਂ ਨਹੀਂ ਸੀ ਲੁਆਏ, ਜਿਹੜਾ ਰੂਸ ਦੇ ਰਾਜੇ ਨੂੰ ਕਤਲ ਕਰਨ ਦੇ ਦੋਸ਼ ਵਿਚ ਫਾਹੇ ਲਗ ਗਿਆ ਸੀ।

ਸੇਖੋਂ ਤਾਂ ਖ਼ੈਰ ਲਿਖਾਰੀ ਸੀ, ਪਰ ਸਾਰੇ ਪੰਜਾਬੀ ਕਮਿਉਨਿਸਟ ਲੀਡਰ ਸਣੇ ਅਜੈ ਘੋਸ਼ ਦੇ, ਭਗਤ ਸਿੰਘ ਬਾਰੇ ਜਜ਼ਬਾਤੀ ਗੱਲਾਂ ਦੀ ਦਾਲ਼ ਰਿੰਨ੍ਹ ਕੇ ਉਪਰ ਮਾਰਕਸਵਾਦ-ਲੇਨਿਨਵਾਦ ਦਾ ਧਨੀਆ ਛਿੜਕ ਕੇ ਲਾਂਭੇ ਹੁੰਦੇ ਰਹੇ ਹਨ। ਕੋਈ ਨਹੀਂ ਦਸਦਾ ਕਿ ਭਗਤ ਸਿੰਘ ਜਿਨ੍ਹਾਂ ਕਾਰਨਾਮਿਆਂ ਕਰਕੇ ਫਾਹੇ ਲੱਗਿਆ, ਉਹ ਸਹੀ ਸੀ ਜਾਂ ਨਹੀਂ? ਕੀ ਅਸੰਬਲੀ ਚ ਬੰਬ ਸੁੱਟਣ ਨਾਲ਼ 'ਬੋਲ਼ੇ' ਸੁਣਨ ਲਗ ਪਏ ਸੀ? ਨਵੀਨਤਮ ਮਿਸਾਲ 'ਰੁਸਤਮ-ਏ-ਹਿੰਦ' ਹਰਕਿਸ਼ਨ ਸਿੰਘ ਸੁਰਜੀਤ ਦੇ ਨਾਂ ਹੇਠਾਂ ਛਪੀਆਂ ਅਤੇ ਇੰਟਰਨੈੱਟ 'ਤੇ ਚੜ੍ਹੀਆਂ ਲਿਖਤਾਂ ਹਨ।



***ਨੈਸ਼ਨਲ ਕਾਲਜ ਲਹੌਰ ਡਰਾਮੈਟਿਕ ਕਲੱਬ. ਖੜ੍ਹਿਆਂ 'ਚ ਸੱਜਿਓਂ ਚੌਥਾ ਭਗਤ ਸਿੰਘ ਹੈ- 1924***

ਸੇਖੋਂ ਜਾਂ ਚੰਦ-ਕੁ ਹੋਰ ਬੰਦਿਆਂ ਦੀਆਂ ਫੈਲਸੂਫੀਆਂ ਕਿਸੇ ਆਮ ਬੰਦੇ ਨੂੰ ਕਦੇ ਵੀ ਨਹੀਂ ਪੋਹਣਗੀਆਂ; ਜਿਹੜਾ ਭਗਤ ਸਿੰਘ ਦੀ ਘੋੜੀ, 'ਉਹਦੀ ਹੋਵਣ ਵਾਲ਼ੀ ਨਾਰ ਨੂੰ ਕਿਸੇ ਨੇ ਦੱਸਿਆ ਜਾ...' ਗੀਤ ਸੁਣ-ਸੁਣ ਅਤੇ ਫ਼ਿਲਮਾਂ ਵਿਚ ਫਾਂਸੀ ਦਾ ਰੱਸਾ ਚੁੰਮਦੇ ਭਗਤ ਸਿੰਘ ਦਾ ਨਜ਼ਾਰਾ ਦੇਖ ਕੇ ਬੁਕ-ਬੁਕ ਰੋਂਦਾ ਹੈ। ਤੇ ਨਾਲ਼ ਹੀ ਸੋਚਦਾ ਹੈ ਭਗਤ ਸਿੰਘ ਘਰ-ਘਰ ਜੰਮੇ, ਪਰ ਗਵਾਂਢੀਆਂ ਦੇ ਜੰਮੇ!

ਕਿੰਨੇ ਕੁ ਭਗਤ ਸਿੰਘ ਦੀ ਇਹ ਪਤੇ ਦੀ ਗੱਲ ਸਮਝਣੀ ਚਾਹੁੰਦੇ ਹਨ? ਇਨਕ਼ਲਾਬ ਦੀ ਤਲਵਾਰ ਅਕ਼ਲ ਦੀ ਸਾਣ 'ਤੇ ਤਿੱਖੀ ਹੁੰਦੀ ਹੈ।

ਭਗਤ ਸਿੰਘ ਦਾ ਤੇਈ ਸਾਲ ਦੀ ਨਿੱਕੀ ਉਮਰ ਚ ਫਾਹੇ ਲਗ ਜਾਣਾ, ਉਹਦੇ ਘਰ-ਦਿਆਂ ਵਾਸਤੇ ਹੀ ਨਹੀਂ; ਸਗੋਂ ਸਾਰੇ ਦੇਸ ਦਾ ਬਹੁਤ ਵੱਡਾ ਦੁਖਾਂਤ ਸੀ। ਉਹਦੇ ਜਿੰਨੀ ਦਾਨਿਸ਼ਵਰੀ ਕੌਮੀ ਲਹਿਰ ਦੇ ਹੋਰ ਕਿਸੇ ਪੰਜਾਬੀ ਆਗੂ ਵਿਚ ਨਹੀਂ ਦਿਸਦੀ। ਰਤਾ ਸੋਚੋ, ਜੇ ਲੇਨਿਨ ਤੇਈ ਸਾਲ ਦੀ ਉਮਰੇ ਫਾਹੇ ਲਗ ਜਾਂਦਾ, ਜਾਂ ਹੋ ਚੀ ਮਿੰਨ੍ਹ, ਤਾਂ ਉਨ੍ਹਾਂ ਦੇ ਦੇਸਾਂ ਦਾ ਇਤਿਹਾਸ ਅੱਜ ਕੀ ਹੁੰਦਾ।

ਭਗਤ ਸਿੰਘ ਦੇ ਕਿੰਨੇ ਬੁੱਤ ਪੰਜਾਬ ਤੇ ਹੋਰ ਥਾਈਂ ਲੱਗੇ ਹੋਏ ਹਨ। ਕਿੰਨੀਆਂ ਸੜਕਾਂ, ਗਲ਼ੀਆਂ-ਮੁਹੱਲਿਆਂ ਦੇ ਨਾਂ ਭਗਤ ਸਿੰਘ ਦੇ ਨਾਂ 'ਤੇ ਰੱਖੇ ਹੋਏ ਹਨ। ਉਹਦੀ ਯਾਦ ਵਿਚ ਕਿੰਨੇ ਅਖੰਡ ਪਾਠ, ਕਿੰਨੇ ਕਬੱਡੀ ਟੂਰਨਾਮੈਂਟ ਦੇਸਾਂ-ਪਰਦੇਸਾਂ ਵਿਚ ਹੁੰਦੇ ਹਨ। ਭਾਰਤ ਸਰਕਾਰ ਨੇ ਭਗਤ ਸਿੰਘ ਦੀ ਡਾਕ-ਟਿਕਟ ਵੀ ਇਸ ਸਾਲ ਜਾਰੀ ਕਰ ਦੇਣੀ ਹੈ; ਇਹਦੀ ਤਸਵੀਰ ਪਾਰਲੀਮੈਂਟ ਚ ਲਗ ਜਾਣੀ ਹੈ। ਪਰ ਇਹਦੀ ਸਿੱਕੇਬੰਦ ਜੀਵਨੀ ਕਿਸੇ ਨੇ ਨਹੀਂ ਲਿਖਣੀ।

ਲੋਕ ਅਪਣੀ ਲੋੜ ਨੂੰ ਭਗਤ ਸਿੰਘ ਅਤੇ ਇਹਦੇ ਵਰਗੇ ਹੋਰ ਕਰਨੀ ਵਾਲ਼ਿਆਂ ਤੋਂ ਪ੍ਰੇਰਣਾ ਲੈਂਦਿਆਂ ਰਿਜ਼ਕ ਤੇ ਆਜ਼ਾਦੀ ਲਈ ਜੂਝਦੇ ਰਹਿਣਗੇ। ਭਗਤ ਸਿੰਘ ਨੂੰ ਅਸਲ ਸ਼ਰਧਾਂਜਲੀ ਇਹੀ ਹੋ ਸਕਦੀ ਹੈ ਕਿ ਲੇਨਿਨ ਦੇ ਆਖਣ ਵਾਂਙ 'ਆਤਮਘਾਤ ਦੇ ਬਚਪਣੇ ਦੇ ਰੋਗ' ਤੋਂ ਬਚਦਿਆਂ ਸਮਾਜੀ ਨਿਆਂ ਦੀ ਲੋਕ-ਲਹਿਰ ਉਸਰਦੀ ਰਹੇ। ਉਨ੍ਹਾਂ ਦਾ ਲਿਆ ਸੁਪਨਾ ਤਾਂ ਹਾਲੇ ਵੀ ਪੂਰਾ ਨਹੀਂ ਹੋਇਆ। ਅੱਜ ਵੀ ਪੂੰਜੀਵਾਦ ਤੇ ਸਾਮਰਾਜਵਾਦ ਦੀ ਚੜ੍ਹ ਮਚੀ ਹੋਈ ਹੈ। ਸਮਾਜਵਾਦ ਕਿਤੇ ਦਿਸਦਾ ਨਹੀਂ। ਭਗਤ ਸਿੰਘ ਦਾ ਨਾਂ ਸਦਾ ਸਲਾਮਤ ਹੈ।

1. ਜਿਵੇਂ ਗਾਮੇ ਭਲਵਾਨ ਨੇ ਸੰਨ 1930 ਵਿਚ ਗੁਰਜਧਾਰੀ ਮਿਰਕਣ ਮੱਲ ਜ਼ਬਿਸਕੂ ਨੂੰ ਢਾਹ ਕੇ ਲੰਡਨ ਦੀ ਛਿੰਜ ਦਾ ਪਟਕਾ ਜਿੱਤਿਆ ਸੀ
2. ਇੰਗਲਿਸ਼ ਚੈਨਲ: ਯੂਰਪ ਤੇ ਬਰਤਾਨੀਆ ਦੇ ਟਾਪੂ ਵਿਚਾਲ਼ੇ ਦਾ ਬਾਈ ਮੀਲ ਲੰਮਾ ਸਮੁੰਦਰੀ ਪਾੜ

Radio 24 Hours
SurSangam
Punjabi, Hindi & Urdu
ਰੇਡੀਓ ਸੁਰਸੰਗਮ
ਕੈਲਗਰੀ ਦਾ ਆਪਣਾ 24 ਘੰਟੇ ਚੱਲਣ ਵਾਲਾ ਪੰਜਾਬੀ, ਹਿੰਦੀ ਅਤੇ ਉਰਦੂ ਰੇਡੀਓ।
ਗੁਰਬਾਣੀ, ਖਬਰਾਂ, ਗੀਤ, ਸੰਗੀਤ, ਟਾਕ ਸ਼ੋਅ ਤੋ ਇਲਾਵਾ ਮਨੋਰੰਜਨ ਅਤੇ ਜਾਣਕਾਰੀ ਭਰਪੂਰ ਹੋਰ ਪ੍ਰੋਗਰਾਮਾਂ ਦਾ ਅਨੰਦ ਮਾਣੋ!

DIRECTOR: KULDEEP SINGH
Calgary's 24 Hours Radio Station
Enjoy Punjabi, Hindi & Urdu
Programs 24 Hours
News, Talkshows, Songs
& Information
LISTEN ONLINE @
www.radiosursangam.com
For Advertising & more info call:
TEL: (403) 236-7426
FAX: (403) 280-0768
#501, 4656 WESTWINDS DRIVE NE CALGARY ALBERTA T3J 3Z5

# ਆਰਥਕ ਹਿੱਤਾਂ ਦੀ ਜੰਗ ਨੂੰ ਸਮਾਜਕ ਤਬਦੀਲੀ ਦੀ ਜੰਗ ਨਾਲ ਜੋੜਨਾ ਜ਼ਰੂਰੀ

**ਪ੍ਰਗਟ ਸਿੰਘ ਜਾਮਾਰਾਏ**

ਗੁਰੂਆਂ ਪੀਰਾਂ, ਗਦਰੀ ਬਾਬਿਆਂ, ਬੱਬਰ ਅਕਾਲੀਆਂ, ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭੇ, ਸ਼ਹੀਦੇ ਆਜਮ ਸ੍ਰ. ਭਗਤ ਸਿੰਘ, ਰਾਜਗੁਰੂ, ਸੁਖਦੇਵ ਵਰਗੇ ਹੋਰ ਅਨੇਕਾਂ ਇਨਕਲਾਬੀਆਂ ਦੀ ਮਹਾਨ ਧਰਤੀ ਪੰਜਾਬ ਮਹਿੰਗੇ ਮੁੱਲ ਲਈ ਅਜ਼ਾਦੀ ਤੋਂ ਬਾਅਦ ਸਰਮਾਏਦਾਰ, ਜਗੀਰਦਾਰ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਭ੍ਰਿਸ਼ਟ ਅਤੇ ਬੇਕਿਰਕ ਸਿਆਸਤਦਾਨਾਂ, ਟੀਚਰਾਂ ਤੋਂ ਸੱਖਣੇ ਸਕੂਲਾਂ, ਸਿਹਤ ਸਹੂਲਤਾਂ ਤੋਂ ਵਾਝੇਂ ਹਸਪਤਾਲਾਂ, ਸਾਫ ਪੀਣ ਵਾਲੇ ਪਾਣੀ ਤੋਂ ਵਾਝੇਂ ਲੋਕਾਂ, ਡੇਰਾਵਾਦ ਤੇ ਢੌਂਗੀ ਬਾਬਿਆਂ, ਬੇਰੁਜ਼ਗਾਰ ਨਿਰਾਸ਼ ਅਤੇ ਨਸ਼ੇਈ ਜਵਾਨੀ ਵਰਗੀਆਂ ਅਨੇਕਾਂ ਹੋਰ ਸਮੱਸਿਆਵਾਂ ਦੇ ਮੱਕੜ-ਜਾਲ ਵਿੱਚ ਫਸਦੀ ਜਾ ਰਹੀ ਹੈ ਜੋ ਮਹਾਨ ਵਿਰਸੇ ਦੇ ਵਾਰਸ ਹਰ ਪੰਜਾਬੀ ਲਈ ਚਿੰਤਾ ਦਾ ਵਿਸ਼ਾ ਹੈ।

ਜੇ ਵਿੱਦਿਆ ਦੀ ਗੱਲ ਕਰੀਏ ਤਾਂ ਗਰੀਬ ਅਤੇ ਆਮ ਲੋਕਾਂ ਨੂੰ ਵਿੱਦਿਆ ਦੇਣ ਤੋਂ ਭੱਜੇ ਹਾਕਮਾਂ ਨੇ ਕੁੱਝ ਹੱਦ ਤੱਕ ਮੁੱਢਲੀ ਵਿੱਦਿਆ ਦੇਦੇਂ ਢਾਂਚੇ ਨੂੰ ਵੀ ਤਹਿਸ ਨਹਿਸ ਕਰ ਦਿੱਤਾ ਹੈ। 12972 ਪ੍ਰਾਈਮਰੀ ਸਕੂਲਾਂ ਵਿੱਚੋਂ 22 ਹਜ਼ਾਰ ਪੋਸਟਾਂ ਖਾਲੀ ਪਈਆਂ ਹਨ। ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ ਨੂੰ ਗੈਰ ਵਿੱਦਿਅਕ ਕੰਮਾਂ ਵਿੱਚ ਉਲਝਾਈ ਰੱਖਣ ਕਾਰਨ 23.66 ਫੀਸਦੀ ਬੱਚੇ ਪੰਜਵੀਂ ਅਤੇ 32.98 ਫੀਸਦੀ ਬੱਚੇ ਅੱਠਵੀਂ ਜਮਾਤ ਪਾਸ ਨਹੀਂ ਕਰਦੇ। ਪਿੰਡਾਂ ਵਿੱਚ ਵੱਸਦੇ ਪੰਜਾਬੀਆਂ ਦੇ ਪੇਂਡੂ ਪਿਛੋਕਤ ਵਾਲੇ ਸਿਰਫ 4.7 ਫੀਸਦੀ ਵਿਦਿਆਰਥੀ ਹੀ ਉੱਚ ਵਿੱਦਿਆ ਪ੍ਰਾਪਤ ਕਰਦੇ ਹਨ ਅਤੇ ਕਿੱਤਾ ਮੁੱਖੀ ਵਿੱਦਿਆ 3.7 ਫੀਸਦੀ ਲੋਕਾਂ ਨੂੰ ਹੀ ਨਸੀਬ ਹੁੰਦੀ ਹੈ। ਇਸ ਵੇਲੇ ਪੰਜਾਬ ਸਿੱਖਿਆ ਦੇ ਖੇਤਰ 'ਚ 18ਵੇਂ ਸਥਾਨ 'ਤੇ ਪਹੁੰਚ ਚੁੱਕਾ ਹੈ।

ਸਿਹਤ ਸਹੂਲਤਾਂ ਗਰੀਬ ਅਤੇ ਆਮ ਲੋਕਾਂ ਤੋਂ ਖੁੱਸ ਚੁੱਕੀਆਂ ਹਨ। ਅੱਜ ਦੇ ਵਿਗਿਆਨਕ ਸਮੇਂ ਅੰਦਰ ਮਹਿੰਗੇ ਇਲਾਜ ਕਾਰਨ ਆਬਾਦੀ ਦਾ ਵੱਡਾ ਹਿੱਸਾ ਹੱਥ ਹੌਲਾ, ਫਾਂਡੇ ਰਾਂਹੀ ਆਪਣੀਆਂ ਬਿਮਾਰੀਆਂ ਅਤੇ ਮੁਸੀਬਤਾਂ ਦਾ ਇਲਾਜ ਲੱਭਣ ਲਈ ਮਜਬੂਰ ਹੈ। ਪ੍ਰਬੰਧ ਤੇ ਸਤਾਏ ਮਾਨਸਿਕ ਰੋਗੀ ਬਣੇ ਲੋਕ ਵਹਿਮਾਂ ਭਰਮਾਂ ਵਿੱਚ ਫਸਦੇ ਜਾ ਰਹੇ ਹਨ। ਦਿਲ ਦੀਆ ਬੰਦ ਨਾੜੀਆਂ, ਫੇਲ੍ਹ ਗੁਰਦੇ ਹੈਪੇਟਾਇਟਸ ਅਤੇ ਕੈਂਸਰ ਦੇ ਲਾਚਾਰ ਗਰੀਬ ਲੋਕ ਢੌਂਗੀ ਬਾਬਿਆਂ ਦੀ ਸ਼ਰਨ ਜਾ ਕੇ ਮੌਤ ਦੀ ਉਡੀਕ ਕਰਦੇ ਹਨ। ਦੇਸ਼ ਦੀਆਂ ਮੁਹਰਲੀਆਂ ਸਫਾ ਵਿੱਚ ਰਹਿਣ ਵਾਲੇ ਅਤੇ ਬਾਕੀ ਦੇਸ਼ ਨਾਲੋਂ ਬੁਨਿਆਦੀ ਢਾਂਚੇ ਦੇ ਕੁੱਝ ਹੱਦ ਤੱਕ ਵਿਕਸਿਤ ਹੋਣ ਦੇ ਬਾਵਜੂਦ ਇੱਕ ਹਜ਼ਾਰ ਪਿੱਛੇ 43 ਬੱਚੇ ਇੱਕ ਸਾਲ ਦੀ ਉਮਰ ਤੋਂ ਪਹਿਲਾਂ ਹੀ ਮਰ ਜਾਂਦੇ ਹਨ ਅਤੇ ਇੱਕ ਲੱਖ ਪਿੱਛੇ 148 ਔਰਤਾਂ ਜਣੇਪੇ ਵੇਲੇ ਹੀ ਮਰ ਜਾਂਦੀਆਂ ਹਨ।

ਪੰਜ ਤਾਰਾ ਹੋਟਲਾਂ, ਵੱਡੇ ਮਾਲਾਂ, ਮੈਟਰੋ ਗੱਡੀਆਂ, ਏ.ਸੀ ਬੱਸਾਂ , 6 ਮਾਰਗੀ ਸੜਕਾਂ ਦੀਆਂ ਤਸਵੀਰਾਂ ਵਿਖਾਉਂਦੇ ਹਾਕਮਾਂ ਦੇ ਰਾਜ ਅੰਦਰ 12423 ਪਿੰਡਾਂ ਵਿੱਚੋਂ 8449 ਪਿੰਡਾਂ ਦਾ ਪਾਣੀ ਪੀਣ ਯੋਗ ਨਹੀਂ। ਸ਼ਹਿਰਾਂ 'ਚ ਬਿਮਾਰੀਆਂ ਫੈਲਾਉਂਦੇ ਮੁਹੱਲਿਆ ਦਾ ਇਸ ਤੋਂ ਵੀ ਮਾੜਾ ਹਾਲ ਹੈ। ਪੰਜਾਬ ਦੇ ਅੰਮ੍ਰਿਤ ਸਮਾਨ ਪਾਣੀ ਅਤੇ ਸਾਫ ਸੁਥਰੇ ਵਾਤਾਵਰਣ ਨੂੰ ਪੂੰਜੀਪਤੀ ਹਾਕਮਾਂ ਦੀਆਂ ਨੀਤੀਆਂ ਨੇ ਵਿਨਾਸ਼ ਦੇ ਕੰਢੇ 'ਤੇ ਪਹੁੰਚਾ ਦਿੱਤਾ ਹੈ। ਪੰਜਾਬ ਦੀ ਧਰਤੀ ਅਤੇ ਆਮ ਲੋਕਾਂ ਦੀ ਸਿਹਤ ਦਾ ਖਿਆਲ ਰੱਖੇ ਬਿਨ੍ਹਾਂ ਸਾਨੂੰ ਕੁਦਰਤ ਵੱਲੋਂ ਦਿੱਤੇ ਕੀਮਤੀ ਸਾਧਨਾਂ ਨੂੰ ਸਿਰਫ ਤੇ ਸਿਰਫ ਲੁੱਟਿਆ ਹੀ ਜਾ ਰਿਹਾ ਹੈ।




ਹਰੇ ਇਨਕਲਾਬ ਦੇ ਚੁੰਗਣੂ ਚੁੰਗਦੇ, ਚਿੱਟੇ, ਨੀਲੇ ਇਨਕਲਾਬ ਦੇ ਸੁਪਨੇ ਵੇਖਦੇ ਪੰਜਾਬੀ ਕਰਜ਼ੇ ਦੇ ਭਾਰ ਹੇਠ ਕੁਰਲਾ ਰਹੇ ਹਨ। 63 ਹਜ਼ਾਰ ਕਰੋੜ ਰੁਪੈ ਦਾ ਕਰਜ਼ਾਈ ਪੰਜਾਬ ਜਿੱਥੇ ਸਿੱਖਿਆ ਦੇ 18 ਵੇਂ ਸਥਾਨ, ਬੰਧੂਆ ਮਜ਼ਦੂਰੀ 'ਚ ਦੂਸਰੇ ਸਥਾਨ, ਪੁਲਿਸ ਹਿਰਾਸਤਾਂ 'ਚ ਮੌਤਾਂ 'ਚ ਚੌਥੇ ਸਥਾਨ ਝੂਠੇ ਕੇਸਾਂ 'ਚ ਫਸਾਉਣ ਵਿੱਚ ਪੰਜਵੇਂ ਸਥਾਨ 'ਤੇ ਪਹੁੰਚ ਗਿਆ ਹੈ ਉੱਥੇ ਭ੍ਰਿਸ਼ਟਾਚਾਰ ਦੇ ਸਾਰੇ ਰਿਕਾਰਡਾਂ ਨੂੰ ਮਾਤ ਪਾ ਰਿਹਾ ਹੈ।

ਖੇਤੀ ਕਿੱਤਾ ਘਾਟੇਵੰਦਾਂ ਧੰਦਾ ਬਣ ਕੇ ਰਹਿ ਗਿਆ ਹੈ ਅਤੇ ਕਿਸਾਨ ਕਰਜ਼ੇ ਦੇ ਜਾਲ ਵਿੱਚ ਫਸ ਚੁੱਕਾ ਹੈ। ਕਿਸਾਨੀ ਕਰਜਾ 30 ਹਜ਼ਾਰ ਕਰੋੜ ਰੁਪੈ ਤੋਂ ਉਪਰ ਜਾ ਚੁੱਕਾ ਹੈ ਜੋ ਪ੍ਰਤੀ ਪਰਿਵਾਰ 1.39 ਲੱਖ ਹੋ ਗਿਆ ਹੈ। 6 ਹਜ਼ਾਰ ਕਿਸਾਨ ਖੁੱਦਕੁਸ਼ੀਆਂ ਕਰ ਚੁੱਕੇ ਹਨ 17 ਫੀਸਦੀ ਕਿਸਾਨੀ ਕਰਜ਼ੇ ਦੀਆਂ ਕਿਸ਼ਤਾਂ ਦੇਣ ਯੋਗ ਨਹੀਂ ਹੈ।

ਪੰਜਾਬ ਸਨਅਤੀ ਤੌਰ ਤੇ ਪੱਛੜ ਗਿਆ ਹੈ, ਕੋਈ ਵੱਡੀ ਸਨਅਤ ਪੰਜਾਬ ਵਿੱਚ ਨਹੀਂ ਲੱਗੀ ਸਗੋਂ ਛੋਟੇ ਛੋਟੇ ਉਦਯੋਗ ਵੀ ਬਹੁ-ਕੌਮੀਂ ਕਾਰਪੋਰੇਸ਼ਨਾਂ ਦੇ ਹਮਲੇ ਅਤੇ ਭਾਰਤ ਦੇ ਇਜਾਰੇਦਾਰਾਂ ਨੂੰ ਪਾਲਦੀਆਂ ਨੀਤੀਆਂ ਕਾਰਣ ਤਬਾਹ ਹੋ ਗਏ ਹਨ। ਸਮੇਂ ਸਮੇਂ ਆਈਆਂ ਵੱਖ ਵੱਖ ਸਰਮਾਏਦਾਰਾਂ ਪੱਖੀ ਸੂਬਾਈ ਸਰਕਾਰਾਂ ਨੇ ਵੀ ਕਦੀ ਸਨਅਤੀ ਕਰਨ ਦਾ ਮਹੌਲ ਤਿਆਰ ਕਰਨ ਲਈ ਮੁੱਢਲੇ ਢਾਂਚੇ ਦੀ ਉਸਾਰੀ, ਬਿਜਲੀ ਉਤਪਾਦਨ ਅਤੇ ਲੰਮੇ ਸਮੇਂ ਦੀ ਸੋਚ ਲੈ ਕੇ ਗਿਨਣਯੋਗ ਸਰਕਾਰੀ ਨਿਵੇਸ਼ ਨਹੀਂ ਕੀਤਾ। ਸਗੋਂ ਚਹੇਤਿਆ ਨੂੰ ਵੇਚਣ ਅਤੇ ਲੁੱਟ ਦੇ ਮਾਲ ਵਿੱਚੋਂ ਹਿੱਸਾ ਪ੍ਰਾਪਤੀ ਤੇ ਹੀ ਕੰਮ ਕਰ ਰਹੇ ਹਨ।

ਬੇਰੁਜ਼ਗਾਰੀ ਮੁੱਖ ਸਮੱਸਿਆ ਦਾ ਰੂਪ ਧਾਰਨ ਕਰ ਚੁੱਕੀ ਹੈ। ਪੰਜਾਬ ਦੀ ਖੇਤੀ ਨਵੀਂ ਪੀੜੀ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇਣੋਂ ਅਸਮਰੱਥ ਹੈ। ਲੋੜਾਂ ਵਿੱਚੋਂ ਲੋੜ ਨਵੇਂ ਰੁਜਗਾਰ ਪੈਦਾ ਕਰਨ ਦੀ ਹੈ।ਖੇਤੀ ਅਧਾਰਤ ਸਨਅਤਾ ਲਾ ਕੇ ਅਤੇ ਸਰਕਾਰੀ ਖੇਤਰ ਅੰਦਰ ਵਿੱਦਿਆ, ਸਿਹਤ ਸਹੂਲਤਾਂ ਅਤੇ ਸੇਵਾਂਵਾਂ ਦੇ ਖੇਤਰ ਨੂੰ ਹੋਰ ਮੋਕਲਾ ਕਰਕੇ ਖੇਤੀ ਦੇ ਵਿਕਾਸ ਲਈ ਯੋਜਨਾਂਵਾਂ ਵਿੱਚ ਹੁਨਰਮੰਦ ਨੌਜਵਾਨਾਂ ਦੇ ਯੋਗਦਨ ਰਾਂਹੀਂ ਹੀ ਸੰਭਵ ਹੋ ਸਕਦਾ ਹੈ।

ਪ੍ਰੰਤੂ ਸਰਕਾਰ ਦੀਆਂ ਉਦਾਰੀਕਰਨ, ਸੰਸਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਕਾਰਨ ਇਹ ਸਾਰੇ ਖੇਤਰ ਤਬਾਹ ਹੋ ਰਹੇ ਹਨ। ਕਿਸੇ ਵੀ ਖੇਤਰ ਵਿਚ ਨਵੀਂਆਂ ਭਰਤੀਆਂ ਲਾਰਿਆਂ ਤੋਂ ਅੱਗੇ ਨਹੀਂ ਵਧੀਆਂ। ਖੇਤੀ ਦੇ ਘਰੇਲੂ ਧੰਦੇ ਤੋਂ ਬਿਨ੍ਹਾਂ ਵਿਦੇਸ਼ਾਂ ਵਿੱਚ ਜਾ ਕੇ ਰੋਜ਼ਗਾਰ ਪ੍ਰਾਪਤ ਕਰਨ ਦਾ ਰਾਹ ਹੀ ਇੱਕ ਰਾਹ ਸੀ। ਜੋ ਸਾਰੇ ਨੌਜਵਾਨਾਂ ਲਈ ਰੋਜ਼ਗਾਰ ਦਾ ਸੋਮਾ ਕਦੇ ਵੀ ਨਹੀਂ ਹੋ ਸਕਦਾ। ਦੁਨੀਆਂ ਵਿਚ ਵਾਪਰੇ ਆਰਥਿਕ ਮੰਦਵਾੜੇ ਨੇ ਰੋਜ਼ਗਾਰ ਪ੍ਰਾਪਤ ਲੋਕਾਂ ਨੂੰ ਵੀ ਬੇਰੁਜ਼ਗਾਰ ਕਰ ਦਿੱਤਾ ਹੈ। ਅਮਰੀਕਾ ਵਿਚ ਬੇਰੁਜ਼ਗਾਰੀ 5% ਤੋਂ 10% ਦਾ ਵਾਧਾ ਅਤੇ ਯੂਰਪੀ ਯੂਨੀਅਨ ਵਿਚ 6.8% ਤੋਂ 8% ਤੇ ਪਹੁੰਚ ਗਈ ਹੈ ਅਰਬ ਮੁਲਕਾ ਵਿਚ ਗਏ ਭਾਰਤੀਆਂ ਦੀ ਵਤਨ ਵਾਪਸੀ ਜਾਰੀ ਹੈ।

ਸੋ ਸਾਰੇ ਨਿਰਾਸ਼ਾ ਜਨਕ ਮਾਹੌਲ ਅੰਦਰ ਨੌਜਵਾਨ ਵਰਗ ਆਪਣੇ ਭਵਿੱਖ ਤੋਂ ਚਿੰਤਤ ਦਿਖਾਈ ਦੇ ਰਿਹਾ ਹੈ। ਇੰਨ੍ਹਾਂ ਚਿੰਤਾਵਾ ਦਾ ਪ੍ਰਗਟਾਵਾ ਵੱਖਰੇ ਵੱਖਰੇ ਰੂਪਾਂ ਵਿੱਚ ਹੋ ਰਿਹਾ ਹੈ ਇੱਕ ਹੈ ਨਿਰਾਸ਼ਾ ਭਰਿਆ ਮਹੌਲ, ਜਿਸਨੂੰ ਸਿਰਜਨ ਵਿਚ ਸਾਡੇ ਸਮਾਜਿਕ ਪ੍ਰਬੰਧ ਨੂੰ ਚਲਾਉਣ ਵਾਲੇ ਹਾਕਮਾਂ ਦਾ ਮੁੱਖ ਰੋਲ ਹੈ, ਜੋ ਪੈਸੇ ਨੂੰ ਕੁਝ ਹੱਥਾ ਵਿਚ ਕੇਂਦਰਤ ਕਰਦੇ ਗਏ ਹਨ। ਅਮੀਰੀ ਗਰੀਬੀ ਦਾ ਪਾੜਾ ਵੱਧਦਾ ਜਾ ਰਿਹਾ ਹੈ ਇੱਕ ਪਾਸੇ ਟੀ.ਵੀ ਅਤੇ ਫਿਲਮਾਂ, ਅਸਮਾਨ ਛੂਹਦੀਆਂ ਇਮਾਰਤਾਂ ਚੰਮ-ਚਮਾਂਉਦੀਆਂ ਕਾਰਾਂ ਐਸ਼ੋ-ਅਰਾਮ ਦੇ ਸੁਪਨਿਆਂ ਦਾ ਸੰਸਾਰ ਸਿਰਜਦੀਆਂ ਹਨ ਦੂਸਰੇ ਪਾਸੇ ਸਾਧਨ ਵਿਹਾਉਣੇ ਬੇ-ਰੁਜਗਾਰ ਹਨ। ਉਪਰੋਂ ਹਾਕਮਾਂ ਦੇ ਕਲਮ ਘੜੀਸ ਅਤੇ ਟੀ ਵੀ ਚੈਨਲਾਂ ਤੇ ਚੱਲਦੀਆਂ ਬਹਿਸਾਂ ਵਿਚ ਪੰਜਾਬੀ ਨੌਜਵਾਨਾ ਨੂੰ ਕੰਮ-ਚੋਰ ਵਿਹਲੜ ਕਹਿਣ ਦੀਆਂ ਕੁਚਾਲਾ ਨੇ ਕੁਝ ਨੌਜਵਾਨਾ ਨੂੰ ਲੀਹੋ ਲਾਹ ਦਿੱਤਾ ਹੈ। ਲੀਹੋ ਲੱਥੇ ਨੌਜਵਾਨ ਲੁੱਟਾ ਖੋਹਾ, ਗੈਰਸਮਾਜੀ ਕੰਮਾਂ ਅਤੇ ਨਸ਼ਿਆ ਦੇ ਮੱਕੜ ਜਾਲ ਵਿਚ ਬੁਰੀ ਤਰਾ ਫੱਸ ਚੁੱਕੇ ਹਨ। ਸਮਾਜਿਕ ਪ੍ਰਬੰਧ ਨੂੰ ਚਲਾਉਦੇ ਸਿਆਸੀ ਆਗੂ ਇਹਨਾਂ ਨਿਰਾਸ਼ ਨੌਜਵਾਨਾਂ ਨੂੰ ਵਰਤ ਕੇ ਇਸ ਸਮਾਜਿਕ ਪ੍ਰਬੰਧ ਦੀ ਉਮਰ ਨੂੰ ਲਮੇਰਾ ਕਰ ਰਹੇ ਹਨ ਅਤੇ ਇਸ ਕਾਲੇ ਧੰਦੇ ਵਿਚੋ ਚੋਖੀ ਕਮਾਈ ਕਰ ਰਹੇ ਹਨ। ਸਿਆਸਤ ਦਾਨਾਂ ਦੀ ਭਾਈਵਾਲੀ ਅਤੇ ਸਹਿ ਨਾਲ ਸਮੱਗਲਰਾਂ ਅਤੇ ਪੁਲਿਸ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਨਸ਼ਿਆਂ ਦਾ ਕਾਰੋਬਾਰ ਕਰੋੜਾਂ ਅਰਬਾਂ ਰੁਪੈ ਨੂੰ ਪਹੁੰਚ ਚੁੱਕਾ ਹੈ। ਜਿਸ ਕਾਰਨ ਤਾਜਾ ਰਿਪੋਰਟਾਂ ਮੁਤਾਬਿਕ ਹਰ ਤੀਜਾ ਵਿਦਿਆਰਥੀ ਲੜਕਾ ਅਤੇ ਹਰ ਦੱਸਵੀ ਵਿਦਿਆਰਥਣ ਲੜਕੀ ਨਸ਼ਿਆਂ ਦਾ ਸੇਵਨ ਕਰਦੀ ਹੈ। 67 ਫੀਸਦੀ ਪੇਂਡੂ ਅਤੇ 62 ਫੀਸਦੀ ਸ਼ਹਿਰੀ ਲੜਕੇ ਨਸ਼ਿਆਂ ਦੇ ਆਦੀ ਬਣ ਚੁੱਕੇ ਹਨ। ਪੰਜਾਬ ਸਰਕਾਰ ਦੇ ਆਬਕਾਰੀ ਮਹਿਕਮੇ ਨੇ ਸ਼ਰਾਬ ਤੋਂ 1810.72 ਕਰੋੜ ਰੁਪੈ ਇੱਕਠੇ ਕੀਤੇ ਹਨ ਅਤੇ ਸਮੱਗਲਰਾਂ ਤੋਂ ਇੱਕ ਸਾਲ ਦੌਰਾਨ 300 ਕਿਲੋ ਹੀਰੋਇਨ ਫੜੀ ਗਈ ਹੈ। ਜੋ ਹੀਰਇਨ ਅਤੇ ਸਮੈਕ ਦੇ ਮਾਰੂ ਨਸ਼ੇ ਦੇ ਕਾਰੋਬਾਰ ਦਾ ਸਿਰਫ 15% ਤੋਂ 20 ਫੀਸਦੀ ਹੈ ਇਹ ਮਾਰੂ ਨਸ਼ੇ, ਟੀਕੇ, ਗੋਲੀਆਂ, ਸਮੈਕ ਬਿਨ੍ਹਾਂ ਡਰ ਭੈਅ ਤੇ ਸੌਖਿਆਂ ਹੀ ਉਪਲਬਦ ਹੋ ਜਾਂਦੇ ਹਨ। ਪੁਲਿਸ ਪ੍ਰਸ਼ਾਸਨ ਦੀ ਸ਼ਮੂਲੀਅਤ ਨਾਲ ਜੇਲ੍ਹਾਂ ਅੰਦਰ ਸਮੈਕ, ਹੀਰੋਇਨ ਪੀਤੀ ਅਤੇ ਵੇਚੀ ਜਾਂਦੀ ਹੈ। ਇਥੇ ਹੀ ਇਹ ਵੀ ਜਿਕਰ ਯੋਗ ਹੈ ਕਿ ਸਰਮਾਏਦਾਰ ਜਗੀਰਦਾਰ ਰਾਜ ਪ੍ਰਬੰਧ ਅੰਦਰ ਲੋਕਾਂ ਦੀਆਂ ਬੁਨਿਆਦੀ ਜਰੂਰਤਾਂ ਪੂਰੀਆਂ ਨਹੀਂ ਹੋਈਆਂ। ਇਹ ਥੋੜਾ ਮਾਰੇ ਲੋਕ ਆਪਣੇ ਖੇਤੀ ਕਿੱਤੇ ਦੀ ਲੋੜ ਟਰੈਕਟਰ, ਪਾਣੀ ਲਈ ਮੋਟਰ (ਬੰਬੀ) ਦਾ ਕੁਨੈਕਸ਼ਨ, ਪਹਿਲਾ ਪੁੱਤ, ਪੁੱਤਰ ਨੂੰ ਪੜਾਉਣ ਦੀ ਪੜਾਈ, ਪੜ੍ਹੇ ਲਿਖੇ ਪੁੱਤ ਲਈ ਰੁਜਗਾਰ, ਘਾਤਕ ਬਿਮਾਰੀਆਂ ਦਾ ਇਲਾਜ ਅਤੇ ਸਿਰ ਢੱਕਣ ਲਈ ਛੱਤ (ਕੋਠੀ) ਆਵਾਜਾਈ ਲਈ ਕਾਰ ਮੋਟਰ ਸਾਈਕਲ ਵਰਗੀਆਂ ਜਾਇਜ ਲੋੜਾਂ ਅੱਜ ਦੇ ਵਿਗਿਆਨਕ ਯੁੱਗ ਅੰਦਰ ਗਲਤ ਥਾਵਾਂ 'ਤੇ ਜਾ ਕੇ ਬਾਬਿਆਂ ਤੋਂ ਅਰਦਾਸਾਂ ਰਾਂਹੀ ਪ੍ਰਾਪਤ ਕਰਨੀਆਂ ਮੰਗਦੇ ਹਨ ਤੇ ਆਪਣੀ ਕਿਰਤ ਕਮਾਈ ਦਾ ਬਚਿਆ ਖੁਚਿਆ ਹਿੱਸਾ ਵੀ ਇਹਨਾ ਢੋਂਗੀ ਬਾਬਿਆਂ ਨੂੰ ਲੁੱਟਾ ਬੈਠਦੇ ਹਨ ਜਿਸ ਕਾਰਨ ਇਹਨਾ ਮਾਸੂਮ ਲੋਕਾਂ ਦੀਆਂ ਲੋੜਾਂ ਪੂਰੀਆਂ ਤਾਂ ਨਹੀਂ ਹੁੰਦੀਆਂ, ਪ੍ਰੰਤੂ ਭਰਮ ਜਾਲ ਰਾਹੀਂ ਪ੍ਰਾਪਤ ਕੀਤੇ ਧਨ ਨਾਲ ਇਹਨਾਂ ਡੇਰਿਆਂ ਦੀਆਂ ਬਿਲਡਿੰਗਾਂ ਕਾਰਾਂ ਅਤੇ ਬਾਬਿਆਂ ਦੇ ਪਰਿਵਾਰਾਂ ਲਈ ਆਧੁਨਿਕ ਸਹੂਲਤਾਂ ਜ਼ਰੂਰ ਉਪਲਬੰਧ ਹੋ ਜਾਂਦੀਆਂ ਹਨ ਇਹ ਡੇਰੇ ਵੀ ਕਈ ਵਾਰ ਪੰਜਾਬ ਦੇ ਲੋਕਾਂ ਲਈ ਤਬਾਹੀ ਦਾ ਕਾਰਨ ਬਣਦੇ ਹਨ। ਇਹਨਾਂ ਦਾ ਮੱਕੜ ਜਾਲ ਜਵਾਨੀ ਨੂੰ ਵਿਗਿਆਨਕ ਸੋਚ ਅਪਣਾਉਣ ਵਿਚ ਅੜਿੱਕਾ ਅਤੇ ਮੌਜੂਦਾ ਸਮਾਜਿਕ ਪ੍ਰਬੰਧ ਦੀ ਉਮਰ ਲਮੇਰੀ ਕਰਨ ਦਾ ਸਹਾਇਕ ਧੰਦਾ ਬਣਿਆ ਹੋਇਆ ਹੈ।

ਦੂਸਰਾ ਵਰਤਾਰਾ ਕੁਝ ਹਾ ਪੱਖੀ ਅਤੇ ਉਸਾਰੂ ਪੱਖ ਚ ਦਿਖਾਈ ਦੇ ਰਿਹਾ ਹੈ ਜਿਸ ਵਿਚ ਆਪਣੇ ਭਵਿੱਖ ਤੋਂ ਚਿੰਤਤ ਜਵਾਨੀ ਸਰਕਾਰ ਦੇ ਵੱਖ-ਵੱਖ ਮਹਿਕਮਿਆਂ ਅੰਦਰ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੀ ਮੰਗ ਲਈ ਆਪਣੇ ਹੁਨਰ ਦੇ ਸਰਟੀਫਿਕੇਟ ਲੈ ਕੇ ਸੰਘਰਸ਼ ਦੇ ਰਾਹ ਪੈ ਰਹੇ ਹਨ ਜੋ ਯੋਗਤਾ ਦੇ ਅਨੁਸਾਰ ਕੰਮ ਦੀ ਮੰਗ ਕਰ ਰਹੇ ਹਨ ਜਿਸ ਵਿਚ ਵਿੱਦਿਅਕ ਖੇਤਰ ਦੇ ਈ. ਟੀ. ਟੀ, ਬੀ ਐਡ, ਐਮ ਐਡ, ਪੀ ਐਚ ਡੀ, ਡਾਕਟਰ, ਲਾਇਨ ਮੈਨ, ਡਰਾਫਟ ਮੈਨ ਆਦਿ ਵਰਗਾਂ ਦੇ ਲੋਕ ਹਨ ਜਿਹਨਾਂ ਨੂੰ ਚੋਣਾ ਵੇਲੇ ਭਰਤੀ ਦੇ ਵਾਅਦੇ ਅਤੇ ਸਰਕਾਰ ਬਣਨ ਤੇ ਡਾਂਗਾਂ ਤੇ ਜੇਲ੍ਹਾਂ ਮਿਲ ਰਹੀਆਂ ਜਿਹਨੂੰ ਦੀ ਅਖਬਾਰਾ ਵਿਚ ਲੱਗਦੀਆਂ ਸੁਰਖੀਆਂ ਵਿਚ ਸਿਰੋਂ ਲੱਥੀਆਂ ਪੱਗਾਂ ਅਤੇ ਖਿਲਰੇ ਵਾਲਾ ਨਾਲ ਅਤੇ ਚੁੰਨੀਆਂ ਲਵਾ ਕੇ ਬੇ-ਪੱਤ ਖੜੀਆਂ ਕੁੜੀਆਂ ਵੇਖ ਕੇ ਇੰਜ ਲਗਦਾ ਹੈ ਕਿ ਜਿਵੇਂ ਉਹਨਾ ਯੋਗਤਾ ਪ੍ਰਾਪਤ ਕਰ ਕੇ ਕੋਈ ਗੁਨਾਹ ਕਰ ਲਿਆ ਹੋਵੇ।

ਇਹ ਵੀ ਸੱਚ ਹੈ ਕਿ ਕਿਸਾਨ ਨੌਜਵਾਨ, ਮਜਦੂਰ, ਮੁਲਾਜਮ ਆਪਣੇ ਆਪਣੇ ਹੱਕਾਂ ਹਿੱਤਾ ਲਈ ਲੜ ਰਹੇ ਹਨ ਅਤੇ ਹਰ ਵਰਗ ਦੀਆਂ ਮੁਸ਼ਕਲਾਂ ਆਪਣੀਆਂ ਆਪਣੀਆਂ ਹਨ ਪ੍ਰੰਤੂ ਇਹ ਚਿੱਟੇ ਦਿਨ ਵਾਂਗ ਸਾਫ ਹੈ ਕਿ ਇਹ ਸਾਰੀਆਂ ਮੁਸ਼ਕਿਲਾਂ ਸਾਮਰਾਜ ਪੱਖੀ ਸਰਮਾਏਦਾਰ ਜਗੀਰਦਾਰ, ਹਾਕਮਾਂ ਦੇ ਜਮਾਤੀ ਰਾਜ ਦਾ ਸਿੱਟਾ ਹੈ ਅਤੇ ਇਸ ਸਮਾਜਿਕ ਢਾਂਚੇ ਦੀ ਪੈਦਾਵਾਰ ਹਨ।

ਵੱਖ ਵੱਖ ਵਰਗਾਂ ਦੇ ਆਰਥਿਕ ਹਿੱਤਾ ਦੀ ਜੰਗ ਨੂੰ ਸਮਾਜਿਕ ਤਬਦੀਲੀ ਦੀ ਜੰਗ ਨਾਲ ਜੋੜਨਾ ਬਹੁਤ ਹੀ ਜਰੂਰੀ ਹੈ। ਸ਼ਹੀਦ ਭਗਤ ਸਿੰਘ ਆਪਣੀ ਸ਼ਹਾਦਤ ਤੋਂ ਦੋ ਦਿਨ ਪਹਿਲਾਂ ਬੜੇ ਹੀ ਸ਼ਪੱਸਟ ਸ਼ਬਦਾਂ ਵਿਚ ਕਿਹਾ ਸੀ ਕਿ -'ਇਹ ਯੁੱਧ ਨਾਂ ਅਸਾਂ ਤੋ ਸ਼ੁਰੂ ਹੋਇਆਂ ਹੈ ਤੇ ਨਾ ਹੀ ਸਾਡੇ ਜੀਵਨ ਨਾਲ ਖਤਮ ਹੋਵੇਗਾ" ਸਗੋਂ ਉਹਨਾਂ ਇਹ ਵੀ ਕਿਹਾ ਸੀ ਕਿ-'ਅਸੀਂ ਇਹ ਐਲਾਨ ਕਰਦੇ ਹਾਂ ਕਿ ਇੱਕ ਯੁੱਧ ਚਲ ਰਿਹਾ ਹੈ ਇਹ ਤੱਦ ਤੱਕ ਚਲਦਾ ਰਹੇਗਾ ਜਦ ਤੱਕ ਕੁਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਹਨਾਂ ਦੀ ਆਮਦਨ ਤੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ ਇਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ ਸਰਮਾਏਦਾਰ ਹੋਣ ਜਾ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਵੇ ਰਲਵੇਂ"। ਆਉ ਸ਼ਹੀਦੇ ਆਜਮ ਸ੍ਰ: ਭਗਤ ਸਿੰਘ ਦੀ ਵਿਚਾਰਧਾਰਾ ਮੁਤਾਬਿਕ ਚੱਲ ਰਹੀ ਜੰਗ ਵਿਚ ਆਪਣੀ ਜੰਗ ਵਿਚ ਆਪਣੀ ਥਾਂ ਨੂੰ ਮੱਲੀਏ ਅਤੇ ਉਹਨਾਂ ਦੇ ਵਿਚਾਰਾਂ ਮੁਤਾਬਿਕ ਬਰਾਬਰਤਾ ਦੇ ਆਧਾਰਤ ਸਮਾਜ ਸਿਰਜਣ ਲਈ ਆਪਣਾ ਬਣਦਾ ਯੋਗਦਾਰ ਪਾਈਏ।

***(ਲੇਖਕ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੇ ਜਨਰਲ ਸਕੱਤਰ ਹਨ।)***

## ਚੰਡੀਗੜ੍ਹ ਲਾਇਬਰੇਰੀ ਵਿਚ ਹਨ ਭਗਤ ਸਿੰਘ ਦੀਆਂ ਪੜ੍ਹੀਆਂ ਕਿਤਾਬਾਂ

**ਚੰਡੀਗੜ੍ਹ/ਅਧੀਰ ਰੋਹਾਲ**

ਸ਼ਹਾਦਤ ਤੋਂ ਕੁਝ ਸਮਾਂ ਪਹਿਲਾਂ ਭਗਤ ਸਿੰਘ ਇਕ ਕਿਤਾਬ ਪੜ੍ਹ ਰਹੇ ਸਨ। ਉਦੋਂ ਹੀ ਪੁਲੀਸ ਵਾਲੇ ਉਨ੍ਹਾਂ ਨੂੰ ਫਾਂਸੀ ਲਈ ਲਿਜਾਉਣ ਆ ਗਏ। ਭਗਤ ਸਿੰਘ ਨੇ ਕੁਝ ਵਕਤ ਮੰਗਿਆ। ਪੁਲੀਸ ਵਾਲਿਆਂ ਨੇ ਕਾਰਨ ਪੁੱਛਿਆ ਤਾਂ ਉਹਨੇ ਦੱਸਿਆ-'ਇਕ ਕ੍ਰਾਂਤੀਕਾਰੀ ਦੂਸਰੇ ਕ੍ਰਾਂਤੀਕਾਰੀ ਨੂੰ ਮਿਲ ਰਿਹਾ ਹੈ।' ਇਸ ਵਾਕਯ ਨੂੰ ਸਹੀ ਮੰਨੀਏ ਤਾਂ ਉਸ ਵਕਤ ਭਗਤ ਸਿੰਘ ਲੈਨਿਨ ਨੂੰ ਪੜ੍ਹ ਰਿਹਾ ਸੀ। ਭਗਤ ਸਿੰਘ 23 ਸਾਲ ਦੀ ਉਮਰ ਵਿਚ ਹੀ ਬਰਥ ਆਫ ਰਸ਼ੀਅਨ ਡੈਮੋਕਰੇਸੀ, ਰੈਵੀਲਿਊਸ਼ਨਰੀ, ਫਿਲਾਸਫੀ ਆਫ ਦਾ ਬੰਬ, ਮਾਇ ਰਾਈਟ ਫਾਰ ਆਇਰਿਸ਼ ਫਰੀਡਮ, ਗਾਡ ਐਂਡ ਦੀ ਸਟੇਟ ਅਤੇ ਲੈਸ ਮਿਜ਼ਰੇਬਲ ਦੇ ਨਾਲ ਮੈਕਸਿਮ ਗੋਰਕੀ ਦੀ ਮਦਰ ਵਰਗੀਆਂ ਕਈਆਂ ਕਿਤਾਬਾਂ ਪੜ੍ਹ ਚੁੱਕੇ ਸਨ। ਭਗਤ ਸਿੰਘ ਦੇ ਕਿਤਾਬ ਪੜ੍ਹਨ ਦੇ ਸ਼ੌਕ ਨਾਲ ਜੁੜੇ ਕਈ ਦਸਤਾਵੇਜ਼ ਸੈਕਟਰ 15 ਚੰਡੀਗੜ੍ਹ ਸਥਿਤ ਲਾਲਾ ਲਾਜਪਤ ਰਾਏ ਭਵਨ ਦੀ ਦਵਾਰਕਾ ਦਾਸ ਲਾਇਬਰੇਰੀ ਵਿਚ ਮੌਜੂਦ ਹਨ। ਇਸ ਲਾਇਬਰੇਰੀ ਵਿਚ ਕਈ ਕਿਤਾਬਾਂ ਹਨ ਜੋ ਭਗਤ ਸਿੰਘ ਨੇ ਲਾਲਾ ਲਾਜਪਤ ਰਾਏ ਦੇ ਅਸਰ ਵਿਚ ਆਉਣ ਤੋਂ ਬਾਅਦ ਪੜ੍ਹੀਆਂ। ਉਨ੍ਹੀਂ ਦਿਨੀਂ ਭਗਤ ਸਿੰਘ ਲਾਹੌਰ ਦੇ ਨੈਸ਼ਨਲ ਕਾਲਜ ਆਫ ਐਜੂਕੇਸ਼ਨ ਵਿਚ ਪੜ੍ਹ ਰਹੇ ਸਨ।

ਇਹ ਲਾਇਬਰੇਰੀ ਲਾਲਾ ਲਾਜਪਤ ਰਾਏ ਨੇ 1921 ਵਿਚ ਆਜ਼ਾਦੀ ਦੇ ਸੰਘਰਸ਼ ਦੇ ਦਿਨਾਂ ਵਿਚ ਆਪਣੇ ਸਾਥੀ ਦਵਾਰਕਾ ਦਾਸ ਦੀ ਯਾਦ ਵਿਚ ਬਣਾਈ ਸੀ। ਦਵਾਰਕਾ ਦਾਸ ਦੀ ਮੌਤ ਤੋਂ ਬਾਅਦ ਲਾਲਾ ਜੀ ਨੇ ਆਪਣੇ ਦੋਸਤ ਦੀ ਯਾਦ ਵਿਚ ਕਿਤਾਬਾਂ ਜੁਟਾਉਣੀਆਂ ਸ਼ੁਰੂ ਕੀਤੀਆਂ। ਇਸ ਲਾਇਬਰੇਰੀ ਤੋਂ ਭਗਤ ਸਿੰਘ ਕਿਤਾਬਾਂ ਲੈ ਕੇ ਪੜ੍ਹਦੇ ਸਨ। ਇਸ ਲਾਇਬਰੇਰੀ ਦੇ ਕੇਅਰਟੇਕਰ ਓਂਕਾਰ ਚੰਦ ਦੱਸਦੇ ਹਨ ਕਿ ਉਸ ਦੌਰ ਵਿਚ ਉਥੇ ਰਾਜ ਰਾਏ ਸਾਸ਼ਤਰੀ ਲਾਇਬਰੇਰੀਅਨ ਹੁੰਦੇ ਸਨ। ਉਨ੍ਹਾਂ ਨੇ ਹੀ ਇਹ ਦਸਤਾਵੇਜ਼ ਸੰਜੋਕੇ ਰੱਖੇ। ਆਜ਼ਾਦੀ ਤੋਂ ਬਾਅਦ ਲਾਹੌਰ ਤੋਂ ਇਹ ਲਾਇਬਰੇਰੀ ਦਿੱਲੀ ਆ ਗਈ।



ਇਸ ਤੋਂ ਬਾਅਦ ਉਸ ਲਾਇਬਰੇਰੀ ਦੀਆਂ ਕਈ ਕਿਤਾਬਾਂ ਦੇਸ਼ ਭਰ ਵਿਚ ਬਣੀ ਦਵਾਰਕਾ ਦਾਸ ਲਾਇਬਰੇਰੀ ਨੂੰ ਦਿੱਤੀਆਂ ਗਈਆਂ। ਭਗਤ ਸਿੰਘ ਨੇ ਜੋ ਕਿਤਾਬਾਂ ਇਸ਼ੂ ਕਰਵਾਈਆਂ ਸਨ, ਉਹ ਚੰਡੀਗੜ੍ਹ ਵਿਚ ਬਣੀ ਲਾਇਬਰੇਰੀ ਨੂੰ ਦੇ ਦਿੱਤੀਆਂ ਗਈਆਂ। ਸੈਕਟਰ-15 ਦੀ ਇਸ ਲਾਇਬਰੇਰੀ ਵਿਚ ਭਗਤ ਸਿੰਘ ਵੱਲੋਂ ਕਿਤਾਬਾਂ ਇਸ਼ੂ ਕਰਾਉਣ ਦੇ ਦਸਤਾਵੇਜ਼ ਮੌਜੂਦ ਹਨ। ਇਸੇ ਲਾਇਬਰੇਰੀ ਤੋਂ ਇਕ ਦਫ਼ਾ ਸੁਪਰੀਮ ਕੋਰਟ ਨੇ ਇਕ ਕੇਸ ਦੇ ਸਬੰਧ ਵਿਚ ਭਗਤ ਸਿੰਘ ਵੱਲੋਂ ਲਈਆਂ ਗਈਆਂ ਕਿਤਾਬਾਂ ਦੀ ਸੂਚੀ ਅਤੇ ਦਸਤਾਵੇਜ਼ ਲਏ ਸਨ।

## ਭਗਤ ਸਿੰਘ ਦੇ ਸੁਪਨਿਆਂ ਵੱਲ ਵਧੋ

ਇੰਡੋ ਕਨੇਡੀਅਨ ਵਰਕਜ਼ ਐਸੋਸੀਏਸ਼ਨ ਟੋਰਾਂਟੋ ਪੰਜਾਬੀ ਦੇ ਐਡਮਿੰਟਨ ਤੋਂ ਪ੍ਰਕਾਸ਼ਿਤ ਨਵੇਂ ਅਖ਼ਬਾਰ "ਨਵੀਂ ਦੁਨੀਆ" ਦੀ ਆਮਦ ਤੇ ਇਸ ਦੀ ਸਮੁੱਚੀ ਟੀਮ ਤੇ ਪੰਜਾਬੀ ਪਾਠਕਾਂ ਨੂੰ ਮੁਬਾਰਕਬਾਦ ਪੇਸ਼ ਕਰਦੀ ਹੈ। ਅਸੀਂ ਆਸ ਕਰਦੇ ਹਾਂ ਕਿ ਨਵੀਂ ਦੁਨੀਆ ਅਖ਼ਬਾਰ ਪੰਜਾਬੀ ਪੱਤਰਕਾਰੀ ਤੇ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰੇਗਾ ਤੇ ਕਨੇਡੀਅਨ ਪੰਜਾਬੀ ਪੱਤਰਕਾਰੀ ਵਿਚ ਨਵੇਂ ਕੀਰਤੀਮਾਨ ਸਥਾਪਿਤ ਕਰੇਗਾ। ਸਾਨੂੰ ਇਹ ਪੂਰਨ ਵਿਸ਼ਵਾਸ ਹੈ ਕਿ ਨਵੀਂ ਦੁਨੀਆ ਅਖ਼ਬਾਰ ਕਨੇਡਾ ਵੱਸਦੇ ਪੰਜਾਬੀ ਪਾਠਕਾਂ ਦੇ ਮਨਾਂ ਵਿਚ ਅਪਣੇ ਉਸਾਰੂ ਵਿਚਾਰਾਂ ਕਰਕੇ ਇਕ ਨਵੇਕਲੀ ਜਗ੍ਹਾ ਬਣਾ ਲਵੇਗਾ ਤੇ ਛੇਤੀ ਹੀ ਹਰਮਨ ਪਿਆਰਾ ਹੋ ਜਾਵੇਗਾ। ਕਿਉਂਕਿ ਅਖ਼ਬਾਰ ਦੀ ਸਮੁੱਚੀ ਟੀਮ ਦੇ ਮੈਂਬਰ ਲੋਕ ਪੱਖੀ ਤੇ ਸਮਾਜਿਕ ਕਾਰਜਾਂ ਵਿਚ ਨਿਰੰਤਰ ਕਾਰਜਸ਼ੀਲ ਹੋਣ ਕਰਕੇ ਆਮ ਜਾਣੇ ਜਾਂਦੇ ਹਨ।

ਨਵੀਂ ਦੁਨੀਆ ਅਖ਼ਬਾਰ ਮਾਰਚ ਅੰਕ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਕਰਨ 'ਤੇ ਵੀ ਵਧਾਈ ਦਾ ਪਾਤਰ ਹੈ। ਅਸੀਂ ਆਸ ਕਰਦੇ ਹਾਂ ਅਖ਼ਬਾਰ ਇਸ ਮਹਾਨ ਇਨਕਲਾਬੀ ਦੇ ਜੀਵਨ ਤੇ ਵਿਚਾਰਧਾਰਾ ਦੇ ਲੋਕ ਪੱਖੀ ਪਹਿਲੂਆਂ ਤੋਂ ਪੰਜਾਬੀ ਪਾਠਕਾਂ ਨੂੰ ਜਾਣੂ ਕਰਵਾਏਗਾ। ਸ਼ਹੀਦ ਭਗਤ ਸਿੰਘ ਦੇ ਇਨਕਲਾਬੀ ਵਿਚਾਰਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣਾ ਤੇ ਭਗਤ ਸਿੰਘ ਦੇ ਸੁਪਨਿਆਂ ਦੇ ਬਰਾਬਰਤਾ ਵਾਲੇ ਸਮਾਜ ਦੀ ਸਿਰਜਣਾ ਵਾਲੇ ਕਾਰਜ ਵੱਲ ਵਧਣਾ ਹੀ ਭਗਤ ਸਿੰਘ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

*ਪ੍ਰਧਾਨ:* ***ਨਿਰਮਲ ਢੀਂਡਸਾ***

*ਜਨਰਲ ਸਕੱਤਰ:* ***ਗੁਰਬਚਨ ਸੂਚ***

# ਸਭ ਤੋਂ ਖ਼ਤਰਨਾਕ

ਪਾਸ਼

ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ।
ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ।
ਗ਼ਦਾਰੀ-ਲੋਭ ਦੀ ਮੁੱਠ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ।

ਬੈਠੇ ਸੁੱਤੇ ਫੜੇ ਜਾਣਾ-ਬੁਰਾ ਤਾਂ ਹੈ
ਡਰੂ ਜਿਹੀ ਚੁੱਪ ਵਿਚ ਮੜ੍ਹੇ ਜਾਣਾ-ਬੁਰਾ ਤਾਂ ਹੈ
ਸਭ ਤੋਂ ਖ਼ਤਰਨਾਕ ਨਹੀਂ ਹੁੰਦਾ।

ਕਪਟ ਦੇ ਸ਼ੋਰ ਵਿਚ
ਸਹੀ ਹੁੰਦਿਆਂ ਵੀ ਦੱਬ ਜਾਣਾ, ਬੁਰਾ ਤਾਂ ਹੈ
ਕਿਸੇ ਜੁਗਨੂੰ ਦੀ ਲੋਅ ਵਿਚ ਪੜ੍ਹਨ ਲੱਗ ਜਾਣਾ ਬੁਰਾ ਤਾਂ ਹੈ
ਸਭ ਤੋਂ ਖ਼ਤਰਨਾਕ ਨਹੀਂ ਹੁੰਦਾ।

ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ 'ਤੇ
ਤੇ ਕੰਮ ਤੋਂ ਘਰ ਜਾਣਾ,
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ
ਸਭ ਤੋਂ ਖ਼ਤਰਨਾਕ ਉਹ ਘੜੀ ਹੁੰਦੀ ਹੈ
ਤੁਹਾਡੇ ਗੁੱਟ 'ਤੇ ਚੱਲਦੀ ਹੋਈ ਵੀ ਜੋ
ਤੁਹਾਡੀ ਨਜ਼ਰ ਦੇ ਲਈ ਖੜੀ ਹੁੰਦੀ ਹੈ।

ਸਭ ਤੋਂ ਖ਼ਤਰਨਾਕ ਉਹ ਅੱਖ ਹੁੰਦੀ ਹੈ
ਜੋ ਸਭ ਦੇਖਦੀ ਹੋਈ ਵੀ ਠੰਡੀ ਯਖ਼ ਹੁੰਦੀ ਹੈ
ਜਿਸ ਦੀ ਨਜ਼ਰ ਦੁਨੀਆਂ ਨੂੰ ਮੁਹੱਬਤ ਨਾਲ ਚੁੰਮਣਾ ਭੁੱਲ ਜਾਂਦੀ ਹੈ
ਜੋ ਚੀਜ਼ਾਂ 'ਚੋਂ ਉਠਦੀ ਅੰਨ੍ਹੇਪਣ ਦੀ ਭਾਫ਼ ਉਤੇ ਡੁਲ੍ਹ ਜਾਂਦੀ ਹੈ
ਜੋ ਨਿੱਤ ਦਿਸਦੇ ਦੀ ਸਾਧਾਰਣਤਾ ਨੂੰ ਪੀਂਦੀ ਹੋਈ
ਇਕ ਮੰਤਕਹੀਣ ਦੁਹਰਾਅ ਦੇ ਗਧੀ-ਗੇੜ ਵਿਚ ਹੀ ਰੁਲ ਜਾਂਦੀ ਹੈ।

ਸਭ ਤੋਂ ਖ਼ਤਰਨਾਕ ਉਹ ਚੰਨ ਹੈ
ਜੋ ਹਰ ਕਤਲ ਕਾਂਡ ਦੇ ਬਾਅਦ
ਸੁੰਨੇ ਹੋਏ ਵਿਹੜਿਆਂ ਵਿਚ ਚੜ੍ਹਦਾ ਹੈ
ਪਰ ਤੁਹਾਡੀਆਂ ਅੱਖਾਂ ਨੂੰ ਮਿਰਚਾਂ ਵਾਂਗ ਨਹੀਂ ਲੜਦਾ।

ਸਭ ਤੋਂ ਖ਼ਤਰਨਾਕ ਉਹ ਗੀਤ ਹੁੰਦਾ ਹੈ
ਤੁਹਾਡੇ ਕੰਨਾਂ ਤੱਕ ਪਹੁੰਚਣ ਲਈ
ਜਿਹੜਾ ਕੀਰਨਾ ਉਲੰਘਦਾ ਹੈ
ਡਰੇ ਹੋਏ ਲੋਕਾਂ ਦੇ ਬਾਰ ਮੂਹਰੇ
ਜੋ ਵੈਲੀ ਦੀ ਖੰਘ ਖੰਘਦਾ ਹੈ।

ਸਭ ਤੋਂ ਖ਼ਤਰਨਾਕ ਉਹ ਰਾਤ ਹੁੰਦੀ ਹੈ
ਜੋ ਪੈਂਦੀ ਹੈ ਜੀਊਂਦੀ ਰੂਹ ਦਿਆਂ ਆਕਾਸ਼ਾਂ 'ਤੇ
ਜਿਹਦੇ ਵਿਚ ਸਿਰਫ਼ ਉੱਲੂ ਬੋਲਦੇ, ਗਿੱਦੜ ਹਵਾਂਕਦੇ
ਚਿਮਟ ਜਾਂਦੇ ਸਦੀਵੀਂ ਨੇਰ੍ਹ ਬੰਦ ਬੂਹਿਆਂ ਚੁਗਾਠਾਂ 'ਤੇ

ਸਭ ਤੋਂ ਖ਼ਤਰਨਾਕ ਉਹ ਦਿਸ਼ਾ ਹੁੰਦੀ ਹੈ
ਜਿਹਦੇ ਵਿਚ ਆਤਮਾ ਦਾ ਸੂਰਜ ਡੁੱਬ ਜਾਵੇ
ਤੇ ਉਸਦੀ ਮਰੀ ਹੋਈ ਧੁੱਪ ਦੀ ਕੋਈ ਛਿਲਤਰ
ਤੁਹਾਡੇ ਜਿਸਮ ਦੇ ਪੂਰਬ 'ਚ ਖੁਭ ਜਾਵੇ
ਕਿਰਤ ਦੀ ਲੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਸ ਦੀ ਕੁੱਟ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਗ਼ੱਦਾਰੀ-ਲੋਭ ਦੀ ਮੁੱਠ ਸਭ ਤੋਂ ਖ਼ਤਰਨਾਕ ਨਹੀਂ ਹੁੰਦੀ।

# ਸਰਫਰੋਸ਼ੀ

ਮਾ. ਦਰਸ਼ਨ ਸਿੰਘ

ਚਿਤਾ ਬਲਦੀ ਰਹੀ ਰਾਤ ਢਲਦੀ ਰਹੀ
ਕੰਢਾ ਡਿਗਦਾ ਰਿਹਾ ਡਿਗਦਾ ਢਹਿੰਦਾ ਰਿਹਾ
ਪਾਣੀ ਦਰਿਆ ਦਾ ਗਮਗੀਨ ਵਹਿੰਦਾ ਰਿਹਾ

ਰਾਤ ਮਾਤਮ ਦੀ ਮਾਰੀ ਪ੍ਰੇਸ਼ਾਨ ਸੀ
ਪੌਣ ਸਾਰੀ ਦੀ ਸਾਰੀ ਪ੍ਰੇਸ਼ਾਨ ਸੀ
ਸੋਗ ਸਾਰੇ ਚੁਗਿਰਦੇ ਤੇ ਛਾਇਆ ਰਿਹਾ
ਕੋਈ ਅੰਮਾ ਵਿਚਾਰੀ ਪ੍ਰੇਸ਼ਾਨ ਸੀ
ਹੌਲ ਜਿਹਦੇ ਕਲੇਜੇ ਨੂੰ ਪੈਂਦਾ ਰਿਹਾ
ਕੰਢਾ ਡਿਗਦਾ ਰਿਹਾ ਡਿਗਦਾ ਢਹਿੰਦਾ ਰਿਹਾ

ਰਾਤ ਗੁਜ਼ਰੀ ਤੇ ਠੰਡੀ ਚਿਤਾ ਹੋ ਗਈ
ਦੇਸ਼ ਭਗਤਾਂ ਦੀ ਭਗਤੀ ਅਦਾ ਹੋ ਗਈ
ਮਰਦ ਕਾਮਦ ਦਾ ਪੂਰਾ ਅਜ਼ਮ ਹੋ ਗਿਆ
ਸਰਫਰੋਸ਼ੀ ਵੀ ਪੂਰੀ ਵਫਾ ਹੋ ਗਈ
ਜਬਰ ਹੁੰਦਾ ਰਿਹਾ ਸਬਰ ਸਹਿੰਦਾ ਰਿਹਾ
ਕੰਢਾ ਡਿਗਦਾ ਰਿਹਾ ਡਿਗਦਾ ਢਹਿੰਦਾ ਰਿਹਾ

ਲੋਕ ਮੇਲੇ ਚਿਤਾਵਾਂ 'ਤੇ ਲਾਉਂਦੇ ਰਹੇ
ਮੇਲੇ ਲਾ ਲਾ ਕੇ ਬਰਸੀ ਮਨੌਂਦੇ ਰਹੇ
ਜੋਤ ਜਗਦੀ ਰਹੀ ਹੋਰ ਮਘਦੀ ਰਹੀ
ਖਨ ਕੜ੍ਹਦੇ ਰਹੇ ਖਲਬਲੌਂਦੇ ਰਹੇ
ਵਕਤ ਗਾਥਾ ਸ਼ਹੀਦਾਂ ਦੀ ਕਹਿੰਦਾ ਰਿਹਾ
ਕੰਢਾ ਡਿਗਦਾ ਰਿਹਾ ਡਿਗਦਾ ਢਹਿੰਦਾ ਰਿਹਾ

ਔਂਦੇ ਹਰ ਸਾਲ ਬਰਸੀ ਮਨਾਵਣ ਲਈ
ਪਾ ਕੇ ਆਉਂਦੇ ਮਖੌਟੇ ਨੇ ਕਾਤਲ ਕਈ
ਰੋਜ਼ ਹੁੰਦਾ ਪਿਆ ਬੇ-ਗੁਨਾਹਾਂ ਦਾ ਖ਼ੂਨ
ਰੋਜ਼ ਗਿਣਤੀ ਚਿਤਾਵਾਂ ਦੀ ਵੱਧਦੀ ਪਈ
ਰਾਜ ਲਾਠੀ ਤੇ ਗੋਲੀ ਦਾ ਰਹਿੰਦਾ ਰਿਹਾ
ਕੰਢਾ ਡਿਗਦਾ ਰਿਹਾ ਡਿਗਦਾ ਢਹਿੰਦਾ ਰਿਹਾ

ਹਾਲੇ ਲੋਕ ਵਿਚਾਰੇ ਤਾਂ ਨੇ ਬੇ-ਖ਼ਬਰ
ਕਾਹਤੋਂ ਬਰਸੀ ਮਨਾਉਂਦੇ ਪਏ ਸਿਤਮਗਰ
ਚੋਰ ਵਾਹਰਾਂ ਚ ਰਲਦੇ ਤੇ ਬਚਦੇ ਰਹੇ
ਸਿਤਮਗਰਾਂ ਦਾ ਖਾਸਾ ਨਾ ਬਦਲੇ ਮਗਰ
ਗੱਦੀ ਕਾਤਲ ਸ਼ਹੀਦਾਂ ਦਾ ਬਹਿੰਦਾ ਰਿਹਾ
ਜਬਰ ਹੁੰਦਾ ਰਿਹਾ ਸਬਰ ਸਹਿੰਦਾ ਰਿਹਾ
ਕੰਢਾ ਡਿਗਦਾ ਰਿਹਾ ਡਿਗਦਾ ਢਹਿੰਦਾ ਰਿਹਾ

# ਵਸੀਅਤ

ਜਗਤਾਰ

ਮੈਂ ਅਪਣਾ ਕਤਲਨਾਮਾ ਪੜ੍ਹ ਲਿਆ ਹੈ
ਜ਼ਰਾ ਠਹਿਰੋ!
ਕੋਈ ਬਸਤੀ 'ਚ ਤਾਂ ਬਾਕੀ ਨਹੀਂ ਬਚਿਆ
ਦਰਖ਼ਤਾਂ ਨੂੰ ਵਸੀਅਤ ਕਰ ਲਵਾਂ ਮੈਂ।

"ਮਿਰੇ ਯਾਰੋ!
ਮਿਰੇ ਪਿੱਛੋਂ
ਤੁਸੀਂ ਕਿਸ਼ਤੀ ਵੀ ਬਣਨਾ ਹੈ
ਤੁਸੀਂ ਚਰਖ਼ਾ ਵੀ ਬਣਨਾ ਹੈ
ਤੁਸੀਂ ਰੰਗੀਲ-ਪੀੜ੍ਹਾ ਵੀ
ਮਗਰ ਕੁਰਸੀ ਨਹੀਂ ਬਣਨਾ।"

"ਮਿਰੇ ਯਾਰੋ!
ਮਿਰੇ ਪਿੱਛੋਂ
ਤੁਸੀਂ ਹਰ ਹਾਲ
ਡਿਗਦੀ ਛੱਤ ਦੀ ਥੰਮ੍ਹੀ ਤਾਂ ਬਣਨਾ ਹੈ
ਕਿਸੇ ਮੁਹਤਾਜ ਦੀ ਲਾਠੀ ਵੀ ਬਣਨਾ ਹੈ
ਮਗਰ ਤਲਵਾਰ ਦਾ ਦਸਤਾ ਨਹੀਂ ਬਣਨਾ"

"ਮਿਰੇ ਯਾਰੋ!
ਮਿਰੇ ਪਿੱਛੋਂ
ਕਿਸੇ ਵੀ ਭੀਲ ਦਾ ਨਾਵਕ ਤਾਂ ਬਣ ਜਾਣਾ
ਦਰੋਣਾਚਾਰੀਆ ਦੀ ਢਾਲ ਨਾ ਬਣਨਾ।
ਕਿਸੇ ਪੂਰਨ ਦੀਆਂ ਮੁੰਦਰਾਂ ਤਾਂ ਬਣ ਜਾਣਾ
ਕਿਸੇ ਵੀ ਰਾਮ ਦੇ ਪਊਏ ਨਹੀਂ ਬਣਨਾ
ਕਿਸੇ ਚਰਵਾਲ ਦੀ ਵੰਝਲੀ ਤਾਂ ਬਣ ਜਾਣਾ
ਤਿਲਕ ਵੇਲੇ-
ਕਿਸੇ ਵੀ ਰਾਜ ਘਰ ਵਿਚ ਪਰ
ਸ਼ਹਾਦਤ ਦੀ ਕਦੇ ਉਂਗਲੀ ਨਹੀਂ ਬਣਨਾ।"

"ਮਿਰੇ ਯਾਰੋ!
ਮਿਰੇ ਪਿੱਛੋਂ
ਤੁਸੀਂ ਛਾਵਾਂ ਦੇ ਰੂਪ ਅੰਦਰ
ਤੁਸੀਂ ਪੌਣਾਂ ਦੇ ਰੂਪ ਅੰਦਰ
ਤੁਸੀਂ, ਫੁੱਲਾਂ, ਫਲਾਂ, ਮਹਿਕਾਂ ਦੇ ਰੂਪ ਅੰਦਰ
ਦੁਆਵਾਂ ਹੀ ਬਣੇ ਰਹਿਣਾ
ਕਦੇ ਤੂਫ਼ਾਨ ਨਹੀਂ ਬਣਨਾ"

"ਮਿਰੇ ਯਾਰੋ!
ਮਿਰੇ ਪਿੱਛੋਂ
ਜਦੋਂ ਇਹ ਜ਼ਰਦ ਮੌਸਮ ਖ਼ਤਮ ਹੋ ਜਾਵੇ
ਜਦੋਂ ਹਰ ਸ਼ਾਖ਼ ਦਾ ਨੰਗੇਜ ਲੁਕ ਜਾਵੇ
ਜੋ ਹਿਜਰਤ ਕਰ ਗਏ ਨੇ
ਉਹ ਪਰਿੰਦੇ ਪਰਤ ਕੇ ਆਵਣ
ਤੁਸੀਂ ਇਕ ਜ਼ਸਨ ਕਰਨਾ
ਓਸ ਮਿੱਟੀ ਦਾ
ਜੋ ਪੀਲੇ ਮੌਸਮਾਂ ਵਿਚ ਕਤਲ ਹੋ ਕੇ ਵੀ
ਜੜ੍ਹਾਂ ਅੰਦਰ ਸਦਾ ਮਹਿਫ਼ੂਜ਼ ਰਹਿੰਦੀ ਹੈ
ਨਾ ਮਰਦੀ ਹੈ
ਨਾ ਮਿਟਦੀ ਹੈ
ਸਿਰਫ਼ ਸ਼ਕਲਾਂ ਬਦਲਦੀ ਹੈ।"



# Bhagat Singh to Me

***By Edmonton Youth***

Bhagat Singh was a true patriot and a great human being. The care he took in making the lives of people in India safer and more fair was exceptional. He put the freedom of people over his own. He dreamed of an India that is not only independent but also fair. Bhagat Singh is our nation's pride. He was a man who lived by his ideals till he breathed his last. There can be one and only one Bhagat Singh.

***Navkiran Sangha***

Bhagat Singh to me …………..
You are know to me through the eyes and emotions of my mom
She showed me many personalities of you …. As a child with ambitions and as Teenager with respect, anger and rush to change. As adult fighting, loving and evaluating the people and situations around you. Most important trait I acknowledge is of great heart of solider/ socialist with vision for quality for all.
…….Growing up I will meet you time and time again, to understand you better…..?

***Adarsh Badesha of Edmonton***
***11 years of age***

He is my Grand Mothers brother, a legend for all of India and Indian people. The member of a group of freedom fighters who did not care for there own well being but for the greater good of a Country. All people of Indian origin recognize him as a Hero in all aspects. The youth are now being educated on his Independence movements, and will not let his history be forgotten. Our family will continue to take pride in his name and celebrate his Legacy.

***Paul Dhaliwal***

Bhagat Singh is one of the most widely known figures in the fight for freedom in India. His life can be described as a rebellion against British rule in an attempt to secure liberty for his people. While at first he participated in peaceful measures such as Gandhi's non-cooperation movement, he later resorted to what some may call more violent measures in order to capture attention for the movement he was trying to create. For example he took vengeance for the murder of his friend and fellow political revolutionary Lala Lajput Rai as well as volunteering to throw a bomb in the Central Legislative Assembly. Once in prison Bhagat Singh went on a hunger strike to protest the inhuman treatment of political prisoners and on March 23 1931 he was hanged for his participation in the bomb throwing incident. Bhagat Singh will be remembered as a brave man who took risks in order to secure a better future for his people but one must also question whether his methods were the most effective, perhaps to look back on his life is to remember the passion one man had for the freedom of his people but also learn a valuable lesson from his mistakes as well.

***Amber Deol***



Throughout history, we have encountered many revolutionary figures. Although they have all fought for different causes, there is a common thread amongst them. All of them were able to bring about a revolution, because they believed in what they fought for. Bhagat Singh once stated that "*It is easy to kill individuals but you cannot kill the ideas. Great empires crumbled while the ideas survived.*"

Bhagat Singh was only 23 when he was condemned to death by the Imperialist Government. Representing the youth at the time, he participated politically, fighting to win independence from the British Empire. He had a dream that his country men would one day live life freely and would be able to exercise their democratic rights. Unfortunately, he would not live to see his dream come true.

After studying and being moved by historical revolutions, he wanted to inspire the youth of India to unite and fight the British Empire. On April 8, 1920, Bhagat Singh bombed the Central Legislative Assembly. He saw his trial as a tool to bring further public attention to his cause. He pleaded guilty, while making statements against the British rule.

Bhagat Singh was executed on March 23rd, 1931. In only 23 years, he was able to accomplish what many people could not in a lifetime. What if Martin Luther King had died at 23? What if Malcolm X, and Che Guevara had died at 23? Coincidentally, all three of them gave their lives to their cause at the age of 39. Could they have accomplished as much as they did in nearly half the time? Bhagat Singh, through his literacy, and intellectual ideals, was able to inspire the youth of India, and bring about a revolution.

However, what he left behind still holds relevance today. He showed us that through politics, and intellect, we can jump all hurdles. He showed us that there is a logical solution behind every problem. Although martyrdom is an extreme solution for people like us, he gave his life to a country, only to inspire the youth of India, and generations to follow.

Although physically, he is gone, his legacy remains. Even today, nearly 80 years after his death we celebrate in his spirit. We remember that Bhagat Singh was one of the greatest revolutionaries in modern history. *It was easy to kill the individual, but his ideas will never die.*

***Hasman Dhaliwal***

***Bhagat Singh: A Source of Inspiration for the suffering Humanity***

Never had a chance of thinking before about this, but after reading the letters, revolutionary ideas of Lenin, Karl Marx, the faint picture of Shaheed Bhagat Singh became much focused and sharper in my mind. Bhagat Singh was first influenced from his family members and then the great revolutionaries of the world, he never looked back. The spark to breathe free air and to salute "Bharat Mata" was lit as his uncle's were active revolutionaries and was involved in numerous cases which would have resulted in overturn of British rule in India. Shaheed's name was derived by the coincidence that on the day of his birth, his uncle's Ajit Singh and Swaran Singh were released from prison as a result; he was named "Bhagat" meaning 'Bhagan Vaala'. Having involved in Bombing Assembly, Bhagat Singh never had any viewpoint of hurting or killing someone. The leaflet thrown by him and his partners at the Assembly had these lines written all over them," *It is easy to kill individuals but you cannot kill the ideas. Great empires crumbled while the ideas survived".* In today's individualistic society there is a dire need for keeping his ideas alive and the youth aware of the new problems faced by society on whole.

Being an atheist, Singh had a strong attraction to political ideas of Socialism and Marxism, two ideologies that lie on the opposite ends of political spectrum (here I am comparing Religion with Socialism/Communism and referring to these as the ideologies lying on opposite ends). Having read Karl Marx, Friedrich Engels, Vladimir Lenin, not only he endured the hardships of workers of USSR and other European countries but also envisioned a ray of hope at the end of the tunnel for struggling Hindustanis. Being an atheist, Shaheed didn't hesitate from shaving his beard and getting a hair cut to screen his identity. Admiring Shaheed Kartar Singh Sarabha filled him with zest and zeal to never give up and to do a lot in a short life span of his.

On the other side, Bhagat Singh enjoyed watching comedians Charlie Chaplin.



Glancing at his personality, it seems that he would have dug the ways through which his dream to see India a free country even from the comedy.

Keeping the revolutionary spirit alive, youngsters get well versed with Shaheed's ideology through this kind of interaction with the youth. He is a symbol of inspiration for the me and my fellow youth as well.

***Cimir Bains***

## *Shaheed Bhagat Singh—a True Indian*

"We consider it horrible that people should have their heads cut off, but we have not been taught to see the horror of life - long death which is inflicted upon a whole population by poverty and tyranny." Quoted by Mark Twain, it was found in Shaheed Bhagat Singh's journal in which he kept during his time in jail. Bhagat Singh was conscious of the agony India was suffering during Britain's imperialistic reign. Bhagat Singh was a revolutionist; he needed to save his country, even if it results in sacrifice. He was not a coward. Freeing his country from imperialism was more vital than saving his own life. On March 23, 1931, with the powerful cheer, *Inquilab Zindabad,* Bhagat Singh, along with Sukhdev and Rajguru, were executed. But their executions were a symbol. These executions showed us, Indians, we were courageous and revolutionists as well, and to continue fighting until independence was declared. Bhagat Singh quotes, "The inspiring ideal for all and sundry workers should not be that of dying for the cause but of living for the cause, and living usefully and worthily." Bhagat Singh was a patriotic. Fasting for sixty three days, he demanded equal rights for Indian political prisoners as British prisoners. He struggled to defend his mother country, as like children protecting their own mother.

***Sangam Sangione***

## ਵਿਸ਼ੇਸ਼ ਟਿੱਪਣੀ

# ਅਸਲ ਮੁੱਦਾ ਇਖ਼ਲਾਕ ਦਾ ਹੈ

**ਨਵੀਨ ਰਮਨ**

ਕਦੇ ਵੇਲਾ ਸੀ ਜਦੋਂ ਮੰਗਾਂ ਮੰਨਵਾਉਣ ਲਈ ਸੰਘਰਸ਼ ਕਰ ਰਹੇ ਲੋਕਾਂ ਦਾ ਕੇਵਲ ਸੜਕਾਂ 'ਤੇ ਉੱਤਰ ਆਉਣਾ ਹੀ ਕਾਫ਼ੀ ਸੀ ਤੇ ਰੈਲੀਆਂ ਮੁਜ਼ਾਹਰਿਆਂ ਲਈ ਚੰਡੀਗੜ੍ਹ ਦਾ ਮਟਕਾ ਚੌਂਕ ਹੀ ਕਾਫ਼ੀ ਹੁੰਦਾ ਸੀ। ਹੁਣ ਅਪਣੀਆਂ ਜਮਹੂਰੀ ਮੰਗਾਂ ਲਈ ਸੰਘਰਸ਼ ਕਰ ਰਹੇ ਲੋਕ ਅਸਮਾਨ ਛੂੰਹਦੀਆਂ ਟੈਂਕੀਆਂ 'ਤੇ ਵੀ ਜਾ ਚੜ੍ਹਦੇ ਹਨ ਤੇ ਵਜ਼ੀਰਾਂ ਅਧਿਕਾਰੀਆਂ ਦੀਆਂ ਲਾਰਾ ਲਾਊ ਇਕੱਤਰਤਾਵਾਂ ਮਟਕਾ ਚੌਂਕ ਬਣ ਗਈਆਂ ਹਨ। ਫਿਰ ਵੀ ਸਰਕਾਰ ਅਪਣਾ ਅੜੀਅਲ ਵਤੀਰਾ ਨਹੀਂ ਤਿਆਗ ਰਹੀ। ਸਰਕਾਰੀ ਇਕੱਤਰਤਾਵਾਂ 'ਚ ਜੇ ਕੋਈ ਨੌਜਵਾਨ ਅਪਣੇ ਹੱਕ ਦੀ ਆਵਾਜ਼ ਬੁਲੰਦ ਕਰਨ ਲਈ ਉੱਠਕੇ ਮੂੰਹ ਖੋਲ੍ਹਦਾ ਹੈ ਤਾਂ ਤੁਰੰਤ ਪੁਲਿਸ ਉਸਦਾ ਮੂੰਹ ਬੰਦ ਕਰਕੇ ਉਸਨੂੰ ਉਥੋਂ ਲੈ ਤੁਰਦੀ ਹੈ। ਨੌਜਵਾਨਾਂ, ਜਿਨ੍ਹਾਂ 'ਚ ਵਧੇਰੇ ਕਰਕੇ ਈ. ਟੀ. ਟੀ. ਅਧਿਆਪਕ, ਠੇਕੇ 'ਤੇ ਭਰਤੀ ਕੀਤੇ ਅਧਿਆਪਕ ਤੇ ਕਈ ਵਰਗਾਂ ਦੇ ਬੇਰੁਜ਼ਗਾਰ ਸ਼ਾਮਲ ਹਨ, ਦੇ ਮੂੰਹ ਬੰਦ ਕਰਨ ਦਾ ਸਰਕਾਰ ਨੇ ਇਕ ਹੋਰ ਢੰਗ ਵੀ ਇਸਤੇਮਾਲ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਸੰਵਿਧਾਨਕ ਢੰਗ ਤਹਿਤ ਸਰਕਾਰ ਦੇ ਕੁੱਲ ਅਧਿਕਾਰੀ ਦੇ ਸਲਾਹਕਾਰ ਨੌਜਵਾਨਾਂ ਨੂੰ, ਉਸ ਪਾਰਟੀ ਦੀ ਸਰਕਾਰ ਵਲੋਂ ਸੰਵਿਧਾਨ ਦਾ ਪਾਠ ਪੜ੍ਹਾਉਣ ਦੇ ਯਤਨ 'ਚ ਹਨ, ਜਿਸ ਪਾਰਟੀ ਦੇ ਆਗੂ ਅਪਣੇ ਸੁਪਰੀਮੋ ਸਮੇਤ ਸੰਵਿਧਾਨ ਦੀਆਂ ਕਾਪੀਆਂ ਪਾੜ-ਸਾੜ ਕੇ ਸੱਤਾ ਦੇ ਸਿੰਘਾਸਨ 'ਤੇ ਬਿਰਾਜਮਾਨ ਹੋਏ ਬੈਠੇ ਹਨ। ਪਿਛਲੇ ਦਿਨੀਂ ਸਰਕਾਰ ਦੇ ਪੱਖ ਵਿਚ ਤੇ ਅੰਦੋਲਕਾਰੀ ਨੌਜਵਾਨਾਂ ਦੇ ਵਿਰੁੱਧ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੈਅਰਮੈਨ ਦਲਬੀਰ ਸਿੰਘ ਢਿੱਲੋਂ ਅਤੇ ਮੁੱਖ ਮੰਤਰੀ ਦੇ ਸਲਾਹਕਾਰ ਹਰਚਰਨ ਬੈਂਸ ਨੇ ਇਹ ਸੰਵਿਧਾਨਕ ਪਾਠ ਮੀਡੀਆ 'ਚ ਜਾਰੀ ਕੀਤੇ ਹਨ। ਦੋਵਾਂ ਦੇ ਪਾਠਾਂ ਦੀਆਂ ਦਲੀਲਾਂ ਤੇ ਭਾਸ਼ਾ ਇਕ ਸਮਾਨ ਹੋਣ ਕਰਕੇ ਇਨ੍ਹਾਂ ਨੂੰ ਸਰਕਾਰ ਦੇ ਨੀਤੀ ਬਿਆਨ ਹੀ ਸਮਝਿਆ ਜਾਣਾ ਚਾਹੀਦਾ ਹੈ। ਆਓ ਦੇਖੀਏ, ਨੌਜਵਾਨ ਅੰਦੋਲਨਕਾਰੀਆਂ ਦੇ ਆਪੇ ਬਣੇ ਇਹ ਸਲਾਹਕਾਰ ਕੀ ਸਲਾਹਾਂ ਤੇ ਲੁਕਵੀਆਂ ਧਮਕੀਆਂ ਦਿੰਦੇ ਹਨ।

ਇਨ੍ਹਾਂ ਦਾ ਕਹਿਣਾ ਹੈ ਕਿ ਪੰਚਾਇਤੀ ਰਾਜ ਦੀ ਸੰਵਿਧਾਨਕ ਵਿਵਸਥਾ ਨੂੰ ਅਮਲੀ ਰੂਪ ਦੇਣ ਲਈ ਕਈ ਮਹਿਕਮੇ ਪੰਚਾਇਤਾਂ ਅਧੀਨ ਕੀਤੇ ਗਏ ਹਨ। ਇਸੇ ਯੋਜਨਾ ਅਧੀਨ ਸਰਕਾਰ ਨੇ ਤੇਰ੍ਹਾਂ ਹਜ਼ਾਰ ਈ. ਟੀ. ਟੀ. ਅਧਿਆਪਕ ਭਰਤੀ ਕੀਤੇ ਹਨ। ਸਲਾਹਕਾਰਾਂ ਅਨੁਸਾਰ ਸੰਵਿਧਾਨ ਦੀ ਉਚਿਤਤਾ ਦਾ ਪਾਠ ਪੜ੍ਹਾਉਣ ਵਾਲੇ ਅਧਿਆਪਕ ਹੀ ਸੰਵਿਧਾਨ ਤਹਿਤ ਹੋਈਆਂ ਇਨ੍ਹਾਂ ਨਿਯੁਕਤੀਆਂ ਨੂੰ ਕਬੂਲਣ ਤੋਂ ਇਨਕਾਰੀ ਹੋ ਕੇ ਸੰਵਿਧਾਨ ਦੀ ਤੌਹੀਨ ਤੇ ਉਲੰਘਣਾ ਕਰ ਰਹੇ ਹਨ, ਇਹ



ਦਲੀਲ ਦਿੰਦਿਆਂ ਸਲਾਹਕਾਰਾਂ ਨੂੰ ਜ਼ਰਾ ਗੌਰ ਨਾਲ ਦੇਖਣਾ ਚਾਹੀਦਾ ਹੈ ਕਿ ਸਥਾਨਕ ਸਰਕਾਰਾਂ ਪੰਚਾਇਤਾਂ ਆਦਿ ਨੂੰ ਕਿਹੋ ਜਿਹੇ ਮਹਿਕਮੇ ਦਿੱਤੇ ਗਏ ਹਨ। ਛਕਣ ਛਕਾਉਣ ਵਾਲੇ ਮਹਿਕਮੇ ਸਥਾਨਕ ਸਰਕਾਰਾਂ ਤੋਂ ਕੋਹਾਂ ਦੂਰ ਰੱਖ ਕੇ ਕੀ ਸਰਕਾਰ ਖ਼ੁਦ ਹੀ ਸੰਵਿਧਾਨ ਦਾ ਅਪਮਾਨ ਨਹੀਂ ਕਰ ਰਹੀ। ਸਲਾਹਕਾਰ ਅੱਗੇ ਕਹਿੰਦੇ ਹਨ ਕਿ ਈ. ਟੀ. ਟੀ. ਅਧਿਆਪਕ ਲੋਕ ਨੁਮਾਇੰਦਿਆਂ ਦਾ ਅਪਮਾਨ ਕਰ ਰਹੇ ਹਨ......ਇਨ੍ਹਾਂ ਅਧੀਨ ਕੰਮ ਕਰਨ ਤੋਂ ਸ਼ਰਮ ਮਹਿਸੂਸ ਕਰ ਰਹੇ ਹਨ। ਸਲਾਹਕਾਰਾਂ ਨੂੰ ਜੇਕਰ ਚੇਤੇ ਹੋਵੇ ਕਿ ਸੱਤਾਧਾਰੀ ਪਾਰਟੀ ਪਿੰਡਾਂ 'ਚ ਪੰਚਾਇਤਾਂ ਦੀਆਂ ਤੇ ਨਗਰ ਸ਼ਹਿਰਾਂ ਦੀਆਂ ਸਥਾਨਕ ਸਰਕਾਰਾਂ ਦੀਆਂ ਚੋਣਾਂ ਸਮੇਂ ਲੋਕਤੰਤਰ ਦਾ ਜੋ ਜਨਾਜ਼ਾ ਕੱਢ ਚੁੱਕੀ ਹੈ, ਤਾਂ ਉਨ੍ਹਾਂ ਨੂੰ ਖੁਦ ਵੀ ਅਜਿਹੀ ਚੋਣ ਧਾਂਦਲੀ ਨਾਲ ਸਥਾਪਤ ਹੋਈ ਅਰਥਾਤ ਹੋਂਦ ਵਿਚ ਆਈ ਪੰਚਾਇਤੀ ਰਾਜ ਵਿਵਸਥਾ ਤੋਂ ਸ਼ਰਮ ਆਉਣ ਲੱਗੇਗੀ ਤੇ ਇਹ ਵੀ ਮਹਿਸੂਸ ਹੋਣ ਲੱਗ ਪਵੇਗਾ ਕਿ ਵਾਸਤਵ ਵਿਚ ਸਰਪੰਚਾਂ-ਪੰਚਾਂ ਨੂੰ ਮਾਤਰ ਕਠਪੁਤਲੀਆਂ 'ਚ ਬਦਲਕੇ ਉਨ੍ਹਾਂ ਦਾ ਅਪਮਾਨ ਕੌਣ ਕਰ ਰਿਹਾ ਹੈ?

ਪੰਜਾਬ ਸਰਕਾਰ ਦੇ ਸਲਾਹਕਾਰ ਅੰਦੋਲਨਕਾਰੀ ਨੌਜਵਾਨਾਂ ਦਾ ਵਿਰੋਧ ਇਸ ਦਲੀਲ ਦੇ ਆਧਾਰ 'ਤੇ ਵੀ ਕਰ ਰਹੇ ਹਨ ਕਿ ਇਹ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਕਰ ਰਹੇ ਹਨ। ਇਹ ਨੌਜਵਾਨਾਂ ਨੂੰ ਹਿੰਸਕ ਤੇ ਗ਼ੈਰ-ਜ਼ੁੰਮੇਵਾਰ ਗਰਦਾਨ ਕੇ ਵੀ ਨਿੰਦ ਰਹੇ ਹਨ ਤੇ ਨਸੀਹਤ ਦੇ ਰਹੇ ਹਨ ਕਿ 'ਲੋੜ ਹੈ ਕਿ ਬਿਨਾਂ ਸੂਝ-ਬੂਝ ਅਤੇ ਬੇਤੁਕੇ ਸੰਘਰਸ਼ ਰਾਹੀਂ ਸੜ੍ਹਕਾਂ 'ਤੇ ਸਮਾਂ ਗਵਾਉਣ ਵਾਲੀਆਂ ਹਰਕਤਾਂ ਤਿਆਗ ਕੇ ਇਹ ਪੜ੍ਹੇ ਲਿਖੇ ਨੌਜਵਾਨ ਅਪਣੀਆਂ ਵਿੱਦਿਅਕ ਯੋਗਤਾਵਾਂ ਵਿਚ ਵਾਧਾ ਕਰਨ। ਜਿੱਥੋਂ ਤੱਕ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਦਾ ਸਵਾਲ ਹੈ, ਸਰਕਾਰ ਖ਼ੁਦ ਹੀ ਅਧਿਆਪਕਾਂ ਨੂੰ ਇਸ ਪਾਸੇ ਹੋਣ ਨਹੀਂ ਦਿੰਦੀ-ਉਨ੍ਹਾਂ ਨੂੰ ਗ਼ੈਰ ਵਿੱਦਿਅਕ ਕੰਮਾਂ 'ਚ ਧੱਕੀ ਰੱਖਦੀ ਹੈ। ਨੌਜਵਾਨ ਇਹ ਵੀ ਜਾਣਦੇ ਹਨ ਕਿ ਵਿੱਦਿਅਕ ਯੋਗਤਾ ਵਿਚ ਵਾਧੇ ਮਗਰੋਂ ਵੀ ਉਹ ਨਾ ਤਾਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਬਣ ਸਕਣਗੇ ਤੇ ਨਾ ਹੀ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ। ਨੌਜਵਾਨਾਂ ਦੇ ਅਜੋਕੇ ਅੰਦੋਲਨ ਦੇ ਸੰਦਰਭ 'ਚ ਅਸਲ ਮੁੱਦਾ ਇਖ਼ਲਾਕ ਦਾ ਹੈ। ਨੌਜਵਾਨ ਅੰਦੋਲਨ ਕਾਰੀਆਂ ਨੂੰ ਨਸੀਹਤ ਦੇਣ ਵਾਲਿਆਂ ਨੂੰ ਯਾਦ ਕਰਨਾ ਚਾਹੀਦਾ ਹੈ ਕਿ ਇਹ ਨੌਜਵਾਨ ਉਹੀ ਕੁੱਝ ਮੰਗ ਰਹੇ ਹਨ, ਜਿਸਨੂੰ ਦੇਣ ਦਾ ਵਾਅਦਾ ਪਿਛਲੀ ਕਾਂਗਰਸ ਸਰਕਾਰ ਸਮੇਂ ਧਰਨੇ ਦੇ ਰਹੇ ਇਨ੍ਹਾਂ ਨੌਜਵਾਨਾਂ ਨਾਲ ਸੱਤਾਧਾਰੀ ਪਾਰਟੀ ਦੇ ਸੁਪਰੀਮੋ ਕਰਕੇ ਆਏ ਸਨ, ਹੁਣ ਜੇਕਰ ਇਹ ਅਪਣੇ ਕੀਤੇ ਵਾਅਦਿਆਂ ਤੋਂ ਭੱਜ ਰਹੇ ਹਨ ਤਾਂ ਇਹ ਇਖ਼ਲਾਕੋਂ ਗਿਰਨ ਵਾਲੀ ਗੱਲ ਹੈ।

# ਇਕ ਹਜ਼ਾਰ ਲੋਕਾਂ ਪਿੱਛੇ ਸਿਰਫ਼ ਤਿੰਨ ਪੁਲੀਸ ਕਰਮਚਾਰੀ

**ਜਲੰਧਰ/ਰਾਕੇਸ਼ ਬਹਿਲ**

ਦੇਸ਼ ਵਿਚ ਦਹਿਸ਼ਤਵਾਦ ਦੇ ਵਧਦੇ ਖ਼ਤਰੇ ਦੌਰਾਨ ਪੰਜਾਬ ਪੁਲੀਸ ਦੀ ਅੰਦਰੂਨੀ ਸੁਰੱਖਿਆ ਵਿਵਸਥਾ ਬਿਲਕੁਲ ਦਰੁਸਤ ਨਹੀਂ ਹੈ। ਸੁਰੱਖਿਆ ਤੰਤਰ ਦੇ ਲਿਹਾਜ਼ ਨਾਲ ਦੇਖੀਏ ਤਾਂ ਹਾਲੇ ਵੀ ਕਈ ਖਾਮੀਆਂ ਪੰਜਾਬ ਪੁਲੀਸ ਅੱਗੇ ਮੂੰਹ ਅੱਡੀ ਖੜੀਆਂ ਹਨ। ਪਿਛਲੇ ਕੁਝ ਸਮੇਂ ਤੋਂ ਸੂਬੇ ਵਿਚ ਕਦੇ ਡੇਰਾ ਵਿਵਾਦ ਕਾਰਨ ਤੇ ਕਦੇ ਹੋਰਨਾਂ ਕਾਰਨਾਂ ਕਰਕੇ ਕਾਨੂੰਨ ਵਿਵਸਥਾ ਦੇ ਹਾਲਾਤ ਖਰਾਬ ਰਹੇ ਹਨ। ਬਟਾਲਾ ਵਿਚ ਤਾਂ ਪੁਲੀਸ ਇਸ ਲਈ ਹਿੰਸਾ ਨੂੰ ਕਾਬੂ ਵਿਚ ਨਹੀਂ ਕਰ ਸਕੀ ਸੀ ਕਿਉਂਕਿ ਉਥੇ ਫੋਰਸ ਪੂਰੀ ਨਹੀਂ ਸੀ। ਇਸ ਤੋਂ ਪਹਿਲਾਂ ਲੁਧਿਆਣਾ ਅਤੇ ਜਲੰਧਰ ਵਿਚ ਵੀ ਅਜਿਹਾ ਹੀ ਹੋਇਆ ਸੀ। ਹਾਲਾਤ ਖਾਰਾਬ ਹੋਣ 'ਤੇ ਦੂਸਰੇ ਜ਼ਿਲ੍ਹਿਆਂ ਤੋਂ ਪੁਲੀਸ ਫੋਰਸ ਮੰਗ ਕੇ ਸਥਿਤੀ 'ਤੇ ਕਾਬੂ ਪਾਇਆ ਗਿਆ ਸੀ। ਅਕਸਰ ਪੁਲੀਸ ਨੂੰ ਅਜਿਹੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। 2001 ਦੀ ਜਨਗਣਨਾ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਇਸ ਸਮੇਂ ਸੂਬੇ ਦੀ ਆਬਾਦੀ ਦੋ ਕਰੋੜ 43 ਲੱਖ 59 ਹਜ਼ਾਰ 200 ਹੈ। ਪੁਲੀਸ ਫੋਰਸ ਦੀ ਸੰਖਿਆ 72000 ਹੈ। ਇਸ



ਹਿਸਾਬ ਨਾਲ ਇਕ ਹਜ਼ਾਰ ਲੋਕਾਂ ਦੇ ਪਿੱਛੇ ਤਿੰਨ ਪੁਲੀਸ ਜਵਾਨ ਹਨ। ਸੂਬੇ ਦੇ ਤਿੰਨ ਵੱਡੇ ਸ਼ਹਿਰਾਂ ਵਿਚ ਹਾਲਾਤ ਇਸ ਤੋਂ ਵੀ ਬਦਤਰ ਹਨ। ਲੁਧਿਆਣਾ ਸ਼ਹਿਰ ਦੀ ਆਬਾਦੀ 20 ਲੱਖ ਹੈ, ਜਿਥੇ 3153 ਪੁਲੀਸ ਕਰਮਚਾਰੀ ਹਨ। ਇਥੇ ਇਕ ਹਜ਼ਾਰ ਲੋਕਾਂ ਪਿਛੇ ਡੇਢ ਪੁਲੀਸ ਮੁਲਾਜ਼ਮ ਹਨ। ਅੰਮ੍ਰਿਤਸਰ ਦੀ ਆਬਾਦੀ 15 ਲੱਖ ਹੈ, ਜਿਥੇ 4024 ਪੁਲੀਸ ਮੁਲਾਜ਼ਮ ਹਨ, ਜਿਥੇ ਇਕ ਹਜ਼ਾਰ ਲੋਕਾਂ ਪਿਛੇ ਢਾਈ ਪੁਲੀਸ ਜਵਾਨ ਹਨ।

**ਨਵੇਂ ਹਥਿਆਰ ਖਰੀਦਣ ਲਈ ਫੰਡ ਨਹੀਂ।**

ਪੰਜਾਬ ਪੁਲੀਸ ਦਾ ਬਜਟ ਭਾਵੇਂ 156 ਕਰੋੜ ਹੈ ਪਰ ਏਨਾ ਵੱਡਾ ਬਜਟ ਹੋਣ ਦੇ ਬਾਵਜੂਦ ਪੁਲੀਸ ਆਧੁਨਿਕ ਹਥਿਆਰ ਚਾਹ ਕੇ ਵੀ ਨਹੀਂ ਖਰੀਦ ਸਕਦੀ। ਪੁਲੀਸ ਦੇ ਬਜਟ ਦਾ 80 ਫੀਸਦੀ ਹਿੱਸਾ ਤਨਖ਼ਾਹ ਵਿਚ ਚਲਾ ਜਾਂਦਾ ਹੈ, ਬਾਕੀ ਵੀਹ ਫੀਸਦੀ ਹਿੱਸੇ ਵਿਚ 15 ਫੀਸਦੀ ਹਿੱਸਾ ਪੈਟਰੋਲ ਅਤੇ ਗੱਡੀਆਂ ਦੀ ਸਾਂਭ-ਸੰਭਾਲ 'ਤੇ ਅਤੇ ਸਿਰਫ਼ 5 ਫੀਸਦੀ ਹਿੱਸਾ ਪੁਲੀਸ ਲਈ ਨਵੇਂ ਹਥਿਆਰ ਖਰੀਦਣ ਅਤੇ ਪੁਰਾਣੇ ਹਥਿਆਰ ਦੀ ਸਾਂਭ-ਸੰਭਾਲ, ਅਸਲਾ ਖਰੀਦਣ 'ਤੇ ਖਰਚ ਕੀਤਾ ਜਾਂਦਾ ਹੈ। ਹੁਣ ਨਵੇਂ ਹਥਿਆਰ ਖਰੀਦਣ ਲਈ ਸੂਬਾ ਸਰਕਾਰ ਨੇ ਕੇਂਦਰ ਸਰਕਾਰ ਤੋਂ ਮਦਦ ਦੀ ਗੁਹਾਰ ਲਾਈ ਹੈ।


# Ace Immigration Services

## Bring your relatives to Canada in 6-12 months*

Nurses, College & Polytechnic Teachers, Restaurant Managers and many more occupations eligible.

Competent Services, Reasonable Fee

**Avail our services for:**

- Family Sponsorship
- Work Permit
- Point System
- Business & Investor Class
- Provincial Nominee
- Study Permit
- Nanny

**Shamsher Buttar**
Certified Canadian Immigration Consultant
Member CSIC

Edmonton 780-465-6900
Toronto 1-416-740-3186
Email: ss_buttar@yahoo.com

* Conditions apply

# ਕਾਲੀ ਸੂਚੀ ਦੀ ਦਹਿਸ਼ਤ

ਦਿਨੇਸ਼ ਗੋਇਲ

## ਚਿਦੰਬਰਮ ਦਾ ਸੰਕੇਤ

ਪੰਜਾਬ ਤੋਂ ਲਗਾਤਾਰ ਇਹ ਮੰਗ ਉਠ ਰਹੀ ਹੈ ਕਿ ਕੇਂਦਰ ਸਰਕਾਰ ਕਾਲੀ ਸੂਚੀ ਨੂੰ ਖਤਮ ਕਰੇ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਵੀ ਇਸ ਮੁੱਦੇ 'ਤੇ ਕਈ ਵਾਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਧਿਆਨ ਖਿਚਣ ਦੀ ਕੋਸ਼ਿਸ਼ ਕੀਤੀ ਹੈ। ਪਰਵਾਸੀ ਭਾਰਤੀਆਂ ਦੇ ਸੰਮੇਲਨ ਵਿਚ ਵੀ ਇਹ ਮੰਗ ਉਠਦੀ ਰਹੀ ਹੈ। ਹੁਣ ਚਿਦੰਬਰਮ ਨੇ ਕਾਲੀ ਸੂਚੀ ਦੇ ਮਾਮਲੇ 'ਤੇ ਗੌਰ ਕਰਨ ਦੇ ਸੰਕੇਤ ਦਿੱਤੇ ਹਨ। ਜੇਕਰ ਕੇਂਦਰ ਸਰਕਾਰ ਇਸ ਦਿਸ਼ਾ ਵਿਚ ਕੋਈ ਸਾਕਾਰਾਤਮਕ ਕਦਮ ਚੁੱਕਦੀ ਹੈ ਤਾਂ ਵਰ੍ਹਿਆਂ ਤੋਂ ਆਪਣੀ ਧਰਤੀ 'ਤੇ ਕਦਮ ਰੱਖਣ ਨੂੰ ਤਰਸ ਰਹੇ ਲੋਕ ਵਤਨ ਆ ਕੇ ਆਪਣੀ ਮਿੱਟੀ ਨੂੰ ਮੱਥੇ ਲਾ ਸਕਣਗੇ।

ਕਣਕ ਦੇ ਨਾਲ-ਨਾਲ ਘੁਣ ਵੀ ਪਿਸ ਜਾਂਦਾ ਹੈ। ਪੰਜਾਬ ਤੋਂ ਵਿਦੇਸ਼ਾਂ ਵਿਚ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਕਈ ਪੰਜਾਬੀ ਪਰਵਾਸੀਆਂ ਨਾਲ ਵੀ ਕੁਝ ਅਜਿਹਾ ਹੀ ਹੋਇਆ ਹੈ। ਅੱਤਵਾਦ ਦੇ ਦਿਨਾਂ ਵਿਚ ਆਪ੍ਰੇਸ਼ਨ ਬਲਿਊ ਸਟਾਰ (1984) ਤੋਂ ਬਾਅਦ ਗ੍ਰਿਫ਼ਤਾਰੀ ਦੇ ਡਰੋਂ ਵਿਦੇਸ਼ ਭੱਜੇ ਲੋਕਾਂ ਦੇ ਨਾਮ ਸਰਕਾਰ ਨੇ ਕਾਲੀ ਸੂਚੀ ਵਿਚ ਪਾ ਦਿੱਤੇ ਸਨ ਅਤੇ ਇਨ੍ਹਾਂ ਦੀ ਵਾਪਸੀ 'ਤੇ ਪਾਬੰਦੀ ਲੱਗ ਗਈ ਸੀ। ਇਸ ਸੂਚੀ ਵਿਚ ਜ਼ਿਆਦਾਤਰ ਨਾਮ ਅਜਿਹੇ ਲੋਕਾਂ ਦੇ ਹਨ ਜੋ ਅੱਤਵਾਦ ਦੇ ਦੌਰ ਵਿਚ ਪੰਜਾਬ ਵਿਚ ਵਾਪਰੀਆਂ ਕਈ ਵੱਡੀਆਂ ਵਾਰਦਾਤਾਂ ਨਾਲ ਜੁੜੇ ਸਨ ਜਦਕਿ ਕਈ ਨਾਮ ਅਜਿਹੇ ਵੀ ਹਨ ਜਿਨ੍ਹਾਂ ਖਿਲਾਫ਼ ਦੇਸ਼ ਵਿਚ ਕੋਈ ਸ਼ਿਕਾਇਤ ਤੱਕ ਦਰਜ ਨਹੀਂ ਹੈ। ਕਾਲੀ ਸੂਚੀ ਵਿਚ ਸ਼ਾਮਲ ਲੋਕਾਂ ਦੀ ਵਾਪਸੀ ਦੀਆਂ ਕੋਸ਼ਿਸ਼ਾਂ ਨੂੰ ਪੰਜਾਬ ਵਿਚ ਅੱਤਵਾਦ ਦੇ ਫੇਰ ਸਿਰ ਚੁੱਕਣ ਦੀਆਂ ਕੋਸ਼ਿਸ਼ਾਂ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ।

## ਉਮੀਦ ਦੀ ਕਿਰਨ

ਲਗਭਗ 30 ਸਾਲ ਪੁਰਾਣੀ ਇਸ ਸੂਚੀ ਨੂੰ ਲੈ ਕੇ ਹੁਣ ਤਕ ਦੀਆਂ ਸਰਕਾਰਾਂ ਕੋਈ ਫੈਸਲੇ ਨਹੀਂ ਲੈ ਸਕੀਆਂ ਸਨ, ਵਾਰ-ਵਾਰ ਮੰਗ ਉਠਣ ਤੋਂ ਬਾਅਦ ਸੂਚੀ ਵਿਚ ਸ਼ਾਮਲ ਕੁਝ ਨਾਵਾਂ 'ਤੇ ਵਿਚਾਰ ਹੋਇਆ ਅਤੇ ਗਿਣੇ-ਚੁਣੇ ਨਾਵਾਂ ਤੋਂ ਇਲਾਵਾ ਕਿਸੇ ਨੂੰ ਕਲੀਨਚਿਟ ਨਹੀਂ ਮਿਲੀ। ਹੁਣ ਇਸ ਸੂਚੀ ਨੂੰ ਖਤਮ ਕਰਨ ਦੀ ਪੰਜਾਬ ਸਰਕਾਰ ਦੀ ਮੰਗ ਕੁਝ ਰੰਗ ਲਿਆਈ ਹੈ ਅਤੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਇਸ ਮਾਮਲੇ 'ਤੇ ਵਿਚਾਰ ਕਰਨ ਦੀ ਗੱਲ ਕਹੀ ਹੈ। ਗ੍ਰਹਿ ਮੰਤਰੀ ਦੀ ਇਹ ਪਹਿਲ ਪੰਜਾਬ ਵਿਚ ਉਨ੍ਹਾਂ ਲੋਕਾਂ ਲਈ ਉਮੀਦ ਦੀ ਕਿਰਨ ਬਣੀ ਹੈ ਜਿਨ੍ਹਾਂ ਨੂੰ ਵਰ੍ਹਿਆਂ ਤੋਂ ਵਤਨ ਵਾਪਸੀ ਦਾ ਇੰਤਜ਼ਾਰ ਹੈ।

## ਕੌਣ ਦੇਵੇਗਾ ਜਵਾਬ

ਪਰਵਾਸੀ ਭਾਰਤੀਆਂ ਲਈ ਹਊਆ ਬਣ ਚੁੱਕੀ ਕਾਲੀ ਸੂਚੀ ਹੈ ਕੀ? ਇਸ ਸੂਚੀ ਵਿਚ ਜਿਨ੍ਹਾਂ ਦੇ ਨਾਮ ਹਨ, ਉਨ੍ਹਾਂ ਨੇ ਅਜਿਹਾ ਕੀ ਕੀਤਾ ਕਿ ਉਨ੍ਹਾਂ ਦੇ ਨਾਂ ਇਸ ਵਿਚ ਸ਼ਾਮਲ ਹੋ ਗਏ। ਇਸ ਸੂਚੀ ਨੂੰ ਹੁਣ ਤੱਕ ਜਨਤਕ ਕਿਉਂ ਨਹੀਂ ਕੀਤਾ ਗਿਆ? ਇਹ ਕੁਝ ਅਜਿਹੇ ਸਵਾਲ ਹਨ ਜਿਨ੍ਹਾਂ ਦਾ ਜਵਾਬ ਨਾ ਸਿਰਫ਼ ਪਰਵਾਸੀ, ਬਲਕਿ ਆਮ ਦੇਸ਼ਵਾਸੀ ਵੀ ਜਾਨਣਾ ਚਾਹੁੰਦੇ ਹਨ।

## ਕਿਨ੍ਹਾਂ-ਕਿਨ੍ਹਾਂ ਦੇ ਨਾਂ

ਇਸ ਸੂਚੀ ਵਿਚ ਕਿਨ੍ਹਾਂ-ਕਿਨ੍ਹਾਂ ਦੇ ਨਾਮ ਹਨ? ਇਹ ਜਾਣਕਾਰੀ ਗ੍ਰਹਿ ਮੰਤਰਾਲੇ ਦੇ ਵਿਦੇਸ਼ ਵਿਭਾਗ ਤੋਂ ਇਲਾਵਾ ਹੋਰ ਕਿਸੇ ਕੋਲ ਨਹੀਂ ਹੈ। ਕਿਸੇ ਹੋਰ ਵਿਭਾਗ ਵੱਲੋਂ ਮੰਗਣ 'ਤੇ ਵੀ ਇਹ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਜਾਂਦੀ। ਪੰਜਾਬ ਸਰਕਾਰ ਹੁਣ ਤੱਕ ਕਈ ਵਾਰ ਇਸ ਸੂਚੀ ਨੂੰ ਮੰਗ ਚੁੱਕੀ ਹੈ।

## ਸਾਫਟਵੇਅਰ ਦੱਸਦਾ ਹੈ ਸੂਚੀ ਦੇ ਨਾਂ

ਇਸ ਸਬੰਧ ਵਿਚ ਇਕ ਸਾਫਟਵੇਅਰ ਤਿਆਰ ਕੀਤਾ ਗਿਆ ਹੈ, ਜਿਸ ਨਾਲ ਦੇਸ਼ ਦੇ ਸਾਰੇ ਕੌਮਾਂਤਰੀ ਹਵਾਈ ਅੱਡਿਆਂ ਨੂੰ ਜੋੜਿਆ ਗਿਆ ਹੈ। ਹਵਾਈ ਅੱਡਿਆਂ 'ਤੇ ਉਤਰਨ ਵਾਲੇ ਪਰਵਾਸੀਆਂ ਦੇ ਨਾਮ ਜਦੋਂ ਇਸ ਸਾਫਟਵੇਅਰ ਵਿਚ ਪਾਏ ਜਾਂਦੇ ਹਨ ਤਾਂ ਪਤਾ ਚੱਲ ਜਾਂਦਾ ਹੈ ਕਿ ਉਨ੍ਹਾਂ ਦੇ ਨਾਂ ਕਾਲੀ ਸੂਚੀ ਵਿਚ ਹਨ ਜਾਂ ਨਹੀਂ। ਇਹੀ ਸਾਫਟਵੇਅਰ ਦੇਸ਼ ਦੀਆਂ ਖੁਫ਼ੀਆ ਏਜੰਸੀਆਂ ਕੋਲ ਵੀ ਹਨ। ਜ਼ਰੂਰੀ ਜਾਣਕਾਰੀ ਲੈਣ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ।

## ਜ਼ਿਆਦਾ ਨਾਮ ਰਾਸ਼ਟਰ ਵਿਰੋਧੀਆਂ ਦੇ

ਸੂਚੀ ਵਿਚ ਜ਼ਿਆਦਾਤਰ ਨਾਮ ਅਜਿਹੇ ਲੋਕਾਂ ਦੇ ਹਨ, ਜਿਨ੍ਹਾਂ ਨੇ ਵਿਦੇਸ਼ ਵਿਚ ਰਹਿੰਦਿਆਂ ਰਾਸ਼ਟਰ ਵਿਰੋਧੀ ਗਤੀਵਿਧੀਆਂ ਵਿਚ ਹਿੱਸਾ ਲਿਆ। ਵੱਖ ਵੱਖ ਮੰਚਾਂ 'ਤੇ ਰਾਸ਼ਟਰ ਵਿਰੋਧੀ ਭਾਸ਼ਣ ਦੇਣ ਵਾਲੇ ਪਰਵਾਸੀਆਂ ਦੇ ਨਾਮ ਵੀ ਇਸ ਸੂਚੀ ਵਿਚ ਸ਼ਾਮਲ ਹਨ। ਦੇਸ਼ ਦੀਆਂ ਖੁਫੀਆ ਏਜੰਸੀਆਂ ਤੋਂ ਇਲਾਵਾ ਵਿਦੇਸ਼ ਵਿਚ ਸਥਿਤ ਭਾਰਤੀ ਹਾਈ ਕਮਿਸ਼ਨ ਰਾਸ਼ਟਰ ਵਿਰੋਧੀ ਪਰਵਾਸੀਆਂ ਦੀ ਜਾਣਕਾਰੀ ਗ੍ਰਹਿ ਮੰਤਰਾਲੇ ਦੇ ਵਿਦੇਸ਼ੀ ਵਿਭਾਗ ਨੂੰ ਭੇਜਦਾ ਰਹਿੰਦਾ ਹੈ। ਇਸੇ ਆਧਾਰ 'ਤੇ ਰਾਸ਼ਟਰ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਲੋਕਾਂ ਦੇ ਨਾਮ ਕਾਲੀ ਸੂਚੀ ਵਿਚ ਪਾਏ ਜਾਂਦੇ ਹਨ।

## ਹਵਾਈ ਅੱਡੇ ਤੋਂ ਵਾਪਸੀ

ਇਸ ਸੂਚੀ ਵਿਚ ਸ਼ਾਮਲ ਲੋਕਾਂ ਵਿਚੋਂ ਕਈਆਂ ਨੇ ਵਤਨ ਵਾਪਸੀ ਦੀਆਂ ਕੋਸ਼ਿਸ਼ਾਂ ਕੀਤੀਆਂ ਜੋ ਸਿਰੇ ਨਹੀਂ ਚੜ੍ਹੀਆਂ। ਇਨ੍ਹਾਂ ਲੋਕਾਂ ਨੇ ਭਾਰਤੀ ਹਾਈ ਕਮਿਸ਼ਨ ਤੋਂ ਜਾਇਜ਼ ਵੀਜ਼ਾ ਲਿਆ। ਟਿਕਟ ਲੈ ਕੇ ਵਤਨ ਵੀ ਆਏ ਪਰ ਇਥੇ ਇਨ੍ਹਾਂ ਨੂੰ ਹਵਾਈ ਅੱਡੇ 'ਤੇ ਉਤਰਨ ਤੱਕ ਨਹੀਂ ਦਿੱਤਾ ਗਿਆ ਅਤੇ ਅਗਲੀ ਫਲਾਈਟ ਤੋਂ ਵਾਪਸ ਭੇਜ ਦਿੱਤਾ। ਇਸ ਤੋਂ ਪਹਿਲਾਂ ਇਨ੍ਹਾਂ ਨੂੰ ਬਕਾਇਦਾ ਇਹ ਦੱਸਿਆ ਗਿਆ ਕਿ ਉਨ੍ਹਾਂ ਦਾ ਨਾਮ ਗ੍ਰਹਿ ਮੰਤਰਾਲੇ ਦੇ ਵਿਦੇਸ਼ੀ ਵਿਭਾਗ ਵੱਲੋਂ ਤਿਆਰ ਕਾਲੀ ਸੂਚੀ ਵਿਚ ਦਰਜ ਹੈ, ਇਸ ਲਈ ਉਨ੍ਹਾਂ ਨੂੰ ਵਤਨ ਵਾਪਸੀ ਦੀ ਇਜਾਜ਼ਤ ਨਹੀਂ ਹੈ। ਪਿਛਲੇ ਸਾਲ ਬਰਤਾਨੀਆ ਸਥਿਤ ਸਲੋਜ ਦੇ ਮੇਅਰ ਜੋਗਿੰਦਰ ਸਿੰਘ ਬਲ ਨੇ ਭਾਰਤੀ ਹਾਈ ਕਮਿਸ਼ਨ ਤੋਂ ਜਾਇਜ਼ ਵੀਜ਼ਾ ਤੇ ਟਿਕਟ ਲਿਆ ਅਤੇ ਲੰਡਨ ਤੋਂ ਅੰਮ੍ਰਿਤਸਰ ਪੁੱਜੇ। ਅੰਮ੍ਰਿਤਸਰ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਹੀ ਉਨ੍ਹਾਂ ਨੂੰ ਇਹ ਦੱਸ ਦਿੱਤਾ ਗਿਆ ਕਿ ਉਨ੍ਹਾਂ ਦਾ ਨਾਮ ਕਾਲੀ ਸੂਚੀ ਵਿਚ ਹੈ ਅਤੇ ਉਨ੍ਹਾਂ ਨੂੰ ਦੇਸ਼ ਵਿਚ ਆਉਣ ਦੀ ਇਜਾਜ਼ਤ ਨਹੀਂ ਹੈ। ਅਗਲੀ ਫਲਾਈਟ ਤੋਂ ਉਨ੍ਹਾਂ ਨੂੰ ਲੰਡਨ ਵਾਪਸ ਭੇਜ ਦਿੱਤਾ ਗਿਆ। ਇਸ ਤੋਂ ਪਹਿਲਾਂ ਬਲ ਨੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਦਾ ਨਾਮ ਇਸ ਸੂਚੀ ਵਿਚ ਆਇਆ ਕਿਵੇਂ ਪਰ ਉਨ੍ਹਾਂ ਨੂੰ ਕੁਝ ਨਹੀਂ ਦੱਸਿਆ ਗਿਆ। ਬਲ ਦਾ ਕਹਿਣਾ ਸੀ ਕਿ ਜੇਕਰ ਉਨ੍ਹਾਂ ਦਾ ਨਾਮ ਕਾਲੀ ਸੂਚੀ ਵਿਚ ਸੀ ਤਾਂ ਉਨ੍ਹਾਂ ਨੂੰ ਯੂ.ਕੇ. ਸਥਿਤ ਭਾਰਤੀ ਹਾਈ ਕਮਿਸ਼ਨ ਨੇ ਵੀਜ਼ਾ ਕਿਉਂ ਜਾਰੀ ਕੀਤਾ? ਉਨ੍ਹਾਂ ਨੂੰ ਇਹ ਵੀ ਨਹੀਂ ਦੱਸਿਆ ਗਿਆ ਕਿ ਇਸ ਸੂਚੀ ਵਿਚੋਂ ਨਾਮ ਹਟਾਉਣ ਲਈ ਹੁਣ ਕੀ ਕਰਨਾ ਪਏਗਾ। ਬਲ ਹੀ ਨਹੀਂ ਅਜਿਹਾ ਉਨ੍ਹਾਂ ਪਰਵਾਸੀ ਭਾਰਤੀਆਂ ਦੇ ਨਾਲ ਵੀ ਹੋ ਚੁੱਕਾ ਹੈ ਜਿਨ੍ਹਾਂ ਦੇ ਨਾਮ ਇਸ ਸੂਚੀ ਵਿਚ ਦਰਜ ਹਨ।

ਇਸ ਸੂਚੀ ਵਿਚ ਸ਼ਾਮਲ ਨਾਵਾਂ ਨੂੰ ਜਨਤਕ ਕਰਨ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਸਮੇਤ ਕਈ ਆਗੂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਕਈ ਵਾਰ ਪੱਤਰ ਲਿਖ ਚੁੱਕੇ ਹਨ। ਇਨ੍ਹਾਂ ਦੀ ਮੰਗ ਇਹ ਹੈ ਕਿ ਇਸ ਸੂਚੀ ਦੇ ਨਾਵਾਂ ਨੂੰ ਕਿਸੇ ਵੈਬਸਾਈਟ 'ਤੇ ਪਾਇਆ ਜਾਵੇ, ਤਾਂ ਕਿ ਭਾਰਤ ਆਉਣ ਤੋਂ ਪਹਿਲਾਂ ਹੀ ਇਨ੍ਹਾਂ ਪਰਵਾਸੀ ਭਾਰਤੀਆਂ ਨੂੰ ਇਹ ਪਤਾ ਚੱਲ ਜਾਏ ਕਿ ਉਨ੍ਹਾਂ ਦਾ ਨਾਮ ਸੂਚੀ ਵਿਚ ਹੈ ਜਾਂ ਨਹੀਂ। ਇਸ ਸੂਚੀ ਵਿਚ ਜਿਨ੍ਹਾਂ ਅਪਰਾਧੀਆਂ ਦੇ ਨਾਂ ਹਨ, ਉਨ੍ਹਾਂ ਨੂੰ ਦੇਸ਼ ਦੇ ਕੌਮਾਂਤਰੀ ਹਵਾਈ ਅੱਡਿਆਂ ਤੋਂ ਵਾਪਸ ਨਹੀਂ ਭੇਜਿਆ ਜਾਂਦਾ, ਬਲਕਿ ਉਨ੍ਹਾਂ ਨੂੰ ਉਸੇ ਸਮੇਂ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ। ਗ੍ਰਿਫ਼ਤਾਰੀ ਤੋਂ ਬਾਅਦ ਉਨ੍ਹਾਂ ਨੂੰ ਸਬੰਧਤ ਰਾਜਾਂ ਦੀ ਪੁਲੀਸ ਦੇ ਹਵਾਲੇ ਕੀਤਾ ਜਾਂਦਾ ਹੈ, ਜਿਥੇ ਉਨ੍ਹਾਂ ਖਿਲਾਫ਼ ਕਾਨੂੰਨ ਮੁਤਾਬਕ ਕੇਸ ਚੱਲਦਾ ਹੈ।



ਉਡੀਕ

## ਦੋਸਤੀ ਰਿਸ਼ਤੇਦਾਰੀ ਨੇ ਫਸਾਇਆ

ਇਸ ਸੂਚੀ ਵਿਚ ਸ਼ਾਮਲ ਜ਼ਿਆਦਾਤਰ ਪਰਵਾਸੀ ਭਾਰਤੀ ਦੋਸਤੀ ਅਤੇ ਰਿਸ਼ਤੇਦਾਰੀ ਦੇ ਚੱਕਰ ਵਿਚ ਫਸੇ ਹਨ। ਅਤਿਵਾਦੀ ਗਤੀਵਿਧੀਆਂ ਨੇ ਵਿਦੇਸ਼ ਜਾ ਕੇ ਸਭ ਤੋਂ ਪਹਿਲਾਂ ਦੋਸਤਾਂ ਅਤੇ ਰਿਸ਼ਤੇਦਾਰਾਂ ਦਾ ਸਹਾਰਾ ਲਿਆ ਅਤੇ ਵਿਦੇਸ਼ ਵਿਚ ਆਪਣੇ ਟਿਕਾਣੇ ਬਣਾਏ। ਅਪਰਾਧੀਆਂ ਦੀ ਇਸ ਹਰਕਤ ਨੇ ਸਾਫ-ਸੁਥਰਾ ਜੀਵਨ ਜੀ ਰਹੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਬਦਨਾਮ ਕਰ ਦਿੱਤਾ।

## ਨਾਮ ਪਵਾ ਕੇ ਕੱਢੀ ਦੁਸ਼ਮਣੀ

ਪੰਜਾਬ ਵਿਚ ਅੱਤਵਾਦ ਦੇ ਦੌਰ ਵਿਚ ਜਿਸ ਤਰ੍ਹਾਂ ਪੁਲੀਸ ਨੇ ਆਪਣੀਆਂ ਦੁਸ਼ਮਣੀਆਂ ਕੱਢੀਆਂ, ਉਸੇ ਤਰ੍ਹਾਂ ਇਸ ਸੂਚੀ ਵਿਚ ਵੀ ਕੁਝ ਅਜਿਹੇ ਲੋਕਾਂ ਦੇ ਨਾਂ ਵੀ ਪਾ ਦਿੱਤੇ ਗਏ ਜਿਨ੍ਹਾਂ ਨੇ ਵਿਦੇਸ਼ ਵਿਚ ਰਹਿੰਦਿਆਂ ਕਿਸੇ ਰਾਸ਼ਟਰ ਵਿਰੋਧੀ ਗਤੀਵਿਧੀਆਂ ਵਿਚ ਹਿੱਸਾ ਨਹੀਂ ਲਿਆ। ਜਿਨ੍ਹਾਂ ਦੇ ਹੱਥ ਵਿਚ ਇਸ ਸੂਚੀ ਵਿਚ ਨਾਂ ਪਾਉਣ ਦੀ ਜ਼ੁੰਮੇਵਾਰੀ ਸੀ, ਉਨ੍ਹਾਂ ਨੇ ਇਸ ਵਿਚ ਕਈ ਅਜਿਹੇ ਲੋਕਾਂ ਦੇ ਨਾਮ ਵੀ ਜੋੜ ਦਿੱਤੇ ਜਿਨ੍ਹਾਂ ਨਾਲ ਉਨ੍ਹਾਂ ਦੀ ਦੁਸ਼ਮਣੀ ਸੀ। ਇਸ ਸੂਚੀ ਨੂੰ ਜਨਤਕ ਨਾ ਕਰਨ ਦੇ ਪਿੱਛੇ ਇਕ ਕਾਰਨ ਇਹ ਵੀ ਹੈ ਕਿ ਜੇਕਰ ਇਸ ਨੂੰ ਜਨਤਕ ਕੀਤਾ ਗਿਆ ਤਾਂ ਇਸ ਵਿਚ ਸ਼ਾਮਲ ਪਰਵਾਸੀ ਭਾਰਤੀਆਂ ਦੇ ਭਾਰਤ ਵਿਚ ਰਹਿਣ ਵਾਲੇ ਰਿਸ਼ਤੇਦਾਰ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਇਸ ਨੂੰ ਅਦਾਲਤ ਵਿਚ ਚੁਣੌਤੀ ਦੇ ਸਕਦੇ ਹਨ। ਜੇਕਰ ਅਜਿਹਾ ਹੋਇਆ ਤਾਂ ਸਰਕਾਰ ਨੂੰ ਸੂਚੀ ਵਿਚੋਂ ਜ਼ਿਆਦਾਤਰ ਨਾਮ ਹਟਾਉਣੇ ਪੈਣਗੇ। ਅਜਿਹਾ ਇਸ ਲਈ ਕਰਨਾ ਹੋਵੇਗਾ ਕਿਉਂਕਿ ਜ਼ਿਆਦਾਤਰ ਨਾਮ ਮਹਿਜ਼ ਸੂਚਨਾ ਦੇ ਆਧਾਰ 'ਤੇ ਹੀ ਇਸ ਸੂਚੀ ਵਿਚ ਪਾਏ ਗਏ ਹਨ। ਇਸ ਸਬੰਧ ਵਿਚ ਕਿਸੇ ਤਰ੍ਹਾਂ ਦੇ ਸਬੂਤ ਇਕੱਠੇ ਕਰਨ ਦੇ ਯਤਨ ਨਹੀਂ ਹੋਏ।

## ਹਟਾਏ ਵੀ ਗਏ ਹਨ ਕੁੱਝ ਨਾਮ

ਇਸ ਕਾਲੀ ਸੂਚੀ ਵਿਚੋਂ ਹੁਣ ਤੱਕ ਕੁਝ ਲੋਕਾਂ ਦੇ ਨਾਮ ਹਟਾਏ ਵੀ ਗਏ ਹਨ। ਗ੍ਰਹਿ ਮੰਤਰਾਲੇ ਦੇ ਹੁਕਮਾਂ 'ਤੇ ਵਿਦੇਸ਼ ਵਿਭਾਗ ਨੇ ਕਈ ਨਾਮ ਕਾਲੀ ਸੂਚੀ ਵਿਚੋਂ ਹਟਾਏ ਹਨ। ਇਸ ਵਿਚੋਂ ਜ਼ਿਆਦਾਤਰ ਉਨ੍ਹਾਂ ਪਰਵਾਸੀ ਭਾਰਤੀਆਂ ਦੇ ਨਾਂ ਹਨ, ਜਿਨ੍ਹਾਂ ਲਈ ਸਿਆਸੀ ਤੌਰ 'ਤੇ ਪਹਿਲ ਹੋਈ। ਇਸ ਵਿਚ ਅੰਮ੍ਰਿਤਸਰ ਦੇ ਜੋਗਿੰਦਰ ਸਿੰਘ ਬਲ ਅਤੇ ਕਪੂਰਥਲਾ ਦੇ ਦਲਜੀਤ ਸਿੰਘ ਦੇ ਨਾਮ ਸ਼ਾਮਲ ਹਨ। ਕੇਂਦਰੀ ਗ੍ਰਹਿ ਮੰਤਰੀ ਨੂੰ ਬਲ ਦਾ ਨਾਂ ਹਟਾਉਣ ਦੀ ਸਿਫ਼ਾਰਸ਼ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕੀਤੀ ਸੀ। ਵਿਦੇਸ਼ ਵਿਭਾਗ ਦੇ ਅਧਿਕਾਰੀ ਵੇਦ ਪ੍ਰਕਾਸ਼ ਨੇ ਪਿਛਲੀ 8 ਫਰਵਰੀ ਨੂੰ ਬਲ ਨੂੰ ਪੱਤਰ ਲਿਖ ਕੇ ਸੂਚਿਤ ਕੀਤਾ ਕਿ ਉਨ੍ਹਾਂ ਦਾ ਨਾਂ ਸੂਚੀ ਵਿਚੋਂ ਕੱਢ ਦਿੱਤਾ ਗਿਆ ਹੈ।

## ਕਿਤੇ ਫੇਰ ਤੋਂ ਤਾਂ ਨਹੀਂ ਆਇਗਾ ਖੂਨੀ ਦੌਰ

ਪੰਜਾਬ ਨੇ ਦਸ ਸਾਲ ਤੋਂ ਜ਼ਿਆਦਾ ਵਰ੍ਹਿਆਂ ਤੱਕ ਅੱਤਵਾਦ ਦਾ ਕਹਿਰ ਝੱਲਿਆ ਹੈ ਅਤੇ ਇਸ ਦੌਰਾਨ ਕਰੀਬ 25 ਹਜ਼ਾਰ ਲੋਕਾਂ ਦੀ ਜਾਨ ਗਈ ਹੈ। ਪਿਛਲੇ ਦਿਨੀਂ ਜਦੋਂ ਖਾਲਿਸਤਾਨ ਲਿਬਰੇਸ਼ਨ ਫਰੰਟ ਨਾਲ ਜੁੜੇ ਜਸਬੀਰ ਸਿੰਘ ਜੱਸਾ ਤੇ ਹਰਜੰਟ ਸਿੰਘ ਡੀ.ਸੀ. ਨੂੰ ਫੜਿਆ ਗਿਆ ਤਾਂ ਇਸ ਗੱਲ ਨੂੰ ਲੈ ਕੇ ਚਰਚਾ ਚੱਲ ਪਈ ਕਿ ਕੀ ਪੰਜਾਬ ਵਿਚ ਅੱਤਵਾਦ ਫੇਰ ਆ ਸਕਦਾ ਹੈ?

ਦਰਅਸਲ, ਅੱਤਵਾਦ ਦੇ ਮਾਮਲੇ 'ਤੇ ਪੰਜਾਬ ਵਿਚ ਸਿਆਸੀ ਖੇਡ ਜਾਰੀ ਹੈ। ਸੂਬੇ ਦੀ ਕਮਾਂਡ ਜਦੋਂ ਅਮਰਿੰਦਰ ਸਿੰਘ ਦੇ ਕੋਲ ਸੀ, ਉਦੋਂ ਉਹ ਵਾਰ ਵਾਰ ਦੁਹਰਾਉਂਦੇ ਰਹੇ ਕਿ ਜੇਕਰ ਅਕਾਲੀ ਸੱਤਾ ਵਿਚ ਆਏ ਤਾਂ ਅੱਤਵਾਦ ਦਾ ਦੌਰ ਵਾਪਸ ਆਏਗਾ। ਹੁਣ ਜਦੋਂ ਸੱਤਾ ਦੀ ਡੋਰ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਵਿਚ ਹੈ, ਤਾਂ ਅਮਰਿੰਦਰ ਸਿੰਘ ਇਨਕਾਰ ਕਰ ਰਹੇ ਹਨ ਤੇ ਕਹਿ ਰਹੇ ਹਨ ਕਿ ਅਜਿਹਾ ਕੁਝ ਨਹੀਂ ਹੋਣ ਵਾਲਾ। ਹਾਲ ਵਿਚ ਹੀ ਜੱਸਾ ਤੇ ਡੀ.ਸੀ. ਦੀ ਗ੍ਰਿਫ਼ਤਾਰੀ ਨੇ ਸੂਬੇ ਦੇ ਲੋਕਾਂ ਨੂੰ ਡਰਾ ਜ਼ਰੂਰ ਦਿੱਤਾ ਹੈ। ਖੁਫ਼ੀਆ ਏਜੰਸੀਆਂ ਵੱਲੋਂ ਲਗਾਤਾਰ ਅਜਿਹੀਆਂ ਸੂਚਨਾਵਾਂ ਆਉਂਦੀਆਂ ਰਹਿੰਦੀਆਂ ਹਨ ਕਿ ਬਚੇ-ਖੁਚੇ ਅੱਤਵਾਦੀ ਖੁਦ ਨੂੰ ਇਕਜੁੱਟ ਕਰਨ ਦੀ ਕੋਸ਼ਿਸ਼ ਵਿਚ ਹਨ ਅਤੇ ਸੂਬੇ ਦੇ ਬਾਹਰ ਸਰਗਰਮ ਅੱਤਵਾਦੀ ਜਥੇਬੰਦੀਆਂ ਨਾਲ ਗਠਜੋੜ ਦੀ ਤਾਕ ਵਿਚ ਹਨ ਪਰ ਹਾਲੇ ਉਨ੍ਹਾਂ ਨੂੰ ਆਪਣੇ ਮਕਸਦ ਵਿਚ ਸਫ਼ਲਤਾ ਨਹੀਂ ਮਿਲੀ ਹੈ।

# ਖੇਤੀ ਪ੍ਰਧਾਨ ਪੰਜਾਬ 'ਚ ਖੇਤੀ ਬਜਟ ਵਿਚ ਕੰਜੂਸੀ

## ਕੁੱਲ ਘਰੇਲੂ ਉਤਪਾਦਨ ਵਿਚ ਖੇਤੀ ਖੇਤਰ ਦਾ ਯੋਗਦਾਨ 30 ਫੀਸਦੀ ਪਰ ਬਜਟ ਮਾਮੂਲੀ

ਚੰਡੀਗੜ੍ਹ/ਨ.ਦ.ਬਿਊਰੋ

ਭਾਵੇਂ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਪਰ ਖੇਤੀ ਖੇਤਰ ਦੇ ਵਿਕਾਸ ਲਈ ਇਥੋਂ ਦਾ ਬਜਟ ਸੁੰਗੜਦਾ ਹੀ ਜਾ ਰਿਹਾ ਹੈ। ਸੂਬੇ ਦੇ ਕੁੱਲ ਘਰੇਲੂ ਉਤਪਾਦਨ ਵਿਚ ਖੇਤੀ ਖੇਤਰ ਦਾ 30 ਫੀਸਦੀ ਯੋਗਦਾਨ ਹੈ ਅਤੇ ਇਸ ਖੇਤਰ 'ਤੇ ਸੂਬੇ ਦੇ 50 ਫੀਸਦੀ ਤੋਂ ਵੱਧ ਲੋਕ ਨਿਰਭਰ ਹਨ ਪਰ ਪੰਜਾਬ ਵਿਚ ਖੇਤੀ ਲਈ ਬਜਟ ਘਟਦਾ-ਘਟਦਾ 4 ਫੀਸਦੀ 'ਤੇ ਆ ਗਿਆ ਹੈ ਜਦਕਿ ਕਿਸੇ ਜ਼ਮਾਨੇ ਵਿਚ ਪੰਜਾਬ ਦੇ ਕੁੱਲ ਬਜਟ ਦਾ 11 ਫੀਸਦੀ ਹਿੱਸਾ ਖੇਤੀ ਸੈਕਟਰ ਲਈ ਰੱਖਿਆ ਜਾਂਦਾ ਸੀ।

ਖੇਤੀ ਸੈਕਟਰ ਦੇ ਘਟ ਹੁੰਦੇ ਜਾ ਰਹੇ ਬਜਟ ਦੀ ਪੁਸ਼ਟੀ 2009-10 ਲਈ ਤੈਅ ਸਾਲਾਨਾ ਯੋਜਨਾ ਤੋਂ ਹੁੰਦੀ ਹੈ। 8625 ਕਰੋੜ ਦੇ ਮਨਜ਼ੂਰ ਬਜਟ ਵਿਚ ਖੇਤੀ ਅਤੇ ਸਹਾਇਕ ਧੰਦਿਆਂ ਲਈ 253.07 ਕਰੋੜ ਰੱਖੇ ਗਏ ਸਨ, ਜਿਨ੍ਹਾਂ ਵਿਚ ਕਰਾਪ ਹਸਬੈਂਡਰੀ ਲਈ 140.37 ਕਰੋੜ, ਖੇਤੀ ਖੋਜ ਅਤੇ ਸਿਖਿਆ ਲਈ 5 ਕਰੋੜ, ਖੇਤੀ ਵਿਤ ਸੰਸਥਾਵਾਂ ਲਈ ਇਕ ਕਰੋੜ ਅਤੇ ਭੂਮੀ ਤੇ ਜਲ ਸੁਰੱਖਿਆ ਲਈ 41.50 ਕਰੋੜ ਰੱਖੇ ਗਏ ਸਨ ਜਦਕਿ ਪਸ਼ੂ ਪਾਲਣ ਲਈ 36.90 ਕਰੋੜ ਅਤੇ ਸਹਿਕਾਰਤਾ ਵਿਭਾਗ ਲਈ 101 ਕਰੋੜ ਵੀ ਇਸ 253 ਕਰੋੜ ਵਿਚ ਸ਼ਾਮਲ ਹਨ।

ਜਦਕਿ ਖੇਤੀ ਸੈਕਟਰ ਵਿਚ ਆਏ ਸੰਕਟ ਦੇ ਮੱਦੇਨਜ਼ਰ ਪੰਜਾਬ ਦੇ ਬਜਟ ਵਿਚ ਖੇਤੀ ਸੈਕਟਰ 'ਤੇ ਵਿਸ਼ੇਸ਼ ਜ਼ੋਰ ਦੇਣਾ ਚਾਹੀਦਾ ਹੈ ਕਿਉਂਕਿ ਪੰਜਾਬ ਵਿਚ ਪ੍ਰਤੀ ਏਕੜ ਉਤਪਾਦਨ ਤਾਂ ਵਧਿਆ ਹੈ ਪਰ ਵਧਦੇ ਪਰਿਵਾਰਾਂ ਕਾਰਨ ਘਟ ਹੁੰਦੀ ਜਾ ਰਹੀ ਜ਼ਮੀਨ ਕਾਰਨ ਪ੍ਰਤੀ ਪਰਿਵਾਰ ਦੀ ਆਮਦਨੀ ਵਿਚ ਭਾਰੀ ਕਮੀ ਆ ਗਈ ਹੈ। ਪੰਜਾਬ ਦੇ ਖੇਤੀ ਅਰਥ ਸ਼ਾਸਤਰੀ ਪੀ.ਐਸ. ਰੰਗੀ ਅਨੁਸਾਰ ਪੰਜਾਬ ਵਿਚ ਚਾਰ ਤੋਂ ਦਸ ਏਕੜ ਜ਼ਮੀਨ ਵਾਲੇ ਕਿਸਾਨਾਂ ਦੀ ਪ੍ਰਤੀ ਵਿਅਕਤੀ ਆਮਦਨ ਸੂਬੇ ਦੀ ਕੁਲ ਪ੍ਰਤੀ ਵਿਅਕਤੀ ਆਮਦਨੀ ਨਾਲੋਂ ਬਹੁਤ ਹੇਠਾਂ ਰਹਿ ਗਈ ਹੈ। ਉਨ੍ਹਾਂ ਦੱਸਿਆ ਕਿ 65 ਫੀਸਦੀ ਜ਼ਮੀਨ ਮਾਲਕਾਂ ਕੋਲ 35 ਫੀਸਦੀ ਜ਼ਮੀਨ ਬਚੀ ਹੈ। ਇਹ ਲੋਕ ਹੁਣ ਸਿਰਫ਼ ਖੇਤੀ 'ਤੇ ਨਿਰਭਰ ਨਹੀਂ ਰਹਿ ਸਕਦੇ।

ਵਿਸ਼ੇਸ਼ ਮਾਹਰਾਂ ਅਨੁਸਾਰ ਪੰਜਾਬ ਦੀ ਖੇਤੀ ਅਤੇ ਕਿਸਾਨਾਂ ਨੂੰ ਸੰਕਟ ਵਿਚੋਂ ਕੱਢਣ ਲਈ ਸੰਭਾਵੀ ਬਦਲ 'ਤੇ ਆਧਾਰਤ ਯੋਜਨਾਵਾਂ ਨੂੰ ਸਾਰਥਕ ਰੂਪ ਵਿਚ ਲਾਗੂ ਕਰਨ ਲਈ ਵਿਸ਼ੇਸ਼ ਬਜਟ ਰੱਖਿਆ ਜਾਣਾ ਚਾਹੀਦਾ ਹੈ। ਛੋਟੇ ਕਿਸਾਨਾਂ ਦੀ ਖੇਤੀ 'ਤੇ ਨਿਰਭਰਤਾ ਖਤਮ ਕਰਨ ਲਈ ਪਿੰਡ ਪੱਧਰ ਤੱਕ ਐਗਰੋ ਇੰਡਸਟਰੀ ਸਥਾਪਤ ਕਰਨ ਲਈ ਸਰਕਾਰੀ ਨਿਵੇਸ਼ ਵੱਡੇ ਪੱਧਰ 'ਤੇ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਪਿੰਡਾਂ ਦੇ ਲੋਕ ਅਜਿਹੀ ਇੰਡਸਟਰੀ ਵਿਚ ਕੰਮ ਕਰ ਸਕਣ।

ਅਜਿਹਾ ਕਰਨ ਨਾਲ ਨਾ ਸਿਰਫ਼ ਪੰਜਾਬ ਦੇ ਖੇਤੀ ਉਤਪਾਦਾਂ ਦੀ ਸਹੀ ਕੀਮਤ ਹਾਸਲ ਹੋਵੇਗੀ, ਬਲਕਿ ਪਿੰਡਾਂ ਦੇ ਲੋਕਾਂ ਦੀ ਸ਼ਹਿਰਾਂ ਵਿਚ ਹੋ ਰਹੀ ਹਿਜਰਤ ਦੀ ਸਮੱਸਿਆ ਵੀ ਘਟ ਹੋਵੇਗੀ। ਇਸ ਤੋਂ ਇਲਾਵਾ ਖੇਤੀ ਖੇਤਰ ਲਈ ਖੋਜ ਕੰਮ ਲਈ ਚੰਗਾ ਬਜਟ ਰੱਖਿਆ ਜਾਣਾ ਚਾਹੀਦਾ ਹੈ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਮਾਹਰਾਂ ਅਨੁਸਾਰ ਵਿਸ਼ਵ ਦੇ ਬਹੁਤ ਦੇਸ਼ ਖੇਤੀ ਖੇਤਰ ਦੀ ਕੁੱਲ ਘਰੇਲੂ ਉਤਪਾਦਨ ਦਾ ਚਾਰ ਫੀਸਦੀ ਹਿੱਸਾ ਸਿਰਫ਼ ਖੇਤੀ ਖੋਜ ਕਾਰਜਾਂ ਲਈ ਰੱਖਦੇ ਹਨ ਜਦਕਿ ਪੰਜਾਬ ਵਿਚ ਇਹ ਦੋ ਫੀਸਦੀ ਤੋਂ ਵੀ ਘਟ ਹੈ, ਇਸਦਾ ਵੀ ਜ਼ਿਆਦਾਤਰ ਹਿੱਸਾ ਸਟਾਫ਼ ਦੀ ਤਨਖਾਹ ਅਤੇ ਪ੍ਰਸ਼ਾਸਨਿਕ ਕਾਰਜਾਂ ਉਪਰ ਖਰਚ ਹੁੰਦਾ ਹੈ। ਖੇਤੀ ਮਾਹਰਾਂ ਅਨੁਸਾਰ ਖੇਤੀ ਖੇਤਰ ਨਾਲ ਸਬੰਧਤ ਸਾਰੇ ਖੇਤਰਾਂ 'ਤੇ ਵੀ ਬਜਟ ਵਿਚ ਵਿਸ਼ੇਸ਼ ਪ੍ਰਬੰਧ ਰੱਖਿਆ ਜਾਣਾ ਚਾਹੀਦਾ ਹੈ। ਇਨ੍ਹਾਂ ਵਿਚ ਡੇਅਰੀ, ਪੋਲਟਰੀ ਫਾਰਮਿੰਗ ਅਤੇ ਮੱਛੀ ਪਾਲਣ ਦੇ ਧੰਦੇ ਵੀ ਸ਼ਾਮਲ ਹਨ।

# A-WIN Insurance

## ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ








## For Friendly Service and Quick Quotes

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

- Car, Motorcycle
- Home, Condominium
- Tenant Package, Rental Dwellings
- Trucks: Long Haul & Gravel
- Commercial & Business Insurance
- Travel & Medical Insurance

**Discounts up to 60%**

**Payment options available**

## ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Service In English, Punjabi, Hindi & Urdu.**

## ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

ਐਡਮਿੰਟਨ: 780-465-6900
ਰਾਜੀਵ ਜੌਲੀ, ਜੈਸ ਬਦੇਸ਼ਾ, ਸ਼ਾਲੂ ਬਦੇਸ਼ਾ,
ਮੈਡੀ ਹਿਜ਼ਮਾਨ, ਨਵਤੇਜ ਬੈਂਸ, ਸੋਨਮ ਦਿਉਲ
ਅਤੇ ਜਸਵੀਰ ਦਿਉਲ।

ਕੈਲਗਰੀ: 403-775-2100
ਰੂਪੀ ਚੇਰਾ, ਡੈਨਾ ਨਮਿਥ, ਸੁਭਾਸ਼
ਤਰਨਪ੍ਰੀਤ ਮੈਹਦਵਾਨ ਅਤੇ ਜੈਸੀ ਸਿੰਘ

# ਮਾਣ-ਮੱਤਾ ਇਤਿਹਾਸ



This pen has historical significance as it was used by the Judge to write death sentence to Bhagat Singh, Rajguru and Sukhdev in Saunders Murder Case. Inscribed on the broken nib is the name of the manufacturer, The Latem, Hinks Wells & Co. Registered, Birmingham, United Kingdom.




Poster of the Hunger Strike – This small poster was distributed during demonstration in Punjab highlighting hunger strike. The slogan of the poster was coined by Bhagat Singh printed by The National Art Press, Anarkali, Lahore.



Bhagat Singh's Historical Shoes



Bhagat Singh's Historical Pocket Watch



Bhagat Singh's House in Khatkarh Kalan


## Deol Insurance & Financial Planning

| | |
|---|---|
| Life Insurance | ਲਾਈਫ ਇੰਸ਼ੋਰੈਂਸ |
| Mortgage Insurance | ਮੌਰਟਗੇਜ ਇੰਸ਼ੋਰੈਂਸ |
| Health Plans | ਹੈਲਥ ਪਲੈਨਜ਼ |
| Critical Illness Insurance | ਕਰਿਟੀਕਲ ਇਲਨੈਸ ਇੰਸ਼ੋਰੈਂਸ |
| Disability Insurance | ਡਿਸਏਬਿਲਟੀ ਇੰਸ਼ੋਰੈਂਸ |
| Travel Insurance | ਟਰੈਵਲ ਇੰਸ਼ੋਰੈਂਸ |
| Retirement Savings Plans | ਰਿਟਾਇਰਮੈਂਟ ਸੇਵਿੰਗਜ਼ ਪਲੈਨਜ਼ |

**Guaranteed Paid up Life Insurance**
Get your money back if you don't develop any critical illness

**For More Information Please Contact**

**Jasbir Deol**
Cell: 780 906 4497
Phone: 780 465 6900
Fax: 780 465 0661

2nd Floor 3448-93, Street NW, Edmonton, AB T6E 6A4

# Gurkeerat Holding Ltd.



- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸ਼ਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

**Ph. 780-996-2873**



Millbourne Road

# Medical Clinic

WALK-INS WELCOME



Dr. B. Jassar

**Dr. Vijay Thapar** (M.D., CCFP)*
Family Physician
By Appointment Only

**Dr. B. Jassar** (M.D., Ph. D, CCFP)*
Family Physician
Cell: 780-918-0516



Dr. Vijay Thapar

131 Millbourne Road East, Lee Ridge Plaza Edmonton, AB. T6K 1P6

**Tel: 780-462-4229 Fax: 780-462-3315** *Professional Corporation



Welcome to

# Maharaja

Banquet Facility & Sultan Banquet Hall

The Maharaja Banquet Facility and The Sultan Banquet Hall.
We Can accomodate all your functions, whether they are small or big. We can accomodate upto 1,000 People.

* Reception,* Birthday Parties,
* Special Occasions,* Christmas Parties,
* Catering Service,* Great Music System,
* Big Dance Floor,* Excellent Bridal Chair




For reservation please contact us at:
9257-34A Ave. Edmonton, AB (Maharaja Banquet Facility)
**Call: (780) 485 8585**
9241-34A Avenue, Edmonton (Sultan Banquet Hall)
**Ph. 780 496-9696, (780) 695-7200**
www.sultanhall.com



# WESTFORK Interiors

## Specializing in Cabinets & Counter tops

Kitchen & Vanities, Custom Cabinets, Staining & Spraying Doors

Endless Options

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

**ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ**

ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ਼**



Westfork Interiors, 8307 Argyll Road, Edmonton T6C 4B2
Tel: 780-462-5325
Fax: 780-462-2672
www.westforkinteriors.com
info@westforkinteriors.com

Gurmail Matharu : 780-990-9349
Ranjit Matharu : 780-907-9889



# Fancy Doors & Mouldings

Interior & Exterior, Prehung Unit, Locks & Hardware, French Doors, Bi-Folds, Mouldinghs & Accessories



**French Doors**

Cascade with Zinc Bars — Deco Frosted Clear
Heritage V-Groove Fully Sandblasted — Heritage V-Groove Clear
Montana Clear Slab — Pantry Slab



## Interior Doors

2-Panel Curved Top — 3-Panel MDF Shaker-Slab — 3-Panel Shaker-Mission — 6-Panel Oak-Slab — Stratos-Slab



## Fibreglass Exterior Door



ALEXANDRIA Moulding

## Moulding

Available in MDF, Oak & Maple

**Baseboards**
- 094 Base 5/8" x 4" MDF Primed BDL-6
- 095 Base 5/8" x 5" MDF Primed BDL-6
- 238 Base 1/2" x 5" MDF Primed BDL-1
- 387 Casing 9/16" x 3-1/4" MDF Primed BDL-6
- 405 Base 1/2" x 4" MDF Primed BDL-10
- 412 Base 5/8" x 4-1/4" MDF Primed BDL-6
- 425 Base 1/2" x 4" MDF Primed BDL-10
- 545 Base 9/16" x 5" Ultralite Primed BDL - 5 5/8 x 5" MDF Primed BDL-4
- 3140 Base 3/8" x 3-1/4" MDF Primed BDL-10
- 356 Casing MDF, 356 Casing Oak, 356 Casing Maple

**Casings**
- 092 Casing 5/8" x 2-1/2" MDF Primed BDL-6
- 093 Casing 5/8" x 3-1/4" MDF Primed BDL-6
- 338 Casing 5/8" x 3" MDF Primed BDL-6
- 386 Base 9/16" x 3-1/4" MDF Primed BDL-6
- 403 Casing 5/8" x 3" MDF Primed BDL-6
- 411 Casing 11/16" x 3" MDF Primed BDL-6
- 423 Casing 5/8" x 3" MDF Primed BDL-6
- 535 Casing 1/16" x 3-1/2" Ultralite BDL - 5 11/16"x3-1/2" MDF Primed BDL-6
- 8263 Base 9/16" x 6-1/2" Ultralite BDL-4
- 908 Casing 9/16" x 3-1/4" Ultralite BDL-7
- 8063 Casing 11/16" x 3-1/4" Ultralite BDL-8

**Crowns**
- 47 Crown 9/16" x 4-1/4" MDF Primed BDL-6
- 47D Crown 9/16" x 4-3/16" Ultralite BDL-8
- 51 Crown 5/8" x 3-1/4" MDF Primed BDL-6
- 512 Crown 9/16" x 5-1/4" MDF Primed BDL-4
- 712 Crown 11/16" x 4-1/2" Ultralite, BDL - 4 11/16" x 4-1/2" MDF Primed BDL - 4

**Chair Rails**
- 297 Chair Rail 11/16" x 3" MDF Primed BDL-5

**Architrave**
- 5010 Architrave 1-1/4" x 4-3/16" MDF Primed BDL-4

New Stock!



24" White Medallion



24" Coloured Medallion



Bath Fixtures




Door Locks




## Ask about our finishing packages!

- * Interior and Exterior
- * Prehung Units
- * Locks and Hardware
- * French Doors
- * Bi-folds
- * Mouldings
- * MDF Sheet: Oak & Maple
- * Plywood
- * Bullnose Shelf
- * Adhesives
- * DAP
- * Shims
- * Brad Nails
- * Fireplace Mantels
- * Accessories

Alberta Location: 9129-35 Avenue, Edmonton, AB T6E 5Y1
Phone: 780-432-7700 Fax: 780-432-7710

We Supply and install Building Materials!

**www.fancy-doors.com**

**ADVANCED Roofing Systems Ltd.**

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits, Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



GILL Olson (MANAGER)

**HARRY'S EXCAVATING**
Ph 780-918-2252

Specialist in : Digging Basements & All Kind of Services

ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ



**C.J. Auto**
& Transmission Repair Ltd.
& Body Shop

Specialize in Propane Repair & Body Shop
Nindy Rao (Manager)



Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

**KOPY CENTRE & PRINTING**
"On Time ~ Every Time"
Digital Printing & Photo Copy

• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...

We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

**Sidhu Stucco Ltd.**
Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।

Stucco is a versatile, beautiful, durable and fire resistant cladding.



Harinder Dhaliwal

All kind of Stucco
Acrylic & Rain Screen (780) 297-9165

**Advance Driving School**
Learn to be Collision Free



**Misha Sooch** DRIVER EDUCATION COUNCILLOR

* Lady Instructor Available * Defensive Training Classes
* Available to Restore Demerits * Free Pick up & Drop off Service

ਵਧੀਆ ਡਰਾਈਵਿੰਗ ਟ੍ਰੇਨਿੰਗ ਲਈ ਹਮੇਸ਼ਾ ਯਾਦ ਰੱਖੋ ਐਡਵਾਂਸ ਡਰਾਈਵਿੰਗ ਸਕੂਲ

Edmonton & Sherwood Park

Contact: (780) 660 4090

Sherwood Park, AB, Canada, T8C1H3 www.advancedrivingschool.ca

**Advance Limos Ltd.**
Phone: 780 236 5000, Fax: 780 922 2705
www.advancelimos.ca

The Services we Provide

- Airport Service-Flat Rate
- Weddings Ceremony
- Anniversaries
- Birthday Parties
- Dinner & Theatre Ceremony
- Night On The Town
- Graduation Ceremonies
- Concerts & Sports Events
- Promos & Religious Programs
- & Other Functions

Contact Aman Sooch
Book Your LIMO Now & Enjoy the Luxurious Ride
(780) 236 5000



# ਹਿਸਾਬ ਕਿਤਾਬ ਬੜਾ ਔਖਾ ਐ- ਹੈਰੀ ਮਾਰਕੋਪੋਲੋ

ਹੈਰੀ ਮਾਰਕੋਪੋਲੋ ਨੇ ਯੂ.ਐਸ. ਸਕਿਉਰਿਟੀਜ਼ ਕਮਿਸ਼ਨ (ਐਸ. ਈ. ਸੀ) ਦੀ ਵਿਸ਼ਾਲ ਪੌਂਜੀ ਸਕੀਮ ਦਾ ਘਪਲਾ ਬੇਨਕਾਬ ਕੀਤਾ। ਇਹ ਬਰਨਾਰਡ ਮੈਡੋਫ਼ ਦਾ 65 ਬਿਲੀਅਨ ਡਾਲਰ ਦਾ ਫਰਾਡ ਸੀ। ਉਸ ਨੂੰ (ਮਾਰਕੋਪੋਲੋ ਨੂੰ) ਕਿਸੇ ਨੇ ਨਹੀਂ ਸੁਣਿਆ। ਆਪਣੀ ਗੱਲ ਦਾ ਵਿਸ਼ਵਾਸ ਦਵਾਉਣ ਲਈ ਉਸਨੂੰ ਨੌਂ ਸਾਲ ਲੱਗੇ (ਰੈਗੂਲੇਟਰ) ਨਿਯੰਤਰਕ ਉਸ ਨੂੰ 'ਪ੍ਰਮਾਣਿਤ' ਸਮਝਦੇ ਸਨ। ਪੇਸ਼ ਹੈ ਮਾਰਕੋਪੋਲੋ ਦੀ ਇਕ ਦਿਲਚਸਪ ਮੁਲਾਕਾਤ-



***? ਇਹ ਕਿਵੇਂ ਸੀ, ਨੌਂ ਸਾਲ 'ਦੀ ਸਕਿਉਰਿਟੀਜ਼ ਤੇ ਐਕਸਚੇਂਜ ਕਮਿਸ਼ਨ' ਦੀ ਪੈਰਵੀ ਕਰਨ ਦਾ ਯਤਨ ਕਰਦਿਆਂ ਬਿਤਾਉਣੇ ਕਿ ਬਰਨਾਰਡ ਇਕ ਧੋਖੇਬਾਜ਼ ਸੀ, ਕੇਵਲ ਇਹ ਸਿੱਖਣ ਲਈ ਕਿ ਏਜੰਸੀ ਉਸ ਨੂੰ ਪੂਰੀ ਤਰ੍ਹਾਂ ਸਤਿਕਾਰਤ ਸਮਝਦੀ ਸੀ?***

-ਨੌਂ ਸਾਲਾਂ ਤੱਕ ਮੈਂ ਐਸ.ਈ.ਸੀ. ਦਾ 'ਪਾਇਦਾਨ' ਸੀ।

***? ਹੁਣ ਤੁਸੀਂ ਜਿੱਤ ਗਏ ਹੋ, ਨਿਵੇਸ਼ ਖੇਤਰ ਦੇ ਇਕ ਅਜਿਹੇ ਨਾਇਕ ਜਿਸ ਨੇ ਆਪਣੀ ਨਵੀਂ ਪੁਸਤਕ 'ਨੌਂ ਵਨ ਵੁੱਡ ਲਿਸਨ' ਵਿਚ ਐਸ.ਈ.ਸੀ. ਨੂੰ ਏਜੰਸੀਆਂ ਵਿਚੋਂ ਸਭ ਤੋਂ ਬੇਕਾਰ ਹੋਣ ਵਜੋਂ ਬੇਨਕਾਬ ਕੀਤਾ ਹੈ?***

-ਇਹ ਧੁੰਦਲੀ ਜਿਹੀ ਰੌਸ਼ਨੀ ਵਿਚ ਛੋਟੀ ਜਿਹੀ ਯਾਤਰਾ ਸੀ?

***? ਤੁਸੀਂ ਕਿਉਂ ਸੋਚਦੇ ਹੋ ਕਿ ਐਸ. ਈ. ਸੀ. ਮੈਡੋਫ਼ ਦੀ 65 ਬਿਲੀਅਨ ਡਾਲਰ ਦੀ ਪੌਂਜੀ ਸਕੀਮ ਨੂੰ ਜਗਾਉਣ ਵਿਚ ਅਸਫ਼ਲ ਰਹੀ, ਜਦੋਂ ਤਕ ਉਹ ਖੁਦ ਅੰਦਰ ਨਹੀਂ ਪਰਤਿਆ?***

-ਉਹ ਰੌਸ਼ਨੀ ਵਿਚ ਵੀ ਸੁੱਤੇ ਹੋਏ ਸਨ, ਉਹ ਗਹਿਰੀ ਨੀਂਦ ਵਿਚ ਸਨ। ਉਨ੍ਹਾਂ ਨੇ ਗਰਮੀ ਤੇ ਰੌਸ਼ਨੀ ਨੂੰ ਹੁੰਗਾਰਾ ਨਹੀਂ ਦਿੱਤਾ, ਗਲਤ ਹੋ ਰਹੇ ਦੇ ਥੋੜ੍ਹੇ ਬਹੁਤ ਸਬੂਤਾਂ ਨੂੰ ਵੀ। ਉਨ੍ਹਾਂ ਨੂੰ ਲੜਾਈ ਵਿਚ ਨਹੀਂ ਪਾਇਆ ਗਿਆ।

***? ਉਦੋਂ ਜਦੋਂ ਵਿਲੀਅਮ ਡੋਨਾਲਡਸਨ ਐਸ. ਈ. ਸੀ. ਦਾ ਮੁਖੀ ਸੀ।***

-ਡੋਨਾਲਡਸਨ 'ਵਾਲ ਸਟਰੀਟ' ਪ੍ਰਤੀ ਬੇਹੱਦ ਕਠੋਰ ਸੀ। ਫਿਰ ਤੁਹਾਡੇ ਕੋਲ ਕ੍ਰਿਸਰੋਫਰ ਸੀ, ਕਿਉਂਕਿ ਉਹ ਆਪਣਾ ਕੰਮ ਕਰਨ ਨਹੀਂ ਜਾ ਰਿਹਾ ਸੀ। ਇਸ ਕਰਕੇ ਉਸਨੂੰ ਨੌਕਰੀ ਮਿਲੀ।

***? ਤੁਸੀਂ ਪਿਛਲੇ ਵਰ੍ਹੇ ਮੋਰੀ ਸਕਾਪੀਰ ਨੂੰ ਮਿਲੇ ਸੀ, ਐਸ. ਈ. ਸੀ. ਦੀ ਤਤਕਾਲੀਨ ਮੁਖੀ ਨੂੰ, ਉਹ ਕਿਵੇਂ ਗਈ?***

-ਮੈਂ ਕਹਾਂਗਾ ਕਿ ਉਹ ਬਹੁਤ ਜ਼ਿਆਦਾ ਨਿਮਰ ਸੀ। ਉਸਦੇ ਜਨਰਲ ਕੌਂਸਲ, ਡੇਵਿਡ ਬੋਕਰ ਨੇ ਜ਼ਿਆਦਾ ਗੱਲਾਂ ਕੀਤੀਆਂ। ਉਹ ਤੇ ਮੈਂ ਜ਼ਿਆਦਾ ਸਮਾਂ ਇਕੱਠੇ ਨਹੀਂ ਹੋਏ। ਉਹ ਕੌਫੀ ਟੇਬਲ 'ਤੇ ਮੈਨੂੰ ਟਕਰਣ 'ਤੇ ਮੇਰਾ ਗਲਾ ਦਬਾਉਣ ਲਈ ਤਿਆਰ ਹੋ ਰਿਹਾ ਸੀ।

***? ਉਦੋਂ ਤੋਂ ਜਦੋਂ ਤਕ ਤੁਸੀਂ ਕਾਂਗਰਸ ਸਾਹਮਣੇ ਐਮ. ਈ. ਸੀ. ਦੀਆਂ ਅਸਫ਼ਲਤਾਵਾਂ ਦੀ ਪਰਖ਼ ਕੀਤੀ, ਏਜੰਸੀ ਦੇ ਬਹੁਤ ਸਾਰੇ ਕਰਮਚਾਰੀ ਬਦਲੇ ਜਾ ਚੁੱਕੇ ਸਨ।***

-ਉਨ੍ਹਾਂ ਨੂੰ ਦੁਬਾਰਾ ਉਖਾੜਿਆ ਗਿਆ ਹੈ। ਉਨ੍ਹਾਂ ਨੇ ਇਨਫੋਰਸਮੈਂਟ ਯੂਨਿਟ ਨੂੰ ਖੰਡਿਤ ਕਰ ਦਿੱਤਾ ਹੈ। ਮੈਂ ਅਸਲ ਵਿਚ ਉਸਦੀ ਪ੍ਰਵਾਨਗੀ ਦਿੰਦਾ ਹਾਂ। ਮੈਂ ਸੋਚਦਾ ਹਾਂ ਰਾਬਰਟ ਖੁਜਾਮੀ, ਇਨਫੋਰਸਮੈਂਟ ਯੂਨਿਟ ਦੇ ਨਵੇਂ ਮੁਖੀ ਨੇ ਆਪਣੇ ਢਿੱਡ ਵਿਚ ਅੱਗ ਬਾਲ ਲਈ ਹੈ।

***? ਕੀ ਤੁਸੀਂ ਕਹਿ ਰਹੇ ਹੋ ਕਿ ਸਕਾਰੀਪੋ ਦੇ ਅਧੀਨ ਐਸ. ਈ. ਸੀ. ਲਗਭਗ ਵਾਲ ਸਟਰੀਟ ਦੇ ਫਰਾਡ ਨੂੰ ਫੜ ਲਿਆ ਹੈ?***

-ਉਸ ਕੋਲ ਗ਼ਲਤ ਅਮਲਾ (ਸਟਾਫ਼) ਹੈ। ਉਹ ਮੂਰਖਾਂ ਦਾ ਝੁੰਡ ਹੈ।

***? ਤੁਹਾਡਾ ਕੀ ਭਾਵ ਹੈ?***

-ਐਸ.ਈ.ਸੀ. ਦੇ ਪੰਜ ਕਮਿਸ਼ਨਰ ਸਕਿਉਰਿਟੀਜ਼ ਦੇ ਵੀਕਲ ਹਨ, ਸਕਿਉਰਿਟੀਜ਼ ਕਦੇ ਵੀ ਵਿੱਤ ਨੂੰ ਨਹੀਂ ਸਮਝ ਸਕਦੇ। ਉਨ੍ਹਾਂ ਦਾ ਗਣਿਤ ਦਾ ਪਿਛੋਕੜ ਨਹੀਂ ਹੁੰਦਾ। ਜੇਕਰ ਤੁਸੀਂ ਗਣਿਤ ਨਹੀਂ ਜਾਣਦੇ ਅਤੇ ਇੱਕੀਵੀਂ ਸਦੀ ਦੇ ਨਿਵੇਸ਼ ਉਤਪਾਦਾਂ ਨੂੰ ਅੱਗੇ ਪਿੱਛੇ ਅਲੱਗ ਅਲੱਗ ਨਹੀਂ ਰੱਖ ਸਕਦੇ ਅਤੇ ਉਨ੍ਹਾਂ ਨੂੰ ਇਕੱਠਿਆਂ ਪਏ ਰਹਿਣ ਦਿੰਦੇ ਹੋ ਤਾਂ ਤੁਸੀਂ 'ਵਾਲ ਸਟਰੀਟ' ਵਿਚਲੇ ਫਰਾਡ ਨਹੀਂ ਲੱਭ ਸਕਦੇ।

***? ਇਸ ਲਈ ਕਿਉਂ ਐਸ. ਈ. ਸੀ. ਨੇ ਵਿੱਤੀ ਲੋਕਾਂ ਨੂੰ ਕਿਰਾਏ 'ਤੇ ਨਹੀਂ ਲਿਆ? ਉਨ੍ਹਾਂ ਨੇ ਤੁਹਾਨੂੰ ਕਿਉਂ ਕਿਰਾਏ 'ਤੇ ਨਹੀਂ ਲਿਆ?***

-ਉਹ ਵਕੀਲਾਂ ਦੇ ਦਬਾਅ ਹੇਠ ਸਨ, ਉਨ੍ਹਾਂ ਅੰਦਰ ਵਕੀਲਾਂ ਨੇ ਜ਼ਹਿਰ ਭਰਿਆ ਸੀ।

***? ਤੁਸੀਂ ਅਸਲ ਵਿਚ ਆਪਣਾ ਕੈਰੀਅਰ ਬੋਸਟਨ ਵਿਚ ਇਕ ਅਜਿਹੇ ਧਨ ਪ੍ਰਬੰਧਕ ਵਜੋਂ ਸ਼ੁਰੂ ਕੀਤਾ ਜਿਸ ਨੂੰ ਸਭ ਤੋਂ ਪਹਿਲਾਂ ਮੈਡੋਫ਼ ਦਾ ਬਾਂਦਰ ਵਪਾਰ ਉਦੋਂ ਸਮਝ ਆਇਆ ਜਦੋਂ ਤੁਹਾਡੇ ਬੌਸ ਨੇ ਤੁਹਾਨੂੰ ਕੋਸ਼ਿਸ਼ ਕਰਨ ਲਈ ਤੇ ਆਪਣਾ ਲਾਭ ਦੁਗਣਾ ਕਰਨ ਲਈ ਕਿਹਾ, ਤੁਸੀਂ ਮਹਿਸੂਸ ਕੀਤਾ ਕਿ ਇਹ ਗਣਿਤਕ ਪੱਖੋਂ ਅਸੰਭਵ ਸਨ।***

-ਮੈਡੋਫ ਮੇਰਾ ਪ੍ਰਤੀਯੋਗੀ ਸੀ ਅਤੇ ਮੈਂ ਉਸ ਨਾਲ ਮੁਕਾਬਲਾ ਨਹੀਂ ਕਰ ਸਕਦਾ ਸੀ ਕਿਉਂਕਿ ਉਹ ਆਪਣੇ ਨਿਵੇਸ਼ ਲਾਭਾਂ ਦੀ ਕਮੀ ਪੂਰੀ ਕਰ ਰਿਹਾ ਸੀ ਅਤੇ ਮੈਂ ਆਪਣੇ ਆਪ ਨੂੰ ਬਾਜ਼ਾਰ ਮੁਤਾਬਕ ਢਾਲ ਰਿਹਾ ਸੀ। ਇਹ ਕੋਈ ਬਰਾਬਰੀ ਦਾ ਮੈਦਾਨ ਨਹੀਂ ਸੀ।

***? ਆਪਣੀ ਪੁਸਤਕ ਤੋਂ ਪ੍ਰਾਪਤ ਕਮਾਈ ਦਾ ਕੀ ਕਰੋਗੇ?***

-ਤਿੰਨਾਂ ਬੱਚਿਆਂ ਦੀ ਕਾਲਜ-ਵਿਦਿਆ 'ਤੇ ਖਰਚ ਕਰਾਂਗਾ। ਹੈਰੀ ਲੁਈਸ ਤੇ ਲੁਈਸ ਹੈਰੀ ਹਮਸ਼ਕਲ ਜੋੜੇ ਹਨ। ਛੇ ਸਾਲ ਦੀ ਉਮਰ ਦੇ। ਨਾਲ ਹੀ ਇਕ ਤਿੰਨ ਸਾਲਾਂ ਦਾ ਵੀ ਹੈ।

***? ਕੀ ਇਹ ਯੂਨਾਨੀ ਪਰੰਪਰਾ ਵਾਂਗ ਸੀ। ਬੱਚਿਆਂ ਨੂੰ ਇਕੋ ਜਿਹੇ ਨਾਮ ਦੇਣੇ?***

-ਤੁਸੀਂ ਯੂਨਾਨੀ ਫਿਲਮ ਦੇਖ ਲਈ 'ਮਾਈ ਬਿਗ ਫੈਟ ਗਰੀਕ ਵੈਡਿੰਗ' ਹਰ ਇਕ ਇਕੋ ਨਾਮ ਰੱਖਦਾ ਹੈ। ਕੇਵਲ ਲੋਕ ਬਦਲ ਜਾਂਦੇ ਹਨ, ਨਾਮ ਕਦੇ ਨਹੀਂ ਬਦਲਦੇ।

***? ਕੀ ਤੁਹਾਡੀ ਪੁਸਤਕ 'ਤੇ ਅਧਾਰਤ ਫਿਲਮ ਬਣਾਉਣ ਲਈ ਵੀ ਤੁਹਨੂੰ ਕਿਸੇ ਨੇ ਸੰਪਰਕ ਕੀਤਾ?***

-ਹਾਂ, ਸਾਰੇ ਪ੍ਰਮੁੱਖ ਸਟੂਡੀਓਜ਼ ਨੇ, ਸੋਨੀ, ਪੈਰਾਮਾਊਂਟ ਟੌਮੈਂਕਸ, ਆਦਿ ਨੇ।

***? ਤੁਸੀਂ ਵਿੱਤ ਬਾਰੇ ਕਿੱਥੋਂ ਸਿਖਿਆ?***

-ਤੁਸੀਂ ਵੱਡੇ ਸਕੂਲ ਤੋਂ ਜ਼ਿਆਦਾ ਨਹੀਂ ਸਿੱਖਦੇ। ਉਹ ਤੁਹਾਨੂੰ ਅੱਧੇ ਫਾਰਮੂਲੇ ਗਲਤ ਸਿਖਾਉਂਦੇ ਹਨ। ਇਹ ਜ਼ਿਆਦਾਤਰ ਸਵੈ ਅਧਿਐਨ ਹੀ ਹੈ। ਮੈਂ ਬਹੁਤ ਸਾਰੀਆਂ ਵਿੱਤ ਸਬੰਧੀ ਪੁਸਤਕਾਂ ਪੜ੍ਹੀਆਂ ਹਨ, ਤੇ ਮੈਂ ਆਮ ਕਰਕੇ ਉਨ੍ਹਾਂ ਨੂੰ ਕੈਲਕੂਲੇਟਰ ਨਾਲ ਪੜ੍ਹਦਾ ਹਾਂ ਕਿਉਂਕਿ ਫਾਰਮੂਲਿਆਂ ਵਿਚ ਮਾਹਰ ਹੋਣ ਲਈ ਮੈਂ ਗਣਿਤ ਵਿਚੋਂ ਗੁਜਰਦਾ ਹਾਂ।

***? ਕੀ ਤੁਸੀਂ ਹਮੇਸ਼ਾ ਗਣਿਤ ਦੇ ਜਾਦੂਗਰ ਸੀ?***

-ਮੈਨੂੰ ਸੱਤਵੀਂ-ਅੱਠਵੀਂ ਦੇ ਗਰੇਡ ਲਈ ਟਿਊਟਰ ਦੀ ਲੋੜ ਸੀ। ਜੋ ਵੀ ਸੀ, ਮੈਨੂੰ ਅਲਜਬਰੇ ਵਿਚ ਬੜੀ ਦਿੱਕਤ ਪੇਸ਼ ਆਉਂਦੀ ਸੀ।

***? ਜੇਲ੍ਹ ਵਿਚ ਇਕ ਸਰਕਾਰੀ ਜਾਂਚ ਕਰਤਾ ਨਾਲ ਕੀਤੀ ਗਈ ਤਾਜ਼ਾ ਮੁਲਾਕਾਤ ਵਿਚ ਮੈਡੋਫ਼ ਨੇ ਤੁਹਾਨੂੰ 'ਸਨਅਤ ਦਾ ਲਤੀਫ਼ਾ' ਕਿਹਾ ਹੈ। ਕੀ ਤੁਸੀਂ ਉਸ ਨੂੰ ਕਦੇ ਮਿਲੇ?***

-ਨਹੀਂ, ਮੈਨੂੰ ਕਿਹਾ ਗਿਆ ਸੀ ਕਿ ਜੇ ਮੈਂ ਚਾਹਾਂ ਤਾਂ ਮਿਲ ਸਕਦਾ ਹਾਂ ਪਰ ਮੈਂ ਉਸਦੇ ਝੂਠਾਂ ਦੇ ਨੇੜੇ ਤੇੜੇ ਵੀ ਢੁਕਣਾ ਨਹੀਂ ਚਾਹੁੰਦਾ ਸੀ।

***ਪੇਸ਼ਕਸ- ਨਵੀਂ ਦੁਨੀਆ ਬਿਊਰੋ***

# ਦਿਮਾਗ ਅਤੇ ਸੰਗੀਤ ਦਾ ਰਿਸ਼ਤਾ ਖੋਜਣ ਵਿਚ ਕਾਮਯਾਬ ਹੋਏ ਜਰਮਨ ਵਿਗਿਆਨੀ

## ਗਾਣਿਆਂ ਨਾਲ ਹੁੰਦਾ ਹੈ ਹੌਲੇ ਹੌਲੇ ਪਿਆਰ

**ਬਰਲਿਨ/ਨ.ਦ.ਬਿਊਰੋ**

ਵਰ੍ਹਿਆਂ ਤੋਂ ਚੱਲੀ ਆ ਰਹੀ ਬਹਿਸ 'ਤੇ ਆਖਰ ਵਿਰਾਮ ਲੱਗ ਹੀ ਗਿਆ। ਜਰਮਨ ਵਿਗਿਆਨੀ ਦਿਮਾਗ ਅਤੇ ਸੰਗੀਤ ਵਿਚਾਲੇ ਰਿਸ਼ਤਾ ਭਾਲਣ ਵਿਚ ਕਾਮਯਾਬ ਰਹੇ। ਉਨ੍ਹਾਂ ਨੇ ਲੱਭ ਲਿਆ ਕਿ ਜਦੋਂ ਮਨ ਨੂੰ ਲੁਭਾਉਣ ਵਾਲਾ ਸੰਗੀਤ ਜਾਂ ਮਿਸਰੀ ਵਰਗੇ ਬੋਲ ਸਾਡੇ ਕੰਨਾਂ ਵਿਚ ਗੂੰਜਦੇ ਹਨ, ਤਾਂ ਦਿਮਾਗ ਕੀ ਕਰਦਾ ਹੈ? ਉਹ ਦੋਹਾਂ ਨਾਲ ਵੱਖ ਵੱਖ ਵਿਵਹਾਰ ਕਰਦਾ ਹੈ ਜਾਂ ਫੇਰ ਉਨ੍ਹਾਂ ਵਿਚਾਲੇ ਫ਼ਰਕ ਹੀ ਨਹੀਂ ਦੱਸ ਸਕਦਾ? ਆਓ ਜਾਣਦੇ ਹਂ ਮੈਕਸ ਪਲੈਂਕ ਇੰਸਟੀਚਿਊਟ ਦੀ ਰਿਸਰਚ ਰਿਪੋਰਟ ਇਨ੍ਹਾਂ ਸਵਾਲਾਂ ਦੇ ਜਵਾਬ ਵਿਚ ਕੀ ਕਹਿੰਦੀ ਹੈ-

ਇੰਜ ਸਿਰ ਚੜ੍ਹਦਾ ਹੈ ਜਾਦੂ

ਕਿਸੇ ਵੀ ਗੀਤ ਦਾ ਜਾਦੂ ਅਚਾਨਕ ਸਾਡੇ ਸਿਰ ਚੜ੍ਹ ਕੇ ਬੋਲਦਾ ਹੈ। ਦਿਮਾਗ ਉਸ ਦੇ ਬੋਲ ਅਤੇ ਸੰਗੀਤ ਨਾਲ ਹੌਲੇ ਹੌਲੇ ਪਿਆਰ ਕਰਨ ਲਗਦਾ ਹੈ। 'ਨਿਊ ਸਾਇੰਟਿਸਟ' ਮੁਤਾਬਕ ਇਨਸਾਨ ਦਾ ਦਿਮਾਗ ਸਭ ਤੋਂ ਪਿਹਲਾਂ ਗਾਣੇ ਦੇ ਅਲਫ਼ਾਜ਼ ਅਤੇ ਸੰਗੀਤ ਨੂੰ ਇਕ ਵੇਲੇ ਸੁਣਦਾ ਹੈ। ਫੇਰ ਇਕ ਗੁੰਝਲਦਾਰ ਪ੍ਰਕਿਰਿਆ ਦੌਰਾਨ ਉਹ ਇਨ੍ਹਾਂ ਅਲਫ਼ਾਜ਼ਾਂ ਵਿਚ ਲੁਕੇ ਅਰਥਾਂ ਨੂੰ ਸਮਝਦਾ ਹੈ। ਇਕ ਦਫਾ ਦੋਹਾਂ ਦਾ ਚੰਗੀ ਤਰ੍ਹਾਂ ਵਿਸ਼ਲੇਸ਼ਣ ਕਰ ਲੈਣ ਤੋਂ ਬਾਅਦ ਸਮਝੋ ਕੰਮ ਖ਼ਤਮ। ਦਿਮਾਗ ਸੁਰ ਅਤੇ ਸੰਗੀਤ ਦੇ ਨਾਲ ਵੱਖ ਵੱਖ ਵਿਵਹਾਰ ਕਰਨ ਲੱਗਦਾ ਹੈ।



ਜਦੋਂ ਆਨ ਹੁੰਦਾ ਹੈ ਦਿਮਾਗ

ਗਾਣਾ ਸੁਣਨ ਤੋਂ ਬਾਅਦ ਦਿਮਾਗ ਵਿਚ ਹੋਣ ਵਾਲੀ ਹਲਚਲ ਜਾਣਨ ਲਈ ਵਿਗਿਆਨੀਆਂ ਨੇ ਇਕ ਸ਼ਰੋਤੇ ਦਾ ਐਮ.ਆਰ.ਆਈ. ਸਕੈਨ ਕੀਤਾ। ਇਸ ਦੌਰਾਨ ਉਨ੍ਹਾਂ ਨੇ ਪਤਾ ਲਾਇਆ, ਦਿਮਾਗ ਦਾ ਸਰਗਰਮ ਹਿੱਸਾ ਕਦੋਂ ਸਿਰਫ਼ ਕੰਨਾਂ ਵਿਚ ਪੈ ਰਹੇ ਬੋਲ ਉਪਰ ਹੀ ਧਿਆਨ ਲਾਉਂਦਾ ਹੈ ਅਤੇ ਕਦੋਂ ਸੰਗੀਤ ਬਾਰੇ ਸੋਚਣ ਲੱਗਦਾ ਹੈ। ਖੋਜਕਰਤਾ ਡੈਨਿਲਾ ਸਮਲੇਰ ਦੀ ਮੰਨੀਏ ਤਾਂ ਜਦੋਂ ਦਿਮਾਗ ਵਾਰ ਵਾਰ ਇਕ ਹੀ ਚੀਜ਼ ਦੇ ਸੰਪਰਕ ਵਿਚ ਆਉਂਦਾ ਹੈ , ਤਾਂ ਉਸਦੀ ਕਿਰਿਆ ਹੋਲੀ ਹੋ ਜਾਂਦੀ ਹੈ। ਇਸ ਫੰਡੇ 'ਤੇ ਚਲਦੇ ਹੋਏ ਉਨ੍ਹਾਂ ਨੇ ਆਪਣੀ ਖੋਜ ਅੱਗੇ ਵਧਾਈ।

ਇਕ ਵੇਲੇ ਨਹੀਂ ਸਮਝਦਾ ਸੁਰ ਸੰਗੀਤ

ਛੇ ਵੱਖ ਵੱਖ ਗਾਣਿਆਂ ਦੇ ਸੈਟ ਤਿਆਰ ਕੀਤੇ ਗਏ। ਇਸ ਤੋਂ ਬਾਅਦ ਉਨ੍ਹਾਂ ਨੂੰ 12 ਵੱਖ ਵੱਖ ਸਰੋਤਿਆਂ ਨੂੰ ਸੁਣਾਇਆ ਗਿਆ। ਸਮਲੇਰ ਨੇ ਦੇਖਿਆ ਕਿ ਗਾਣਾ ਸੁਣਨ ਤੋਂ ਬਾਅਦ ਦਿਮਾਗ ਉਸ ਦੇ ਬੋਲ ਸਮਝਦਾ ਹੈ। ਇਸ ਦੌਰਾਨ ਉਨ੍ਹਾਂ ਨੇ ਕਾਫੀ ਸਮੇਂ ਤੱਕ ਲੈਅ ਬਰਕਰਾਰ ਰੱਖੀ ਅਤੇ ਸੁਰ ਨਾਲ ਛੇੜਖਾਨੀ ਕੀਤੀ। ਸਮਲੇਰ ਅਨੁਸਾਰ ਜਦੋਂ ਗਾਣੇ ਦੀ ਲੈਅ ਜਿਉਂ ਦੀ ਤਿਉਂ ਬਣੀ ਹੋਈ ਸੀ, ਤਾਂ ਉਸ ਪ੍ਰਤੀ ਦਿਮਾਗ ਦੀ ਸਰਗਰਮੀ ਘਟ ਹੋ ਗਈ, ਓਧਰ ਬੋਲ ਉਪਰ-ਹੇਠਾਂ ਹੋ ਰਹੇ ਸਨ। ਲਗਾਤਾਰ ਬਦਲਾਅ ਦੇਖਣ ਦੇ ਕਾਰਨ ਤੋਂ ਇਹ ਮੰਨਿਆ ਗਿਆ ਕਿ ਦਿਮਾਗ ਸੁਰਾਂ 'ਤੇ ਧਿਆਨ ਦੇ ਰਿਹਾ ਹੈ।



## ਕਹਾਣੀ

# ਮੋਇਆਂ ਦੀ ਮੰਡੀ

ਜਸਬੀਰ ਭੁੱਲਰ



ਇਕ ਸ਼ਾਮ ਲੰਮੀ ਸੈਰ ਲਈ ਨਿਕਲਿਆ ਤਾਂ ਚੌਂਤੀ ਸੈਕਟਰ ਦੇ ਗੁਰਦੁਆਰੇ ਨੇੜੇ ਮੈਂ ਉਹਨੂੰ ਪਛਾਣ ਲਿਆ। ਉਹਦੇ ਸਿਰ 'ਤੇ ਗੋਲਫ਼ ਕੈਪ ਸੀ। ਖੱਬੇ ਹੱਥ ਵਿਚ ਫ਼ੌਜ ਵਾਲੀ ਕੇਨ ਤੇ ਸੱਜੇ ਹੱਥ ਵਿਚ ਕੁੱਤੇ ਦੀ ਸੰਗਲੀ। ਉਹਨੇ ਪੈਰੀਂ ਪੁਰਾਣੇ ਜੰਗਲ ਬੂਟ ਪਾਏ ਹੋਏ ਸਨ। ਉਹਦੇ ਸਰੀਰ ਦੇ ਰੰਗ ਵਾਂਗ ਬੂਟਾਂ ਦਾ ਰੰਗ ਵੀ ਫਿੱਕਾ ਪੈ ਚੁੱਕਿਆ ਸੀ। ਜੰਗਲ ਬੂਟ ਉਹਦੇ ਕੀਤੇ ਪੈਂਡੇ ਦੀ ਗਵਾਹੀ ਸਨ, ਪਰ ਉਹ ਕੁੱਤਾ...। ਜਦੋਂ ਤੋਂ ਅਫ਼ਸਰਾਂ ਦਾ ਰਾਸ਼ਨ ਮੁਫਤ ਹੋਇਆ ਸੀ, ਫ਼ੌਜ ਵਿਚ ਕੁੱਤੇ ਪਾਲਣ ਦਾ ਸ਼ੌਕ ਵਧ ਗਿਆ ਸੀ। ਸਰਹੱਦੀ ਖੇਤਰ ਵਿਚ ਤਾਂ ਅਫ਼ਸਰ ਅਪਣੀ ਇਕੱਲ ਤੋਂ ਘਬਰਾ ਕੇ ਵੀ ਕੁੱਤਾ ਰੱਖ ਲੈਂਦੇ ਸਨ, ਪਰ ਕਰਨਲ ਰਣਜੀਤ ਨੇ ਤਾਂ ਉਦੋਂ ਵੀ ਕੁੱਤਾ ਨਹੀਂ ਸੀ ਪਾਲਿਆ ਜਦੋਂ ਉਹਦੀ ਇਕੱਲ ਚਾਲੁੰਕਾ ਖੇਤਰ ਦੇ ਪਹਾੜਾਂ ਵਰਗੀ ਸੀ, ਭਿਆਨਕ ਤੇ ਪਥਰੀਲੀ।

ਉਹ ਮੈਨੂੰ ਹੁੱਬ ਕੇ ਮਿਲਿਆ।

ਮੈਂ ਉਹਦਾ ਹੱਥ ਘੁਟਿਆ, ''ਸਰ, ਲੱਗਦਾ ਹੀ ਨਹੀਂ ਕਿ ਆਪਾਂ ਪੰਦਰਾਂ ਵਰ੍ਹਿਆਂ ਪਿੱਛੋਂ ਮਿਲੇ ਹਾਂ,...ਨਈਂ!''

ਉਹਦੇ ਸਾਹਾਂ ਵਿਚ ਚੀਸ ਜਿਹੀ ਰੜਕੀ। ਕੁੱਤੇ ਦੀ ਸੰਗਲੀ ਉਹਦੇ ਹੱਥ ਵਿਚ ਚੁੱਭ ਗਈ ਸੀ ਸ਼ਾਇਦ। ਮੈਂ ਕਾਹਲੀ ਨਾਲ ਉਹ ਹੱਥ ਛੱਡ ਦਿੱਤਾ। ''ਚੱਲ, ਘਰ ਚੱਲਦੇ ਆਂ।'' ਉਹਨੇ ਕੇਨ ਵਾਲਾ ਹੱਥ ਮੇਰੇ ਮੋਢੇ ਉੱਤੋਂ ਦੀ ਵਲਾਅ ਦਿੱਤਾ। ਮੈਂ ਉਤਾਵਲੇ ਪੈਰ ਉਹਦੇ ਨਾਲ ਪੁੱਟ ਲਏ। ਸੋਚਿਆ, ਰਲ ਕੇ ਬੁਝੇ, ਅਣਬੁਝੇ ਚੇਤਿਆਂ ਨੂੰ ਹਵਾ ਦੇਵਾਂਗੇ।

ਉਹਦੇ ਘਰ ਦੀਆਂ ਕੰਧਾਂ ਮੁਰਝਾਈਆਂ ਹੋਈਆਂ ਸਨ। ਫਰਨੀਚਰ ਦਾ ਰੰਗ ਉੱਡਿਆ ਹੋਇਆ ਸੀ। ਤਸਵੀਰਾਂ ਉੱਤੇ ਘੱਟਾ ਦਿਖਾਈ ਦੇ ਰਿਹਾ ਸੀ। ਉਹਨੇ ਕੁੱਤੇ ਦੀ ਸੰਗਲੀ ਨੌਕਰ ਦੇ ਹੱਥ ਫੜਾ ਦਿੱਤੀ, ''ਪਹਿਲੋਂ ਲੌਰਲ ਨੂੰ ਦੁੱਧ ਪਿਆ, ਫੇਰ ਕੁਝ ਹੋਰ ਕਰੀਂ।''

ਨੌਕਰ ਦੇ ਜਾਣ ਪਿੱਛੋਂ ਉਹ ਦੋ ਗਲਾਸਾਂ ਵਿਚ ਵਿਸਕੀ ਲੈ ਆਇਆ। ਇਕ ਗਲਾਸ ਮੇਰੇ ਵੱਲ ਕਰਦਿਆਂ ਬੋਲਿਆ, ''ਅੱਜ ਆਪਾਂ ਪੁਰਾਣੇ ਦਿਨਾਂ ਖ਼ਾਤਰ ਪੀਆਂਗੇ।'' ''ਸਰ ਮੈਂ ਤਾਂ ਛੱਡੀ ਹੋਈ ਐ।''

''ਇਹ ਕੋਈ ਆਮ ਸ਼ਰਾਬ ਨਹੀਂ, ਖਾਸ ਐ। ਬਿੱਟੂ ਨੇ ਭਿਜਵਾਈ ਸੀ।'' ਉਹਦੀ ਗੱਲ ਅਚਨਚੇਤੀ ਤਰਲੇ ਦਾ ਲਿਬਾਸ ਹੋ ਗਈ, ''ਪਲੀਜ਼, ਏਸ ਸ਼ਰਾਬ ਨੂੰ ਨਾਂਹ ਨਾ ਕਰ।'' ਮੈਨੂੰ ਨਿਹੱਥਾ ਕਰਨ ਲਈ ਏਨਾ ਹੀ ਬਹੁਤ ਸੀ। ਮੈਂ ਗਲਾਸ ਉਹਦੇ ਹੱਥੋਂ ਫੜ ਲਿਆ।

''ਚੀਅਰਜ਼!'' ਉਹਨੇ ਗਲਾਸ਼ ਵਾਲਾ ਹੱਥ ਉੱਚਾ ਕੀਤਾ।

''ਚੀਅਰਜ਼!''

ਨੌਕਰ ਇਕ ਪਲੇਟ ਵਿਚ ਕੁਝ ਨਮਕੀਨ ਰੱਖ ਗਿਆ। ਬਹੁਤ ਵਰ੍ਹੇ ਪਹਿਲਾਂ ਬਰਫ਼ਾਂ ਦੀ ਭੰਨੀ ਹੋਈ ਸੀਮਾ ਉਹਦਾ ਟਿਕਾਣਾ ਬਣੀ ਸੀ। ਉਦੋਂ ਇਕ ਸ਼ਾਮ ਉਹ ਪਹਿਲੀ ਵਾਰ ਮੇਰੇ ਬੰਕਰ ਵਿਚ ਆਇਆ ਸੀ। ਅਸੀਂ ਉਦੋਂ ਵੀ ਇਸੇ ਤਰ੍ਹਾਂ ਗਲਾਸ ਉੱਚੇ ਕੀਤੇ ਸਨ। ਵਿਸਕੀ ਦਾ ਘੁੱਟ ਭਰ ਕੇ ਉਹਨੇ ਮੁੱਦੇ ਦੀ ਗੱਲ ਛੇੜੀ ਸੀ,''ਤੇਰੇ ਕੋਲੋਂ ਇਕ ਚਿੱਠੀ ਲਿਖਵਾਉਣੀ ਏ।"

''ਮੇਰੇ ਕੋਲੋਂ?''

''ਹਾਂ ਮੈਨੂੰ ਪਤੈ, ਤੇਰੀ ਪੰਜਾਬੀ ਚੰਗੀ ਐ।'' ਉਹ ਇਕ ਛਿਣ ਰੁਕ ਕੇ ਬੋਲਿਆ, ''ਤੂੰ ਪੰਜਾਬੀ ਵਿਚ ਕਹਾਣੀਆਂ ਵੀ ਲਿਖਦਾ ਏਂ, ਮੈਂ ਜਾਣਨਾ।''

''ਸਰ ਇਹ ਤੁਹਾਨੂੰ ਕਿਵੇਂ ਪਤੈ?''

''ਇਥੋਂ ਜਾਣ ਵੇਲੇ ਗਾਰਡਜ਼ ਦੇ ਸੀ. ਓ. ਨੇ ਤੇਰੇ ਬਾਰੇ ਦੱਸਿਆ ਸੀ।'' ਉਹਨੇ ਠਰੰਮ੍ਹੇ ਤੇ ਦਾਈਏ ਨਾਲ ਆਖਿਆ, ''ਇਹ ਚਿੱਠੀ ਤਾਂ ਪੱਕਾ ਤੈਨੂੰ ਹੀ ਲਿਖਣੀ ਪਊ।''

''ਪਰ ਇਹ ਚਿੱਠੀ ਹੈ ਕਾਹਦੀ?''

''ਮਰਨ ਦੀ!''

''ਮਰਨ ਦੀ?''

''ਹਾਂ!'' ਉਹਨੇ ਕਾਹਲੀ ਨਾਲ ਮੁੜ ਵਿਸਕੀ ਦਾ ਘੁੱਟ ਭਰਿਆ, ਤੂੰ ਕਦੀ ਸੁਣਿਆਂ ਏਂ ਕਿ ਕਿਸੇ ਕਮਾਨ ਅਫ਼ਸਰ ਨੇ ਅਪਣੇ ਜੁਆਨ ਦੇ ਘਰ ਜਿਊਣ ਲਈ ਚਿੱਠੀ ਲਿਖੀ ਹੋਵੇ?''

ਮੈਂ ਤ੍ਰਭਕਿਆ।

ਕਰਨਲ ਰਣਜੀਤ ਦੀ ਪਲਟਨ ਦੁਸ਼ਮਣ ਦੀ ਗੋਲੀ ਦੇ ਸਾਹਮਣੇ ਬੈਠੀ ਹੋਈ ਸੀ। ਉਹਨਾਂ ਦੀਆਂ ਕੁਝ ਪੋਸਟਾਂ ਗਲੇਸ਼ੀਅਰ ਉੱਤੇ ਵੀ ਸਨ। ਉੱਥੇ ਆਉਣ ਪਿੱਛੋਂ ਕੱਲ੍ਹ ਸਿੱਖ ਪਲਟਨ ਦਾ ਪਹਿਲਾ ਸੈਨਿਕ ਮਰਿਆ ਸੀ। ਇਹ ਮੌਤ ਦੁਸ਼ਮਣ ਦੀ ਕਾਰਗੁਜ਼ਾਰੀ ਨਹੀਂ ਸੀ, ਹੋਣੀ ਦੀ ਕਰੋਪੀ ਸੀ। ਉਹ ਅਬਜ਼ਰਵੇਸ਼ਨ ਪੋਸਟ ਵੱਲ ਜਾਂਦਾ ਬਰਫ਼ ਵਿਚ ਧਸਿਆ ਮੁੜ ਬਾਹਰ ਨਹੀਂ ਸੀ ਆਇਆ। ਇਹੋ ਜਿਹੀਆਂ ਮੌਤਾਂ ਉਸ ਖੇਤਰ ਦੀ ਆਮ ਜਿਹੀ ਖ਼ਬਰ ਸੀ, ਇਸ ਲਈ ਮੇਰੇ ਧਿਆਨ 'ਚ ਨਹੀਂ ਸੀ ਰਹੀ। ਮੈਂ ਸ਼ਰਮਸਾਰ ਹੋ ਕੇ ਆਖਿਆ, ''ਆਈ ਐਮ ਸੌਰੀ ਸਰ! ..ਆਈ ਐਮ ਐਕਸਟਰੀਮਲੀ ਸੌਰੀ।

ਇਹੋ ਜਿਹੀਆਂ ਚਿੱਠੀਆਂ ਤੇ ਹਰਫ਼ਾਂ ਦੀ ਤਾਸੀਰ ਮੈਂ ਜਾਣਦਾ ਸਾਂ। ਮੈਂ ਵੇਖ ਸਕਦਾ ਸਾਂ ਅੱਖਰਾਂ ਦੇ ਪਿਘਲੇ ਹੋਏ ਦਰਦ ਦੀ ਦਾਸਤਾਨ। ਮੇਰੀਆਂ ਅੱਖਾਂ ਸ਼ਬਦਾਂ ਤੋਂ ਤਿਲਕਦੀਆਂ ਰਹੀਆਂ ਤੇ ਫਿਰ ਇਕ ਪੈਰੇ 'ਤੇ ਅਟਕ ਗਈਆਂ।

ਕਰਨਲ ਰਣਜੀਤ ਸਿੰਘ ਨੇ ਉਸ ਸਿਪਾਹੀ ਬਾਰੇ ਵੇਰਵਾ ਲਿਖ ਕੇ ਨਾਲ ਲਿਆਂਦਾ ਹੋਇਆ ਸੀ। ਕੋਟ ਪਰਕਾ ਦੀ ਜੇਬ ਵਿਚੋਂ ਕਾਗਜ਼ ਕੱਢ ਕੇ ਉਹਨੇ ਮੈਨੂੰ ਸੌਂਪ ਦਿੱਤਾ। ਤੁਰਨ ਲੱਗਿਆਂ ਉਸ ਪੱਕੀ ਕੀਤੀ, ''ਚਿੱਠੀ ਚੇਤੇ ਨਾਲ ਲਿਖ ਦੇਵੀਂ। ਭਲਕੇ ਪੋਸਟ ਹੋ ਜਾਵੇ ਤਾਂ ਚੰਗਾ ਈ ਐ।''

ਕਰਨਲ ਰਣਜੀਤ ਸਿੰਘ ਦੇ ਜਾਣ ਪਿੱਛੋਂ ਲਾਲਟੈਣ ਦੀ ਮੱਧਮ ਰੌਸ਼ਨੀ ਵਿਚ ਉਸ ਅਜਨਬੀ ਸੈਨਿਕ ਦੀ ਬਹਾਦਰੀ ਦੀ ਭੂਮਿਕਾ ਸਿਰਜਣ ਬੈਠ ਗਿਆ।

''...ਸ਼ਹਾਦਤ ਵੇਲੇ ਸਿਪਾਹੀ ਸ਼ਿੰਦਰਪਾਲ ਸਿੰਘ ਅਗਲੇ ਮੋਰਚਿਆਂ ਵਿਚ ਤਾਇਨਾਤ ਸੀ। ਉਹ ਚੌਕਸੀ ਦੀ ਉਸ ਬੁਲੰਦੀ 'ਤੇ ਖੜ੍ਹਾ ਸੀ ਜਿੱਥੇ ਸਮੁੱਚਾ ਮੁਲਕ ਬੇਫ਼ਿਕਰੀ ਦੀ ਨੀਂਦ ਸੌਂ ਸਕੇ। ਉਹਨੇ ਅਪਣੀ ਡਿਊਟੀ ਇਸੇ ਸ਼ਿੱਦਤ ਨਾਲ ਨਿਭਾਈ ਸੀ।...ਸਿੱਖ ਪਲਟਨ ਦਾ ਉਹ ਮਹਾਨ ਯੋਧਾ ਮਰਿਆ ਨਹੀਂ, ਸਾਡੇ ਦਿਲਾਂ ਵਿਚ ਹਮੇਸ਼ਾ ਜਿਊਂਦਾ ਹੈ। ਸਾਡੀ ਪਲਟਨ ਦੇ ਸਾਰੇ ਅਫ਼ਸਰ ਤੇ ਜੁਆਨ ਅਪਣੇ ਸ਼ਹੀਦ ਨੂੰ ਪ੍ਰਣਾਮ ਕਰਦੇ ਹਨ। ਰੱਬ ਸਾਰੀਆਂ ਮਾਵਾਂ ਨੂੰ ਸਿਪਾਹੀ ਸ਼ਿੰਦਰਪਾਲ ਸਿੰਘ ਵਰਗੇ ਪੁੱਤ ਦੇਵੇ ਜਿਹੜੇ ਜਿਊਣ ਜੋਗੇ ਹੋਣ ਤੇ ਉਹਦੇ ਵਾਂਗ ਹੀ ਫਰਜ਼ ਨੂੰ ਸਮਰਪਿਤ ਹੋਣ...?''

ਮੈਂ ਇਹੋ ਜਿਹਾ ਹੋਰ ਵੀ ਬੜਾ ਕੁਝ ਲਿਖਿਆ ਤੇ ਅਗਲੀ ਸਵੇਰ ਉਹ ਚਿੱਠੀ ਕਰਨਲ ਰਣਜੀਤ ਨੂੰ ਭੇਜ ਦਿੱਤੀ। ਉਸ ਸੈਨਿਕ ਦੀ ਮੌਤ ਸਿਰਫ਼ ਮੌਤ ਨਹੀਂ ਸੀ, ਇਕ ਸਿਲਸਿਲੇ ਦਾ ਮੁੱਢ ਸੀ। ਮੈਂ ਇਸ ਗੱਲ ਨੂੰ ਜਾਣਦਾ ਸਾਂ ਤੇ ਉਹਨੇ ਹਾਲੇ ਜਾਣਨਾਂ ਸੀ।

... 'ਤੇ ਉਹ ਜਾਣ ਗਿਆ।

ਕਰਨਲ ਰਣਜੀਤ ਸਿੰਘ ਕੋਲ ਸਿਰਫ਼ ਬੰਦੇ ਸਨ ਤੇ ਉਹ ਵੀ ਅਗਲੇਰੇ ਮੋਰਚਿਆਂ ਵਿਚ ਤਾਇਨਾਤ ਸਨ। ਉਹਦੇ ਹਿੱਸੇ ਦੇ ਹਾਦਸੇ ਮੇਰੇ ਤੋਂ ਬਹੁਤੇ ਸਨ। ਮੇਰੀ ਯੂਨਿਟ ਕੋਲ ਖੱਚਰਾਂ ਸਨ। ਉਹ ਖੱਚਰਾਂ ਬਰਫ਼ ਲਿਤਾੜ ਕੇ ਆਖਰੀ ਮੋਰਚਿਆਂ ਤਕ ਗੋਲੀ-ਸਿੱਕਾ ਢੋਂਦੀਆਂ ਸਨ। ਕਦੀ-ਕਦਾਈਂ ਦੁਸ਼ਮਣ ਦੀ ਤੋਪ ਦਾ ਅਵਾਰਾ ਗੋਲਾ ਖੱਚਰਾਂ ਦੇ ਕਾਫ਼ਲੇ ਉੱਤੇ ਵੀ ਡਿੱਗ ਪੈਂਦਾ ਸੀ ਤੇ ਉਹਨਾਂ ਦੇ ਚਿੱਥੜੇ ਉਧੇੜ ਦਿੰਦਾ ਸੀ। ਕਦੀ ਪੈਰਾਂ ਹੇਠੋਂ ਰਾਹ ਟੁੱਟ ਜਾਂਦਾ ਸੀ। ਖੱਚਰਾਂ ਅਤੇ ਉਹਨਾਂ ਦੇ ਚਾਲਕ ਸੈਂਕੜੇ ਫੁੱਟ ਹੇਠਾਂ ਡਿੱਗ ਪੈਂਦੇ ਸਨ। ਕਦੀ ਕੋਈ ਵੱਡਾ ਪੱਥਰ ਟੁੱਟਦਾ ਸੀ ਤੇ ਪਹਾੜ ਤੋਂ ਰਿੜ੍ਹਦਾ ਹੋਇਆ, ਖੱਚਰਾਂ ਨੂੰ ਵੀ ਖੱਡ ਵੱਲ ਧੱਕ ਦਿੰਦਾ ਸੀ। ਰੁਟੀਨ ਵਾਲੀ 'ਕੋਰਟ ਆਫ਼ ਇਨਕੁਆਰੀ' ਹੁੰਦੀ ਸੀ। ਕੁਝ ਬੰਦੇ ਤੇ ਕੁਝ ਖੱਚਰਾਂ ਮੇਰੀ ਯੂਨਿਟ ਦੀ ਨਫ਼ਰੀ 'ਚੋਂ ਮਨਫ਼ੀ ਹੋ ਜਾਂਦੀਆਂ ਸਨ।

ਖੱਚਰਾਂ ਬੇਲਾਗ ਸਨ, ਪਰ ਸੈਨਿਕਾਂ ਨਾਲ ਮੋਹ ਤੇ ਰਿਸ਼ਤਿਆਂ ਦਾ ਸੰਘਣਾ ਤਾਣਾ ਬਾਣਾ ਉਣਿਆ ਹੋਇਆ ਹੁੰਦਾ ਸੀ। ਇਸੇ ਲਈ ਸਿੱਖ ਪਲਟਨ ਦੇ ਹਾਦਸਿਆਂ ਦੀ ਮਾਰ ਗਹਿਰੀ 'ਤੇ ਵੱਡੀ ਹੁੰਦੀ ਸੀ।

ਦੀਵਾਲੀ ਦੀ ਰਾਤ ਉਹਨਾਂ ਦੀ ਇਕ ਪੋਸਟ ਦੇ ਜੁਆਨਾਂ ਨੇ ਰੰਮ ਪੀਤੀ ਤੇ ਨਸ਼ੇ ਵਿਚ ਡੁੱਬ ਕੇ ਘੂਕ ਸੌਂ ਗਏ। ਉਸ ਰਾਤ ਦੁਸ਼ਮਣ ਨੇ ਸ਼ਹਿ ਕੇ ਹੱਲਾ ਬੋਲਿਆ ਤੇ ਉਹਨਾਂ ਨੂੰ ਸੁੱਤੇ ਪਿਆਂ ਨੂੰ ਵੱਢ ਗਿਆ। ਕੁਝ ਵਕਫ਼ੇ ਪਿੱਛੋਂ ਇਕ ਹੋਰ ਪੋਸਟ ਦਾ ਗਸ਼ਤੀ ਦਲ ਦੁਸ਼ਮਣ ਦੀ ਘਾਤ ਵਿਚ ਆ ਕੇ ਮਾਰਿਆ ਗਿਆ।

ਸਿੱਖ ਪਲਟਨ ਨੇ ਵੀ ਛੇਤੀ ਹੀ ਅਪਣਾ ਹਿਸਾਬ ਬਰਾਬਰ ਕਰ ਲਿਆ, ਪਰ ਬਰਫ਼ ਦੇ ਰੋਹ ਸਾਹਵੇਂ ਉਹ ਅਸਲੋਂ ਬੇਬਸ ਸਨ। ਪਿਛਲੇ ਹਫ਼ਤੇ ਗੁਲਾਬ ਪੋਸਟ ਉਤੇ ਬਰਫ਼ ਦੀ ਗਾਰ ਹੇਠ ਨੌਂ ਜਣੇ ਦੱਬੇ ਗਏ। ਉਹਨਾਂ ਦੀਆਂ ਲਾਸ਼ਾਂ ਵੀ ਨਹੀਂ ਸਨ ਮਿਲ ਸਕੀਆਂ। ਏਨੀ ਬਰਫ਼ ਵਿਚ ਉਹਨਾਂ ਦੇ ਮਿਲਣ ਦੀ ਆਸ ਵੀ ਕੋਈ ਨਹੀ ਸੀ।

ਇਹ ਯੁੱਧ ਦਾ ਸਮਾਂ ਨਹੀਂ ਸੀ, ਸ਼ਾਂਤੀ ਦਾ ਵੇਲਾ ਸੀ। ਉਥੇ ਵਾਪਰਨ ਵਾਲੀ ਕਿਸੇ ਵੀ ਹਾਦਸੇ ਦੀ ਖ਼ਬਰ ਅਖ਼ਬਾਰ ਵਿਚ ਨਹੀਂ ਸੀ ਛਪਦੀ। ਉਥੋਂ ਦੀ ਹਵਾ ਵਿਚ ਫੈਲਦੀ ਸੀ ਤੇ ਗੁਆਚ ਜਾਂਦੀ ਸੀ।

ਕਰਨਲ ਰਣਜੀਤ ਵੀ ਹੁਣ ਉਸ ਹਵਾ ਦਾ ਹਿੱਸੇਦਾਰ ਸੀ। ਉਹ ਹਵਾ ਵਿਚ ਸਾਹ ਲੈ ਰਿਹਾ ਸੀ।

ਮੈਂ ਉਸ ਖੇਤਰ ਵਿਚ ਪੁਰਾਣਾ ਸਾਂ। ਉਹਨੂੰ ਮੇਰੀ ਸਲਾਹ ਚਾਹੀਦੀ ਸੀ। ਉਹ ਦੀ ਪਲਟਨ ਦੇ ਕਿਊ ਸਟੋਰ ਵਿਚ ਕੈਮਾਫਲਾਜ ਨੈੱਟ ਪਏ ਸਨ। ਲੜਾਈ ਵੇਲੇ ਉਹ ਜਾਲ ਫੌਜੀ ਟਰੱਕਾਂ ਨੂੰ ਦੁਸ਼ਮਣ ਦੀਆਂ ਨਜ਼ਰਾਂ ਤੋਂ ਲੁਕਾਉਣ ਦੇ ਕੰਮ ਆਉਂਦੇ ਸਨ। ਕਿਸੇ ਯੁੱਧ ਤੋਂ ਪਹਿਲਾਂ ਉਹਨਾਂ ਜਾਲਾਂ ਦੀ ਲੋੜ ਨਹੀਂ ਸੀ ਪੈਣੀ। ਮੇਰੀ ਸਲਾਹ ਮੰਨ ਕੇ ਉਹਨਾਂ ਸਟੋਰ ਦੇ ਹੇਠਾਂ ਪਹੁੰਚਾ ਦਿੱਤੇ। ਉਥੇ ਉਹਨਾਂ ਉਹ ਜਾਲ ਗੁਲਾਬ ਪੋਸਟ ਤੋਂ ਵਹਿੰਦੇ ਪਾਣੀ ਦੇ ਰਾਹ ਅੱਗੇ ਲਾ ਦਿੱਤੇ।

ਬਰਫ਼ ਲਾਸ਼ਾਂ ਦਾ ਭਾਰ ਚੁੱਕੀ ਹੌਲੀ-ਹੌਲੀ ਹੇਠਾਂ ਸਰਕਦੀ ਰਹੀ ਤੇ ਫਿਰ ਥੋੜ੍ਹੀ-ਥੋੜ੍ਹੀ ਪਿਘਲ ਗਈ। ਤਕਰੀਬਨ ਦੋ ਮਹੀਨਿਆਂ ਪਿੱਛੋਂ ਲਾਸ਼ਾਂ ਇਕ-ਇਕ ਕਰਕੇ ਜਾਲਾਂ ਵਿਚ ਆ ਫਸੀਆਂ।

ਸਸਕਾਰ ਵੇਲੇ ਉਹਨਾਂ ਬਰਫ਼ ਸਾਫ਼ ਕੀਤੀ ਤੇ ਸਾਰੀਆਂ ਚਿਤਾਵਾਂ ਇਕ ਕਤਾਰ ਵਿਚ ਚਿਣ ਦਿੱਤੀਆਂ।

ਕਰਨਲ ਰਣਜੀਤ ਨੇ ਪਹਿਲੀ ਚਿਤਾ ਉੱਤੇ ਫੁੱਲ ਧਰੇ, ਸਲੂਟ ਦਿੱਤਾ ਤੇ ਅਗਲੀ ਚਿਤਾ ਵਲ ਤੁਰ ਪਿਆ। ਪਲਟਨ ਦਾ ਇਕ ਕੈਪਟਨ ਤਸਵੀਰਾਂ ਉਤਾਰਨ ਲੱਗ ਪਿਆ। ਉੱਪ-ਕਮਾਨ ਅਫ਼ਸਰ ਨੇ ਇਸ਼ਾਰੇ ਨਾਲ ਉਹਨੂੰ ਅਪਣੇ ਕੋਲ ਸੱਦਿਆ ਤੇ ਅਗਾਂਹ ਨੂੰ ਝੁਕ ਕੇ ਹੌਲੀ ਜਿਹੀ ਬੋਲਿਆ, ''ਇਸ ਤਰ੍ਹਾਂ ਰੋਲ ਖ਼ਰਾਬ ਨਾ ਕਰ।''

''ਸਰ ਮੈਂ ਸਮਝਿਆਂ ਨਹੀਂ?''

ਉਪ-ਕਪਤਾਨ ਅਫ਼ਸਰ ਨੇ ਸਮਝਾਇਆ, ''ਵੇਖ, ਇਕੋ ਚਿਤਾ ਹਰ ਮਰਨ ਵਾਲੇ ਦੀ ਚਿਤਾ ਏ। ਤੂੰ ਸਿਰਫ਼ ਇਕ ਚਿਤਾ ਦੀ ਪੂਰੀ ਕਾਰਵਾਈ ਦੀਆਂ ਤਸਵੀਰਾਂ ਉਤਾਰ। ਇਹਨਾਂ ਤਸਵੀਰਾਂ ਦੇ ਨੌਂ ਸੈੱਟ ਤਿਆਰ ਕਰਵਾ ਲਵਾਂਗੇ ਤੇ ਸਭਨਾਂ ਦੇ ਘਰੀਂ ਇਕ-ਇਕ ਭੇਜ ਦਿਆਂਗੇ।...ਆਈ ਹੋਪ ਯੂ ਅੰਡਰਸਟੈਂਡ?''

''ਯੈਸ ਸਰ!''

ਉਹ ਮੁੜ ਤਸਵੀਰਾਂ ਉਤਾਰਨ ਵਿਚ ਰੁੱਝ ਗਿਆ।

ਕਰਨਲ ਰਣਜੀਤ ਨੇ ਇਕ-ਇਕ ਕਰਕੇ ਸਾਰੀਆਂ ਚਿਤਾਵਾਂ ਨੂੰ ਸਨਮਾਨ ਦਿੱਤਾ। ਬਾਕੀਆਂ ਨੇ ਵੀ ਇਹੀ ਕਾਰਵਾਈ ਦੁਹਰਾਈ। ਧਾਰਮਿਕ ਰਸਮਾਂ ਹੋਈਆਂ। ਵਿਸ਼ੇਸ਼ ਦਸਤੇ ਨੇ ਰਾਈਫ਼ਲਾਂ ਦਾ ਮੂੰਹ ਆਸਮਾਨ ਵੱਲ ਕਰਕੇ ਗੋਲੀਆਂ ਦਾਗੀਆਂ ਤੇ ਫਿਰ ਹੌਲੀ-ਹੌਲੀ ਰਾਈਫ਼ਲਾਂ ਦਾ ਮੂੰਹ ਜ਼ਮੀਨ ਵੱਲ ਮੋੜ ਦਿੱਤਾ। ਰਾਈਫ਼ਲਾਂ ਦੇ ਕੁੰਦੇ ਉੱਤੇ ਹੱਥ ਧਰਦਿਆਂ ਉਹਨਾਂ ਦੀਆਂ ਧੌਣਾਂ ਵਿਛੜੇ ਸਾਥੀਆਂ ਦੇ ਸਨਮਾਨ ਵਿਚ ਝੁਕ ਗਈਆਂ।

ਕਰਨਲ ਰਣਜੀਤ ਨੇ ਚਿਤਾਵਾਂ ਨੂੰ ਵਾਰੀ-ਵਾਰੀ ਲਾਂਬੂ ਲਾ ਦਿੱਤਾ। ਅੱਗ ਦੀਆਂ ਲਾਟਾਂ ਆਸਮਾਨ ਵੱਲ ਉੱਚੀਆਂ ਉੱਠੀਆਂ। ਬਲਦੀਆਂ ਲੱਕੜਾਂ ਨੇ ਤਿੜ ਤਿੜ ਕੀਤੀ।

ਉਸੇ ਸ਼ਾਮ ਕਰਨਲ ਰਣਜੀਤ ਦਾ ਫੋਨ ਆਇਆ, ''ਤੈਨੂੰ ਯਾਦ ਐ, ਮੇਰੇ ਇਕ ਜੁਆਨ ਦੇ ਮਰਨ 'ਤੇ ਤੂੰ ਚਿੱਠੀ ਡਰਾਫਟ ਕੀਤੀ ਸੀ।''

''ਹਾਂ ਸਰ!''

''ਜੁਆਬ ਵਿਚ ਉਹਦੇ ਪਿਉ ਦੀ ਚਿੱਠੀ ਆਈ ਐ। ਉਸ ਚਿੱਠੀ ਦਾ ਜੁਆਬ ਵੀ ਹੁਣ ਪੰਜਾਬੀ ਵਿਚ ਹੀ ਦੇਣਾ ਪੈਣਾ ਏ। ਤੂੰ ਆ ਜਾ। ਰਾਤ ਦਾ ਖਾਣਾ ਇਕੱਠੇ ਖਾਵਾਂਗੇ, ਨਾਲੇ ਚਿੱਠੀ ਵੇਖ ਲਵੀਂ।''

ਮੈਂ ਤਾਬੜਤੋੜ ਪਹੁੰਚ ਗਿਆ।

ਇਹੋ ਜਿਹੀਆਂ ਚਿੱਠੀਆਂ ਤੇ ਹਰਫ਼ਾਂ ਦੀ ਤਾਸੀਰ ਮੈਂ ਜਾਣਦਾ ਸਾਂ। ਮੈਂ ਵੇਖ ਸਕਦਾ ਸਾਂ ਅੱਖਰਾਂ ਦੇ ਪਿਘਲੇ ਹੋਏ ਦਰਦ ਦੀ ਦਾਸਤਾਨ। ਮੇਰੀਆਂ ਅੱਖਾਂ ਸ਼ਬਦਾਂ ਤੋਂ ਤਿਲਕਦੀਆਂ ਰਹੀਆਂ 'ਤੇ ਫਿਰ ਇਕ ਪੈਰੇ 'ਤੇ ਅਟਕ ਗਈਆਂ।

''ਮੇਰੇ ਪੁੱਤਰ ਨੇ ਅਪਣੇ ਖਾਨਦਾਨ ਤੇ ਪਿੰਡ ਦਾ ਨਾਂ ਉੱਚਾ ਕੀਤਾ ਹੈ। ਪੰਚਾਇਤ ਨੇ ਮਤਾ ਪਾਸ ਕੀਤਾ ਹੈ ਸ਼ਹੀਦ ਸਿਪਾਹੀ ਕੁਲਦੀਪ ਸਿੰਘ ਦੀ ਸ਼ਾਮਲਾਟ ਵਿਚ ਯਾਦਗਾਰ ਬਣਾਈ ਜਾਵੇ। ਤੁਸੀਂ ਮੇਰੇ ਪੁੱਤਰ ਦੀ ਸ਼ਹੀਦੀ ਦਾ ਪੂਰਾ ਵੇਰਵਾ ਲਿਖ ਕੇ ਛੇਤੀ ਭੇਜ ਦੇਣਾ ਤਾਂ ਕਿ ਉਹ ਵੇਰਵਾ ਯਾਦਗਾਰ 'ਤੇ ਲੱਗਣ ਵਾਲੇ ਪੱਥਰ ਉੱਤੇ ਉਕਰਵਾ ਲਿਆ ਜਾਵੇ। ਸਾਨੂੰ ਕੁਲਦੀਪ ਸਿੰਘ ਦੇ ਫੁੱਲ ਵੀ ਜ਼ਰੂਰ ਪਹੁੰਚਾਏ ਜਾਣ। ਅਸੀਂ ਫੁੱਲ ਕੀਰਤਪੁਰ ਸਾਹਿਬ ਵਿਖੇ ਜਲ ਪ੍ਰਵਾਹ ਕਰਨੇ ਹਨ ਅਤੇ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਖੰਡ ਪਾਠ ਵੀ ਕਰਵਾਉਣਾ ਹੈ। ਮੈਂ ਅਪਣੇ ਪੁੱਤਰ ਦੀ ਤਸਵੀਰ ਵੀ ਭੇਜ ਰਿਹਾ ਹਾਂ। ਤੁਸੀ ਤਸਵੀਰ ਵੱਡੀ ਕਰਵਾ ਕੇ ਅਪਣੇ ਦਫ਼ਤਰ ਵਿਚ ਲਗਵਾ ਲੈਣੀ। ਇਕ ਦੁਖੀ ਬਾਪ ਵਲੋਂ ਇਹ ਤਸਵੀਰ...।''

''ਇਹ ਮੇਰੇ ਹਰਫ਼ਾਂ ਦੀ ਸਾਜਿਸ਼ ਸੀ ਕਿ ਉਸ ਸੈਨਿਕ ਦੇ ਬੁੱਢੇ ਪਿਉ ਨੇ ਮੋਏ ਪੁੱਤ ਦੀ ਮੜ੍ਹੀ ਲਈ ਸ਼ਹੀਦੀ ਦਾ ਮੁਕਟ ਬਣਵਾ ਲਿਆ ਸੀ। ਇਹ ਝੂਠ ਸੱਚ ਦੇ ਮੀਂਹ ਵਿਚ ਖੁਰ ਸਕਦਾ ਸੀ। ਹੁਣ ਇਸ ਝੂਠ ਨੂੰ ਢਕਣ ਲਈ ਮੈਂ ਹਰਫ਼ਾਂ ਦੀ ਇਕ ਹੋਰ ਛੱਤ ਤਿਆਰ ਕਰਨੀ ਸੀ।''

ਮੈਂ ਘਬਰਾ ਕੇ ਆਖਿਆ, ''ਸਰ, ਇਹ ਤਾਂ ਉਹ ਨਹੀਂ। ਉਹਦਾ ਨਾਂ ਤਾਂ ਕੁਝ ਹੋਰ ਸੀ।''

''ਹਰ ਕੋਈ ਇਕੋ ਈ ਐ।'' ਉਸ ਅਖਿਆ, ''ਹਰ ਕਿਸੇ ਦੇ ਘਰ ਇਕੋ ਹੀ ਚਿੱਠੀ ਪਹੁੰਚ ਰਹੀ ਏ। ਜਿਹੜੀ ਚਿੱਠੀ ਤੂੰ ਲਿਖ ਕੇ ਦਿੱਤੀ ਸੀ, ਮੇਰਾ ਹੈੱਡ ਕਲਰਕ ਉਸੇ ਚਿੱਠੀ ਵਿਚ ਨਾਂ ਥਾਂ ਬਦਲ ਦਿੰਦਾ ਏ। ਹੁਣ ਤੱਕ ਤਾਂ ਉਹ ਚਿੱਠੀ ਪਤਾ ਨਹੀਂ ਕਿੰਨਿਆਂ ਕੁ ਘਰਾਂ ਵਿਚ ਪਹੁੰਚ ਗਈ ਹੋਊ।''

ਮੈਂ ਮੇਜ਼ 'ਤੇ ਪਈ ਉਸ ਮੱਸ-ਫੁਟ ਸੈਨਿਕ ਦੀ ਤਸਵੀਰ ਵੇਖਣ ਲੱਗ ਪਿਆ।

ਸੂਬੇਦਾਰ ਮੇਜਰ ਸ਼ਾਮ ਦੀ ਰਿਪੋਰਟ ਦੇਣ ਅਇਆ ਤਾਂ ਕਰਨਲ ਰਣਜੀਤ ਨੇ ਸਿਪਾਹੀ ਕੁਲਦੀਪ ਸਿੰਘ ਦੀ ਤਸਵੀਰ ਉਹਨੂੰ ਸੌਂਪ ਦਿੱਤੀ, ''ਸਾਹਬ, ਇਹ ਤਸਵੀਰ ਕੋਰਟ ਮਾਰਸ਼ਲ ਵਾਲੇ ਬਕਸੇ ਵਿਚ ਰਖਵਾ ਦਿਉ।''

ਫ਼ੌਜ ਦੀ ਅਪਣੀ ਮਰਿਆਦਾ ਸੀ। ਕਮਾਨ ਅਫ਼ਸਰ ਦੇ ਆਫ਼ਿਸ ਵਿਚ ਫ਼ੌਜ ਦੇ ਜਰਨੈਲ ਦੀ ਤਸਵੀਰ ਲਗ ਸਕਦੀ ਸੀ, ਪਰ ਇਕ ਗੁੰਮਨਾਮ ਜਿਹੇ ਸਿਪਾਹੀ ਦੀ ਨਹੀਂ। ਇਹ ਤਸਵੀਰ ਜੁਆਨਾਂ ਦੇ ਸੂਚਨਾ ਕੇਂਦਰ ਦਾ ਹਿੱਸਾ ਵੀ ਨਹੀਂ ਸੀ ਬਣ ਸਕਦੀ। ਉਸ ਸੈਨਿਕ ਨੇ ਸੂਰਬੀਰਤਾ ਦਾ ਕੋਈ ਤਗਮਾ ਨਹੀਂ ਸੀ ਜਿੱਤਿਆ ਹੋਇਆ। ਉਹ ਤਸਵੀਰ ਸਿਰਫ ਗੁਆਚਣ ਵਾਲੇ ਰਾਹ ਹੀ ਤੁਰ ਸਕਦੀ ਸੀ ਤੇ ਤੁਰ ਪਈ ਸੀ।

ਸੂਬੇਦਾਰ ਦੇ ਜਾਣ ਪਿੱਛੋਂ ਮੈਂ ਪੁੱਛਿਆ, ''ਇਹ ਸਿਪਾਹੀ ਮਰਿਆ ਕਿਸ ਤਰ੍ਹਾਂ ਸੀ?''

''ਇਹ ਵੀ ਗੁਲਾਬ ਪੋਸਟ 'ਤੇ ਹੀ ਬਰਫ਼ ਵਿਚ ਦੱਬਿਆ ਗਿਆ ਸੀ।'' ਉਸ ਸੰਖੇਪ ਵਿਚ ਗੱਲ ਨਬੇੜ ਦਿੱਤੀ।

ਬਰਫ਼ ਗੁਲਾਬ ਪੋਸਟ ਵਾਲਿਆਂ ਨਾਲ ਚਿਰਾਂ ਤੋਂ ਹਰਖੀ ਹੋਈ ਸੀ। ਇਸ ਤੋਂ ਪਹਿਲਾਂ ਵੀ ਬਰਫ਼ ਨੇ ਕਈ ਵਾਰ ਸੈਨਿਕਾਂ ਦੇ ਉੱਥੇ ਹੋਣ ਦਾ ਵਿਰੋਧ ਕੀਤਾ ਸੀ। ਕਈ ਵਾਰ ਬਰਫ਼ ਦਾ ਪਹਾੜ ਟੁੱਟਿਆ ਸੀ। ਅਣਗਿਣਤ ਵਾਰ ਮੋਰਚੇ ਬਰਫ਼ ਹੇਠ ਦੱਬੇ ਗਏ ਸਨ। ਫ਼ੌਜ ਨੇ ਅਪਣਾ ਹੱਠ ਨਹੀਂ ਸੀ ਛੱਡਿਆ। ਮੋਰਚੇ ਮੁੜ ਬਣੇ ਸਨ। ਮੋਏ ਸੈਨਿਕਾਂ ਦੀ ਥਾਂ ਜਿਊਂਦਿਆਂ ਨੇ ਮੱਲ ਲਈ ਸੀ। ਗੁਲਾਬ ਪੋਸਟ ਹਰ ਵਾਰ ਮਰ ਕੇ ਮੁੜ ਜਿਊ ਪੈਂਦੀ ਸੀ, ਸਾਹ ਲੈਣ ਲੱਗ ਪੈਂਦੀ ਸੀ।

ਰਾਤ ਦਾ ਪੈੜਾ ਬੜਾ ਉਦਾਸ ਸੀ। ਦੂਰ ਵਗਦੇ ਸ਼ਿਔਕ ਦਰਿਆ ਦਾ ਰੌਲਾ ਕੁਝ ਹੋਰ ਨੇੜੇ ਹੋ ਗਿਆ। ਅਸੀਂ ਪਾਗਲ ਪਾਣੀ ਦੀ ਪਨਾਹ ਵਿਚ ਆ ਗਏ। ਮੈਂ ਅਚਾਨਕ ਪੁੱਛ ਲਿਆ, ''ਸਰ ਗੁਲਾਬ ਪੋਸਟ ਐਵਲਾਂਚ ਦੀ ਮਾਰ ਹੇਠ ਐ। ਬਰਫ਼ ਦੀਆਂ ਢਿੱਗਾਂ ਡਿੱਗਦੀਆਂ ਨੇ ਤੇ ਫ਼ੌਜੀਆਂ ਨੂੰ ਮਾਰ ਦਿੰਦੀਆਂ ਨੇ। ਤੁਸੀਂ ਪੋਸਟ ਦੀ ਥਾਂ ਹੀ ਕਿਉਂ ਨਹੀਂ ਬਦਲ ਦਿੰਦੇ?''

ਸਿੱਖ ਪਲਟਨ ਦੇ ਆਉਣ ਤੋਂ ਪਹਿਲਾਂ ਇਹ ਇਲਾਕਾ ਗਾਰਡਜ਼ ਵਾਲਿਆਂ ਦੀ ਜ਼ਿੰਮੇਵਾਰੀ ਵਿਚ ਸੀ। ਇਹ ਸੁਆਲ ਮੈਂ ਗਾਰਡਜ਼ ਦੇ ਸੀ. ਓ. ਨੂੰ ਪੁੱਛਿਆ ਸੀ। ਉਹਦੇ ਬੋਲ ਬੇਪੇਂਦੇ ਸਨ, ਡੋਲਦੇ ਰਹੇ, ''ਕਿਧਰ ਲੈ ਜਾਵਾਂ ਮੈਂ ਗੁਲਾਬ ਪੋਸਟ ਨੂੰ? ਉਥੇ ਤਾਂ ਕੋਈ ਹੋਰ ਇਹੋ ਜਿਹੀ ਥਾਂ ਹੀ ਨਹੀਂ ਜਿਹੜੀ ਦੁਸ਼ਮਣ ਉੱਤੇ ਹਾਵੀ ਹੋਵੇ।''

ਉਸ ਵੇਲੇ ਬੁਖਾਰੀ ਵਿਚ ਮਿੱਟੀ ਦਾ ਤੇਲ ਤਿੱਪ ਤਿੱਪ ਕਰਕੇ ਬਲ ਰਿਹਾ ਸੀ। ਕਰਨਲ ਰਣਜੀਤ ਇਕ ਛਿਣ ਡਿੱਗਦੇ ਤੇਲ ਵੱਲ ਵੇਖਦਾ ਰਿਹਾ ਸੀ, ਫਿਰ ਬੋਲਿਆ ਸੀ, ''ਮੋਰਚਿਆਂ ਦੀ ਭੋਰਾ ਕੁ ਥਾਂ ਵੀ ਬਦਲਣੀ ਹੋਵੇਗੀ ਤਾਂ ਆਰਮੀ ਹੈਡਕੁਆਟਰਜ਼ ਦੀ ਆਗਿਆ ਚਾਹੀਦੀ ਐ। ਉਹਦੇ ਲਈ ਮਾਹਰਾਂ ਦਾ ਬੋਰਡ ਬੈਠੂ। ਕੌਣ ਇਸ ਖਲਜਗਣ ਵਿਚ ਪਵੇ।''

''ਖਲਜਗਣ!....ਖਲਜਗਣ ਕਾਹਦਾ?''

ਉਹਨੇ ਮੇਰੇ ਹੱਥ ਉੱਤੇ ਹੱਥ ਰੱਖ ਦਿੱਤਾ ਤੇ ਦੱਬੀ ਜ਼ੁਬਾਨ ਵਿਚ ਬੋਲਿਆ, ''ਜੇ ਮੈਂ ਗੁਲਾਬ ਪੋਸਟ ਦੀ ਥਾਂ ਬਦਲਣ ਲਈ ਕੇਸ ਚੁੱਕਾਂ ਤਾਂ ਬ੍ਰਿਗੇਡ ਕਮਾਂਡਰ ਇਸ ਗੱਲ ਨੂੰ ਪਤਾ ਨਹੀਂ ਕਿਸ ਤਰ੍ਹਾਂ ਲਵੇ। ਉਹਨੂੰ ਨਾਰਾਜ਼ ਕਾਹਨੂੰ ਕਰਨੈਂ। ਸੱਚੀ ਗੱਲ ਤਾਂ ਇਹ ਹੈ ਕਿ ਮੈਂ ਅਪਣਾ ਵੇਲਾ ਪੂਰਾ ਕਰ ਰਿਹਾ ਵਾਂ।'' ਇਸ ਤੋਂ ਪਹਿਲਾਂ ਵੀ ਹਰ ਇਕ ਨੇ ਜ਼ਰਬਾਂ ਤਕਸੀਮਾਂ ਦਾ ਹਾਸਲ ਲਾ ਕੇ ਵੇਲਾ ਪੂਰਾ ਕੀਤਾ ਸੀ ਤੇ ਆਪੋ ਅਪਣੇ ਹਿੱਸੇ ਦੀਆਂ ਲਾਸ਼ਾਂ ਦਾ ਬੋਝ ਚੁੱਕ ਕੇ ਤੁਰ ਗਏ ਸਨ। ਕਰਨਲ ਰਣਜੀਤ ਸਿੰਘ ਵੀ ਇਸੇ ਤਰ੍ਹਾਂ ਤੁਰ ਆਇਆ ਸੀ।

ਅਸੀਂ ਹੁਣ ਮੁੱਦਤ ਪਿੱਛੋਂ ਮਿਲੇ ਸਾਂ। ਮੇਰਾ ਖਿਆਲ ਸੀ, ਅਸੀਂ ਬੱਸ ਉਹਨਾਂ ਦਿਨਾਂ ਦੀਆਂ ਗੱਲਾਂ ਹੀ ਕਰਦੇ ਰਹਾਂਗੇ, ਪਰ ਦੂਜੇ ਪੈੱਗ ਦੇ ਪਿੱਛੋਂ ਵੀ ਸ਼ਰਾਬ ਉਹਦੇ ਅੰਦਰ ਬੁਝੀ-ਬੁਝੀ ਰਹੀ ਸੀ। ਉਹਨੇ ਅੱਗੇ ਪਈ ਪਲੇਟ 'ਚੋਂ ਨਮਕੀਨ ਦੀ ਚੁਟਕੀ ਭਰੀ ਤੇ ਫਿਰ ਉੱਥੇ ਹੀ ਛੱਡ ਦਿੱਤੀ। ਉਹ ਬੈਠਾ ਬੈਠਾ ਬੇਚੈਨ ਹੋ ਗਿਆ। ਉਹਨੇ ਫਿਕਰਮੰਦ ਹੋ ਕੇ ਨੌਕਰ ਨੂੰ ਹਾਕ ਮਾਰੀ, ''ਲੌਰਲ ਨੂੰ ਦੁੱਧ ਪਿਆ ਦਿੱਤਾ ਸੀ?"

''ਜੀ ਬੱਸ ਪਿਆਉਣ ਹੀ ਲੱਗਾ ਸਾਂ।'' ਉਹਨੇ ਰਸੋਈ 'ਚੋਂ ਜੁਆਬ ਦਿੱਤਾ।

ਕਰਨਲ ਰਣਜੀਤ ਹਰਖ ਕੇ ਬੋਲਿਆ, ''ਜੇ ਲੌਰਲ ਦੀ ਦੇਖਭਾਲ ਤੈਥੋਂ ਨਹੀਂ ਹੁੰਦੀ ਤਾਂ...!''

''ਸੌਰੀ ਸਰ!'' ਨੌਕਰ ਮੁਜਰਿਮ ਬਣਿਆ ਉਹਦੇ ਕੋਲ ਆ ਕੇ ਖਲੋ ਗਿਆ।

ਗੁੱਸੇ ਦੇ ਉਬਾਲ ਉੱਤੇ ਅਚਨਚੇਤੀ ਛਿੱਟੇ ਪੈ ਗਏ। ਉਹ ਨਿਢਾਲ ਹੋਇਆ ਬੋਲਿਆ, ''ਹੁਣ ਦੁੱਧ ਪਿਆ ਕੇ ਉਹਦੇ ਦੁਆਲੇ ਚੰਗੀ ਤਰ੍ਹਾਂ ਗਰਮ ਕੱਪੜਾ ਵਲ੍ਹੇਟ ਦੇਵੀਂ। ਠੰਡ ਵਧ ਰਹੀ ਐ।''

''ਜੀ!''

ਨੌਕਰ ਓਹਲੇ ਹੋਇਆ ਤਾਂ ਮੈਂ ਪੁੱਛਿਆ, ਤੁਹਾਨੂੰ ਉਦੋਂ ਤਾਂ ਕੁੱਤਾ ਰੱਖਣ ਦਾ ਸ਼ੌਕ ਨਹੀਂ ਸੀ!"

''ਇਹ ਕੁੱਤਾ ਬਿੱਟੂ ਦਾ ਏ।'' ਉਹਨੇ ਠੰਡਾ ਸਾਹ ਭਰਿਆ, ''ਜਾਣ ਲੱਗਾ ਕਹਿ ਗਿਆ ਸੀ, ''ਪਾਪਾ! ਲੌਰਲ ਦਾ ਮੇਰੇ ਜਿੰਨਾ ਹੀ ਖਿਆਲ ਰੱਖਿਓ।'' ''ਉਦੋਂ ਤਾਂ ਬਿੱਟੂ ਹਾਲੇ ਸਕੂਲ ਵਿਚ ਹੀ ਪੜ੍ਹਦਾ ਸੀ!'' ਮੈਂ ਚੇਤੇ ਦੀ ਮਿੱਟੀ ਪੁੱਟੀ।

''ਹਾਂ! ਬਾਅਦ ਵਿਚ ਉਹ ਕਮਿਸ਼ਨ ਲੈ ਕੇ ਸਿੱਖ ਰਜਮੈਂਟ ਵਿਚ ਚਲਿਆ ਗਿਆ ਸੀ। ਹੋਣੀ ਦਾ ਮਖੌਲ ਵੇਖ, ਉਹਦੀ ਪਲਟਨ ਦੋ ਸਾਲਾਂ ਤੋਂ ਲਖਨਊ ਬੈਠੀ ਹੋਈ ਸੀ। ਬਿੱਟੂ ਨੇ ਜਾ ਕੇ ਹਾਲੇ ਉੱਥੇ ਛੇ ਕੁ ਮਹੀਨੇ ਹੀ ਕੱਟੇ ਸਨ ਕਿ ਬਟਾਲੀਅਨ ਦੇ ਮੂਵ ਦਾ ਹੁਕਮ ਆ ਗਿਆ। ਉਹੀ ਭਿਆਨਕ ਚੌਗਿਰਦਾ, ਬੀਆਬਾਨ ਪਹਾੜ, ਸ਼ਿਔਕ ਦਰਿਆ ਦੇ ਵੈਣ ਤੇ ਗੁਲਾਬ ਪੋਸਟ ਦਾ ਸੰਤਾਪ ਉਹਦੇ ਵਰ ਆ ਗਏ।...'ਤੇ ਫਿਰ ਉਹੀ ਹੋਇਆ ਜੋ ਹੋਣਾ ਸੀ। ਇਕ ਰਾਤ ਬਰਫ਼ ਦਾ ਤੁਆਜ਼ਨ ਕੁਝ ਇਹੋ ਜਿਹਾ ਵਿਗੜਿਆ ਕਿ ਬਰਫ਼ ਦੀਆਂ ਢਿੱਗਾਂ ਟੁੱਟ-ਟੁੱਟ ਡਿੱਗਣ ਲੱਗ ਪਈਆਂ ਤੇ ਗੁਲਾਬ ਪੋਸਟ

ਦਾ ਨਾਮੋ ਨਿਸ਼ਾਨ ਇਕ ਵਾਰ ਫਿਰ ਮਿਟ ਗਿਆ।'' ਗੱਲ ਕਰਦਿਆਂ ਕਰਨਲ ਰਣਜੀਤ ਦਾ ਗੱਚ ਭਰ ਆਇਆ। ਆਪਣੇ ਆਪ ਨੂੰ ਕਾਬੂ ਕਰਨ ਦੇ ਯਤਨ ਵਿਚ ਉਹ ਕੁਝ ਛਿਣ ਚੁੱਪ ਕੀਤਾ ਰਿਹਾ ਤੇ ਫਿਰ ਬੋਲਿਆ, ''ਅਨੀਤਾ ਤਾਂ ਪਹਿਲੋਂ ਹੀ ਉਹਦੇ ਸਾਹੀਂ ਜਿਉਂਦੀ ਸੀ, ਬਿੱਟੂ ਦੇ ਜਾਣ ਪਿੱਛੋਂ ਉਹ ਵੀ ਤੁਰ ਗਈ।''

ਘਰ ਦੀ ਹਵਾ ਵਿਚ ਘੁਲੀ ਉਦਾਸੀ ਨੇ ਅਣਗਿਣਤ ਹਉਕਿਆਂ ਦਾ ਬੋਝ ਚੁੱਕਿਆ ਹੋਇਆ ਸੀ। ਉਹਨਾਂ ਹਉਕਿਆਂ ਵਿਚ ਰਾਤ ਦਾ ਹਨੇਰਾ ਵੀ ਸ਼ਾਮਲ ਹੋ ਗਿਆ। ਉਸ ਵੇਲੇ ਮੇਰੀ ਜ਼ੁਬਾਨ ਨੂੰ ਤੰਦੂਆ ਪੈ ਗਿਆ। ਦਿਲਬਰੀ ਦੇ ਬੋਲ ਮਨ ਦੀ ਉਦਾਸੀ ਸਾਹਵੇਂ ਬੌਣੇ ਹੋ ਗਏ।

ਉਹ ਪੈੱਗ ਲਿਆਉਣ ਦੇ ਬਹਾਨੇ ਉੱਠ ਖਲੋਤਾ। ਉਹਨੇ ਵਾਸ਼ਬੇਸਨ 'ਤੇ ਜਾ ਕੇ ਅੱਖਾਂ ਵਿਚ ਪਾਣੀ ਦੇ ਛਿੱਟੇ ਮਾਰੇ। ਤੌਲੀਏ ਨਾਲ ਚਿਹਰਾ ਪੂੰਝ ਕੇ ਉਹ ਵਾਪਸ ਮੁੜਿਆ। ਗਲਾਸਾਂ ਵਿਚ ਵਿਸਕੀ ਪਾਉਂਦਿਆਂ ਬੋਲਿਆ, ''ਅੱਜਕਲ੍ਹ ਵੀ ਕਹਾਣੀਆਂ ਲਿਖਦਾ ਏਂ?''

ਇਹ ਸੁਆਲ ਮੇਰੀ ਰਾਹਤ ਸੀ, ਮੈਂ ਕਾਹਲੀ ਨਾਲ ਦਬੋਚ ਲਿਆ, ''ਹਾਂ, ਹਾਂ, ਹੁਣ ਤਾਂ ਮੇਰੀਆਂ ਕੁਝ ਕਿਤਾਬਾਂ ਵੀ ਛਪ ਗਈਆਂ ਨੇ।''

''ਮੈਨੂੰ ਤਾਂ ਉਦੋਂ ਹੀ ਪਤਾ ਲੱਗ ਗਿਆ ਸੀ ਕਿ ਤੂੰ ਫ਼ੌਜ ਲਈ ਨਹੀਂ ਸੀ ਬਣਿਆ ਹੋਇਆ। ਮੈਨੂੰ ਹਾਲੇ ਵੀ ਯਾਦ ਐ, ਮੇਰੇ ਕਿਸੇ ਜੁਆਨ ਦੇ ਘਰ ਭੇਜਣ ਲਈ ਤੂੰ ਇਕ ਚਿੱਠੀ ਲਿਖ ਕੇ ਦਿੱਤੀ ਸੀ।'' ਮੇਰਾ ਗਲਾਸ ਖਾਲੀ ਨਹੀਂ ਸੀ। ਉਹਨੇ ਨਵਾਂ ਪੈੱਗ ਤਪਾਈ 'ਤੇ ਰੱਖ ਦਿੱਤਾ ਤੇ ਆਪ ਵੀ ਬੈਠ ਗਿਆ, ''ਅੱਜਕਲ੍ਹ ਫ਼ੌਜ ਵਿਚ ਵੀ ਬੜੇ ਅਹਿਸਾਸ ਵਾਲੇ ਲੋਕ ਨੇ। ਬਿੱਟੂ ਦੇ ਕਮਾਨ ਅਫ਼ਸਰ ਨੇ ਪੰਜਾਬੀ ਵਿਚ ਚਿੱਠੀ ਲਿਖ ਕੇ ਭੇਜੀ ਸੀ। ਮੈਂ ਜਿੰਨੀ ਵਾਰ ਉਹ ਚਿੱਠੀ ਪੜ੍ਹਾਂ, ਮੇਰਾ ਓਨੀ ਵਾਰ ਹੀ ਮਨ ਭਰ ਆਉਂਦਾ ਏ। ਉਹਦੇ ਸੀ. ਓ. ਦਾ ਬਹੁਤ ਵਿਸ਼ਵਾਸ ਸੀ ਬਿੱਟੂ ਵਿਚ। ਬਹੁਤ ਕਾਇਲ ਸੀ ਉਹ ਬਿੱਟੂ ਦੀ ਬਹਾਦਰੀ ਤੇ ਫ਼ਰਜ਼ ਸ਼ਨਾਸੀ ਦਾ। ਠਹਿਰ!...ਮੈਂ ਤੈਨੂੰ ਉਹ ਚਿੱਠੀ ਵਿਖਾਉਂਦਾ ਵਾਂ।''

ਉਹ ਅੰਦਰੋਂ ਉੱਠ ਕੇ ਚਿੱਠੀ ਲੈ ਆਇਆ।

''...ਸਿੱਖ ਪਲਟਨ ਦਾ ਉਹ ਮਹਾਨ ਯੋਧਾ ਮਰਿਆ ਨਹੀਂ, ਸਾਡੇ ਦਿਲਾਂ ਵਿਚ ਹਮੇਸ਼ਾ ਜਿਉਂਦਾ ਹੈ। ਸਾਡੀ ਪਲਟਨ ਦੇ ਸਾਰੇ ਅਫ਼ਸਰ ਤੇ ਜੁਆਨ ਅਪਣੇ ਸ਼ਹੀਦ ਨੂੰ ਪ੍ਰਣਾਮ ਕਰਦੇ ਹਨ। ਰੱਬ ਸਾਰੀਆਂ ਮਾਵਾਂ ਨੂੰ ਲੈਫਟੀਨੈਂਟ ਨਰਜੀਤ ਵਰਗੇ ਪੁੱਤ ਦੇਵੇ ਜਿਹੜੇ ਜਿਉਣ ਜੋਗੇ ਹੋਣ ਅਤੇ...''

ਉਹ ਚਿੱਠੀ ਮੇਰੇ ਹੱਥ ਵਿਚ ਪੱਥਰ ਦੀ ਸਿਲ ਬਣ ਗਈ। ਉਸ ਸਿਲ ਦੇ ਬੋਝ ਨਾਲ ਮੇਰਾ ਹੱਥ ਕੰਬਿਆ। ਮੈਂ ਸਮੁੰਦਰ ਦੇ ਤੂਫਾਨ ਵਿਚ ਘਿਰ ਗਿਆ ਸਾਂ। ਮੇਰੇ ਕੋਲ ਬੇੜੀ ਨਹੀਂ ਸੀ ਚੱਪੂ ਦੇ ਨਾਂ 'ਤੇ ਮੇਰੇ ਹੱਥ ਕਿਸੇ ਅਜਨਬੀ ਸਿਪਾਹੀ ਲਈ ਲਿਖੀ ਪੰਦਰਾਂ ਵਰ੍ਹੇ ਦੀ ਬੇਹੀ ਇਬਾਰਤ ਸੀ। ਉਸ ਇਬਾਰਤ ਨੇ ਮੈਨੂੰ ਸੁੰਨ ਕਰ ਦਿੱਤਾ ਸੀ। ਕਰਨਲ ਰਣਜੀਤ ਨੇ ਪੋਟਿਆਂ ਨਾਲ ਅੱਖਾਂ ਮਲੀਆਂ ਤੇ ਫਿਰ ਵਿਸਕੀ ਦਾ ਪੂਰਾ ਗਲਾਸ ਇਕੋ ਡੀਕ ਵਿਚ ਖਾਲੀ ਕਰ ਦਿੱਤਾ। ਉਹ ਰੋਣਹਾਕਾ ਹੋਇਆ ਬੋਲਿਆ, ''ਕੀ ਖੱਟ ਲਿਆ ਹੈ ਮੈਂ? ਇਹ ਬੈਠਾ ਹਾਂ, ਸੁੰਨਸਾਨ ਘਰ ਵਿਚ ਨਿਤਾਂਤ ਇਕੱਲਾ...ਚਾਹੀਦਾ ਤਾਂ ਇਹ ਸੀ ਕਿ ਉਦੋਂ ਮੈਂ ਗੁਲਾਬ ਪੋਸਟ ਵਿਚ ਥਾਂ ਬਦਲਣ ਲਈ ਕਾਰਵਾਈ ਕਰਦਾ। ਕੁਝ ਮਾਵਾਂ ਦੇ ਪੁੱਤ ਜਿਉਂਦੇ ਰਹਿ ਜਾਂਦੇ। ਹੁਣ ਤੱਕ ਪਤਾ ਨਹੀਂ ਹੋਰ ਵੀ ਕਿੰਨੇ ਕੁ...।''

ਢਲਦੀ ਸ਼ਾਮ ਤੋਂ ਲੈ ਕੇ ਹਨ੍ਹੇਰੇ ਦੇ ਡੂੰਘਿਆਂ ਹੋਣ ਤੱਕ ਉਹਨੇ ਪੁਰਾਣੇ ਦਿਨਾਂ ਦੀ ਪਹਿਲੀ ਗੱਲ ਛੋਹੀ ਸੀ। ਮੈਂ ਹੈਰਾਨ ਸਾਂ, ਮੋਇਆਂ ਦੀ ਮੰਡੀ ਵਿਚ ਬਹਿ ਕੇ ਲਿਖਿਆ ਖ਼ਤ ਜਿਉਂਦਾ ਕਿਵੇਂ ਹੋ ਗਿਆ ਸੀ!

ਸ਼ਿਵ ਵਰਮਾ

**ਸੱਚੀ ਕਹਾਣੀ**

# ਉਸਨੇ ਕਿਹਾ ਸੀ



ਸ਼ਿਵ ਵਰਮਾ, ਸ਼ਹੀਦ ਭਗਤ ਸਿੰਘ, ਗਣੇਸ਼ ਸ਼ੰਕਰ ਵਿਦਿਆਰਥੀ ਅਤੇ ਚੰਦਰ ਸ਼ੇਖ਼ਰ ਆਦਿ ਇਨਕਲਾਬੀਆਂ ਦੇ ਸਾਥੀ ਰਹੇ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਉਹ ਸੰਪੂਰਨ ਆਜ਼ਾਦੀ ਲਈ ਲੋਕ-ਘੋਲਾਂ ਦੀ ਅਗਵਾਈ ਕਰਦੇ ਰਹੇ। ਆਜ਼ਾਦ ਮੁਲਕ ਵਿਚ ਵੀ ਉਨ੍ਹਾਂ ਨੇ ਕਈ ਵਾਰ ਜੇਲ੍ਹ ਯਾਤਰਾ ਕੀਤੀ, 'ਨਯਾ ਸਵੇਰਾ', 'ਨਯਾ ਪੱਥ' ਅਤੇ 'ਲੋਕ ਲਹਿਰ' ਅਖ਼ਬਾਰਾਂ ਦੇ ਉਹ ਸੰਪਾਦਕ ਰਹੇ। ਸ਼ਹੀਦ ਭਗਤ ਸਿੰਘ ਦੀਆਂ ਚੋਣਵੀਆਂ ਲਿਖਤਾਂ ਦਾ ਵੀ ਉਨ੍ਹਾਂ ਨੇ ਸੰਪਾਦਨ ਕੀਤਾ। 'ਮੌਤ ਦੀ ਉਡੀਕ' ਪੁਸਤਕ ਉਨ੍ਹਾਂ ਦੀਆਂ ਜੇਲ੍ਹ ਯਾਦਾਂ ਦੀ ਪਟਾਰੀ ਹੈ। ਇਸ ਵਾਰ ਤੋਂ 'ਨਵੀਂ ਦੁਨੀਆ' ਵਿਚ ਇਹ ਯਾਦਾਂ ਲੜੀਵਾਰ ਪ੍ਰਕਾਸ਼ਤ ਕੀਤੀਆਂ ਜਾ ਰਹੀਆਂ ਹਨ। **ਸੰਪਾਦਕ**

ਅੰਡੇਮਾਨ ਜੇਲ੍ਹ ਦੇ ਹਾਤਾ ਨੰਬਰ ਇਕ ਮੰਜ਼ਿਲ ਦੀਆਂ ਕੁਝ ਕੋਠੜੀਆਂ ਹਸਪਤਾਲ ਦੇ ਨਾਲ ਜੋੜ ਦਿੱਤੀਆਂ ਗਈਆਂ ਸਨ। ਇਨ੍ਹਾਂ ਕੋਠੜੀਆਂ ਨਾਲ ਜੁੜੀਆਂ ਕੁਝ ਕੋਠੜੀਆਂ ਫਾਂਸੀ ਦੇ ਕੈਦੀਆਂ ਲਈ ਸਨ। ਮੈਂ ਉਨ੍ਹੀਂ ਦਿਨੀਂ ਹਸਪਤਾਲ ਦੀ ਕੋਠੜੀ ਵਿਚ ਸੀ। ਇਕ ਦਿਨ ਦੁਪਹਿਰ ਵੇਲੇ ਫਾਂਸੀ ਦੀਆਂ ਕੋਠੜੀਆਂ ਵਲੋਂ ਕੁਝ ਹਲਚਲ ਕੰਨਾਂ ਵਿਚ ਪਈ। ਉਧਰੋਂ ਉੱਚੀ-ਉੱਚੀ ਆਵਾਜ਼ ਵਿਚ ''ਹਰੀ ਓਮ, ਭਗਵਾਨ ਤੇਰੀ ਜੈ ਹੋਵੇ'' ਦੀਆਂ ਅਵਾਜ਼ਾਂ ਆ ਰਹੀਆਂ ਸਨ। ਜੇਲ੍ਹ ਵਿਚ ਮਾਂ ਭੈਣ ਦੀਆਂ ਗਾਲ੍ਹਾਂ ਇਕ ਆਮ ਗੱਲ ਹੈ ਪਰ ਹਰੀ ਓਮ ਦੀ ਆਵਾਜ਼ ਹੈਰਾਨੀ ਵਾਲੀ ਗੱਲ ਸੀ। ਪੁੱਛਣ ਉੱਤੇ ਪਤਾ ਲੱਗਾ ਕਿ ਇਕ ਔਰਤ ਦੇ ਕਤਲ ਦੇ ਦੋਸ਼ ਵਿਚ ਮੌਤ ਦੀ ਸਜ਼ਾ ਲੈ ਕੇ ਕੋਈ ਸਾਧੂ ਮਹਾਤਮਾ ਆ ਗਏ ਹਨ। ਸਾਧੂ ਅਤੇ ਇਕ ਔਰਤ ਦੇ ਕਤਲ ਦੀ ਗੱਲ ਮੈਨੂੰ ਅਜੀਬ ਲੱਗੀ। ਦਿਲ ਦੀ ਉਤਸੁਕਤਾ ਖ਼ਤਮ ਕਰਨ ਲਈ ਮੈਂ ਫਾਂਸੀ ਵਾਲੀਆਂ ਕੋਠੜੀਆਂ ਵੱਲ ਚਲਾ ਗਿਆ। ਕੋਠੜੀ ਵਿਚ ਬੰਦ ਨਵੇਂ ਅਪਰਾਧੀ ਨੂੰ ਦੇਖ ਕੇ ਮੇਰੀ ਪਹਿਲੀ ਸੋਚ ਇਹ ਹੋਈ ਕਿ ਜ਼ਰੂਰ ਹੀ ਪੁਲਿਸ ਅਪਣੀ ਕਾਰਗੁਜ਼ਾਰੀ ਦਿਖਾਉਣ ਲਈ ਇਕ ਨਿਰਦੋਸ਼ ਵਿਅਕਤੀ ਨੂੰ ਮੌਤ ਦੇ ਹਵਾਲੇ ਕਰਨਾ ਚਾਹੁੰਦੀ ਹੈ। ਸਾਧੂ ਦਾ ਵਿਅਕਤੀਤਵ ਸੱਚਮੁੱਚ ਹੀ ਦੇਖਣਯੋਗ ਸੀ। ਲੰਬਾ ਚੌੜਾ ਕੱਦ, ਉਲਝੇ ਲੰਬੇ ਕਾਲੇ ਵਾਲ, ਡੌਲਿਆਂ ਵਾਲੀਆਂ ਬਾਹਾਂ, ਤਾਂਬੇ ਵਰਗਾ ਰੰਗ। ਉਹ ਅਪਣੀ ਕੋਠੜੀ ਵਿਚ ਬੇਫ਼ਿਕਰੀ ਨਾਲ ਇਸ ਤਰ੍ਹਾਂ ਟਹਿਲ ਰਿਹਾ ਸੀ ਜਿਵੇਂ ਪਿੰਜਰੇ ਵਿਚ ਬੰਦ ਸ਼ੇਰ ਟਹਿਲ ਰਿਹਾ ਹੋਵੇ। ਮੈਨੂੰ ਦੇਖਦਿਆਂ ਹੀ ਸਾਧੂ ਨੇ ਉੱਚੀ ਆਵਾਜ਼ ਵਿਚ ਕਿਹਾ- ''ਹਰੀ ਓਮ''

''ਕੀ ਕੀਤਾ ਤੁਸੀਂ ਮਹਾਤਮਾ ਜੀ'' ਮੈਂ ਪੁੱਛਿਆ।

''ਮੈਂ ਕੀ ਕੀਤਾ ਬੱਚਾ। ਇਸ ਸੰਸਾਰ ਵਿਚ ਜੋ ਕੁਝ ਹੁੰਦਾ ਹੈ ਸਭ ਉਸੀ ਦੇ ਇਸ਼ਾਰੇ ਨਾਲ ਹੁੰਦਾ ਹੈ।'' ਹੁਣ ਉਸਨੇ ਸੱਜੇ ਹੱਥ ਦੀ ਉਂਗਲ ਨਾਲ ਆਕਾਸ਼ ਵੱਲ ਇਸ਼ਾਰਾ ਕਰਦਿਆਂ ਕਿਹਾ, ''ਮੈਂ ਤਾਂ ਤੁੱਛ ਸੀ, ਉਸਨੇ ਕਿਹਾ ਕਿ ਔਰਤ ਨੂੰ ਮਾਰ ਦੇ, ਮੈਂ ਮਾਰ ਦਿੱਤਾ।''

ਇਸੇ ਦੌਰਾਨ ਜੇਲ੍ਹਰ ਵੀ ਮੇਰੇ ਪਿੱਛੇ ਆ ਕੇ ਖੜ੍ਹਾ ਹੋ ਗਿਆ ਸੀ। ਸਾਧੂ ਦਾ ਜਵਾਬ ਸੁਣ ਕੇ ਉਸ ਨੇ ਉਸੇ ਸੁਰ ਵਿਚ ਕਿਹਾ ''ਤੁਸੀਂ ਠੀਕ ਕਹਿੰਦੇ ਹੋ, ਬਾਬਾ ਜੀ, ਉਹ ਮੈਨੂੰ ਵੀ ਆਦੇਸ਼ ਦੇ ਰਿਹਾ ਹੈ ਕਿ ਇਸ ਬਨਾਉਟੀ ਮਹਾਤਮਾ ਲਈ ਇਕ ਮੋਟਾ ਰੱਸਾ ਤਿਆਰ ਰੱਖਾਂ।''

ਜੇਲ੍ਹਰ ਦੀ ਗੱਲ ਤੋਂ ਜ਼ਰਾ ਜਿੰਨਾ ਵੀ ਘਬਰਾਏ ਬਿਨਾਂ ਬਾਬੇ ਨੇ ਛਾਤੀ ਤਾਣ ਕੇ ਜੁਆਬ ਦਿੱਤਾ, ਇਹ ਤਾਂ ਹੋਣਾ ਹੀ ਚਾਹੀਦਾ ਹੈ, ਜੇਕਰ ਉਸਦਾ ਇਸ਼ਾਰਾ ਹੈ ਤਦ ਤਾਂ ਤੈਨੂੰ ਮੇਰੇ ਗਲ ਵਿਚ ਰੱਸਾ ਪਾਉਣਾ ਹੀ ਪਏਗਾ।'' ਫੇਰ ਕੁਝ ਰੁਕ ਕੇ ਬੋਲਿਆ, ''ਪਰ ਇਹ ਯਾਦ ਰੱਖਣਾ ਹੈ ਕਿ ਮੈਂ ਪੂਰੀ ਤਰ੍ਹਾਂ ਬੇਕਸੂਰ ਹਾਂ ਅਤੇ ਮੈਂ ਜੋ ਕੁਝ ਵੀ ਕੀਤਾ ਹੈ ਰੱਬ ਦੇ ਇਸ਼ਾਰੇ ਉੱਤੇ ਕੀਤਾ ਹੈ। ਇਸ ਲਈ ਮੇਰੇ ਕੰਮ ਲਈ ਉਤਰਦਾਈ ਵੀ ਉਹੀ ਹੋ ਸਕਦਾ ਹੈ। ਹੁਣ ਕਿਉਂਕਿ ਉਸਦੀ ਇੱਛਾ ਸਭ ਤੋਂ ਉੱਪਰ ਹੈ ਇਸ ਲਈ ਰੱਬ ਦੇ ਹੁਕਮਾਂ ਖ਼ਿਲਾਫ਼ ਨਿਆਂ ਦੇ ਨਾਂ ਉੱਤੇ ਮਨੁੱਖ ਨੂੰ ਕੋਈ ਦੂਜੀ ਵਿਵਸਥਾ ਦੇਣ ਦਾ ਅਧਿਕਾਰ ਨਹੀਂ ਹੈ।''

ਜੇਲ੍ਹਰ ਮੁਸਕਰਾ ਕੇ ਇਹ ਕਹਿ ਚਲਾ ਗਿਆ ਕਿ ਜੇਕਰ ਮੌਤ ਅੱਗੇ ਵੀ ਇਹੀ ਆਕੜ ਬਣੀ ਰਹੀ ਤਾਂ ਤੇਰਾ ਮੁਰੀਦ ਬਣ ਜਾਵਾਂਗਾ।

000

ਸੀਤਾਪੁਰ ਜ਼ਿਲ੍ਹੇ ਦੇ ਉੱਤਰ ਵਲ ਗੋਮਤੀ ਨਦੀ ਵਿਚ ਇਕ ਛੋਟਾ ਨਾਲਾ ਆ ਕੇ ਮਿਲਦਾ ਹੈ ਜਿਸ ਦੇ ਦੋਹੀਂ ਪਾਸੇ ਸੰਘਣਾਂ ਜੰਗਲ ਅਤੇ ਪਥਰੀਲੀ ਜ਼ਮੀਨ ਹੈ। ਉਸੇ ਜ਼ਮੀਨ ਵਿਚ ਨਾਲੇ ਦੇ ਕਿਨਾਰੇ ਇਕ ਉੱਚੇ ਟਿੱਲੇ ਉੱਤੇ ਬਾਬਾ ਰਾਘਵ ਦਾਸ ਦੀ ਮੜ੍ਹੀ ਸੀ। ਆਂਢ-ਗੁਆਂਢ ਦੇ ਇਲਾਕੇ ਵਿਚ ਬਾਬਾ ਜੀ ਦਾ ਬੜਾ ਨਾਂ ਸੀ ਅਤੇ ਦੂਰੋਂ-ਪਾਰੋਂ ਲੋਕ ਮੰਨਤਾਂ ਲੈ ਕੇ ਉਨ੍ਹਾਂ ਕੋਲ ਆਉਂਦੇ ਜਾਂਦੇ ਰਹਿੰਦੇ ਸਨ। ਕਿਸੇ ਦਾ ਮੁੰਡਾ ਬਿਮਾਰ ਹੈ ਜਾਂ ਕਿਸੇ ਦੀ ਬੁੱਢੀ ਮਾਂ ਨੂੰ ਅੱਖਾਂ ਚਾਹੀਦੀਆਂ ਹਨ। ਕਿਸੇ ਔਰਤ ਦਾ ਪਰਿਵਾਰਕ ਜੀਵਨ ਸੁਖਮਈ ਨਹੀਂ ਹੈ, ਉਹ ਬਾਬਾ ਜੀ ਤੋਂ ਜੰਤਰ ਲੈਣ ਆਉਂਦੀ, ਕਿਸੇ ਦਾ ਵਿਆਹ ਹੋਇਆਂ ਕਈ ਸਾਲ ਬੀਤ ਚੁੱਕੇ ਹਨ ਪਰ ਔਲਾਦ ਨਾ ਹੋਣ ਕਾਰਨ ਘਰ ਦੇ ਜੀਅ ਉਸ ਨੂੰ ਗਾਲ੍ਹਾਂ ਕੱਢਦੇ ਰਹਿੰਦੇ। ਉਹ ਬਾਬਾ ਜੀ ਤੋਂ ਔਲਾਦ ਲੈਣ ਜਾਂਦੀ ਅਤੇ ਹੋਰ ਪਤਾ ਨਹੀਂ ਕਿੰਨੇ ਲੋਕ ਅਪਣੀਆਂ ਮੰਨਤਾਂ ਪੂਰੀਆਂ ਕਰਵਾਉਣ ਲਈ ਆਉਂਦੇ ਅਤੇ ਕੋਈ ਭਭੂਤੀ ਲੈ ਕੇ ਅਤੇ ਕੋਈ ਤਵੀਤ ਲੈ ਕੇ ਅਤੇ ਕੋਈ ਸਿਰਫ਼ ਆਸ਼ੀਰਵਾਦ ਲੈ ਕੇ ਚਲਾ ਜਾਂਦਾ। ਸ਼ਰਧਾਲੂਆਂ ਵਿਚ ਮਰਦਾਂ ਨਾਲੋਂ ਔਰਤਾਂ ਦੀ ਗਿਣਤੀ ਵੱਧ ਸੀ।

ਰਾਘਵ ਦਾਸ ਦਿਨ ਵੇਲੇ ਭਭੂਤੀ, ਤਵੀਤ ਅਤੇ ਜੰਤਰ ਵੰਡਦੇ, ਰਾਤ ਦੇ ਪਹਿਲੇ ਪਹਿਰ ਡਾਕੂਆਂ ਨਾਲ ਬੈਠ ਕੇ ਉਨ੍ਹਾਂ ਲਈ ਮਹੂਰਤ ਕੱਢਦੇ ਅਤੇ ਆਪਣੇ ਲਈ ਕਮਿਸ਼ਨ ਤਹਿ ਕਰਦੇ ਅਤੇ ਫੇਰ ਉਂਗਲੀ ਉੱਤੇ ਸ਼ਰਾਬ ਛਿੜਕ ਕੇ ਮੰਤਰ ਪੜ੍ਹਨ ਦੇ ਨਾਲ ਆਸ਼ੀਰਵਾਦ ਦਿੰਦੇ ਹੋਏ ਉਨ੍ਹਾਂ ਦੀ ਸਫ਼ਲਤਾ ਲਈ ਦੁਆ ਕਰਦੇ। ਰਾਤ ਦੇ ਦੂਜੇ ਪਹਿਰ ਨਾਲੇ ਦੇ ਕੰਢੇ ਕਿਸੇ ਸੁੰਨਸਾਨ ਥਾਂ ਉੱਤੇ ਬੈਠ ਕੇ ਕਾਲੀ ਮਾਂ ਦੀ ਭਗਤੀ ਕਰਦੇ, ਸਿੱਧੀ ਜਮਾਉਂਦੇ। ਉਨ੍ਹਾਂ ਦੇ ਵਪਾਰ ਦਾ ਇਕੋ ਇਕ ਸਾਥੀ ਸੀ, ਉਨ੍ਹਾਂ ਦਾ ਭਰੋਸੇਮੰਦ ਚੇਲਾ ਰਾਮਦਾਸ।

ਰਾਮਦਾਸ ਨੌਜਵਾਨ ਸੀ। ਉਹ ਕਿੱਥੋਂ ਦਾ ਰਹਿਣ ਵਾਲਾ ਸੀ ਅਤੇ ਕਿੱਥੋਂ ਬਾਬਾ ਕੋਲ ਆਇਆ ਸੀ ਇਹ ਇਕ ਬੁਝਾਰਤ ਸੀ, ਜਿਸ ਦਾ ਰਾਜ਼ ਗੁਰੂ ਅਤੇ ਚੇਲੇ ਤੱਕ ਹੀ ਸੀਮਿਤ ਸੀ। ਮੜ੍ਹੀ ਵਿਚ ਰਾਮਦਾਸ ਦਾ ਕੰਮ ਸੀ ਹੁੱਕਾ ਭਰਨਾ, ਧੂਣੀ ਧੁਖਾਉਣਾ, ਬਾਬਾ ਜੀ ਦੇ ਪੈਰ ਘੁੱਟਣਾ, ਕਸਰਤ ਕਰਨਾ, ਖਾਣਾ, ਸੌਣਾ ਤੇ ਮਸਤੀ ਕਰਨਾ। ਰਾਤ ਵੇਲੇ ਬਾਬਾ ਜੀ ਦੇ ਸ਼ਿਕਾਰ ਨੂੰ ਉਚਿਤ ਥਾਂ ਤਕ ਪਹੁੰਚਾਉਣ ਦਾ ਕੰਮ ਅਤੇ ਕੰਮ ਖ਼ਤਮ ਹੋ ਜਾਣ ਤੋਂ ਬਾਅਦ ਉਸ ਨੂੰ ਡੂੰਘਾ ਦਫਨਾਉਣ ਦਾ ਕੰਮ ਵੀ ਰਾਮਦਾਸ ਨੂੰ ਹੀ ਕਰਨਾ ਪੈਂਦਾ ਸੀ। ਪਹਿਲੀ ਵਾਰ ਜਦੋਂ ਉਸਨੂੰ ਇਕ ਅੱਧਖੜ੍ਹ ਉਮਰ ਦੀ ਔਰਤ ਦੀ ਲਾਸ਼ ਦਬਾਉਣੀ ਪਈ ਤਾਂ ਕਈ ਦਿਨਾਂ ਤੱਕ ਉਹ ਸੌਂ ਨਹੀਂ ਸਕਿਆ ਜਿਵੇਂ ਅੰਦਰੋਂ-ਅੰਦਰੀਂ ਅਪਣੇ ਆਪ ਨੂੰ ਕੋਸ ਰਿਹਾ ਹੋਵੇ। ਉਸ ਔਰਤ ਦੀਆਂ ਵੱਡੀਆਂ-ਵੱਡੀਆਂ ਪਥਰਾਈਆਂ ਅੱਖਾਂ ਅਤੇ ਅੱਧਾ ਖੁੱਲ੍ਹਿਆ ਮੂੰਹ ਰਾਤ ਦੇ ਹਨ੍ਹੇਰੇ ਵਿਚ ਵੀ ਉਸਨੇ ਦੇਖ ਲਿਆ ਸੀ। ਮਰੀ ਹੋਈ ਔਰਤ ਦਾ ਮੂੰਹ ਕਈ ਦਿਨਾਂ ਤੱਕ ਉਸਦਾ ਪਿੱਛਾ ਕਰਦਾ ਰਿਹਾ ਸੀ। ਹੌਲੀ-ਹੌਲੀ ਉਹ ਉਸ ਕੰਮ ਦਾ ਆਦੀ ਹੋ ਗਿਆ, ਫੇਰ ਰਾਘਵ ਦਾਸ ਦੇ ਇਸ਼ਾਰੇ ਉੱਤੇ ਉਹ ਲਾਸ਼ਾਂ ਨੂੰ ਇਸ ਤਰ੍ਹਾਂ ਘੜੀਸਦਾ ਜਿਵੇਂ ਉਹ ਲਾਸ਼ਾਂ ਮਨੁੱਖ ਦੀਆਂ ਨਾ ਹੋ ਕੇ ਜਾਨਵਰਾਂ ਦੀਆਂ ਹੋਣ। ਇਹ ਜੋਖ਼ਮ ਭਰਿਆ ਕੰਮ ਹੀ ਉਹ ਕੜੀ ਸੀ ਜਿਸ ਨੇ ਰਾਮਦਾਸ ਨੂੰ ਰਾਘਵ ਦਾਸ ਨਾਲ ਜੋੜਿਆ ਹੋਇਆ ਸੀ।

ਉਸ ਦਿਨ ਜਦੋਂ ਇਕ ਔਰਤ ਅਪਣੇ ਬਿਮਾਰ ਪਤੀ ਲਈ ਸਿਹਤ ਦੀ ਦੁਆ ਲੈ ਕੇ ਆਈ ਅਤੇ ਬਾਬਾ ਰਾਘਵ ਦਾਸ ਨੇ ਉਸ ਨੂੰ ਵੀ ਰਾਤ ਦੇ ਦੂਜੇ ਪਹਿਰ ਤੇ ਅਖ਼ੀਰ ਵਿਚ ਸਿੱਧੀ ਜਮਾਉਣ ਵੇਲੇ ਮੌਜੂਦ ਰਹਿਣ ਲਈ ਕਿਹਾ ਤਾਂ ਰਾਮਦਾਸ ਨੂੰ ਪਤਾ ਨਹੀਂ ਕਿਉਂ ਅਜੀਬ ਲੱਗਾ। ਚੱਲਦੇ-ਚੱਲਦੇ ਰਾਘਵ ਦਾਸ ਨੇ ਉਸ ਔਰਤ ਨੂੰ ਕਿਹਾ ਕਿ ਸਿੱਧੀ ਲਈ ਜਾਣ ਦੀ ਖ਼ਬਰ ਕਿਸੇ ਨੂੰ ਵੀ ਨਹੀਂ ਹੋਣੀ ਚਾਹੀਦੀ ਵਰਨਾ ਬੇਕਾਰ ਹੋ ਜਾਵੇਗੀ ਅਤੇ ਉਸਦੇ ਪਤੀ ਉੱਤੇ ਉਲਟਾ ਅਸਰ ਵੀ ਪੈ ਸਕਦਾ ਹੈ। ਇਹ ਵੀ ਕਹਿ ਦਿੱਤਾ ਕਿ ਪਤੀ ਲਈ ਤੰਦਰੁਸਤੀ ਮੰਗਣ ਲਈ ਕਾਲੀ ਮਾਈ ਅੱਗੇ ਉਨ੍ਹਾਂ ਕੱਪੜਿਆਂ ਅਤੇ ਗਹਿਣਿਆਂ ਅੱਗੇ ਆਉਣਾ ਪਵੇਗਾ ਜੋ ਉਸਨੇ ਵਿਆਹ ਵੇਲੇ ਪਾਏ ਸੀ। ਇਹ ਆਦੇਸ਼ ਇਸ ਤੋਂ ਪਹਿਲਾਂ ਸਾਰੀਆਂ ਉਨ੍ਹਾਂ ਔਰਤਾਂ ਨੂੰ ਦਿੱਤੇ ਗਏ ਸਨ ਜੋ ਬਾਅਦ ਵਿਚ ਵਾਪਸ ਨਹੀਂ ਆਈਆਂ।

ਉਹ ਔਰਤ ਸਮੇਂ ਤੋਂ ਪਹਿਲਾਂ ਹੀ ਆ ਕੇ ਇਕ ਦਰੱਖਤ ਕੋਲ ਇਕੱਲੀ ਬੈਠ ਗਈ ਸੀ। ਵਿਆਹ ਦੇ ਜੋੜੇ ਵਿਚ ਗਹਿਣਿਆਂ ਨਾਲ ਸਜੀ ਔਰਤ ਦਾ ਰੂਪ ਹੋਰ ਵੀ ਨਿਖਰ ਆਇਆ ਸੀ। ਉਸ ਨੂੰ ਦੇਖ ਕੇ ਰਾਮਦਾਸ ਦਾ ਮਨ ਉਦਾਸ ਹੋ ਗਿਆ। ਦੇਵੀ ਦੀ ਮੂਰਤ ਵਰਗਾ ਇਹ ਸੁੰਦਰ ਰੂਪ। ਕੁਝ ਹੀ ਸਮੇਂ ਬਾਅਦ ਕੀ ਉਸਨੂੰ ਦਬਾਉਣਾ ਪਏਗਾ? ਉਸਨੇ ਅਪਣੇ ਆਲੇ-ਦੁਆਲੇ ਦੇਖਿਆ। ਜੰਗਲ ਦਾ ਹਰ ਦਰਖ਼ਤ, ਹਰ ਟਾਹਣੀ ਅਤੇ ਹਰੇਕ ਪੱਤਾ ਇਕ ਨਵਾਂ ਰੂਪ ਲੈ ਕੇ ਉਸ ਦੇ ਸਾਹਮਣੇ ਖੜ੍ਹਾ ਹੋ ਗਿਆ। ਜਿਵੇਂ ਹਰ ਚੀਜ਼ ਦੁਲਹਨ ਬਣ ਗਈ ਹੋਵੇ। ਰਾਮਦਾਸ ਨੂੰ ਲੱਗਾ ਜਿਵੇਂ ਉਸਦੇ ਹੱਥਾਂ ਨਾਲ ਦੱਬੀ ਗਈ ਹਰੇਕ ਔਰਤ ਹਰੇਕ ਦਰਖ਼ਤ ਪਿੱਛੇ ਖੜ੍ਹੀ ਉਸ ਨੂੰ ਦੇਖ ਰਹੀ ਹੈ। ਪੁੱਛ ਰਹੀ ਹੋਵੇ ਅਸੀਂ ਤੇਰਾ ਕੀ ਵਿਗਾੜਿਆ ਸੀ ਰਾਮਦਾਸ? ਤੂੰ ਤਾਂ ਸਾਡੀ ਸੁਰੱਖਿਆ ਕਰਨੀ ਸੀ ਫੇਰ ਤੂੰ ਉਸ ਹਤਿਆਰੇ ਦੇ ਕੋਲ ਵਿਕ ਕਿਵੇਂ ਗਿਆ।

ਰਾਮਦਾਸ ਨੇ ਦੋਹਾਂ ਹੱਥਾਂ ਨਾਲ ਅਪਣੀਆਂ ਅੱਖਾਂ ਬੰਦ ਕਰ ਲਈਆਂ। ਉਸ ਦਾ ਸਿਰ ਘੁੰਮਣ ਲੱਗਾ। ਉਹ ਖੜ੍ਹਾ ਨਾ ਹੋ ਸਕਿਆ। ਫਿਰ ਉਸ ਨੂੰ ਲੱਗਾ ਕਿ ਉਨ੍ਹਾਂ ਔਰਤਾਂ ਨੇ ਆ ਕੇ ਉਸ ਨੂੰ ਘੇਰਾ ਪਾ ਲਿਆ ਹੈ ਅਤੇ ਉਹ ਔਰਤਾਂ ਨਹੀਂ, ਔਰਤਾਂ ਦੇ ਪਿੰਜਰ ਹਨ। ਉਹ ਸਾਰੇ ਮਿਲਕੇ ਰਾਮਦਾਸ ਨੂੰ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਜਿਵੇਂ ਕਹਿ ਰਹੇ ਹੋਣ, ''ਦੇਖ ਰਾਮਦਾਸ ਤੂੰ ਸਾਡੀ ਕੀ ਹਾਲਤ ਕਰ ਦਿੱਤੀ। ਤੂੰ ਤਾਂ ਖ਼ੁਦ ਪਿਆਰ ਦਾ ਦੇਵਤਾ ਬਣ ਕੇ ਪਿਆਰ ਭਰਿਆ ਸੰਸਾਰ ਵਸਾ ਸਕਦਾ ਸੀ, ਫਿਰ ਤੂੰ ਇਹ ਉਜਾੜਨ ਦਾ ਰਸਤਾ ਕਿਉਂ ਅਖ਼ਤਿਆਰ ਕੀਤਾ?'' ਰਾਮਦਾਸ ਨੇ ਸਿਰ ਨੂੰ ਇਕ ਪਾਸੇ ਝਟਕਿਆ ਅਤੇ ਅੱਖਾਂ ਖੋਲ੍ਹ ਕੇ ਖੜ੍ਹਾ ਹੋ ਗਿਆ। ਨਾ ਕੋਈ ਪਿੰਜਰ ਨਾ ਕਈ ਔਰਤ। ਉਹ ਔਰਤ ਅਜੇ ਵੀ ਦਰਖ਼ਤ ਦੀ ਜੜ੍ਹ ਉੱਤੇ ਮੂਰਤ ਵਾਂਗ ਉਸੇ ਤਰ੍ਹਾਂ ਬੈਠੀ ਸੀ। ਅਗਲੇ ਹੁਕਮਾਂ ਦੀ ਉਡੀਕ ਵਿਚ।

ਰਾਘਵ ਦਾਸ ਨੇ ਰਾਮਦਾਸ ਨੂੰ ਬੁਲਾ ਕੇ ਉਸ ਦੇ ਕੰਨ ਵਿਚ ਕੁਝ ਕਿਹਾ ਅਤੇ ਅਪਣਾ ਸਾਮਾਨ, ਸ਼ਰਾਬ ਦੀ ਬੋਤਲ ਤੇ ਹੋਰ ਜ਼ਰੂਰੀ ਚੀਜ਼ਾਂ ਲੈ ਕੇ ਰੋਜ਼ ਵਾਂਗ ਕਾਲੀ ਮਾਂ ਦੀ ਭਗਤੀ ਲਈ ਸੰਘਣੇ ਜੰਗਲ ਵਿਚ ਨਾਲੇ ਦੇ ਕੰਢੇ ਕਿਸੇ ਸੁੰਨਸਾਨ ਥਾਂ ਉੱਤੇ ਚਲਾ ਗਿਆ। ਔਰਤ ਨੂੰ ਪੱਕੇ ਥਾਂ ਉੱਤੇ ਲਿਜਾਣ ਦਾ ਕੰਮ ਰਾਮਦਾਸ ਦਾ ਸੀ। ਰਾਮਦਾਸ ਕੁਝ ਦੇਰ ਤੱਕ ਦੁਚਿੱਤੀ ਦੀ ਸਥਿਤੀ ਵਿਚ ਰਿਹਾ, ਫੇਰ ਉਸ ਨੇ ਮਨ ਹੀ ਮਨ ਕੁਝ ਤੈਅ ਕਰ ਲਿਆ। ਉਸ ਨੇ ਔਰਤ ਦੇ ਨੇੜੇ ਜਾ ਕੇ ਉਸ ਨੂੰ ਸਾਰੀ ਸਥਿਤੀ ਦੱਸ ਦਿੱਤੀ ਕਿ ਰਾਘਵ ਦਾਸ ਦੀ ਨਜ਼ਰ ਉਸਦੇ ਰੂਪ ਅਤੇ ਗਹਿਣਿਆਂ ਉੱਤੇ ਹੈ। ਉਸ ਨੇ ਇਹ ਵੀ ਦੱਸ ਦਿੱਤਾ ਕਿ ਕੰਮ ਹੋ ਜਾਣ ਤੋਂ ਬਾਅਦ ਉਸ ਦਾ ਕਤਲ ਕਰ ਦਿੱਤਾ ਜਾਵੇਗਾ ਅਤੇ ਬੇਨਤੀ ਕੀਤੀ ਕਿ ਉਹ ਤੁਰੰਤ ਉਥੋਂ ਚਲੀ ਜਾਵੇ। ਉਧਰ ਜਦੋਂ ਉਹ ਮਿੱਥੇ ਸਮੇਂ ਉੱਤੇ ਔਰਤ ਨੂੰ ਲੈ ਕੇ ਨਾ ਪੁੱਜਾ ਤਾਂ ਰਾਘਵ ਦਾਸ ਖ਼ੁਦ ਉਸ ਨੂੰ ਲੈਣ ਲਈ ਮੜ੍ਹੀ ਵਿਚ ਵਾਪਸ ਆ ਗਿਆ। ਉਸਨੇ ਔਰਤ ਨੂੰ ਭੱਜਦੇ ਦੇਖ ਲਿਆ। ਉਸ ਵੇਲੇ ਸ਼ਰਾਬ ਦੇ ਨਸ਼ੇ ਵਿਚ ਉਸਦੀਆਂ ਅੱਖਾਂ ਲਾਲ ਹੋ ਰਹੀਆਂ ਸਨ। ਉਸ ਨੂੰ ਸਥਿਤੀ ਸਮਝਦਿਆਂ ਜ਼ਰਾ ਵੀ ਦੇਰ ਨਾ ਲੱਗੀ ਅਤੇ ਉਸਦਾ ਗੁੱਸਾ ਰਾਮਦਾਸ ਉੱਤੇ ਟੁੱਟ ਪਿਆ। ਰਾਮਦਾਸ ਚੌਕਸ ਸੀ। ਰਾਘਵ ਦਾਸ ਦਾ ਗੁੱਸਾ ਦੇਖ ਕੇ ਉਸ ਨੇ ਵੀ ਭੱਜਣ ਦੀ ਕੋਸ਼ਿਸ਼ ਕੀਤੀ। ਰਾਘਬ ਦਾਸ ਨੇ ਅਪਣਾ ਬਰਛਾ ਉਸ ਵੱਲ ਮਾਰਿਆ। ਰਾਮਦਾਸ ਦਾ ਖੱਬਾ ਹੱਥ ਜ਼ਖ਼ਮੀ ਹੋ ਗਿਆ। ਉਸ ਨੇ ਸੱਜੇ ਹੱਥ ਨਾਲ ਖੱਬਾ ਹੱਥ ਸੰਭਾਲਦਿਆਂ ਭੱਜ ਕੇ ਨਾਲ ਲੱਗਦੇ ਪਿੰਡ ਦੇ ਥਾਣੇ ਵਿਚ ਪਨਾਹ ਲਈ। ਥਾਣੇ ਵਿਚ ਉਸਨੇ ਸਾਰੀ ਕਹਾਣੀ ਦੱਸ ਦਿੱਤੀ ਅਤੇ ਜ਼ਿਆਦਾ ਖ਼ੂਨ ਵਹਿ ਜਾਣ ਕਾਰਨ ਬੇਹੋਸ਼ ਹੋ ਗਿਆ।

ਰਾਘਵ ਦਾਸ ਫੜਿਆ ਗਿਆ। ਕੇਸ ਚੱਲਿਆ, ਰਾਮਦਾਸ ਵਾਅਦਾ ਮੁਆਫ਼ ਸਰਕਾਰੀ ਗਵਾਹ ਬਣ ਗਿਆ। ਜ਼ਮੀਨ ਵਿਚੋਂ ਔਰਤਾਂ ਦੀਆਂ ਹੱਡੀਆਂ ਵੀ ਬਰਾਮਦ ਹੋ ਗਈਆਂ। ਪਰ ਰਾਮਦਾਸ ਤੋਂ ਇਲਾਵਾ ਹੋਰ ਕੋਈ ਅਜਿਹਾ ਗਵਾਹ ਨਹੀਂ ਸੀ ਜਿਸ ਨੇ ਰਾਘਵ ਦਾਸ ਨੂੰ ਔਰਤਾਂ ਦੀਆਂ ਹੱਤਿਆ ਕਰਦੇ ਹੋਏ ਦੇਖਿਆ ਹੋਵੇ, ਇਸ ਲਈ ਉਹ ਮੌਤ ਦੀ ਸਜ਼ਾ ਤੋਂ ਬਚ ਗਿਆ, ਉਸ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਕਾਲੇਪਾਣੀ ਭੇਜ ਦਿੱਤਾ ਗਿਆ।

ਉਨ੍ਹੀਂ ਦਿਨੀਂ ਅੰਡੇਮਾਨ ਜੇਲ੍ਹ ਜਾਣ ਵਾਲੇ ਕੈਦੀ ਆਮ ਤੌਰ 'ਤੇ ਦਸ ਜਾਂ ਗਿਆਰਾਂ ਸਾਲ ਬਾਅਦ ਤੋਂ ਆਜ਼ਾਦ ਕਰ ਦਿੰਦੇ ਸਨ। ਰਾਘਵ ਦਾਸ ਵੀ ਦਸ ਸਾਲ ਤੋਂ ਬਾਅਦ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ। ਜੇਲ੍ਹ ਤੋਂ ਰਿਹਾਅ ਹੋ ਕੇ ਉਹ ਅੰਡੇਮਾਨ ਵਿਚ ਹੀ ਵੱਸ ਗਿਆ। ਉਸਨੇ ਫੇਰ ਇਕ ਕੁਟੀਆ ਬਣਾਈ, ਫੇਰ ਸਾਧੂ ਦਾ ਭੇਸ ਧਾਰਨ ਕੀਤਾ, ਫੇਰ ਭਗਤਾਂ ਦੀ ਭੀੜ ਜਮ੍ਹਾਂ ਕੀਤੀ ਅਤੇ ਫੇਰ ਅਪਣਾ ਪੁਰਾਣਾ ਕਾਰੋਬਾਰ ਚਾਲੂ ਕਰ ਦਿੱਤਾ। ਤਦ ਰਾਮਕਲੀ ਨਾਂ ਦੀ ਇਕ ਵਿਆਹੀ-ਵਰ੍ਹੀ ਔਰਤ ਨਾਲ ਉਸਦਾ ਸੰਬੰਧ ਹੋ ਗਿਆ। ਸਮੇਂ ਦੇ ਨਾਲ-ਨਾਲ ਉਨ੍ਹਾਂ ਦੇ ਸੰਬੰਧ ਡੂੰਘੇ ਹੁੰਦੇ ਗਏ ਅਤੇ ਅਖ਼ੀਰ ਵਿਚ ਰਾਘਵ ਦਾਸ ਨੇ ਔਰਤ ਨੂੰ ਬੇਨਤੀ ਕੀਤੀ ਕਿ ਉਹ ਅਪਣੇ ਪਤੀ ਨੂੰ ਛੱਡ ਕੇ ਉਸਦੀ ਕੁਟੀਆ ਵਿਚ ਆ ਜਾਵੇ। ਰਾਮਕਲੀ ਇਸ ਲਈ ਤਿਆਰ ਨਹੀਂ ਸੀ। ਜਦ ਰਾਘਵ ਦਾਸ ਦੀਆਂ ਬਹੁਤ ਮਿੰਨਤਾਂ ਤੋਂ ਬਾਅਦ ਵੀ ਉਹ ਅਪਣੇ ਪਤੀ ਨੂੰ ਛੱਡਣ ਲਈ ਤਿਆਰ ਨਾ ਹੋਈ ਤਾਂ ਉਸ ਦੇ ਦਿਲ ਵਿਚ ਬਦਲੇ ਦੀ ਅੱਗ ਭੜਕ ਪਈ।

ਇਕ ਦਿਨ ਰਾਮਕਲੀ ਅਪਣੇ ਦੋ ਬੱਚਿਆਂ ਨਾਲ ਕਿਤੇ ਜਾ ਰਹੀ ਸੀ ਤਦ ਰਾਘਵ ਦਾਸ ਨੇ ਆ ਕੇ ਉਸ ਨੂੰ ਰੋਕਿਆ। ਇਸ ਤੋਂ ਪਹਿਲਾਂ ਕਿ ਰਾਮਕਲੀ ਕੁਝ ਸਮਝ ਸਕੇ ਸਾਧੂ ਦਾ ਬਰਛਾ ਉੱਪਰ ਉੱਠਿਆ ਅਤੇ ਉਸਦੀ ਗਰਦਨ ਕੱਟਦਾ ਹੋਇਆ ਪਾਰ ਹੋ ਗਿਆ। ਰਾਮਕਲੀ ਦੇ ਕਤਲ ਤੋਂ ਬਾਅਦ ਰਾਘਵ ਦਾਸ ਨੇ ਥਾਣੇ ਵਿਚ ਜਾ ਕੇ ਖ਼ੂਨ ਨਾਲ ਲਥਪਥ ਬਰਛਾ ਜਮ੍ਹਾਂ ਕੀਤਾ ਅਤੇ ਸਾਫ਼ ਸ਼ਬਦਾਂ ਵਿਚ ਰਾਮਕਲੀ ਦੇ ਕਤਲ ਦੀ ਜ਼ਿੰਮੇਵਾਰੀ ਮੰਨ ਲਈ। ਉਹ ਅਪਣੇ ਨਾਲ ਰਾਮਕਲੀ ਦੇ ਦੋਵੇਂ ਬੱਚਿਆਂ ਨੂੰ ਵੀ ਲੈ ਗਿਆ ਸੀ। ਪੁਲਿਸ ਨੂੰ ਉਸ ਨੇ ਕਿਹਾ ਕਿ ਜੇਕਰ ਉਸ ਦੀ ਗੱਲ ਉੱਤੇ ਯਕੀਨ ਨਾ ਹੋਵੇ ਤਾਂ ਉਹ ਉਨ੍ਹਾਂ ਦੋਹਾਂ ਬੱਚਿਆਂ ਤੋਂ ਪੁੱਛ ਸਕਦੇ ਹਨ।

ਅਦਾਲਤ ਅੱਗੇ ਵੀ ਉਸਨੇ ਅਪਣਾ ਜੁਰਮ ਮੰਨ ਲਿਆ। ਉਸਦਾ ਕਹਿਣਾ ਸੀ ਕਿ ਉਸ ਨੇ ਜੋ ਕੁਝ ਕੀਤਾ ਈਸ਼ਵਰ ਦੀ ਮਰਜ਼ੀ ਨਾਲ ਕੀਤਾ ਹੈ ਅਤੇ ਉਹ ਸਿਰਫ਼ ਆਗਿਆ ਮੰਨਣ ਵਾਲਾ ਸੀ। ਅਦਾਲਤ ਅੱਗੇ ਉਸਨੇ ਇਹੀ ਦਲੀਲ ਦਿੱਤੀ ਕਿ ਜੇ ਉਸ ਦੇ ਕੰਮ ਵਿਚ ਈਸ਼ਵਰ ਦੀ ਇੱਛਾ ਨਾ ਹੁੰਦੀ ਤਾਂ ਉਸਦਾ ਬਰਛਾ ਉੱਠ ਹੀ ਨਹੀਂ ਸੀ ਸਕਦਾ। ਬਾਅਦ ਵਿਚ ਅਦਾਲਤ ਨੇ ਉਸ ਦੀਆਂ ਸਾਰੀਆਂ ਦਲੀਲਾਂ ਨੂੰ ਠੁਕਰਾ ਕੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਅਤੇ ਮੌਤ ਦੀ ਉਡੀਕ ਕਰਨ ਲਈ ਜੇਲ੍ਹ ਭੇਜ ਦਿੱਤਾ।

ਰਾਘਵ ਦਾਸ ਜਿਸ ਆਕੜ ਨਾਲ ਅਦਾਲਤ ਤੋਂ ਜੇਲ੍ਹ ਵਾਪਸ ਆਇਆ ਸੀ ਉਹ ਆਕੜ ਹੌਲੀ-ਹੌਲੀ ਕਮਜ਼ੋਰ ਹੋਣ ਲੱਗੀ। ਜਿਵੇਂ-ਜਿਵੇਂ ਮੌਤ ਦਾ ਦਿਨ ਨਜ਼ਦੀਕ ਆਉਣ ਲੱਗਾ ਤਿਉਂ-ਤਿਉਂ ਰਾਘਵ ਦਾਸ ਦੀ 'ਓਮ ਤਤਸਤ' ਅਤੇ 'ਹਰੀ ਓਮ' ਦੇ ਉਚਾਰਨ ਦੀ ਸੁਰ ਹੌਲੀ ਹੁੰਦੀ ਗਈ ਅਤੇ ਕੁਝ ਹੀ ਦਿਨਾਂ ਵਿਚ ਇਕਦਮ ਬੰਦ ਹੋ ਗਈ। ਜਦੋਂ ਵੀ ਕੋਈ ਉਸਦੀ ਕੋਠੜੀ ਅੱਗੇ ਆਉਂਦਾ ਸੀ ਜਾਂ ਉਸ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦਾ ਤਾਂ ਉਹ ਸਿਰਫ਼ ਏਨਾ ਹੀ ਕਹਿੰਦਾ 'ਮੈਨੂੰ ਫਾਂਸੀ ਤੋਂ ਬਚਾਓ।' ਫੇਰ ਉਸਦਾ ਕੋਠੜੀ ਵਿਚ ਟਹਿਲਣਾ ਬੈਠਣਾ ਬੰਦ ਹੋ ਗਿਆ। ਉਹ ਕੋਠੜੀ ਦੇ ਇਕ ਕੋਨੇ ਵਿਚ ਪਏ-ਪਏ ਉਂਗਲੀਆਂ ਉੱਤੇ ਫਾਂਸੀ ਦੀ ਤਾਰੀਕ ਦਾ ਹਿਸਾਬ ਲਗਾਉਂਦਾ, ਰੋਂਦਾ, ਫੇਰ ਹੌਲੀ-ਹੌਲੀ ਜਿਹੀ ਕਹਿੰਦਾ ''ਮੈਨੂੰ ਫਾਂਸੀ ਨਾ ਦਿਓ।'' ਕੁਝ ਦਿਨਾਂ ਬਾਅਦ ਉਸਦਾ ਖਾਣਾ-ਪੀਣਾ ਵੀ ਬੰਦ ਹੋ ਗਿਆ, ਨੀਂਦ ਨੇ ਵੀ ਉਸਦਾ ਸਾਥ ਛੱਡ ਦਿੱਤਾ। ਹੁਣ ਫਾਂਸੀ ਦੀ ਕੋਠੜੀ ਦੇ ਇਕ ਕੋਨੇ ਵਿਚ ਸਿਰਫ਼ ਇਕ ਜ਼ਿੰਦਾ ਲਾਸ਼ ਪਈ ਰਹਿੰਦੀ ਸੀ ਅਤੇ ਉਹ ਅਪਣੀਆਂ ਧੱਸੀਆਂ ਦੋਵੇਂ ਅੱਖਾਂ ਗੱਡ ਕੇ ਹਸਰਤ ਭਰੀਆਂ ਨਜ਼ਰਾਂ ਨਾਲ ਆਲੇ-ਦੁਆਲੇ ਦੇਖਣ ਦੀ ਕੋਸ਼ਿਸ਼ ਕਰਦਾ ਅਤੇ ਫੇਰ ਰੋਣਾ ਸ਼ੁਰੂ ਕਰ ਦਿੰਦਾ। ਫੇਰ ਉਸਦੀ ਹਾਲਤ ਪਾਗਲਾਂ ਵਰਗੀ ਹੋ ਗਈ ਸੀ। ਉਸਨੂੰ ਅਪਣੇ ਆਲੇ-ਦੁਆਲੇ ਉਨ੍ਹਾਂ ਔਰਤਾਂ ਦੀਆਂ ਆਤਮਾਵਾਂ ਚੱਕਰ ਲਗਾਉਂਦੀਆਂ ਨਜ਼ਰ ਆਉਣ ਲੱਗੀਆਂ, ਜਿਨ੍ਹਾਂ ਦਾ ਉਸਨੇ ਕਤਲ ਕੀਤਾ ਸੀ।

ਅਖ਼ੀਰ ਫਾਂਸੀ ਦਾ ਦਿਨ ਆ ਗਿਆ, ਜੇਲ੍ਹ ਦੇ ਅਧਿਕਾਰੀ ਜਦੋਂ ਫਾਂਸੀ ਲਈ ਰਾਘਵ ਦਾਸ ਨੂੰ ਲੈਣ ਆਏ ਤਾਂ ਉਸ ਜ਼ਿੰਦਾ ਲਾਸ਼ ਵਿਚ ਸਿਰਫ਼ ਸਾਹ ਚੱਲ ਰਿਹਾ ਸੀ। ਦੋ ਸਿਪਾਹੀਆਂ ਨੇ ਉਸ ਨੂੰ ਚੁੱਕ ਕੇ ਫਾਂਸੀ ਤੇ ਤਖ਼ਤੇ ਤਕ ਪਹੁੰਚਾਇਆ ਅਤੇ ਉਸ ਨੂੰ ਫਾਂਸੀ ਦੇ ਦਿੱਤੀ ਗਈ।

**ਅਨੁਵਾਦ- ਕਮਲ ਦੁਸਾਂਝ**

*ਪਹਿਲੀ ਵਾਰ 1910 ਵਿਚ ਕੋਪਨਹੇਗਨ ਵਿਚ ਕੌਮਾਂਤਰੀ ਮਹਿਲਾ ਸੰਮੇਲਨ ਸ਼ੁਰੂ ਹੋਇਆ ਸੀ ਅਤੇ 8 ਮਾਰਚ ਨੂੰ ਕੌਮਾਂਤਰੀ ਮਹਿਲਾ ਦਿਵਸ ਤੈਅ ਕੀਤਾ ਗਿਆ ਸੀ। ਇਸ ਵਾਰ ਦਾ ਕੌਮਾਂਤਰੀ ਮਹਿਲਾ ਦਿਵਸ ਸਿਰਫ਼ ਇਸ ਕਾਰਨ ਖਾਸ ਨਹੀਂ ਰਿਹਾ ਕਿ ਇਹਨੇ ਸੌ ਸਾਲ ਪੂਰੇ ਕਰ ਲਏ ਹਨ, ਬਲਕਿ ਇਹ ਇਸ ਮਾਇਨੇ ਤੋਂ ਵੀ ਇਤਿਹਾਸਕ ਰਿਹਾ ਕਿ ਭਾਰਤ ਦੀ ਰਾਜ ਸਭਾ ਵਿਚ ਔਰਤਾਂ ਦੇ ਹਿੱਤ 'ਚ ਰਾਖਵਾਂਕਰਨ ਬਿੱਲ ਪਾਸ ਕਰ ਦਿੱਤਾ ਗਿਆ। ਸੰਸਦ ਹੀ ਨਹੀਂ ਸਾਰੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿਚ ਵੀ ਔਰਤਾਂ ਨੂੰ ਆਸ ਨਾਲੋਂ ਵੱਧ ਪ੍ਰਤੀਨਿੱਧਤਾ ਕਰਨ ਦਾ ਮੌਕਾ ਪ੍ਰਦਾਨ ਕਰਨ ਵਾਲਾ ਇਹ ਬਿੱਲ ਉਨ੍ਹਾਂ ਦੀ ਸੱਤਾ ਵਿਚ ਹਿੱਸੇਦਾਰੀ ਦੀ ਤਾਕਤ ਨੂੰ ਨਵੀਂ ਮਜ਼ਬੂਤੀ ਦੇਣ ਦੇ ਨਾਲ-ਨਾਲ ਸਮਾਜ ਵਿਚ ਉਨ੍ਹਾਂ ਦੇ ਪੱਧਰ ਤੇ ਸਨਮਾਨ ਦੀ ਸਥਿਤੀ ਨੂੰ ਨਵੀਂ ਮੰਜ਼ਿਲ ਉਪਰ ਲੈ ਜਾਣ ਵਿਚ ਮਦਦਗਾਰ ਸਿੱਧ ਹੋਵੇਗਾ।*

# ਕੀ ਤੁਸੀਂ ਤਿਆਰ ਹੋ ਸਿਆਸਤ ਦੀ ਨਵੀਂ ਪਾਰੀ ਲਈ?

ਸਨ 1992 ਵਿਚ ਜਦੋਂ ਤੋਂ ਦੇਸ਼ ਦੀਆਂ ਪੰਚਾਇਤਾਂ ਅਤੇ ਨਗਰ ਨਿਗਮਾਂ (ਜਾਂ ਨਗਰ ਪਾਲਿਕਾਵਾਂ) ਵਿਚ ਔਰਤਾਂ ਨੂੰ 33ਫ਼ੀਸਦੀ ਰਾਖਵਾਂਕਰਨ ਮਿਲਿਆ ਹੈ, ਉਨ੍ਹਾਂ ਦੀ ਸਮਾਜਕ ਸਥਿਤੀ ਬਦਲੀ ਹੈ। ਇਸ ਇਕ ਫੈਸਲੇ ਨਾਲ ਦੇਸ਼ ਦੀਆਂ ਦਸ ਲੱਖ ਔਰਤਾਂ ਸਿੱਧਾ ਸਿਆਸਤ ਵਿਚ ਆ ਗਈਆਂ ਹਨ। ਇਸ ਨਾਲ ਉਨ੍ਹਾਂ ਨੂੰ ਆਪਣੀ, ਬਾਕੀ ਔਰਤਾਂ ਅਤੇ ਕੁੜੀਆਂ ਦੀ ਸਿੱਖਿਆ ਅਤੇ ਸਿਹਤ ਦੀਆਂ ਨੀਤੀਆਂ ਜਾਣਨ ਦਾ ਮੌਕਾ ਮਿਲਿਆ ਹੈ। ਪਿੰਡ ਦੀ ਪੰਚਾਇਤ ਹੋਵੇ, ਕਸਬੇ ਦੀ ਨਗਰ ਪਾਲਿਕਾ ਜਾਂ ਫੇਰ ਵੱਡੇ ਸ਼ਹਿਰਾਂ ਦੇ ਨਗਰ ਨਿਗਮ, ਉਨ੍ਹਾਂ ਦਾ ਹਿੱਸਾ ਬਣ ਕੇ ਭਾਰਤ ਦੀਆਂ ਔਰਤਾਂ ਨੇ ਸਮਾਜ ਅਤੇ ਵਿਵਸਥਾ ਵਿਚ ਫੈਸਲਾਕੁੰਨ ਦਖ਼ਲ ਦਿੱਤਾ ਹੈ। ਅੰਕੜੇ ਦੱਸਦੇ ਹਨ ਕਿ ਉਨ੍ਹਾਂ ਦੇ ਸਥਾਨਕ ਸਿਆਸਤ ਵਿਚ ਆਉਣ ਤੋਂ ਬਾਅਦ 60 ਫੀਸਦੀ ਜਲ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ। ਭਾਵ ਉਨ੍ਹਾਂ ਨੂੰ ਪੂਰੀ ਤਰ੍ਹਾਂ ਪਤਾ ਹੈ ਕਿ ਬੁਨਿਆਦੀ ਮੁੱਦੇ ਕੀ ਹਨ। ਹਾਲਾਂਕਿ ਲੰਮੇ ਸਮੇਂ ਤੱਕ ਇਹ ਮੰਨਿਆ ਜਾਂਦਾ ਰਿਹਾ ਹੈ ਕਿ ਚੁਣੀ ਹੋਈ ਮਹਿਲਾ ਪ੍ਰਤੀਨਿੱਧ ਆਪਣੇ ਪਤੀ ਜਾਂ ਮਰਦ ਦੀ ਰਬੜ ਸਟੈਂਪ ਮਾਤਰ ਹੈ, ਪਰ ਹੌਲੀ ਹੌਲੀ ਇਹ ਹਾਲਤ ਵੀ ਬਦਲੀ। ਜਿਵੇਂ ਜਿਵੇਂ ਉਹ ਸਿੱਖਿਅਤ ਅਤੇ ਜਾਗਰੂਕ ਹੋ ਰਹੀਆਂ ਹਨ, ਉਹ ਆਪਣੀ ਭੂਮਿਕਾ ਖੁਦ ਹੋਰ ਸ਼ਿੱਦਤ ਨਾਲ ਨਿਭਾ ਰਹੀਆਂ ਹਨ। 18 ਸਾਲ ਵਿਚ ਉਨ੍ਹਾਂ ਨੇ ਆਪਣੀ ਸਿਆਸਤ ਨਾਲ ਸਮਾਜ ਦੀ ਸੋਚ ਬਦਲਣ ਵਿਚ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਜੇਕਰ ਸੰਸਦ ਅਤੇ ਵਿਧਾਨ ਸਭਾਵਾਂ ਵਿਚ ਵੀ ਔਰਤਾਂ ਲਈ 33 ਫੀਸਦੀ ਸੀਟਾਂ ਤੈਅ ਹੋ ਜਾਂਦੀਆਂ ਹਨ ਤਾਂ ਇਸ ਵਿਚ ਪੰਚਾਇਤਾਂ ਅਤੇ ਨਗਰ ਨਿਗਮਾਂ (ਜਾਂ ਨਗਰ ਪਾਲਿਕਾ) ਦੀਆਂ ਸਮਰਪਿਤ ਔਰਤਾਂ ਦਾ ਯੋਗਦਾਨ ਵੀ ਘੱਟ ਨਹੀਂ ਹੋਵੇਗਾ। ਚੱਲੋ ਦੇਖੀਏ ਪਿਛਲੀ ਸਦੀ ਤੋਂ ਹੁਣ ਤੱਕ ਭਾਰਤੀ ਔਰਤ ਵਿਚ ਆਏ ਬਦਲਾਅ-

### ਕਿਸ ਤਰ੍ਹਾਂ ਹੋਈ ਤਬਦੀਲੀ

ਵੀਹਵੀਂ ਸਦੀ ਦਾ ਆਰੰਭ-ਔਰਤਾਂ ਘਰੋਂ ਨਿਕਲਣ ਬਾਰੇ ਸੋਚ ਵੀ ਨਹੀਂ ਸਨ ਸਕਦੀਆਂ। ਘਰ ਅੰਦਰ ਵੀ ਘੁੰਡ। ਪੜ੍ਹਨ ਲਿਖਣ ਦੀ ਗੱਲ ਤਾਂ ਸੋਚੀ ਵੀ ਨਹੀਂ ਜਾ ਸਕਦੀ ਸੀ। ਜੀਵਨ ਮੁਸ਼ਕਲ ਸੀ। ਉਹ ਸਿਰਫ਼ ਆਗਿਆਕਾਰੀ ਸਨ। ਮਰਦ ਦੀ ਗੱਲ ਰੱਬ ਦਾ ਵਚਨ। ਤਰਕ ਕਰਨਾ ਘੋਰ ਪਾਪ ਸੀ।

### 1920 ਦੇ ਨੇੜੇ-ਤੇੜੇ ਦਾ ਸਮਾਂ

ਜਦੋਂ ਭਾਰਤ ਵਿਚ ਪਹਿਲਾਂ ਪਹਿਲ ਕੁੜੀਆਂ ਲਈ ਕੁਝ ਸਕੂਲ ਖੋਲ੍ਹੇ ਗਏ ਤਾਂ ਰੂੜੀਵਾਦੀ ਤਬਕੇ ਨੇ ਉਸਦਾ ਜ਼ਬਰਦਸਤ ਵਿਰੋਧ ਕੀਤਾ। ਕਿਸੇ ਦੀ ਹਿੰਮਤ ਨਹੀਂ ਸੀ ਕਿ ਉਹ ਸਮਾਜ ਨਾਲ ਲੜ ਕੇ ਆਪਣੀਆਂ ਧੀਆਂ ਨੂੰ ਸਕੂਲ ਭੇਜੇ। ਸਕੂਲ ਜਾਣ ਵਾਲੀਆਂ ਕੁੜੀਆਂ ਦੇ ਪਰਿਵਾਰਾਂ ਦਾ ਸਮਾਜਕ ਤੇ ਜਾਤੀ ਬਾਈਕਾਟ ਕੀਤਾ ਗਿਆ। ਪਰ ਜਾਗ੍ਰਤੀ ਚੇਤਨਾ ਦੀ ਸ਼ੁਰੂਆਤ ਤਾਂ ਹੋ ਹੀ ਚੁੱਕੀ ਸੀ। ਹਾਲਾਂਕਿ ਘਰਾਂ ਵਿਚ ਔਰਤ ਦਾ ਹਾਲ ਪਹਿਲਾਂ ਵਰਗਾ ਹੀ ਸੀ।

### 1940 ਦਾ ਸਮਾਂ

ਸਕੂਲ ਜਾਣ ਵਾਲੀਆਂ ਕੁੜੀਆਂ ਦੀ ਸੰਖਿਆ ਵਿਰੋਧ ਦੇ ਬਾਵਜੂਦ ਵੱਧ ਰਹੀ ਸੀ। ਇਨ੍ਹਾਂ ਦੀ ਗਿਣਤੀ ਵਿਚ ਵਾਧਾ ਹੋਣਾ ਸ਼ੁਰੂ ਹੋ ਗਿਆ। ਮਰਦਾਂ ਵਿਚ ਇਕ ਅਜਿਹਾ ਵਰਗ ਪੈਦਾ ਹੋ ਗਿਆ ਸੀ ਜੋ ਚਾਹੁੰਦੇ ਸਨ ਕਿ ਉਨ੍ਹਾਂ ਦੇ ਘਰਾਂ ਦੀਆਂ ਔਰਤਾਂ ਵੀ ਪੜ੍ਹਨ ਲਿਖਣ ਪਰ ਇਸ ਦੇ ਬਾਵਜੂਦ ਔਰਤਾਂ ਦੀ ਸਥਿਤੀ ਵਿਚ ਆਮ ਤੌਰ 'ਤੇ ਕੋਈ ਖਾਸ ਤਬਦੀਲੀ ਨਹੀਂ ਆਈ ਸੀ। ਉਨ੍ਹਾਂ ਨੇ ਆਪਣੀ ਜ਼ੁਬਾਨ ਬੰਦ ਰੱਖਣੀ ਸੀ ਅਤੇ ਮਰਦਾਂ ਦੀ ਹਰ ਆਗਿਆ ਮੰਨਣੀ ਸੀ। ਭਾਵੇਂ ਜਿਹੋ ਜਿਹਾ ਹੋਵੇ ਪਰ ਉਹੀ ਉਨ੍ਹਾਂ ਲਈ ਦੇਵਤਾ ਸੀ।

### ਆਜ਼ਾਦੀ ਤੋਂ ਬਾਅਦ

ਹਾਲਾਤ ਕੁਝ ਹੱਦ ਤੱਕ ਬਦਲੇ। ਪੜ੍ਹ-ਲਿਖ ਕੇ ਵੱਡੀਆਂ ਹੋ ਰਹੀਆਂ ਔਰਤਾਂ ਦੀ ਪੀੜ੍ਹੀ ਨੇ ਸਮਾਜ ਵਿਚ ਜਾਗਰੂਕਤਾ ਪੈਦਾ ਕਰਨੀ ਸ਼ੁਰੂ ਕੀਤੀ। ਕੁੜੀਆਂ ਦੀ ਪੜ੍ਹਾਈ ਨੂੰ ਸਮਾਜਕ ਸਵੀਕਾਰਤਾ ਮਿਲ ਚੁੱਕੀ ਸੀ। ਬਹੁਤ ਘੱਟ ਸੰਖਿਆ ਵਿਚ ਔਰਤਾਂ ਨੌਕਰੀ ਵੱਲ ਕਦਮ ਵਧਾ ਰਹੀਆਂ ਸਨ। ਵੱਡੇ ਪਰਿਵਾਰਾਂ ਦੀਆਂ ਔਰਤਾਂ ਸਿਆਸਤ ਵਿਚ ਦਾਖ਼ਲ ਹੋ ਚੁੱਕੀਆਂ ਸਨ।

### 1960 ਦਾ ਸਮਾਂ

ਪਰ ਪਰਿਵਾਰ ਦਾ ਮੁਖੀਆ ਹਾਲੇ ਵੀ ਮਰਦ ਸੀ। ਘਰ ਨੇ ਉਸੇ ਦੀ ਮਰਜ਼ੀ 'ਤੇ ਚੱਲਣਾ ਸੀ। ਔਰਤਾਂ ਦੀਆਂ ਹੱਦਾਂ ਹਾਲੇ ਵੀ ਤੈਅ ਸਨ। ਘੁੰਡ ਦੀ ਪ੍ਰਥਾ ਵੀ ਜਾਰੀ ਸੀ। ਪਰ ਉਨ੍ਹਾਂ ਨੂੰ ਲੱਗਣ ਲੱਗਾ ਸੀ ਕਿ ਉਹ ਵੀ ਇਨਸਾਨ ਹਨ ਅਤੇ ਪਰਿਵਾਰ ਵਿਚ ਉਨ੍ਹਾਂ ਦੀ ਵੀ ਅਹਿਮ ਥਾਂ ਹੋਣੀ ਚਾਹੀਦੀ ਹੈ।

### 1970 ਦਾ ਸਮਾਂ

ਔਰਤਾਂ ਕੁਝ ਜ਼ਿਆਦਾ ਨੌਕਰੀਆਂ ਵੱਲ ਕਦਮ ਵਧਾ ਰਹੀਆਂ ਸਨ। ਪਰ ਰੂੜੀਆਂ ਖ਼ਤਮ ਨਹੀਂ ਹੋਈਆਂ ਸਨ। ਉਨ੍ਹਾਂ ਦਾ ਹੱਸਣਾ-ਬੋਲਣਾ ਅਪਰਾਧ ਵਾਂਗ ਸੀ। ਆਪਣੇ ਫੈਸਲੇ ਲੈਣ ਦੀ ਛੋਟ ਤਾਂ ਉਨ੍ਹਾਂ ਨੂੰ ਨਹੀਂ ਸੀ ਪਰ ਉਹ ਏਨੀ ਹਿੰਮਤ ਜ਼ਰੂਰ ਜੁਟਾਉਣ ਲੱਗੀਆਂ ਸਨ।

### 1980 ਦਾ ਸਮਾਂ

ਮਹਿਲਾ ਅੰਦੋਲਨਾਂ ਦਾ ਅਸਰ ਬਹੁਤ ਪੁਖਤਾ ਤਰੀਕੇ ਨਾਲ ਹੁਣ ਕਿਤੇ ਜਾ ਕੇ ਪੈਣਾ ਸ਼ੁਰੂ ਹੋ ਗਿਆ ਸੀ। ਮਹਿਲਾ ਅਧਿਕਾਰਾਂ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ ਲਿਆ ਜਾਣ ਲੱਗਾ। ਮਹਿਲਾ ਸੰਗਠਨਾਂ ਦੀ ਗੱਲ ਸੁਣੀ ਜਾਣ ਲੱਗੀ। ਉਨ੍ਹਾਂ ਨੇ ਕੁਝ ਨਵੇਂ ਕੈਰੀਅਰ ਵੱਲ ਪੈਰ ਵਧਾਉਣੇ ਸ਼ੁਰੂ ਕੀਤੇ। ਉਹ ਆਰਥਕ ਨਿਰਭਰਤਾ ਨੂੰ ਗੰਭੀਰਤਾ ਨਾਲ ਲੈ ਰਹੀਆਂ ਸਨ। ਮਰਦਾਂ ਦਾ ਵੱਡਾ ਵਰਗ ਇਸ ਹਾਲਤ ਤੋਂ ਨਾਰਾਜ਼ ਵੀ ਸੀ ਅਤੇ ਜੈਲਸ ਵੀ। ਘਰ ਵਿਚ ਉਹ ਰੋਅਬ ਤਾਂ ਚਲਾਉਂਦਾ ਾਂਸੀ ਪਰ ਪਹਿਲੀ ਵਾਰ ਹੁਣ ਉਸ ਨੂੰ ਵਿਰੋਧ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਸੀ।

### 1990 ਦਾ ਸਮਾਂ

ਦੁਨੀਆ ਆਪਣੇ ਦਰਵਾਜ਼ੇ ਖੋਲ੍ਹ ਰਹੀ ਸੀ। ਬਦਲ ਰਹੀ ਸੀ। ਗਲੋਬਲਾਈਜੇਸ਼ਨ ਦਾ ਦੌਰ ਦਸਤਕ ਦੇ ਰਿਹਾ ਸੀ। ਇਕ ਨਵੇਂ ਤਰ੍ਹਾਂ ਦਾ ਆਤਮ-ਵਿਸ਼ਵਾਸ਼ ਔਰਤਾਂ ਵਿਚ ਦੇਖਿਆ ਜਾਣ ਲੱਗਾ। ਪਹਿਰਾਵੇ ਤੋਂ ਲੈ ਕੇ ਗੱਲਬਾਤ ਤੱਕ। ਉਸ ਨੂੰ ਖੁਦ 'ਤੇ ਭਰੋਸਾ ਸੀ। ਰਾਤੋ-ਰਾਤ ਜਿਵੇਂ ਇਕ ਕ੍ਰਾਂਤੀ ਹੋ ਚੁੱਕੀ ਸੀ। ਸ਼ਰਮਾਈ ਘਬਰਾਈ ਮਹਿਲਾ ਦੀ ਥਾਂ ਕਾਨਫੀਡੈਂਟ ਔਰਤਾਂ ਨੇ ਲੈ ਲਈ। ਸ਼ਹਿਰੀ ਔਰਤਾਂ ਬਦਲ ਚੁੱਕੀਆਂ ਸਨ ਪਰ ਛੋਟੇ ਸ਼ਹਿਰਾਂ ਅਤੇ ਪਿੰਡਾਂ ਵਿਚ ਭਾਵੇਂ ਉਹੀ ਹਾਲ ਹੈ। ਮਰਦ ਬਦਲ ਰਹੀਆਂ ਨਵੀਆਂ ਸਥਿਤੀਆਂ ਨਾਲ ਸਮਝੌਤਾ ਕਰ ਰਿਹਾ ਸੀ।

### 21ਵੀਂ ਸਦੀ ਦੀ ਸ਼ੁਰੂਆਤ

ਵੱਖ ਤਰ੍ਹਾਂ ਦੇ ਮਰਦ ਤੇ ਇਸਤਰੀ ਦਾ ਜਨਮ ਹੋਇਆ। ਬਰਾਬਰੀ ਨਾਲ ਵਿਵਹਾਰ ਕਰਨ ਵਾਲੇ ਜੋੜੇ ਬਣਨ ਲੱਗੇ। ਪਤੀ ਜ਼ਿਆਦਾ ਸੰਵੇਦਨਸ਼ੀਲ ਹੋਣ ਲੱਗਾ ਸੀ। ਨੌਕਰੀਪੇਸ਼ਾ ਬੀਵੀ ਨਾਲ ਉਸ ਦੇ ਰਿਸ਼ਤੇ ਬਦਲ ਰਹੇ ਸਨ। ਆਪਣੀ ਸਰਦਾਰੀ ਰੱਖਣ ਵਾਲਾ ਮਰਦ ਹੁਣ ਪਹਿਲਾਂ ਵਾਲੇ ਮਰਦ ਦਾ ਪਰਛਾਵਾਂ ਬਣ ਕੇ ਰਹਿ ਗਿਆ ਸੀ। ਉਹ ਬਦਲ ਚੁੱਕਾ ਸੀ...ਕੀ ਵਾਕਯ ਹੀ ਉਹ ਬਦਲ ਚੁੱਕਾ ਹੈ?

### ਮੌਜੂਦਾ ਬਿੱਲ ਬੇਸ਼ਕ ਬਹਿਸ

ਮੁਬਾਹਸੇ ਵਿਚੋਂ ਲੰਘ ਰਿਹਾ ਹੋਵੇ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮਾਜਕ ਪੱਧਰ 'ਤੇ ਔਰਤਾਂ ਨੇ ਕਈ ਮੁਕਾਮ ਹਾਸਲ ਕੀਤੇ ਹਨ।

# ਧੀਆਂ ਬਦਲ ਦੇਣਗੀਆਂ ਸਿਆਸਤ ਦਾ ਚਿਹਰਾ

**ਨਵੀਂ ਦਿੱਲੀ/ਤ੍ਰਿਭੁਵਨ**

ਕੇਂਦਰੀ ਮੰਤਰੀ ਮੰਡਲ ਨੇ ਜਿਸ ਮਹਿਲਾ ਰਾਖਵਾਂਕਰਨ ਬਿੱਲ ਨੂੰ ਹਰੀ ਝੰਡੀ ਦਿੱਤੀ ਹੈ, ਜੇਕਰ ਉਸ ਨੂੰ ਸੰਸਦ ਨੇ ਮਨਜ਼ੂਰੀ ਦੇ ਦਿੱਤੀ ਤਾਂ ਦੇਸ਼ ਦੀਆਂ ਧੀਆਂ ਸਿਆਸਤ ਦਾ ਚੇਹਰਾ ਬਦਲ ਦੇਣਗੀਆਂ। ਹਾਲੇ ਦੇਸ਼ ਦੀਆਂ ਸੰਸਦ ਅਤੇ ਵਿਧਾਨ ਸਭਾਵਾਂ ਦੀਆਂ 4896 ਸੀਟਾਂ 'ਤੇ ਔਰਤਾਂ ਲਗਭਗ 400 ਹੀ ਹਨ, ਪਰ ਜੇਕਰ ਇਹ ਕਾਨੂੰਨ ਬਣ ਜਾਂਦਾ ਹੈ ਤਾਂ 1632 ਔਰਤਾਂ ਨੂੰ ਸੱਤਾ ਦੇ ਕੇਂਦਰ ਵਿਚ ਆਪਣੀ ਮੌਜੂਦਗੀ ਦਿਖਾਉਣ ਦਾ ਮੌਕਾ ਮਿਲੇਗਾ। ਲੋਕ ਸਭਾ ਦੇ ਕੁੱਲ 543 ਮੈਂਬਰਾਂ ਵਿਚੋਂ ਹਾਲੇ ਔਰਤਾਂ ਸਿਰਫ਼ 59 ਹੀ ਹਨ, ਜੋ ਵੱਧ ਕੇ 181 ਹੋ ਜਾਣਗੀਆਂ। ਰਾਜ ਸਭਾ ਦੇ 233 ਮੈਂਬਰਾਂ ਵਿਚੋਂ ਔਰਤਾਂ ਅੱਜ ਸਿਰਫ਼ 21 ਹੀ ਹਨ। ਇਹ ਵੱਧ ਕੇ 77 ਹੋ ਜਾਣਗੀਆਂ। ਰਾਜਸਥਾਨ ਦੀ 200 ਮੈਂਬਰਾਂ ਵਾਲੀ ਵਿਧਾਨ ਸਭਾ ਵਿਚ ਹਾਲੇ 29 ਔਰਤਾਂ ਵਿਧਾਇਕ ਹਨ, ਜੋ 66 ਹੋ ਜਾਣਗੀਆਂ। ਧੀਆਂ ਦੇ ਹੱਥਾਂ ਵਿਚ ਸੱਤਾ ਸੂਤਰ ਆਉਣ ਤੋਂ ਬਾਅਦ ਭਾਰਤ ਦੁਨੀਆ ਦਾ ਪਹਿਲਾ ਅਜਿਹਾ ਦੇਸ਼ ਬਣ ਜਾਵੇਗਾ, ਜਿਥੇ ਸਿਆਸਤ ਵਿਚ ਸਭ ਤੋਂ ਵੱਧ ਔਰਤਾਂ ਸਭ ਤੋਂ ਵੱਡੀ ਤਾਕਤ ਬਣ ਕੇ ਉਭਰਨਗੀਆਂ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਨਵਾਂ ਕਾਨੂੰਨ ਬਣ ਜਾਣ ਤੋਂ ਬਾਦ ਭਾਰਤੀ ਸਿਆਸਤ ਦਾ ਰਸਾਇਣ ਵਿਗਿਆਨ ਇਸ ਤਰ੍ਹਾਂ ਬਦਲਣ ਲੱਗੇਗਾ ਕਿ ਪਹਿਲੇ ਹੀ ਦੌਰ ਵਿਚ 1100 ਤੋਂ ਵੱਧ ਮਰਦ ਸਿਆਸਤਦਾਨਾਂ ਦੀ ਸਦੀਆਂ ਪੁਰਾਣੀ ਵਿਰਾਸਤ 'ਤੇ ਵਿਰਾਮ ਲੱਗ ਜਾਵੇਗਾ। ਸਿਆਸੀ ਮਾਹਰ ਯੋਗੇਂਦਰ ਯਾਦਵ ਦਾ ਕਹਿਣਾ ਹੈ ਕਿ ਮਹਿਲਾ ਰਾਖਵੇਂਕਰਨ ਨਾਲ ਅਜਿਹਾ ਕੁਝ ਨਹੀਂ ਹੋਣ ਵਾਲਾ ਕਿ ਸੰਸਦ ਅਚਾਨਕ ਜ਼ਿਆਦਾ ਇਮਾਨਦਾਰ ਹੋ ਜਾਵੇਗੀ। ਕੁਝ ਵਕਫ਼ੇ ਤੋਂ ਬਾਅਦ ਔਰਤਾਂ ਦੇ ਮੁੱਦੇ ਜ਼ਰੂਰ ਉਭਰਨਗੇ, ਪਰ ਕੋਈ ਨਾਰੀਵਾਦੀ ਕ੍ਰਾਂਤੀ ਨਹੀਂ ਹੋਣ ਵਾਲੀ। ਏਨਾ ਜ਼ਰੂਰ ਹੋਵੇਗਾ ਕਿ ਸਮਾਜ ਵਿਚ ਔਰਤਾਂ ਦੀ ਅਗਵਾਈ ਕਾਫੀ ਹੱਦ ਤੱਕ ਸਵੀਕਾਰਯੋਗ ਹੋ ਜਾਵੇਗੀ। ਸਮਾਜ ਕੁਝ ਜ਼ਿਆਦਾ ਲੋਕਤੰਤਰੀ ਹੋ ਜਾਵੇਗਾ।

## ਕਿਸ ਰਾਜ 'ਤੇ ਕੀ ਅਸਰ?

| ਸੂਬਾ | ਵਿਧਾਨ ਸਭਾ ਸੀਟਾਂ | ਹਾਲੇ ਵਿਧਾਇਕ | ਰਾਖਵੇਂਕਰਨ ਤੋਂ ਬਾਅਦ ਸੀਟਾਂ |
|---|---|---|---|
| ਰਾਜਸਥਾਨ | 200 | 29 | 66 |
| ਮੱਧ ਪ੍ਰਦੇਸ਼ | 230 | 26 | 76 |
| ਹਰਿਆਣਾ | 90 | 09 | 30 |
| ਹਿਮਾਚਲ ਪ੍ਰਦੇਸ਼ | 68 | 05 | 23 |
| ਗੁਜਰਾਤ | 182 | 16 | 61 |
| ਪੰਜਾਬ | 117 | 08 | 39 |
| ਦਿੱਲੀ | 70 | 04 | 23 |
| ਛੱਤੀਸਗੜ੍ਹ | 90 | 10 | 30 |

| ਸੂਬਾ | ਲੋਕ ਸਭਾ ਸੀਟਾਂ | ਹੁਣ ਸੰਸਦ ਮੈਂਬਰ | ਰਾਖਵੇਂਕਰਨ ਤੋਂ ਬਾਅਦ ਸੀਟਾਂ |
|---|---|---|---|
| ਰਾਜਸਥਾਨ | 25 | 3 | 8 |
| ਮੱਧ ਪ੍ਰਦੇਸ਼ | 29 | 6 | 9 |
| ਹਰਿਆਣਾ | 10 | 2 | 3 |
| ਹਿਮਾਚਲ ਪ੍ਰਦੇਸ਼ | 4 | 0 | 1 |
| ਗੁਜਰਾਤ | 26 | 4 | 9 |
| ਪੰਜਾਬ | 14 | 4 | 5 |
| ਦਿੱਲੀ | 7 | 1 | 2 |
| ਛੱਤੀਸਗੜ੍ਹ | 11 | 2 | 4 |

## ਬਾਕੀ ਦੁਨੀਆ ਵਿਚ ਕੀ ਹੈ?

| ਦੇਸ਼ | ਮਹਿਲਾ ਜਨਪ੍ਰਤੀਨਿੱਧ | ਸੰਸਦ ਵਿਚ ਕੋਟਾ | ਸਿਆਸੀ ਪਾਰਟੀ ਵਿਚ ਕੋਟਾ |
|---|---|---|---|
| ਸਵੀਡਨ | 47 | ਨਹੀਂ | ਹਾਂ |
| ਅਰਜਟੀਨਾ | 40 | ਹਾਂ | ਹਾਂ |
| ਨਾਰਵੇ | 36 | ਨਹੀਂ | ਹਾਂ |
| ਕੈਨੇਡਾ | 24 | ਨਹੀਂ | ਹਾਂ |
| ਪਾਕਿਸਤਾਨ | 21 | ਹਾਂ | ਨਹੀਂ |
| ਬਰਤਾਨੀਆ | 20 | ਨਹੀਂ | ਹਾਂ |
| ਫਰਾਂਸ | 18 | ਨਹੀਂ | ਹਾਂ |
| ਅਮਰੀਕਾ | 17 | ਨਹੀਂ | ਨਹੀਂ |
| ਸ੍ਰੀਲੰਕਾ | 6 | ਨਹੀਂ | ਨਹੀਂ |

## ਆਸਕਰ ਦੀ ਸਲਾਮੀ

ਇਸ ਵਾਰ ਠੀਕ ਮਹਿਲਾ ਦਿਵਸ 'ਤੇ ਐਲਾਨੇ 82ਵੇਂ ਆਸਕਰ ਪੁਰਸਕਾਰਾਂ ਨੇ ਦੁਨੀਆ ਵਿਚ ਔਰਤਾਂ ਦੀ ਰਚਨਾਤਮਕ ਸ੍ਰੇਸ਼ਠਤਾ ਨੂੰ ਸੱਚੀ ਸਲਾਮੀ ਦਿੱਤੀ ਹੈ। ਪਹਿਲੀ ਵਾਰ ਇਕ ਮਹਿਲਾ ਨਿਰਦੇਸ਼ਕ ਕੈਥਰੀਨ ਬਿਗੇਲੋ ਨੇ ਆਪਣੀ ਫਿਲਮ 'ਦੀ ਹਰਟ ਲਾਕਰ' ਲਈ ਨਾ ਸਿਰਫ ਸਰਵੋਤਮ ਨਿਰਦੇਸ਼ਕ ਦਾ ਆਸਕਰ ਜਿੱਤਿਆ, ਬਲਕਿ ਇਹ ਪੁਰਸਕਾਰ ਉਨ੍ਹਾਂ ਨੇ ਇਰਾਕ ਯੁੱਧ ਦੀ ਭਿਅੰਕਰਤਾ ਅਤੇ ਉਸ ਦੇ ਸਿਆਸੀ ਸਵਾਲਾਂ 'ਤੇ ਫਿਲਮ ਬਣਾ ਕੇ ਜਿੱਤਿਆ , ਜੋ ਹੁਣ ਤਕ ਆਮ ਤੌਰ 'ਤੇ ਮਰਦਾਂ ਦਾ ਵਿਸ਼ਾ ਮੰਨਿਆ ਜਾਂਦਾ ਰਿਹਾ ਹੈ। ਏਨਾ ਹੀ ਦਿਲਚਸਪ ਇਹ ਹੈ ਕਿ ਪੁਰਸਕਾਰ ਉਨ੍ਹਾਂ ਨੇ ਸਫਲ ਅਤੇ ਚਰਚਿਤ ਫਿਲਮ 'ਅਵਤਾਰ' ਦੇ ਨਿਰਦੇਸ਼ਕ ਜੇਮਸ ਕੈਮਰੂਨ ਨੂੰ ਹਰਾ ਕੇ ਜਿੱਤਿਆ, ਜੋ ਦੋ ਸਾਲਾਂ ਤੱਕ ਉਨ੍ਹਾਂ ਦੇ ਪਤੀ ਰਹਿ ਚੁੱਕੇ ਹਨ।

## ਇਹ ਯੁੱਧ ਵਿਚਾਲੇ ਮਨੁੱਖਤਾ ਦੀ ਕਹਾਣੀ ਹੈ-ਕੈਥਰੀਨ ਬਿਗੇਲੋ

ਫਿਲਮ 'ਦੀ ਹਰਟ ਲਾਕਰ' ਦੀ ਕਹਾਣੀ ਦੇ ਲੇਖਕ ਇਰਾਕ ਤੋਂ ਪਰਤੇ ਅਤੇ ਉਨ੍ਹਾਂ ਨੇ ਮੈਨੂੰ ਉਥੋਂ ਦੇ ਬੰਬ ਦੀ ਤਕਨੀਕ ਜਾਣਣ ਅਤੇ ਉਸ ਉਪਰ ਕੰਮ ਕਰਨ ਵਾਲੇ ਲੋਕਾਂ ਬਾਰੇ ਦੱਸਿਆ। ਉਨ੍ਹਾਂ ਨੇ ਜੋ ਦੱਸਿਆ ਉਹ ਬਿਲਕੁਲ ਵੱਖਰੀ ਤਸਵੀਰ ਨਜ਼ਰ ਆਉਂਦੀ ਸੀ। ਯੁੱਧ ਬਾਰੇ ਲੋਕਾਂ ਦੀਆਂ ਜੋ ਵੀ ਭਾਵਨਾਵਾਂ ਸਨ, ਉਸ ਤੋਂ ਬਿਲਕੁਲ ਉਲਟ ਉਹ ਤਿੰਨ ਲੋਕ, ਜਿਨ੍ਹਾਂ ਉਪਰ ਇਹ ਫਿਲਮ ਬਣੀ ਹੈ, ਆਪਣਾ ਜੀਵਨ ਦਾਅ 'ਤੇ ਲਗਾ ਕੇ ਬੰਬ ਕੱਢ ਰਹੇ ਸਨ ਅਤੇ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਅਜਿਹੇ ਹੀਰੋ ਸਨ, ਜਿਨ੍ਹਾਂ ਨੂੰ ਕੋਈ ਨਹੀਂ ਜਾਣਦਾ ਸੀ।



ਮੈਂ ਆਪਣੀ ਫਿਲਮ ਲਈ ਕਿਸੇ ਵੱਡੇ ਸਟਾਰ ਨੂੰ ਨਹੀਂ ਚੁਣਿਆ ਕਿਉਂਕਿ ਸਟਾਰ ਨੂੰ ਲੈ ਕੇ ਲੋਕਾਂ ਦੀ ਹਮੇਸ਼ਾ ਇਕ ਖਾਸ ਕਿਸਮ ਦੀ ਪ੍ਰਤੀਕਿਰਿਆ ਹੁੰਦੀ ਹੈ। ਸਿਤਾਰਾ ਏਨਾ ਹਾਵੀ ਹੁੰਦੀ ਹੈ ਕਿ ਉਸ ਵਿਚ ਪਾਤਰ ਕਿਤੇ ਪਿੱਛੇ ਰਹਿ ਜਾਂਦਾ ਹੈ। ਇਸ ਲਈ ਅਸੀਂ ਫਿਲਮ ਦੇ ਪਾਤਰਾਂ ਲਈ ਆਮ ਲੋਕਾਂ ਨੂੰ ਚੁਣਿਆ।

ਫਿਲਮ ਦੀ ਸ਼ੂਟਿੰਗ ਲਈ ਅਸੀਂ ਜਾਰਡਨ ਨੂੰ ਚੁਣਿਆ ਕਿਉਂਕਿ ਜੇਕਰ ਅਸੀਂ ਇਰਾਕ ਵਿਚ ਫਿਲਮ ਬਣਾਉਂਦੇ ਤਾਂ ਕੀ ਪਤਾ, ਸਾਨੂੰ ਹੀ ਉਡਾ ਦਿੱਤਾ ਜਾਂਦਾ। ਖੈਰ ਇਹ ਤਾਂ ਇਕ ਮਜ਼ਾਕ ਵਾਲੀ ਗੱਲ ਹੈ, ਪਰ ਫੇਰ ਵੀ ਲੋਕੇਸ਼ਨ ਅਤੇ ਸਥਿਤੀਆਂ ਦੇ ਹਿਸਾਬ ਨਾਲ ਜਾਰਡਨ ਅਤੇ ਬਗਦਾਦ ਵਿਚ ਕਾਫੀ ਸਮਾਨਤਾਵਾਂ ਸਨ। ਡਾਰਡਨ ਨੂੰ ਕਾਫੀ ਹੱਦ ਤੱਕ ਯੁੱਧ ਕਾਰਨ ਤਬਾਹ ਹੋਏ ਬਗਦਾਦ ਵਾਂਗ ਦਿਖਾਇਆ ਜਾਂਦਾ ਹੈ। ਨਾਲ ਹੀ ਉਥੇ ਸਾਰੀਆਂ ਫੌਜੀ ਸਮੱਗਰੀਆਂ ਵੀ ਆਸਾਨੀ ਨਾਲ ਮਿਲ ਜਾਂਦੀਆਂ ਸਨ।

ਸਭ ਤੋਂ ਵੱਧ ਚੰਗੀ ਗੱਲ ਇਹ ਹੋਈ ਕਿ ਜਾਰਡਨ ਵਿਚ 1000 ਤੋਂ ਜ਼ਿਆਦਾ ਇਰਾਕੀ ਸ਼ਰਨਾਰਥੀ ਬਹੁਤ ਚੰਗੇ ਕਲਾਕਾਰ ਸਨ। ਫਿਲਮ ਵਿਚ ਜਿੰਨੇ ਵੀ ਲੋਕਾਂ ਨੇ ਹੋਰ ਭੂਮਿਕਾਵਾਂ ਨਿਭਾਈਆਂ, ਉਹ ਸਾਰੇ ਇਰਾਕੀ ਸ਼ਰਨਾਰਥੀ ਸਨ। ਉਨ੍ਹਾਂ ਵਿਚੋਂ ਦੋ ਲੋਕਾਂ ਨੇ ਮੈਨੂੰ ਦੱਸਿਆ ਕਿ ਇਰਾਕ ਵਿਚ ਉਹ ਅਮਰੀਕਾ ਦੇ ਬੰਦੀ ਸਨ। ਇਹ ਸਾਨੂੰ ਥੋੜ੍ਹਾ ਅਸਹਿਜ ਕਰਨ ਵਾਲੀ ਗੱਲ ਸੀ, ਪਰ ਉਨ੍ਹਾਂ ਨੇ ਕਿਹਾ ਕਿ ਇਸ ਫਿਲਮ ਵਿਚ ਕੰਮ ਕਰਕੇ ਉਹ ਬੇਹੱਦ ਖੁਸ਼ ਹਨ।

# ਨਜ਼ਰੀ ਨਾ ਆਂਵਦਾ ਬਾਬਲ ਤੇਰਾ ਦੇਸ ਵੇ

## ਲੋਕ-ਗੀਤਾਂ ਦੇ ਨਾਲ ਨਾਲ



ਡਾ. ਕਰਮਜੀਤ ਸਿੰਘ

ਦਿਨ ਵਾਰ ਤਾਂ ਯਾਦ ਨਹੀਂ ਪਰ ਇਹ ਯਾਦ ਹੈ ਕਿ ਘਰ ਵਿਚ ਕੋਈ ਸਮਾਗਮ ਸੀ। ਕਾਫੀ ਰਿਸ਼ਤੇਦਾਰ ਇਕੱਠੇ ਹੋਏ ਸੀ। ਸਾਰੇ ਅਪਣੇ-ਅਪਣੇ ਕੰਮੀ ਜੁਟੇ ਹੋਏ ਸਨ। ਉਨ੍ਹੀਂ ਦਿਨੀ ਮੇਰੇ ਸਿਰ 'ਤੇ ਲੋਕਗੀਤ ਇਕੱਠੇ ਕਰਨ ਦਾ ਭੂਤ ਬੁਰੀ ਤਰ੍ਹਾਂ ਸਵਾਰ ਸੀ। ਜੇ ਕਿਸੇ ਔਰਤ ਦੇ ਮੂੰਹੋਂ ਕੋਈ ਨਵਾਂ ਬੋਲ ਸੁਣਨਾ ਤਾਂ ਉਹ ਗੁਆ ਕੇ ਗੀਤ ਪੂਰਾ ਕਰਵਾ ਕੇ ਹੀ ਦਮ ਲੈਣਾ। ਪਰ ਇਕ ਗੀਤ ਅਜਿਹਾ ਸੀ ਜੋ ਕਿਸੇ ਤਰ੍ਹਾਂ ਪੂਰਾ ਨਹੀਂ ਸੀ ਹੋ ਰਿਹਾ। ਮੇਰੇ ਮਾਤਾ ਜੀ ਇਸ ਦੀਆਂ ਕੁਝ ਸਤਰਾਂ ਗੁਣਗੁਣਾਉਂਦੇ ਸਨ 'ਹੋਰਾਂ ਧੀਆਂ ਦਿੱਤੀਆਂ ਦੇਸ ਦੁਆਬੜੇ, ਮੈਂ ਕਿਉਂ ਦਿੱਤੀ ਵੇ ਚੰਦਰੇ ਪਹਾੜ ਵੇ।' ਇਕ ਅੱਧੀ ਹੋਰ ਪੰਕਤੀ ਵੀ ਗਾਉਂਦੇ ਤੇ ਭੁੱਲ ਜਾਂਦੇ। ਅੱਜ ਫਿਰ ਉਨ੍ਹਾਂ ਨੇ ਅਪਣੀ ਨਣਾਨ ਯਾਨੀ ਮੇਰੀ ਭੂਆ ਨੂੰ ਆਵਾਜ਼ ਦਿੱਤੀ, "ਰਤਨ ਕੁਰ, ਇੱਧਰ ਆਈਂ ਨੀ, ਉਹ ਗੀਤ ਕਿੱਦਾਂ। ਹੱਥ ਮੇਰੇ ਰਾਂਬੜੀ ਮੋਢੇ ਮੇਰੇ ਤਾਂਗੜੀ....ਨੀ ਤੇਰਾ ਤਾਂ ਗੀਤ ਆ। ਕਰ ਪੂਰਾ ਅੜੀਏ। ਛੜਾਅ ਮੇਰਾ ਖਹਿੜਾ। ਕਈ ਦਿਨਾਂ ਤੋਂ ਮੇਰੇ ਪਿੱਛੇ ਪਿਆ।"

ਭੂਆ ਔਖੀ-ਔਖੀ, ਨਾਂਹ-ਨੁੱਕਰ ਕਰਦੀ ਨੇੜੇ ਆ ਢੁੱਕੀ। ਮੈਨੂੰ ਅੱਜ ਤੱਕ ਯਾਦ ਹੈ। ਉਹ ਦ੍ਰਿਸ਼। ਕੋਠੇ ਚੜਦੀਆਂ ਪੌੜੀਆਂ ਵਿਚ ਭੂਆ ਬੈਠੀ ਸੀ ਤੇ ਮਾਤਾ ਜੀ। ਦੋਨੋਂ ਇਕੋਂ ਜਿੰਨੀ ਉਮਰ ਦੀਆਂ ਲੱਗਦੀਆਂ ਸਨ। ਚਿਹਰੇ ਤੇ ਝੁਰੜੀਆਂ। ਦੋਨਾਂ ਦਾ ਜ਼ਿੰਦਗੀ ਦਾ ਅਥਾਹ ਸੰਘਰਸ਼। ਪਿਤਾ ਜੀ ਬੱਤੀ ਸਾਲ ਫ਼ੌਜ ਵਿਚ ਰਹੇ। ਮਾਤਾ ਜੀ ਨੇ ਇਹ ਸਾਲ ਕੱਲੇ ਪਿੰਡ ਵਿਚ ਰਹਿ ਕੇ ਸਾਨੂੰ ਪੰਜਾਂ ਭੈਣ ਭਰਾਵਾਂ ਨੂੰ ਪਾਲਿਆ। ਕਿਵੇਂ? ਇਹ ਲੰਬੀ ਕਥਾ ਹੈ। ਕਈ ਵਾਰ ਉਹ ਦੁਖੀ ਹੁੰਦੇ ਕਹਿ ਵੀ ਦਿੰਦੇ, "ਮੈਂ ਤਾਂ ਸਾਰੀ ਉਮਰ ਰੰਡੀਆਂ ਵਾਂਗੂੰ ਕੱਟੀ। ਕੋਈ ਕੱਟ ਕੇ ਤਾਂ ਦੱਸੇ।" ਭੂਆ ਨੇ ਤਾਂ ਸੱਚ ਮੁੱਚ ਦਾ ਰੰਡੇਪਾ ਕੱਟਿਆ ਸੀ। ਸੰਤਾਲੀ ਦੀ ਵੰਡ ਤੋਂ ਪਹਿਲਾਂ ਹੀ ਉਸਦੇ ਪਤੀ ਦਾ ਕਤਲ ਹੋ ਗਿਆ ਸੀ। ਇਨ੍ਹਾਂ ਦੋਨਾਂ ਅਤੇ ਇਨ੍ਹਾਂ ਵਰਗੀਆਂ ਹਜ਼ਾਰਾਂ ਔਰਤਾਂ ਦਾ ਅਨੁਭਵ ਸੀ ਇਸ ਗੀਤ ਪਿੱਛੇ ਜੋ ਪਕੜ ਵਿਚ ਨਹੀਂ ਸੀ ਆ ਰਿਹਾ।

ਪੂਰਾ ਜ਼ੋਰ ਲਾ ਕੇ ਦੋਨਾਂ ਨੇ ਇਕ-ਇਕ ਪੰਕਤੀ ਨੂੰ ਜੋੜਨ ਦਾ ਯਤਨ ਕੀਤਾ। ਉਹ ਹੇਕ ਚੁੱਕਦੀਆਂ ਫਿਰ ਭੁੱਲ ਜਾਂਦੀਆਂ। ਸਾਹ ਚੜ੍ਹ ਜਾਂਦਾ। ਭੂਆ ਮੈਨੂੰ ਸੰਬੋਧਨ ਕਰਦੀ, 'ਕਰਮ ਸਿਆਂ ਛੱਡ ਪਰੇ, ਫਿਰ ਕਿਤੇ ਪੂਰਾ ਕਰ ਦਊਂ।" ਲਾਗਿਉਂ ਕੋਈ ਹੋਰ ਬੋਲਿਆ, "ਰਤਨ ਕੁਰੇ ਹੁਣ ਨਾ ਜਾਣ ਦਿੱਤਾ ਤੁਹਾਨੂੰ।" ਦੋਨੋਂ ਫਿਰ ਸਿਰ ਜੋੜ ਕੇ ਭਾਵਾਂ ਵਿਚ ਝੂਮਦੀਆਂ ਹੋਈਆਂ ਗੀਤਾਂ ਨੂੰ ਲੱਭ-ਲੱਭ ਜੋੜਨ ਲੱਗੀਆਂ। ਅਖੀਰ ਗੀਤ ਜੁੜ ਹੀ ਗਿਆ ਪੂਰੇ ਦਾ ਪੂਰਾ। ਉਨ੍ਹਾਂ ਹੇਕ ਚੁੱਕੀ ਮੈਂ ਰਿਕਾਰਡਿੰਗ ਸ਼ੁਰੂ ਕਰ ਦਿੱਤੀ। ਪਹਿਲੀਆਂ ਦੋ ਪੰਕਤੀਆਂ ਔਰਤ ਵਲੋਂ ਬਾਬਲ ਦੇ ਦੇਸ ਵਿਚ ਰਹਿੰਦਿਆਂ ਹੋਇਆਂ ਅਮੀਰੀ ਠਾਠ ਨੂੰ ਅੰਕਿਤ ਕਰਦੀਆਂ ਹਨ,- ਚਾਦਰ ਉਪਰ ਡੁੱਲਦੇ 'ਅਤਰ ਫੁਲੇਲ' ਤੋਂ ਘਰ ਦੀ ਆਰਥਿਕ ਸਥਿਤੀ ਦੀ ਵਡਿਆਈ ਵੀ ਜ਼ਾਹਿਰ ਹੋ ਰਹੀ ਹੈ। ਅਤਿਕਥਨੀ ਹੈ ਪਰ ਭਾਵ ਸਪੱਸ਼ਟ ਹਨ।

***ਚਿੱਟੀਏ ਚਾਦਰੇ ਨੀ ਮੱਛੀ ਕੰਢੇ ਸੀਤੀਏ,***
***ਤੇਰੇ 'ਤੇ ਕਿਨ ਡੋਲ੍ਹਿਆ ਨੀ, ਅਤਰ ਫੁਲੇਲ ਵੇ।***
***ਬਾਬਲ ਚਾਦਰ ਸੀਤੀਏ, ਨੀ ਮਾਈ ਚਾਦਰ ਸੀਤੀਏ,***
***ਬੀਰੇ ਨੇ ਡੋਲ੍ਹਿਆ ਨੀ ਅਤਰ ਫੁਲੇਲ ਵੇ।***

ਮਾਪਿਆਂ ਦੇ ਘਰ ਦੀ ਵਡਿਆਈ ਦੀ ਯਾਦ ਨਾਇਕਾ ਨੂੰ ਉਦਰੇਵੇਂ ਦੀਆਂ ਘਾਟੀਆਂ ਵਿਚ ਲੈ ਜਾਂਦੀ ਹੈ। ਗਾਇਕਾਵਾਂ ਮਾਤਾ ਜੀ ਤੇ ਭੂਆ ਦੋਨੋਂ, ਸਹੁਰੇ ਘਰ ਅਪਣੇ ਆਪ ਨੂੰ ਸੁਖੀ ਨਹੀਂ ਸਨ ਸਮਝਦੀਆਂ। ਇਸ ਲਈ ਉਹ ਪੇਕਿਆਂ ਨੂੰ ਯਾਦ ਕਰਕੇ ਡੂੰਘੀ ਉਦਾਸੀ ਦੇ ਸਮੁੰਦਰ ਵਿਚ ਉਤਰ ਜਾਂਦੀਆਂ ਹਨ।

***ਅੱਗੇ ਅੱਗੇ ਜਾਂਵਦੀ ਵੇ, ਪਿੱਛੇ ਮੁੜ ਦੇਖਦੀ,***
***ਨਜ਼ਰੀ ਨਾ ਆਂਵਦਾ ਵੇ, ਬਾਬਲ ਤੇਰਾ ਦੇਸ ਵੇ।***
***ਹੋਰ ਧੀਆਂ ਦਿੱਤੀਆਂ, ਦੇਸ ਦੁਆਬੜੇ,***
***ਮੈਂ ਕਿਉਂ ਦਿੱਤੜੀ ਵੇ, ਚੰਦਰੇ ਪਹਾੜ ਵੇ।***

ਮਾਤਾ ਜੀ ਦੇ ਪੇਕੇ ਯਾਨੀ ਮੇਰੇ ਨਾਨਕੇ ਮੁਕੇਰੀਆਂ ਹਨ। ਇਸ ਦੇ ਆਲੇ-ਦੁਆਲੇ ਦੇ ਇਲਾਕੇ ਨੂੰ 'ਭਾਦਾ' ਕਿਹਾ ਜਾਂਦਾ ਹੈ। ਸ਼ਾਇਦ ਚੌਲਾਂ ਭਾਤ ਦਾ ਇਲਾਕਾ ਹੋਣ ਕਾਰਨ। ਪਰ ਸਾਡਾ ਦਾਦਕਾ ਪਿੰਡ ਸੱਜਣਾ ਤਹਿਸੀਲ ਦਸੂਹਾ ਕੰਢੀ ਇਲਾਕੇ ਵਿਚ ਹੈ। ਅਸਲ ਵਿਚ ਇਸ ਇਲਾਕੇ ਦੀਆਂ ਤੰਗੀਆਂ ਨੂੰ ਹੀ ਸਮੇਟਿਆ ਜਾ ਰਿਹਾ ਹੈ ਇਸ ਗੀਤ ਵਿਚ। ਇਹ ਤੰਗੀਆਂ ਹੇਠਲੇ ਵਰਗ ਦੀਆਂ ਔਰਤਾਂ ਦੀਆਂ ਹਨ। ਇਸ ਇਲਾਕੇ ਦੇ ਬਹੁਤੇ ਮਰਦ ਫ਼ੌਜ ਵਿਚ ਹਨ। ਵਿਸ਼ੇਸ਼ ਤੌਰ 'ਤੇ ਹੇਠਲੇ ਵਰਗ ਦੇ ਮਰਦ। ਇਸੇ ਲਈ ਖਾਣ-ਪੀਣ ਦੀਆਂ ਤੰਗੀਆਂ ਔਰਤਾਂ ਦੇ ਹਿੱਸੇ ਹੀ ਆਉਂਦੀਆਂ ਹਨ। ਹੱਡ ਤੋੜਵੀ ਮਿਹਨਤ ਵੀ ਇਨ੍ਹਾਂ ਦੇ ਹਿੱਸੇ ਹੀ ਆਈ ਹੈ। ਗੀਤ ਰੁਦਨਮਈ ਸੁਰ ਵਿਚ ਦੋ ਭੈਣਾਂ ਦੀ ਵਿਆਹੁਤਾ ਜ਼ਿੰਦਗੀ ਦੀ ਤੁਲਨਾ ਕਰ ਰਿਹਾ ਸੀ। ਭਾਵੇਂ ਦੁਆਬੇ ਦੇ ਹੇਠਲੇ ਵਰਗ ਦੀ ਕੁੜੀ ਨੂੰ ਚੂਰੀਆਂ ਨਹੀਂ ਮਿਲਦੀਆਂ ਪਰੰਤੂ ਅਜਿਹੀ ਕਲਪਨਾ ਨਾਲ ਦੁਖਾਂਤਕ ਸਥਿਤੀ ਵਧੇਰੇ ਡੂੰਘੀ ਹੋ ਜਾਂਦੀ ਹੈ।

***ਹੋਰ ਧੀਆਂ ਖਾਂਦੀਆਂ ਵੇ, ਕੁੱਟ-ਕੁੱਟ ਚੂਰੀਆਂ,***
***ਮੈਂ ਕਿਉਂ ਖਾਂਵਦੀ ਵੇ, ਬਾਥੂਏ ਦਾ ਸਾਗ ਵੇ।***
***ਹੱਥ ਮੇਰੇ ਰਾਂਬੜੀ ਵੇ, ਮੋਢੇ ਮੇਰੇ ਤਾਂਗੜੀ,***
***ਘਾਉ ਖੁਤੇਂੜਦੀ ਵੇ, ਟਿੱਬਿਆਂ ਦੇ ਹੇਠ ਵੇ।***

ਮਿਹਨਤ ਦੇ ਕੰਮ ਕਰਦਿਆਂ, ਦੁੱਖ ਝਾਗਦਿਆਂ ਮਾਪਿਆਂ ਦੇ ਦੇਸ ਦਾ ਉਦਰੇਵਾਂ ਨਾਲੋ ਨਾਲ ਚੱਲਦਾ ਹੈ। ਮਾਪਿਆਂ ਤੋਂ ਦੂਰ ਬੈਠੀ ਔਰਤ ਘਰ ਦੇ ਖਲਜਗਣਾਂ ਵਿਚ ਉਲਝੀ ਮਾਪਿਆਂ ਦੇ ਦੇਸ ਨੂੰ ਯਾਦ ਕਰਦੀ ਜਾਂਦੀ ਹੈ। ਉਸ ਵੱਲ ਉੱਚੀਆਂ ਅੱਡੀਆਂ ਕਰ ਕਰ ਝਾਕਦੀ ਹੋਈ ਤੁਰਦੀ ਹੈ। ਮੇਰੇ ਮਾਤਾ ਜੀ ਦੀ ਮਾਂ ਭਾਵ ਮੇਰੀ ਨਾਨੀ ਦਾ ਦੇਹਾਂਤ ਮਾਤਾ ਜੀ ਦੀ ਛੋਟੀ ਉਮਰੇ ਹੀ ਹੋ ਗਿਆ ਸੀ। ਮਾਤਾ ਜੀ ਨੂੰ ਤਾਂ ਉਸਦੀ ਸ਼ਕਲ ਵੀ ਯਾਦ ਨਹੀਂ ਸੀ। ਸਾਡੀ ਦਾਦੀ ਵੀ ਬਹੁਤ ਦੇਰ ਹੋਏ ਗੁਜ਼ਰ ਚੁੱਕੀ ਸੀ। ਮਾਤਾ ਜੀ ਤੇ ਭੂਆ ਜੀ ਨੂੰ ਅਪਣੀਆਂ-ਅਪਣੀਆਂ ਮਾਵਾਂ ਯਾਦ ਆ ਗਈਆਂ। ਦੋਨਾਂ ਦੇ ਗੱਚ ਭਰ ਆਏ। ਇਕ ਵਾਰ ਤਾਂ ਉਹ ਰੁਕ ਗਈਆਂ। ਮਾਤਾ ਜੀ ਨੇ ਪੱਲੇ ਨਾਲ ਅੱਖਾਂ ਪੂੰਝਦਿਆ ਆਖਿਆ, "ਛੱਡ ਪਰੇ, ਏਨਾ ਈ ਆ ਇਹ ਗੀਤ।' ਭੂਆ ਨੇ ਵੀ ਉਨ੍ਹਾਂ ਦੀ ਹਾਮੀ ਭਰੀ, "ਚੱਲ ਛੱਡ ਹੁਣ।" ਪਰ ਭਾਵੁਕਤਾ ਦੇ ਬਾਵਜੂਦ ਮੇਰੇ ਲਈ ਅਜਿਹਾ ਕਰਨਾ ਸੰਭਵ ਨਹੀਂ ਸੀ। ਅਜੇ ਹੁਣੇ ਤਾਂ ਉਨ੍ਹਾਂ ਆਖਰੀ ਪੰਕਤੀਆਂ ਬੋਲੀਆਂ ਸਨ। ਵਿਚੋਂ ਕਿਸੇ ਨੇ ਕਿਹਾ, "ਨੀ ਰਤਨੋ ਮਾਤਾ ਜੀ ਦਾ ਨਾਂ ਵੀ ਰਤਨ ਕੌਰ ਹੀ ਸੀ। ਕੀ ਕਮਲ ਘੋਟਦੀਆਂ, ਸਾਰੀ ਉਮਰ ਰੋਂਦੀਆਂ ਹੀ ਰਹੀਆਂ, ਹੁਣ ਛੱਡੋਂ ਪਰੇ।" ਇਹ ਗੱਲ ਕਹਿਣ ਵਾਲੀ ਦਾ ਗੱਚ ਵੀ ਭਰਿਆ ਹੋਇਆ ਸੀ।

ਇਹ ਸੀ ਸਾਮੂਹਿਕ ਕਥਾਰਸਿਸ। ਇਕੋ ਗੀਤ ਦੇ ਮਾਧਿਅਮ ਰਾਹੀ ਹਜ਼ਾਰਾਂ ਔਰਤਾਂ ਅਪਣੀ-ਅਪਣੀ ਮਨੋਵੇਦਨਾ ਜੀਂਦੀਆਂ ਹਨ ਤੇ ਇਉਂ ਮਾਨਸਿਕ ਬੋਝ ਨੂੰ ਹਲਕਾ ਕਰਦੀਆਂ ਹਨ। ਥੋੜੀ ਦੇਰ ਇਧਰ ਉਧਰ ਦੀਆਂ ਮਾਰ ਕੇ ਸਾਰੀਆਂ ਸਹਿਜ ਹੋਈਆਂ ਤਾਂ ਗੀਤ ਮੁੜ ਸ਼ੁਰੂ ਹੋਇਆ। ਪਹਿਲਾਂ ਨਾਲੋਂ ਵੀ ਉਦਾਸ ਸੁਰ ਵਿਚ।

***ਨਜ਼ਰੀ ਨਾ ਆਂਵਦਾ ਵੇ, ਬਾਬਲ ਤੇਰਾ ਦੇਸ ਵੇ।***
***ਉਚੇ ਚੜ੍ਹ ਦੇਖਦੀ ਵੇ, ਨੀਵੇਂ ਬ੍ਹੈ ਕੇ ਰੋਂਵਦੀ,***
***ਨਜ਼ਰੀ ਨਾ ਆਂਵਦਾ ਵੇ, ਬਾਬਲ ਤੇਰਾ ਦੇਸ ਵੇ।***

ਇਸ ਗੀਤ ਦੀ ਲੈਅ ਤੋਂ ਮੈਨੂੰ ਇਹ ਵੀ ਸਮਝ ਆ ਰਿਹਾ ਸੀ ਕਿ ਲੋਕ ਗੀਤਾਂ ਦਾ ਵਿਸ਼ਾ ਤੇ ਭਾਵ ਇਨ੍ਹਾਂ ਦੇ ਸੰਗੀਤ ਪੱਖ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ। ਜਿਵੇਂ ਦਾ ਗਹਿਰ ਗੰਭੀਰ ਵਿਸ਼ਾ ਉਸੇ ਤਰ੍ਹਾਂ ਦੀ ਗੰਭੀਰ ਲੈਅ। ਇਸ ਲਈ ਲੋਕ ਗੀਤਾਂ ਦੀਆਂ ਤਰਜ਼ਾਂ ਨੂੰ ਸੰਭਾਲਣ ਦੀ ਲੋੜ ਹੈ। ਨਿਰੇ ਸ਼ਬਦ ਸਾਡੇ ਤੱਕ ਭਾਵਨਾਵਾਂ ਨੂੰ ਸਹੀ ਰੂਪ ਵਿਚ ਨਹੀਂ ਪਹੁੰਚਾ ਸਕਦੇ। ਸੰਗੀਤ ਵਾਲਿਆਂ ਨੂੰ ਇਸ ਪਾਸੇ ਵਧੇਰੇ ਧਿਆਨ ਦੇਣ ਦੀ ਲੋੜ ਹੈ। ਖੈਰ ਉਪਰਲੇ ਗੀਤ ਵਿਚ ਨਾ ਕੋਈ ਤਾਲ ਦਿੱਤਾ ਜਾ ਰਿਹਾ ਸੀ ਤੇ ਨਾ ਹੀ ਕੋਈ ਸ਼ਾਜ ਸੀ। ਭਾਵ ਤੇ ਜ਼ੋਰਦਾਰ ਲੈਅ ਇਕ ਅਨੁਸ਼ਾਸਨ ਵਿਚ ਬੱਝ ਕੇ ਅਪਣਾ ਜਾਦੂ ਧੂੜਦੇ ਸੀ। ਹੁਣ ਤੱਕ ਮਾਤਾ ਜੀ ਤੇ ਭੂਆ ਹੋਰਾਂ ਨਾਲ ਕੰਮ ਕਰਦੀਆਂ ਦੂਜੀਆਂ ਔਰਤਾਂ ਨੇ ਵੀ ਗੁਣ ਗੁਣਾਉਣਾ ਸ਼ੁਰੂ ਕਰ ਦਿੱਤਾ ਸੀ। ਗੀਤ ਅਪਣੇ ਸਿਖਰ ਨੂੰ ਜਾ ਰਿਹਾ ਸੀ।

ਗੀਤ ਦਾ ਆਰੰਭ ਹੋਇਆ ਸੀ ਬਾਬਲ ਦੇਸ ਦੀ ਅਮੀਰੀ ਨਾਲ। ਸਹੁਰੇ ਘਰ ਦੀਆਂ ਤੰਗੀਆਂ ਦੇ ਜ਼ਿਕਰ ਦੀ ਉਦਾਸੀ ਨੂੰ ਹੌਲੀ-ਹੌਲੀ ਸੰਘਣਾ ਕਰ ਦਿੱਤਾ। ਪੇਕਿਆਂ ਦੀ ਯਾਦ ਨੇ ਤੜਪ ਜਗਾ ਦਿੱਤੀ ਤੇ 'ਮਾਈ ਦੇ ਰਾਜ' ਨੂੰ ਮੁੜ ਸਿਮਰਤੀ ਵਿਚ ਲੈ ਆਂਦਾ।

***ਉਚੇ ਚੜ੍ਹ ਵੇਖਦੀ, ਵੇ ਨੀਵੇਂ ਬ੍ਹੈ ਕੇ ਰੋਂਵਦੀ,***
***ਨਜ਼ਰੀ ਨਾ ਆਂਵਦਾ ਨੀ, ਮਾਏ ਤੇਰਾ ਰਾਜ ਵੇ।***
***ਰੋਟੀਆਂ ਪਕਾਂਵਦੀ ਵੇ, ਹੱਥ ਜਲ ਜਾਂਵਦੇ,***
***ਹੁਣ ਚੇਤਾ ਆਂਵਦਾ ਨੀ, ਮਾਏ ਤੇਰਾ ਰਾਜ ਵੇ।***

ਗੀਤ ਖ਼ਤਮ ਹੁੰਦਿਆਂ ਹੀ ਮਾਤਾ ਜੀ ਤੇ ਭੂਆ ਹੋਰਾਂ ਨੇ ਲੰਮੇ ਹੌਂਕੇ ਭਰੇ। ਪੂਰਾ ਗੀਤ ਹੋ ਜਾਣ ਦੀ ਉਨ੍ਹਾਂ ਨੂੰ ਤਸੱਲੀ ਵੀ ਸੀ। ਇਸ ਤੋਂ ਬਾਅਦ ਉਹ ਦੂਸਰੀਆਂ ਔਰਤਾਂ ਨਾਲ ਪੁਰਾਣੀਆਂ ਯਾਦਾਂ ਵਿਚ ਗੁਆਚ ਗਈਆਂ। ਮੈਂ ਖੁਸ਼ ਸਾਂ ਮੈਂ ਮਾਅਰਕਾ ਮਾਰ ਲਿਆ ਸੀ। 'ਦੇਸ ਦੁਆਬਾ' ਪੁਸਤਕ ਦਾ ਸਭ ਤੋਂ ਪਹਿਲਾ ਗੀਤ ਇਹੋ ਹੈ। ਇਹ ਗੀਤ ਮੈਂ ਗੜ੍ਹਸ਼ੰਕਰ ਨੇੜੇ ਇਕ ਹੋਰ ਪਿੰਡ ਲਾਸੜਾ ਵਿਚ ਵੀ ਸੁਣਿਆਂ। ਉਸਦੇ ਬੋਲ ਥੋੜ੍ਹੇ ਵੱਖਰੇ ਸਨ ਪਰ ਭਾਵ ਤੇ ਲੈਅ ਤਕਰੀਬਨ ਇਹੋ ਸੀ। ਜਦ ਵੀ ਮੈਂ ਕਿਤੇ ਦੁਬਾਰਾ ਟੇਪ ਤੋਂ ਇਹ ਗੀਤ ਸੁਣਦਾ ਹਾਂ ਮੈਂ ਫਿਰ ਅਪਣਾ ਪੁਰਾਣਾ ਅਨੁਭਵ ਜਿਉਂਦਾ ਹਾਂ। ਮੈਂ ਜਦੋਂ ਵੀ ਉਦਾਸੀ ਦੇ ਮੂਡ ਵਿਚ ਬੈਠਾ ਹੋਵਾਂ ਤਾਂ ਇਹ ਗੀਤ ਬਦੋ ਬਦੀ ਮੇਰੀ ਜ਼ੁਬਾਨ 'ਤੇ ਆ ਬਹੁੜਦਾ ਹੈ।

***ਅੱਗੇ ਅੱਗੇ ਜਾਂਵਦੀ ਵੇ, ਪਿੱਛੇ ਮੁੜ ਦੇਖਦੀ,***
***ਨਜ਼ਰੀ ਨਾ ਆਂਵਦਾ ਵੇ, ਬਾਬਲ ਤੇਰਾ ਦੇਸ ਵੇ।***

(ਚਲਦਾ)

---

# ਚੇਤਨਤਾ ਦੀ ਮਹਿਕ- ਮੱਖਣ ਕੁਹਾੜ



## ਸੁਖ਼ਨ ਸਾਜ਼

ਸੁਲਖੱਣ ਸਰਹੱਦੀ



ਮੇਰੇ ਅਤੇ ਮੱਖਣ ਕੁਹਾੜ ਵਿਚ ਬਹੁਤ ਕੁਝ ਸਾਂਝਾ ਹੈ। ਏਥੋਂ ਤੱਕ ਕਿ ਸਾਡਾ ਨਾਮ ਵੀ ਮੇਲਵੇਂ ਕਾਫੀਏ ਵਿਚ ਹੈ ਤੇ ਅਸੀਂ ਹਮਸ਼ੀਰ ਹਾਂ। ਉਹ ਮੈਥੋਂ ਭਾਵੇਂ ਤਿੰਨ ਸਾਲ ਨਿੱਕਾ ਹੈ, ਪਰ ਅਸੀਂ ਸਕੂਲੇ ਇੱਕੋ ਦਿਨ ਦਾਖਲ ਹੋਏ। ਅਸਾਂ ਨਿੱਕੀ ਕਿਸਾਨੀ ਦਾ ਵੱਡਾ ਦੁੱਖ ਹੰਢਾਇਆ। ਦਸਵੀਂ ਤੱਕ ਸਾਡੇ ਦੋਹਾਂ ਕੋਲ ਇੱਕੋ ਇਕ ਹੀ ਕੁੜਤਾ ਤੇ ਪਜਾਮਾ ਹੁੰਦਾ ਸੀ। ਸਾਡਾ ਇਕ ਹੀ ਗ਼ਜ਼ਲ-ਉਸਤਾਦ ਜਨਾਬ ਦੀਪਕ ਜੈਤੋਈ ਹੈ। ਅਸੀਂ ਸਦਾ ਇੱਕ ਹੀ ਤਰਜ਼ ਦੀ ਲੋਕ-ਜਥੇਬੰਦੀ ਵਿਚ ਰਹੇ। ਮੱਖਣ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਦੋ ਵਾਰ ਸਕੱਤਰ ਰਿਹਾ। ਮੈਂ ਚੌਥੀ ਵਾਰ ਵੀ ਮੀਤ ਪ੍ਰਧਾਨ ਹਾਂ। ਪਰ ਮੈਂ ਉਸ ਜਿੰਨਾ ਪੜ੍ਹਿਆ ਨਹੀਂ। ਮੈਂ ਗ਼ਜ਼ਲਾਂ ਦੇ ਸੁਹਜ ਸ਼ਾਸਤਰ 'ਤੇ ਮਿਹਨਤ ਕਰਦਾ ਰਿਹਾ। ਪਰ ਉਸ ਨੇ ਗ਼ਜ਼ਲ ਸਿਰਜਣ ਦੇ ਨਾਲ-ਨਾਲ ਐਮ.ਏ. ਐਮ.ਐਡ. ਕੀਤੀ। ਅਸੀਂ ਦੋਵੇਂ ਸਰਕਾਰੀ ਸਕੂਲਾਂ ਵਿਚ ਅਧਿਆਪਕ ਰਹੇ। ਸਾਡਾ ਸੋਚਣ ਤੇ ਵਿਚਰਣ ਢੰਗ ਤਾਂ ਇਕ ਹੀ ਹੈ ਪਰ ਸਾਨੂੰ ਸੁਪਨੇ ਵੀ ਇਕੋ ਤਰ੍ਹਾਂ ਦੇ ਆਉਂਦੇ ਹਨ।

ਮੱਖਣ ਕੁਹਾੜ ਦੀ ਗ਼ਜ਼ਲ ਯਾਤਰਾ 35 ਸਾਲ ਲੰਮੇਰੀ ਹੈ। ਉਹ ਬਾ-ਬਹਿਰ ਸ਼ਾਇਰ ਹੈ। ਉਹ ਅਰੂਜ਼ ਤੋਂ ਪੂਰੀ ਤਰ੍ਹਾਂ ਵਾਕਿਫ਼ ਹੈ। ਉਹ ਜਦ ਸ਼ਿਅਰ ਕਹਿੰਦਾ ਹੈ ਤਾਂ ਉਸ ਦੇ ਸਾਹਮਣੇ ਆਲੋਚਕ ਨਹੀਂ ਹੁੰਦੇ ਸਗੋਂ ਉਸਦੇ ਹਜ਼ਾਰਾਂ ਸਾਥੀ, ਪਾਠਕ ਅਤੇ ਸਰੋਤੇ ਹੁੰਦੇ ਹਨ।

**ਪੇਸ਼ ਹਨ ਉਸ ਦੀਆਂ ਤਿੰਨ ਗ਼ਜ਼ਲਾਂ**

ਬੁਝ ਰਿਹਾ ਧੂੰਆਂ ਨਾ ਲਿਖ, ਤੂੰ ਮਘ ਰਿਹਾ ਅੰਗਿਆਰ ਲਿਖ।
ਮਰ ਰਿਹਾ ਇਤਬਾਰ ਨਾ ਲਿਖ, ਸੁਲਗਦਾ ਇਕਰਾਰ ਲਿਖ।

ਰਾਤ ਭਰ ਬਣਿਆ ਜੋ ਰਹਿੰਦੈ, ਚੋਰਾਂ ਦਾ ਸਰਦਾਰ ਲਿਖ।
ਕਿਸ ਤਰ੍ਹਾਂ ਉਹ ਦਿਨ ਨੂੰ ਬਣ ਜਾਂਦਾ ਹੈ ਪਹਿਰੇਦਾਰ ਲਿਖ।

ਤੇਲ ਦੀ ਚਿੰਤਾ ਨਾ ਕਰ ਆਪਾਂ ਹਾਂ ਜ਼ਿੰਮੇਵਾਰ ਲਿਖ।
ਦੀਪਕਾਂ ਤੋਂ ਰੋਸ਼ਨੀ ਦਾ ਲਿਖਣੈ ਤਾਂ ਇਕਰਾਰ ਲਿਖ।

ਰਸਤਿਆਂ ਤੋਂ ਪੁਲ਼ ਨੇ ਕਾਹਤੋਂ ਹੋ ਰਹੇ ਬੇਜ਼ਾਰ ਲਿਖ।
ਕਿਉਂ ਨੇ ਦੀਪਕ ਜਗਣ ਤੋਂ ਹੀ ਕਰ ਰਹੇ ਇਨਕਾਰ ਲਿਖ।

ਡੁੱਬ ਗਈਆਂ ਕਿਸ਼ਤੀਆਂ ਦਾ ਮਰਸੀਆ ਸੌ ਵਾਰ ਲਿਖ।
ਤੈਰ ਰਹੀਆਂ ਦਾ ਵੀ ਐਪਰ ਜਿੰਨਾ ਹੈ ਸਤਿਕਾਰ ਲਿਖ।

ਭਟਕਿਐ ਸੌ ਵਾਰ ਜਿਸ ਦੀ ਰਹਿਬਰੀ ਵਿੱਚ ਕਾਫ਼ਲਾ,
ਫੇਰ ਵੀ ਕਿਉਂ ਕਾਫ਼ਲੇ ਦਾ ਹੈ ਉਹੀ ਸਰਦਾਰ ਲਿਖ।

ਮੌਸਮੀ ਫੁੱਲਾਂ ਦਾ ਕਿਉਂ ਹੈ ਰੰਗ ਫਿੱਕਾ ਪੈ ਰਿਹਾ,
ਕਿਉਂ ਨਹੀਂ ਫੁਲਵਾੜੀਆਂ ਵਿੱਚ ਖਿੜ ਰਹੀ ਗੁਲਜ਼ਾਰ ਲਿਖ।

ਭਟਕਿਆ ਹੈ ਕਾਫ਼ਲਾ ਭਾਵੇਂ ਇਹ ਕਿੰਨੀ ਵਾਰ ਲਿਖ।
ਫਿਰ ਵੀ ਕਾਇਮ ਏਸਦਾ ਹੈ ਹੌਸਲਾ ਇਕਰਾਰ ਲਿਖ।

ਵਤਨ ਦੀ ਉਹ ਤੜਪ ਨੂੰ ਕਿੱਦਾਂ ਨੇ ਲੈਂਦੇ ਠਾਰ ਲਿਖ।
ਤੁਰ ਗਏ ਪਰਦੇਸ ਨੂੰ ਜੋ ਵੇਚ ਕੇ ਘਰ ਬਾਰ ਲਿਖ।

ਜੇ ਮੁਸੱਵਰ ਹੈਂ ਤਾਂ ਚਿੱਤਰ ਜ਼ਿੰਦਗੀ ਦੇ ਦਰਦ ਨੂੰ,
ਜੇ ਕਵੀ ਹੈਂ ਦਰਦ ਦੇ ਅਹਿਸਾਸ ਦਾ ਇਜ਼ਹਾਰ ਲਿਖ।

ਜੀਣ ਦਾ ਵੱਲ ਸਿਖ ਲਿਐ ਮੈਂ ਦਿਲ 'ਤੇ ਪੱਥਰ ਧਰ ਲਿਐ,
ਪਰ ਮੇਰੇ ਪਰਦੇਸੀਆ ਤੂੰ ਆਪਣਾ ਰੁਜ਼ਗਾਰ ਲਿਖ।

ਜੇ ਕਸੂਰ ਉਸਦਾ ਨਾ ਮੇਰਾ, ਤੇਰਾ ਹੈ ਨਾ ਹੋਰ ਦਾ,
ਕਿਉਂ ਹੈ ਸਾਡਾ ਆਪਸੀ ਫਿਰ ਵਧ ਰਿਹਾ ਤਕਰਾਰ ਲਿਖ।

ਮੁੱਠੀ ਭਰ ਆਟੇ ਤੋਂ ਕਿੱਦਾਂ ਵਿਕਦੀਆਂ ਨੇ ਕੁੱਲੀਆਂ,
ਅਜ਼ਮਤਾਂ ਲਈ ਦੌਲਤਾਂ ਦੇ ਲਗ ਰਹੇ ਅੰਬਾਰ ਲਿਖ।

ਕਾਟ ਕਿਉਂ ਕਰਦੀ ਨਹੀਂ ਕੋਈ ਮਸੀਹੇ ਦੀ ਦਵਾ
ਠੀਕ ਕਿਉਂ ਨਈਂ ਉਸ ਤੋਂ ਹੁੰਦਾ ਓਸਦਾ ਬੀਮਾਰ ਲਿਖ।

ਜਦ ਸੂਰਜ ਦਾ ਵੇਲਾ ਹੋਊ ਉੱਗਣ ਲਈ।
ਕੋਈ ਤਾਕਤ ਦੁਨੀਆਂ ਵਿੱਚ ਨਈਂ ਡੱਕਣ ਲਈ।

ਸੱਧਰ ਹੈ ਤਾਂ ਸਾਰੀ ਧਰਤ ਹੈ ਨੱਚਣ ਲਈ।
ਖੰਭ ਜੇ ਹੈਨ ਤਾਂ ਕੁੱਲ ਅਸਮਾਨ ਹੈ ਉੱਡਣ ਲਈ।

ਲਹਿਰ ਦਵੇਗੀ ਮੈਨੂੰ ਮੌਕਾ ਕੁੱਦਣ ਲਈ।
ਮੈਂ ਦੇਵਾਂਗਾ ਲਹਿਰ ਨੂੰ ਮੌਕਾ ਪਰਖਣ ਲਈ।

ਉਸ ਦੇ ਸਾਰੇ ਚਿਹਰੇ ਹੈਨ ਮਖੌਟਿਆਂ ਕੋਲ,
ਇੱਕ ਵੀ ਚਿਹਰਾ ਬਚਿਆ ਨਈਂ ਹੈ ਦਰਪਣ ਲਈ।

ਸਾਗਰ ਦੀ ਹਰ ਲਹਿਰ ਮੁਖ਼ਾਤਬ ਹੈ ਮੈਨੂੰ,
ਮੈਂ ਜਦ ਤੋਂ ਤੁਰਿਆ ਹਾਂ ਕਿਸ਼ਤੀ ਠੇਲ੍ਹਣ ਲਈ।

ਗੁੰਮਿਆ ਨਈਂ ਹੈ ਸੂਰਜ, ਇਹ ਧਰਵਾਸ ਰਹੇ,
ਬਹੁਤ ਹੈ ਧੁੱਪ ਦੀ ਇੱਕ ਹੀ ਕਾਤਰ ਮੌਲਣ ਲਈ।

ਐਧਰ ਤੱਕਲਾ ਵਿੰਗਾ ਹੋ-ਹੋ ਜਾਂਦਾ ਹੈ,
ਓਧਰ ਰੂੰ ਦਾ ਢੇਰ ਪਿਆ ਹੈ ਕੱਤਣ ਲਈ।

# ‘ਮੇਰੇ ਪ੍ਰਭੂ, ਮੇਰੇ ਦੇਸ਼ ਨੂੰ ਨੀਂਦ ਚੋਂ ਜਗਾ’

## ਧਾਰਮਕ ਕੱਟੜਤਾ ਤੇ ਕਲਾ ਵਿਚਕਾਰ ਪਿਸ ਰਿਹਾ ਹੈ ਮਕਬੂਲ

**ਦਲਬੀਰ ਸਾਂਗਿਆਣ (ਐਡਮਿੰਟਨ)**

ਪਿਕਾਸੋ ਸੰਸਾਰ ਦਾ ਮੰਨਿਆ ਹੋਇਆ ਹੋਇਆ ਪੇਂਟਰ ਹੈ ਤੇ ਮਕਬੂਲ ਫਿਦਾ ਹੁਸੈਨ ( ਐਮ ਐਫ ਹੁਸੈਨ ) ਨੂੰ ਭਾਰਤ ਦਾ ‘ਪਿਕਾਸੋ’ ਕਿਹਾ ਜਾਂਦਾ ਹੈ। ਐਮ ਐਫ ਹੁਸੈਨ ਦਾ ਜਨਮ 17 ਸਤੰਬਰ 1915 ਨੂੰ ਮਹਾਂਰਾਸ਼ਟਰ ਦੇ ਨਗਰ ਪੰਧਰਪੁਰ ਵਿਚ ਹੋਇਆ। ਐਮ ਐਫ ਹੁਸੈਨ ਸ਼ੁਰੂ ਤੋਂ ਹੀ ਭਾਰਤੀ ਸੰਸਕ੍ਰਿਤੀ ਤੇ ਭਾਰਤੀਅਤ ਦੇ ਮਦੁਈ ਰਹੇ ਹਨ। ਉਨ੍ਹਾਂ ਨੇ ਭਾਰਤੀ ਸੰਸਕ੍ਰਿਤੀ ਨੂੰ ਆਪਣੇ ਜ਼ਿਹਨ ਵਿਚ ਵਸਾ ਕੇ ਬਹੁੱਤ ਹੀ ਖੂਬਸੂਰਤ ਚਿੱਤਰ ਬਣਾਏ ਹਨ। ਉਨਾਂ ਦੇ ਬਣਾਏ ਚਿੱਤਰਾਂ ਦੀ ਪ੍ਰਦਰਸ਼ਨੀ ਦੇਸ਼ ਬਦੇਸ਼ਾਂ ਵਿਚ ਲਗਾਈਆਂ ਜਾਂਦੀਆਂ ਰਹੀਆਂ ਹਨ। ਜਦੋਂ ਵੀ ਉਨ੍ਹਾਂ ਦੇ ਬਣਾਏ ਚਿੱਤਰਾਂ ਦੀ ਪ੍ਰਦਰਸ਼ਨੀ ਭਾਰਤ ਵਿਚ ਲਗਾਈ ਗਈ ਤਾਂ ਸਿਵ ਸ਼ੈਨਾ ਦੇ ਸਮਰਥਕਾਂ ਜਾਂ ਕੱਟੜਪੰਥੀਆਂ ਵੱਲੋਂ ਵਿਰੋਧ ਦੀ ਸੁਰ ਤਿੱਖੀ ਹੁੰਦੀ ਗਈ। ਕਈ ਥਾਵਾਂ ’ਤੇ ਚਿੱਤਰ ਪ੍ਰਦਰਸ਼ਨੀਆਂ ਦੀ ਭੰਨ ਤੋੜ ਕੀਤੀ ਗਈ ਤੇ ਤੇ ਉਨ੍ਹਾਂ ਨੂੰ ਬੇਇੱਜ਼ਤ ਵੀ ਕੀਤਾ ਗਿਆ। ਇਹ ਸਾਰਾ ਕੁਝ ਸਹਿੰਦੇ ਹੋਏ ਐਮ ਐਫ ਹੁਸੈਨ ਫਿਰ ਵੀ ਭਾਰਤ ਵਿਚ ਰਹਿੰਦੇ ਰਹੇ ਤੇ ਆਪਣੀ ਕਲਾ ਦੀ ਵਕਾਲਤ ਕਰਦੇ ਰਹੇ। ਉਨ੍ਹਾਂ ’ਤੇ ਅਨੇਕਾਂ ਹੀ ਮੁਕੱਦਮੇ ਚਲਾਏ ਗਏ ਤੇ ਉਹ ਅਦਾਲਤਾਂ ਦੇ ਚੱਕਰ ਲਾਉਂਦੇ ਰਹੇ। ਉਨ੍ਹਾਂ ’ਤੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਕਈ ਚਿੱਤਰਾਂ ਵਿਚ ਦੁਰਗਾ ਤੇ ਭਾਰਤ ਮਾਤਾ ਨੂੰ ਪ੍ਰਵਾਨਿਤ ਨਕਸ਼ ਵਿਚ ਨਹੀਂ ਦਿਖਾਇਆ ਗਿਆ। ਇਸ ਕਾਰਣ ਹਿੰਦੂ ਵਰਗ ਦੇ ਲੋਕਾਂ ਨੂੰ ਠੇਸ ਪਹੁੰਚੀ ਹੈ। ਇਸ ਧਾਰਮਕ ਅਪਵਿੱਤਰਤਾ ਦੇ ਕਾਰਣ ਸ਼ਿਵ ਸੈਨਕ ਲਗਾਤਾਰ ਉਨਾਂ ਨੂੰ ਪਰੇਸ਼ਾਨ ਕਰਦੇ ਰਹੇ। ਐਮ ਐਫ ਹੁਸੈਨ ਇਸ ਵਿਰੋਧ ਤੋਂ ਪਿੱਛਾ ਛੁਟਾਉਂਦੇ ਹੋਏ ਭਾਰਤ ਤੋਂ ਨਿੱਜੀ ਤੌਰ ’ਤੇ ਜ਼ਲਾਵਤਨ ਹੋ ਗਏ ਤੇ ਦਬੁਈ ਵਿਚ ਰਹਿਣ ਲੱਗ ਪਏ। ਦੁਬਈ ਤੋਂ ਉਹ ਯੂਰਪ ਜਾਂਦੇ ਰਹੇ ਤੇ ਆਪਣੀ ਕਲਾ ਦੀ ਪ੍ਰਦਰਸ਼ਨੀ ਕਰਦੇ ਰਹੇ। ਕਾਫੀ ਸਮੇਂ ਤੋਂ ਬਾਅਦ ਅੱਜ ਕੱਲ ਫਿਰ ਐਮ ਐਫ ਹੁਸੈਨ ਮੀਡੀਆ ਦਾ ਵਿਸ਼ਾ ਬਣ ਗਏ ਹਨ ਕਿਉਂਕਿ ਹੁਣੇ ਹੀ ‘ਕਤਰ’ ਨਾਂ ਦੇ ਮਿਡਲ ਈਸਟ ਦੇ ਮੁਲਕ ਨੇ ਉਨਾਂ ਨੂੰ ਨਾਗਰਿਕਤਾ ਦੀ ਪੇਸਕਸ਼ ਕੀਤੀ ਹੈ।

ਸਵਾਲ ਉਠਦਾ ਹੈ ਕਿ ਉਹ ਕਿਹੜੇ ਕਾਰਣ ਸਨ ਜਿਨ੍ਹਾਂ ਕਰਕੇ ਐਮ ਐਫ ਹੁਸੈਨ ਨੂੰ ਭਾਰਤ ਮਾਤਾ ਨੂੰ ਤਿਆਗਣਾ ਪਿਆ। ਸ਼ਿਵ ਸ਼ੈਨਾ ਦੇ ਵਿਰੋਧ ਦੇ ਕੀ ਕਾਰਣ ਹਨ। ਕੀ ਇਹ ਕਾਰਣ ਬੁਨਆਦੀ ਤੌਰ ਤੇ ਰਾਜਨੀਤਕ ਹਨ ਜਾਂ ਧਾਰਮਿਕ ਜਾਂ ਫਿਰ ਸਿਰਫ਼ ਸ਼ੋਸ਼ਾ ਕਰਨ ਦੀ ਸਾਜ਼ਿਸ਼? ਕੀ ਐਮ ਐਫ ਹੁਸੈਨ ਦੇ ਚਿੱਤਰਾਂ ਨੇ ਧਾਰਮਿਕ ਪਵਿੱਤਰਤਾ ਜਾਣ ਬੁੱਝ ਕੇ ਠੇਸ ਪਹੁੰਚਾਈ ਹੈ? ਕੀ ਚਿੱਤਰਾਂ ਵਿਚ ਧਾਰਮਿਕ ਅਪਿਵਤਰਤਾ ਹੈ ਵੀ? ਕੀ ਕਲਾ ਵਿਚ ਸਿਰਜੇ ਮਿਥਿਹਾਸਿਕ ਚਿੰਨ ਧਾਰਮਿਕਤਾ ਤੋਂ ਬਹੁੱਤ ਦੂਰ ਹਨ? ਕੀ ਕਲਾ ਦੀ ਆਪਣੀ ਸੰਪੂਰਣਤਾ ਪ੍ਰਭੂਸਤਾ ‘ਤੇ ਨਿਰਭਰ ਕਰਦੀ ਹੈ? ਇਹ ਕਿੰਨੇ ਹੀ ਸਵਾਲ ਹਨ ਜਿਨਾਂ ਬਾਰੇ ਸੋਚਣਾ ਬਣਦਾ ਹੈ।

ਭਾਰਤ ਦੀ ਬੋਧਿਕਤਾ ਦਾ ਖਜ਼ਾਨਾ ਉਹਦੀ ਸੰਸਕ੍ਰਿਤੀ ਹੈ। ਪ੍ਰਾਚੀਨ ਸਮੇਂ ਤੋਂ ਭਾਰਤੀ ਦਰਸ਼ਨ ਆਪਣੇ ਮਿੱਥਾਂ, ਤਿੱਥਾਂ ਤੇ ਇਤਹਾਸ ਦੁਆਲੇ ਘੁੰਮਦਾ ਹੈ। ਇਨ੍ਹਾਂ ਇਤਿਹਾਸਿਕ ਤੇ ਮਿਥਹਾਸਿਕ ਗੁੱਝਚਾਰਾਂ ਵਿਚੋਂ ਕਲਾ ਆਪਣੇ ਆਪ ਜਨਮ ਲੈਂਦੀ ਹੈ। ਭਾਰਤੀ ਦਰਸ਼ਨ ਵਿਚੋਂ ਹੀ ਕਾਮਸੂਤਰ ਦਾ ਸ਼ਾਸਤਰ ਬਹਾਰ ਆਇਆ ਹੈ ਤੇ ਭਾਰਤ ਵਿਚ ਅਹਿਜੇ ਕਈ ਮੰਦਰ ਹਨ ਜਿਨ੍ਹਾਂ ਵਿਚ ਨਗਨ ਜਾਂ ਅਰਧ ਨਗਨ ਚਿੱਤਰ ਹਨ। ਭਾਰਤੀ ਕਲਾ ਵਿਚ ਦੇਵੀ ਦੇਵਤਿਆਂ ਦੇ ਚਿੱਤਰ ਮਿੱਥਹਾਸਿਕ ਹਨ। ਮਨੁੱਖ ਦੀ ਕਲਪਨਾ ਸ਼ਕਤੀ ਹੀ ਚਿੱਤਰਾਂ ਦਾ ਵਿਗਿਆਪਨ ਕਰਦੀ ਹੈ। ਇਸੇ ਕਰਕੇ ਸ਼ਿਵਜੀ, ਪਾਰਵਤੀ, ਗਣੇਸ਼ ਜਾਂ ਹੋਰ ਦੇਵੀ ਦੇਵਤਿਆਂ ਦੇ ਚਿੱਤਰ ਦਿਮਾਗੀ ਕਲਪਨਾ ਹੈ। ਇਹ ਚਿੱਤਰ ਹੌਲੀ ਹੌਲੀ ਪ੍ਰਵਾਨਿਤ ਹੋ ਗਏ ਤੇ ਅਖੀਰ ਧਾਰਮਿਕਤਾ ਦੇ ਘੇਰੇ ਵਿਚ ਆ ਗਏ। ਬਹੁਤੇ ਧਾਰਮਿਕ ਪ੍ਰਵਿਰਤੀ ਵਾਲੇ ਲੋਕ ਇਨਾਂ ਚਿੱਤਰਾਂ ਨੂੰ ਹੂ–ਬ–ਹੂ ਆਪਣਾ ਵਿਸ਼ਵਾਸ ਸਮਝਦੇ ਹਨ। ਪੁਰਾਣੇ ਚਿੱਤਰਾਂ ਦੇ ਮੁਕਾਬਲੇ ਕੋਈ ਵੀ ਕਲਾਤਮਕ ਦਿਸ਼ਾ ਚਿੱਤਰਾਂ ਵਿਚ ਨਵੀਨਗੀ ਪੇਸ਼ ਕਰਦੀ ਹੈ ਜਿਹੜੀ ਕਿ ਕੱਟੜਤਾ ਨੂੰ ਹਜ਼ਮ ਨਹੀਂ ਹੁੰਦੀ, ਕਿਉਂਕਿ ਕੱਟੜਤਾ ਵਿਚ ਨਵੀਨਤਾ ਦੀ ਕੋਈ ਗੁੰਜ਼ਾਇਸ ਨਹੀਂ ਹੈ। ਐਮ ਐਫ ਹੁਸੈਨ ਇਕ ਪ੍ਰਵਾਨਿਤ ਸੰਸਾਰ ਪ੍ਰਸਿੱਧ ਪੇਂਟਰ ਹੈ ਉਸਦੀ ਸਿਮ੍ਰਤੀ ਵਿਚ ਸਿਰਫ ਕਲਾ ਹੈ ਨਾ ਕਿ ਪਵਿੱਤਰਤਾ ਜਾਂ ਅਪਵਿੱਤਰਤਾ । ਪਵਿੱਤਰ ਜਾਂ ਅਪਵਿੱਤਰ ਵਾਲੀ ਸਮਝ ਆਮ ਮਨੁੱਖ ਦੇ ਦਿਮਾਗ ਦੀ ਬੌਧਿਕ ਕਮਜ਼ੋਰੀ ਹੈ। ਐਮ ਐਫ ਹੁਸੈਨ ਦੀ ਕਲਾ ਇਸ ਘੇਰੇ ਤੋਂ ਬਾਹਰ ਜਾ ਕੇ ਉਸ ਨੂੰ ਚੇਤਨ ਤੌਰ ‘ਤੇ ਅਜ਼ਾਦੀ ਦਿੰਦੀ ਹੈ। ਇਸ ਕਰਕੇ ਉਹ ਕਲਾ ਵਿਚ ਸ਼ੌਦਾਈ ਹੈ। ਉਸ ਦੀਆਂ ਪੇਂਟਿੰਗਾਂ ਦਾ ਮੰਤਵ ਕਿਸੇ ਧਰਮ ਨੂੰ ਨੁਕਸਾਨ ਪਹੁੰਚਾਣਾ ਨਹੀਂ ਹੈ ਬਲਕੇ ਮਨੁੱਖਤਾ ਨੂੰ ਕਲਾ ਵਿਚੋਂ ਮਾਰਗ ਦਰਸ਼ਨ ਕਰਵਾਉਣਾ ਹੈ। ਇਹ ਭਾਰਤੀਆਂ ਲਈ ਇਕ ਗੌਰਵ ਵਾਲੀ ਗੱਲ ਹੈ ਕਿ ਐਮ ਐਫ ਹੁਸੈਨ ਵਰਗਾ ਕਾਲਕਾਰ ਉਸ ਦੇਸ਼ ਦਾ ਵਾਸੀ ਹੈ। ਕਿਸੇ ਵੀ ਨੋਬਲ ਵਿਜੇਤਾ ਨੂੰ ਅਸੀਂ ਹਮੇਸ਼ਾ ਮਾਣ ਨਾਲ ਆਪਣੇ ਦੇਸ਼ ਦਾ ਕਹਿ ਕੇ ਆਪਣੀ ਹੋਂਦ ਦਾ ਇਜ਼ਹਾਰ ਕਰਦੇ ਹਾਂ ਤਾਂ ਫਿਰ ਐਮ ਐਫ ਹੁਸੈਨ ਨੂੰ ਕਿਉਂ ਨਹੀਂ। ਐਮ ਐਫ ਹੁਸੈਨ ਨੇ ਕਿਹਾ ਹੈ ਕਿ ਉਹ ਦਿਲ ਤੋਂ ਹਿੰਦੋਸਤਾਨੀ ਹੈ ਰਹੇ ਭਾਵੇਂ ਉਹ ਜਿੱਥੇ ਮਰਜ਼ੀ। ਉਹ ਕਹਿੰਦੇ ਹਨ ਕਿ ਸਿਰਫ ਦਸ ਪ੍ਰਤੀਸ਼ਤ ਲੋਕ ਹੀ ਉਸਦੇ ਉਲਟ ਹਨ, ਨੱਬੇ ਪ੍ਰਤੀਸ਼ਤ ਲੋਕ ਤਾਂ ਉਸਦੀ ਕਲਾ ਦੇ ਪ੍ਰਸ਼ੰਸ਼ਕ ਹਨ। ਉਨਾਂ ਇਹ ਵੀ ਕਿਹਾ ਹੈ ਕਿ ਉਨ੍ਹਾਂ ਦੀ ਲੜਾਈ ਵਿਚ ਹਿੰਦੋਸਤਾਨ ਦੀ ਜਨਤਾ ਤੇ ਬੁੱਧੀਜੀਵੀਆਂ ਨੇ ਕੋਈ ਖਾਸ ਚਿਲਚਸ਼ਪੀ ਨਹੀਂ ਦਿਖਾਈ।

ਜਿਵੇਂ ਪਹਿਲਾਂ ਇਸ ਲੇਖ ਵਿਚ ਇਸ਼ਾਰਾ ਕੀਤਾ ਗਿਆ ਸੀ ਕਿ ਵਿਰੋਧਤਾ ਕਲਾ ਪਿੱਛੇ ਹੈ ਕਿ ਐਮ ਐਫ ਹੁਸੈਨ ਕਰਕੇ ਹੈ। ਐਮ ਐਫ ਹੁਸੈਨ ਕਿਉਂਕੀ ਮੁਸਲਮਾਨ ਹੈ ਤੇ ਸ਼ਿਵ ਸ਼ੈਨਾ ਦੀ ਕੱਟੜਤਾ, ਧਰਮ ਦਾ ਬਹਾਨਾ ਲਾ ਕੇ, ਦੇਸ਼ ਵਿਚ ਸ਼ਾਵਨਵਾਦੀ ਸਿਸਟਮ ਕਾਇਮ ਕਰਨਾ ਚਾਹੁੰਦੀ ਹੈ। ਭਾਰਤ ਦੇ ਦਰਸ਼ਨ ਵਿਚ ਅਜਿਹਾ ਬਹੁਤ ਕੁਝ ਹੈ ਜਿਹੜਾ ਸਾਡੀ ਜ਼ਿੰਦਗੀ ਦਾ ਹਿੱਸਾ ਤਾਂ ਬਣ ਗਿਆ ਪਰ ਸਾਨੂੰ ਮਾਨਸਿਕ ਤੌਰ ‘ਤੇ ਅਜ਼ਾਦ ਨਹੀ ਕਰ ਸਕਿਆ, ਜਿਸ ਕਰਕੇ ਸਾਡੇ ਚੋਂ ਬਹੁਤ ਸਾਰੇ ਅਜੇ ਵੀ ਧਾਰਮਕ ਤੌਰ ‘ਤੇ ਕੱਟੜ ਤੇ ਕਲਾ ਦੇ ਵਿਰੋਧੀ ਹਨ। ਕੱਟੜਪੰਥੀਆਂ ਦੀ ਇਹ ਸੋਚ ਬਿਲਕੁਲ ਵਜ਼ਨ ਨਹੀਂ ਰੱਖਦੀ ਕਿ ਉਨ੍ਹਾਂ ਵਿਚ ਹੀ ਭਾਰਤੀਅਤਾ ਹੈ ਬਾਕੀਆਂ ਵਿਚ ਨਹੀਂ। ਅਬਦੁਲ ਕਲਾਮ ਵੀ ਮੁਸਲਮਾਨ ਹੈ ਜਿਹੜਾ ਭਾਰਤੀ ਮਿਜ਼ਾਇਲਾਂ ਦਾ ਪਿਤਾਮਾ ਹੈ। ਇਸੇ ਤਰ੍ਹਾਂ ਹੀ ਐਮ ਐਫ ਹੁਸੈਨ ਵੀ ਭਾਰਤੀ ਮੁਸਲਮਾਨ ਹੈ ਜਿਹੜਾ ਕਲਾ ਵਿਚ ਪ੍ਰਵੀਨ ਹੈ। ਬਾਕੀ ਰਹੀ ਚਿੱਤਰਾਂ ਦੀ ਗੱਲ, ਉਹ ਤਾਂ ਭਾਰਤੀ ਸੰਸਕ੍ਰਿਤੀ ਦਾ ਹੀ ਹਿੱਸਾ ਰਹੇ ਹਨ।

ਹੁਣ ਸਵਾਲ ਉਠਦਾ ਹੈ ਕਿ ਇਹੋ ਜਿਹੇ ਮਸਲਿਆਂ ਵਿਚ ਸਰਕਾਰ ਦਾ ਕੀ ਰੋਂਲ ਹੈਂ। ਅਜ਼ਾਦੀ ਜਾਂ ਜਮਹੂਰੀਅਤ ਦੇ ਨਾਂ ਕੋਈ ਕੁਝ ਵੀ ਕਹੀ ਜਾਵੇ ਇਹ ਭਾਰਤੀ ਗਣਤੰਤਰ ਦੀ ਕਮਜ਼ੋਰੀ ਹੈ। ਭਾਰਤ ਵਿਚ ਧਰਮ ਦੇ ਅਧਾਰ ‘ਤੇ ਵੰਡ ਪਾਉਣ ਵਾਲੇ ਅਨਸਰਾਂ ਨਾਲ ਸਖ਼ਤੀ ਨਾਲ ਪੇਸ਼ ਆਉਣਾ ਚਾਹੀਦਾ ਹੈ। ਅਜਿਹੇ ਮੁੱਦਿਆਂ ‘ਤੇ ਦੇਸ਼ ਦੇ ਲੋਕਾਂ ਵੱਲੋਂ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਇਸ ਤੋਂ ਸਾਫ ਜ਼ਾਹਿਰ ਹੈ ਕਿ ਭਾਰਤ ਦੀ ਜਮਹੂਰੀਅਤ ਕਿਸੇ ਵੀ ਕਲਾਕਾਰ ਜਾਂ ਲੇਖਕ ਨੂੰ ਰਚਨਾਤਮਿਕ ਪ੍ਰਭੂਸਤਾ ਦੀ ਗਰੰਟੀ ਨਹੀਂ ਦੇਂਦੀ ਹੈ। ਇਸੇ ਤਰ੍ਹਾਂ ਹੀ ਅੱਜ ਕੱਲ ਭਾਰਤ ਵਿਚ ਜ਼ਲਾਵਤਨ ਤੌਰ ‘ਤੇ ਰਹੀ ਪ੍ਰਸਿੱਧ ਬੰਗਲਾ ਲੇਖਿਕਾ ਤਸਲੀਮਾ ਨਸਰੀਨ ‘ਤੇ ਕੱਟੜਪੰਥੀਆਂ ਨੇ ਆਪਣੇ ਸ਼ਿਕੰਜ਼ਾ ਕੱਸਿਆ ਹੋਇਆ ਹੈ। ਪਿੱਛੇ ਜਿਹੇ ਕੰਨੜ ਬੋਲੀ ਵਿਚ ਛਪੇ ਤਸਲੀਮਾ ਨਸਰੀਨ ਦੇ ਇਕ ਲੇਖ ਕਾਰਣ ਮੁਸਲਮ ਭਾਈਚਾਰੇ ਵੱਲੋਂ ਕਰਨਾਟਕਾ ਵਿਚ ਦੰਗੇ ਕੀਤੇ ਗਏ। ਇਹ ਸਾਰਾ ਕੁਝ ਇਕੱਲਾ ਭਾਰਤ ਵਿਚ ਹੀ ਨਹੀਂ ਹੋ ਰਿਹਾ ਭਾਰਤ ਤੋਂ ਬਾਹਰ ਵੀ ਹੋ ਰਿਹਾ ਹੈ। ਅਫਗਾਨਿਸਤਾਨ ਵਿਚ ਬੁੱਧ ਦੀਆਂ ਮੁਰਤੀਆਂ ਨੂੰ ਨਸ਼ਟ ਕਰਨਾ ਧਾਰਮਕ ਕੱਟੜਤਾ ਦਾ ਸਿਖ਼ਰ ਹੈ। ਇਸੇ ਤਰ੍ਹਾਂ ਹੀ ਸਲਮਨ ਰਸ਼ਦੀ ਦੇ ਨਾਵਲ ‘ਸਟੈਨਕ ਵਰਸਜ਼’ ‘ਤੇ ਭਾਰਤ ਵਿਚ ਪਾਬੰਦੀ ਲਗੱਣੀ ਵੀ ਭਾਰਤ ਦੀ ਲੰਗੜੀ ਡੈਮੋਕਰੇਸੀ ‘ਤੇ ਮੋਹਰ ਲਾਉਂਦੀ ਹੈ। ਇਨ੍ਹਾਂ ਸਾਰੀਆਂ ਸਮੱਸਆਵਾਂ ਵਿਚ ਸੰਵਿਧਾਨਿਕ ਤੌਰ ‘ਤੇ ਸਰਕਾਰ ਦਾ ਰੋਲ ਬੜਾ ਹੀ ਨਿਰਾਸ਼ਾਜਨਕ ਹੈ। ਬਾਬਰੀ ਮਸਜਿਦ ਨੂੰ ਢਾਹਣਾ ਮਹਿਜ਼ ਇਕ ਬਿਲਡਿੰਗ ਨੂੰ ਨਸ਼ਟ ਕਰਨਾ ਨਹੀਂ ਸੀ, ਬਲਕਿ ਧਾਰਮਕ ਕੱਟੜਤਾ ਵਿਚ ਹਿੰਦੋਸਤਾਨ ਦੇ ਅਵਾਮ ਨੂੰ ਅੰਨ੍ਹੇ ਬਨਾਉਣਾ ਸੀ। ਕੱਟੜਪੰਥੀਆਂ ਦੀ ਜੇਕਰ ਚੱਲੇ ਤਾਂ ਤਾਜ਼ ਮਹੱਲ ਨੂੰ ਵੀ ਢਾਹੁਣ ਲਈ ਤੁਰ ਪੈਣ। ਇਵੇਂ ਹੀ ਪੰਜਾਬ ਵਿਚ ਪਿੱਛੇ ਜਿਹੇ ਦੰਗਿਆਂ ਵਿਚ ਧਾਰਮਕ ਜਨੂੰਨ ਕਿਸ ਹੱਦ ਤੱਕ ਗਿਆ, ਇਸ ਦਾ ਸਾਰਿਆਂ ਨੂੰ ਪਤਾ ਹੀ ਹੈ। ਭਾਰਤ ਵਿਚ ਰਹਿ ਰਹੀ ਬਹੁਤੀ ਜਨਤਾ ਜਾਂ ਤਾਂ ਡੈਮੋਕਰੇਸੀ ਤੋਂ ਸਿੱਖ ਨਹੀਂ ਰਹੀ ਜਾਂ ਫਿਰ ਡੈਮੋਕਰੇਸੀ ਜਨਤਾ ਨੂੰ ਕੁੱਝ ਸਿਖਾ ਨਹੀਂ ਰਹੀ। ਸਰਕਾਰਾਂ ਦੀ ਜ਼ਿੰਮੇਦਾਰੀ ਦੇਸ਼ ਦੀ ਵਾਗ ਡੋਰ ਸੰਭਾਲਣ ਤੇ ਬਾਹਰਲੇ ਖਤਰਿਆਂ ਨੂੰ ਮੁਖਾਤਬ ਹੋਣਾ ਹੀ ਨਹੀਂ ਹੈ, ਬਲਕਿ ਦੇਸ਼ ਦੇ ਅੰਦਰੂਨੀ ਮਸਲਿਆਂ ਨੂੰ ਸੁਹਰਦਿਤਾ ਨਾਲ ਨਜਿੱਠਣਾ ਵੀ ਹੈ। ਇਸ ਨਾਲ ਹੀ ਆਮ ਜਨਤਾ ਦਾ ਸੰਵਿਧਾਨ ਵਿਚ ਯਕੀਨ ਬਣੇਗਾ । ਸਰਕਾਰ ਦਾ ਜ਼ਿਆਦਾ ਜ਼ੋਰ ਤਖਤ ‘ਤੇ ਕਬਜ਼ੇ ਦਾ ਹੈ ਨਾ ਕਿ ਸੰਵਿਧਾਨਿਕ ਜ਼ੁੰਮੇਦਾਰੀ ਦਾ ਰੋਲ ਅਦਾ ਕਰਨਾ ਇਸ ਕਰਕੇ ਇਕ ਘਟਨਾ ਤੋਂ ਬਾਅਦ ਦੂਜੀ ਘਟਨਾ ਦਾ ਦੁਹਰਾ ਹੋ ਰਿਹਾ ਹੈ। ਭਾਰਤ ਜਿਸ ਦੌਰ ਵਿਚ ਦਾਖਲ ਹੋ ਚੁੱਕਾ ਹੈ ਉਸ ਵਿਚ ਕੈਪੀਟਲ ਤਰੱਕੀ ਨਾਲੋਂ ਜ਼ਿਆਦਾ ਜ਼ਰੂਰੀ ਹੈ ਕਿ ਸੰਵਿਧਾਨਿਕ ਪੀੜ੍ਹੀ ਕਾਇਮ ਹੋਵੇ ਜਿਹੜੀ ਦੇਸ਼ ਦੇ ਚੌਗਿਰਦੇ ਵਿਚ ਰਹਿ ਕੇ ਸ਼ਹਿਨਸ਼ੀਲਤਾ ਕਾਇਮ ਰੱਖ ਸਕੇ ਤੇ ਹਰ ਮਸਲਾ ਨਿਆਂਪੂਰਕ ਨਜਠਿਆ ਜਾ ਸਕੇ। ਪਿੱਛੇ ਜਿਹੇ ਸ਼ਾਹ ਰੁਖ ਖਾਨ ਦੀ ਫਿਲਮ ‘ਮਾਈ ਨੇਮ ਇਜ਼ ਖਾਨ’ ਦੀ ਦੁਰਦਸ਼ਾ ਸ਼ਿਵ ਸ਼ੈਨਾ ਵਾਲਿਆਂ ਨੇ ਕੀਤੀ ਹੈ। ਕੱਟੜਵਾਦ ਇਸ ਹੱਦ ਤੱਕ ਪਹੁੰਚ ਗਿਆ ਹੈ ਕਿ ਸ਼ਿਵ ਸੈਨਾ ਮੁਤਾਬਕ ਮੁੰਬਈ ਵਿਚ ਸਿਰਫ ਮਹਾਰਾਸਟਰੀਆਂ ਨੂੰ ਹੀ ਵਪਾਰ ਤੇ ਕੰਮ ਕਰਨ ਦੀ ਆਗਿਆ ਹੈ। ਬਾਕੀ ਹਿੰਦੋਸਤਾਨੀ ਤਾਂ ਉੱਥੇ ਕੰਮ ਹੀ ਨਹੀਂ ਕਰ ਸਕਦੇ। ਇਸ ਦਾ ਮਤਲਬ ਇਹ ਹੈ ਕਿ ਧਾਰਮਕ ਤੇ ਖੇਤਰੀ ਕੱਟੜਤਾ ਬਰਾਬਰ ਪੈਰ ਜਮਾ ਰਹੀ ਹੈ। ਹੁਣ ਲੋੜ ਹੈ ਸ਼ੰਵੇਨਸ਼ੀਲ ਮਸਲਿਆਂ ਦੀ ਤਹਿ ਤੱਕ ਜਾਣ ਦੀ ਤਾਂ ਕਿ ਭਵਿੱਖ ਵਿੱਚ ਅਜਿਹਾ ਕੋਈ ਮਸਲਾ ਭਾਰਤ ਦੀ ਮੂਰਖ਼ਤਾ ਦਾ ਕਾਰਣ ਨਾ ਬਣੇ ਤੇ ਭਾਰਤ ਦੀ ਅਖੰਡਤਾ ਨੂੰ ਨੁਕਸਾਨ ਪਹੁੰਚਾਣ ਵਾਲੀਆਂ ਸ਼ਕਤੀਆਂ ਅਸਰਦਾਇਕ ਨਾ ਹੋ ਸਕਣ। ਭਾਰਤ ਅੰਤਰਰਾਸ਼ਟਰੀ ਪੱਧਰ ‘ਤੇ ਆਪਣਾ ਮੁਕਾਮ ਕਿਸੇ ਹੱਦ ਤੱਕ ਹਾਸਿਲ ਕਰ ਚੁੱਕਾ ਹੈ। ਇਹ ਮੁਕਾਮ ਤਾਂ ਹੀ ਟਿਕਿਆ ਰਹਿ ਸਕਦਾ ਹੈ ਜੇਕਰ ਮਸਲਿਆਂ ਦਾ ਤਰੁੰਤ ਹੱਲ ਕੀਤਾ ਜਾਵੇ। ਭਾਰਤ ਨੂੰ ਆਪਣੇ ਕਲਾਕਾਰਾਂ, ਵਿਗਿਆਨੀਆਂ, ਲਿਖਾਰੀਆਂ ਤੇ ਸਮਾਜ ਸੇਵੀਆਂ ਲਈ ਵਚਨਬੱਧ ਹੋਣਾ ਚਾਹੀਦਾ ਹੈ ਤਾਂ ਕਿ ਉਨਾਂ ਦੀ ਸਿਰਜਕ ਸ਼ਕਤੀ ਕਾਇਮ ਰਹਿ ਸਕੇ ਤੇ ਕੱਟੜਤਾ ਨੂੰ ਨੱਥ ਪਾਈ ਜਾ ਸਕੇ। ਸਮਾਜ ਦਾ ਨਿਰੰਤਰ ਵਿਕਾਸ ਤਾਂ ਹੀ ਹੋ ਸਕਦਾ ਹੈ ਜੇਕਰ ਕਲਾ ਦਾ ਗਲਾ ਨਾ ਘੁਟਿਆ ਜਾਏ।ਨੋਬਲ ਪੁਰਸਕਾਰ ਵਿਜੇਤਾ ਰਾਵਿੰਦਰ ਨਾਥ ਟੈਗੋਰ ਦੀਆਂ ਇਨ੍ਹਾਂ ਕਾਵਿ ਪੰਗਤੀਆਂ ਨਾਲ ਪੁਛਣਾ ਚਾਹਾਂਗਾ ਕਿ ਉਹ ਸੁਪਨਿਆਂ ਦਾ ਭਾਰਤ ਅੱਜ ਕਿਥੇ ਅਲੋਪ ਹੋ ਗਿਆ ਜਿਥੇ ਉਨਾਂ ਕਿਹਾ ਸੀ:

**WHERE the mind is without fear and the head is held high**
**Where knowledge is free**

*ਜਿਥੇ ਮਨ ਡਰ ਤੋਂ ਰਹਿਤ ਹੈ ਤੇ*
*ਸਿਰ ਉਚਾ ਹੈ*
*ਜਿਥੇ ਗਿਆਨ ਮੁਫਤ ਹੈ।*

**Where the world has not been broken up into fragments**
**By narrow domestic walls**

*ਜਿਥੇ ਸੰਸਾਰ ਟੁਕੜਿਆਂ ਵਿਚ*
*ਨਹੀਂ ਟੁੱਟਿਆ*
*ਆਪਸੀ ਤੰਗਦਿਲੀ ਦੀਆਂ ਕੰਧਾਂ ਕਰਕੇ*

**Where words come out from the depth of truth**
**Where tireless striving stretches its arms towards perfection**

*ਜਿਥੇ ਸ਼ਬਦ ਉਗੜਦੇ ਨੇ ਸੱਚ*
*ਦੀ ਡੂੰਘਾਈ ਚੋਂ*
*ਜਿਥੇ ਅਣਥੱਕਤਾ ਹੱਥ ਫੈਲਾਉਂਦੀ ਹੈ*
*ਨਿਪੁੰਨਤਾ ਵੱਲ*

**Where the clear stream of reason has not lost its way**
**Into the dreary desert sand of dead habit**

*ਜਿਥੇ ਨਿਰਮਲ ਤਰਕ ਦੀ ਧਾਰਾ ਨੇ ਖੋਇਆ*
*ਨਹੀਂ ਆਪਣਾ ਰਾਹ*
*ਕਿਸੇ ਰੇਤ ਦੇ ਮਰਖਪੇ ਮਾਰੂਥਲ ਵਿਚ*

**Where the mind is led forward by thee**
**Into ever-widening thought and action**
**Into that heaven of freedom, my Father, let my country awake.**

*ਜਿਥੇ ਮਨ ਨੂੰ ਅਗਾਂਹ ਲਿਜਾਇਆ*
*ਜਾਂਦਾ ਉਸ ਵੱਲੋਂ*
*ਨਿਰੰਤਰ ਖੁੱਲੀ–ਪਸਰੀ ਸੋਚ ਤੇ ਕ੍ਰਿਆ ਵਿਚ*
*ਅਜ਼ਾਦੀ ਦੇ ਸਵਰਗ ਵਿਚ*
*ਮੇਰੇ ਪ੍ਰਭੂ, ਮੇਰੇ ਦੇਸ਼ ਨੂੰ ਨੀਂਦ ਚੋਂ ਜਗਾ*







## ਹੁਸੈਨ ਨੇ ਭਾਰਤੀ ਪਾਸਪੋਰਟ ਵਾਪਸ ਕੀਤਾ

**ਦੁਬਈ/ਨ.ਦ.ਬਿਊਰੋ**

‘ਕਲਾ ਵਿਸ਼ਵ ਵਿਆਪੀ ਹੈ ਅਤੇ ਇਹ ਸਾਰੀਆਂ ਹੱਦਾਂ ਨੂੰ ਪਾਰ ਕਰ ਜਾਂਦੀ ਹੈ। ਮੈਂ ਭਗਵਾਨ ਵੱਲੋਂ ਬਣਾਏ ਬ੍ਰਹਿਮੰਡ ਵਿਚ ਇਕ ਜਿਉਂਦਾ ਵਿਅਕਤੀ ਹਾਂ। ਜਦੋਂ ਮੇਰੀ ਮੌਤ ਹੋਵੇਗੀ ਤਾਂ ਮੈਨੂੰ ਸਿਰਫ਼ ਜ਼ਮੀਨ ਦੇ ਛੋਟੇ ਜਿਹੇ ਟੁਕੜੇ ਦੀ ਲੋੜ ਹੋਵੇਗੀ। ਮੈਨੂੰ ਕਿੱਥੇ ਦਫ਼ਨਾਇਆ ਜਾਵੇਗਾ, ਮੇਰੇ ਲਈ ਇਹ ਗੱਲ ਕੋਈ ਮਾਇਨੇ ਨਹੀਂ ਰੱਖਦੀ।’ ਇਹ ਭਾਵੁਕ ਟਿੱਪਣੀ ਦੇਸ਼ ਦੀ ਨਾਗਰਿਕਤਾ ਦਾ ਤਿਆਗ ਕਰਦੇ ਹੋਏ ਉਸ ਸੂਫ਼ੀਆਨਾ ਕਲਾਕਾਰ ਦੀ ਹੈ ਜਿਸ ਨੇ ਕਲਾ ਦਾ ਸ਼ਿਖ਼ਰ ਛੂਹਣ ਤੋਂ ਬਾਅਦ ਵੀ ਪੈਰਾਂ ਵਿਚ ਕਦੇ ਚੱਪਲਾਂ ਨਹੀਂ ਪਾਈਆਂ।

95 ਸਾਲਾਂ ਦੀ ਉਮਰ ਵਿਚ ਵੀ ਆਤਮਵਿਸ਼ਵਾਸ਼ ਅਤੇ ਕਲਾ ਉਰਜਾ ਨਾਲ ਪ੍ਰੇਰਿਤ ਚਿੱਤਰਕਾਰ ਮਕਬੂਲ ਫਿਦਾ ਹੁਸੈਨ ਨੇ ਦੇਸ਼ ਦੀ ਆਖ਼ਰੀ ਨਿਸ਼ਾਨੀ ਭਾਰਤੀ ਪਾਸਪੋਰਟ ਨੂੰ ਵੀ ਕਤਰ ਦੀ ਰਾਜਧਾਨੀ ਦੋਹਾ ਸਥਿਤ ਭਾਰਤੀ ਦੂਤਾਵਾਸ ਨੂੰ ਸੌਂਪ ਦਿੱਤਾ। ਹਾਲ ਹੀ ਵਿਚ ਕਤਰ ਨੇ ਉਨ੍ਹਾਂ ਨੂੰ ਆਪਣੇ ਦੇਸ਼ ਦੀ ਨਾਗਰਿਕਤਾ ਪ੍ਰਦਾਨ ਕੀਤੀ ਸੀ।

ਰਾਮ ਮਨੋਹਰ ਲੋਹੀਆ ਦੀ ਪ੍ਰੇਰਨਾ ਨਾਲ ਰਾਮਾਇਣ ਅਤੇ ਮਹਾਂਭਾਰਤ ਉਪਰ ਪੇਂਟਿੰਗ ਬਣਾਉਣ ਵਾਲੇ ਹੁਸੈਨ ਨੇ ਆਪਣਾ ਪਾਸਪੋਰਟ ਸੌਂਪਣ ਤੋਂ ਬਾਅਦ ਕਿਹਾ, ‘ਨਾਗਰਿਕਤਾ ਅਤੇ ਪਾਸਪੋਰਟ ਸਿਰਫ਼ ਕਾਗਜ਼ ਦਾ ਟੁਕੜਾ ਹੈ। ਕਤਰ ਦੀ ਨਾਗਰਿਕਤਾ ਸਵੀਕਾਰ ਕਰ ਲੈਣ ਦਾ ਇਹ ਮਤਲਬ ਨਹੀਂ ਹੈ ਕਿ ਮੈਂ ਭਾਰਤੀ ਜਾਂ ਭਾਰਤ ਦਾ ਕਲਾਕਾਰ ਨਹੀਂ ਰਹਾਂਗਾ। ਭਾਰਤੀ ਬਣੇ ਰਹਿਣਾ ਮੇਰਾ ਜਨਮ ਸਿੱਧ ਅਧਿਕਾਰ ਹੈ ਅਤੇ ਭਾਰਤ ਵਿਚ ਲੱਖਾਂ ਲੋਕ ਹਨ ਜੋ ਹਾਲੇ ਵੀ ਮੈਨੂੰ ਪਿਆਰ ਕਰਦੇ ਹਨ।’

# ਅੱਗ ਦੀ ਪਰਲੋ

ਜਸਵੀਰ ਸਿੰਘ ਸ਼ੀਰੀ

ਕੁਝ ਸਮਾਂ ਪਹਿਲਾਂ ਮੈਂ ਜਲੰਧਰ ਨਜ਼ਦੀਕ ਪੈਂਦੇ ਪਿੰਡ ਗਾਖਲ ਦੇ ਇਕ ਸੌ ਸਾਲ ਤੋਂ ਉੱਪਰ ਲੰਮੀ ਉਮਰ ਭੋਗਣ ਵਾਲੇ ਬਜ਼ੁਰਗ ਨਾਲ ਪੰਜਾਬ ਦੇ ਉਸ ਵੱਲੋਂ ਅੱਖੀਂ ਵੇਖੇ ਗਏ ਇਤਿਹਾਸ ਸੰਬੰਧੀ ਇਕ ਲੰਮੀ ਇੰਟਰਵਿਊ ਰਿਕਾਰਡ ਕੀਤੀ ਸੀ। ਇਸ ਬਜ਼ੁਰਗ ਨੇ ਜ਼ਿੰਦਗੀ ਸੰਬੰਧੀ ਬਹੁਤ ਡੂੰਘੀਆਂ ਗੱਲਾਂ ਕੀਤੀਆਂ ਸਨ। ਉਸ ਨੇ ਅਪਣੀ ਗੱਲ ਵਿਚ ਦੱਸਿਆ ਸੀ ਕਿ ਜਦੋਂ ਦੀ ਕਾਇਨਾਤ ਸਾਜੀ ਗਈ ਹੈ, ਕਦੀ ਇਹ ਪਾਣੀ ਦੀ ਪਰਲੋ ਨਾਲ ਤਬਾਹ ਹੋਈ ਹੈ, ਕਦੇ ਹਵਾ ਦੀ ਪਰਲੋ ਨਾਲ ਅਤੇ ਕਦੇ ਅੱਗ ਦੀ ਪਰਲੋ ਨਾਲ। ਅੱਗ ਦੀ ਪਰਲੋ ਕਿਸ ਤਰ੍ਹਾਂ ਆਉਂਦੀ ਹੈ ਇਹ ਉਸ ਬਜ਼ੁਰਗ ਵਲੋਂ ਵਿਸਥਾਰ ਵਿਚ ਦੱਸੇ ਜਾਣ 'ਤੇ ਮੈਨੂੰ ਵੀ ਸਮਝ ਨਹੀਂ ਸੀ ਆਈ।

ਦੋ ਕੁ ਸਾਲ ਪਹਿਲਾਂ ਮੁਕਤਸਰ ਜ਼ਿਲ੍ਹੇ ਦੇ ਪਿੰਡਾਂ ਉਦੇਕਰਨ, ਸੰਗੂਧੌਣ, ਬਰਕੰਦੀ, ਭੁੱਲਰ, ਛੱਤੇਆਣਾ, ਰਖਾਲਾ, ਸੂਰੇਵਾਲਾ, ਸੁਖਨਾ, ਚੜੇਵਾਨ, ਥਾਂਦੇਵਾਲਾ, ਚੇਤਰਾ, ਪਿੰਡ ਭੁੱਲਰ ਦੇ ਕੋਠੇ, ਕੋਠੇ ਬਹਾਦਰਗੜ੍ਹ (ਹਰੀਕੇ ਕਲਾਂ) ਆਦਿ ਵਿਚ ਇਕ ਤਰ੍ਹਾਂ ਨਾਲ ਅੱਗ ਦੀ ਪਰਲੋ ਵਰਤਦੀ ਵੇਖੀ ਗਈ। ਅੱਗ ਦੀਆਂ ਲਾਟਾਂ ਐਨੀਆਂ ਭਿਆਨਕ ਸਨ ਕਿ 20-20 ਫੁੱਟ ਉੱਚੀਆਂ ਉੱਠੀਆਂ, ਇਕ ਤਰ੍ਹਾਂ ਨਾਲ ਅੱਗ ਦਾ ਦਰਿਆ ਧਰਤੀ ਨੂੰ ਨਿਗਲਦਾ ਨਜ਼ਰ ਆਇਆ। ਮੁਕਤਸਰ ਜ਼ਿਲ੍ਹੇ ਦੇ ਉਪਰੋਕਤ ਪਿੰਡਾਂ ਵਿਚ ਫੈਲੀ ਅੱਗ ਦੇ ਤਕਰੀਬਨ 30 ਪਿੰਡ ਜੱਦ ਵਿਚ ਆਏ ਅਤੇ ਤਿੰਨ ਹਜ਼ਾਰ ਏਕੜ ਦੇ ਕਰੀਬ ਕਣਕ ਸੜ ਕੇ ਸੁਆਹ ਹੋ ਗਈ। ਅੱਗ ਲੱਗਣ ਦੀ ਇਸੇ ਦਿਨ ਵਾਪਰੀ ਇਕ ਹੋਰ ਘਟਨਾ ਵਿਚ ਬਠਿੰਡਾ ਦੇ ਬੀਕਾਨੇਰ ਰੇਲਵੇ ਲਾਈਨ ਉੱਪਰ ਸਥਿਤ ਪਿੰਡ ਗੈਹਰੀ ਬੁੱਟਰ ਅਤੇ ਜੈ ਸਿੰਘ ਵਾਲਾ ਦਰਮਿਆਨ ਕੰਬਾਈਨ ਨਾਲ ਕੱਟੀ ਹੋਈ ਕਣਕ ਦੇ ਕਚਰਿਆਂ ਨੂੰ ਸਾੜਨ ਵਾਸਤੇ ਕਿਸੇ ਜ਼ਿਮੀਂਦਾਰ ਨੇ ਅੱਗ ਲਾ ਦਿੱਤੀ ਸੀ। ਇਕਦਮ ਆਈ ਹਨੇਰੀ ਨਾਲ ਇਸ ਅੱਗ ਦੇ ਲਾਂਬੂ ਲਾਗੇ ਦੇ ਖੇਤਾਂ ਨੂੰ ਜਾ ਲੱਗੇ। ਅੱਗ ਏਨੀ ਤੇਜ਼ੀ ਨਾਲ ਫੈਲੀ ਕਿ ਉੱਚੇ ਉੱਚੇ ਲਾਂਬੂਆਂ ਵਿਚ ਤਬਦੀਲ ਹੋ ਗਈ। ਵੇਖਦਿਆਂ ਹੀ ਵੇਖਦਿਆਂ ਲਾਗੇ ਪਾਸੇ ਦੇ ਪਿੰਡਾਂ ਦੀ 600 ਏਕੜ ਜ਼ਮੀਨ ਸੜ ਕੇ ਸੁਆਹ ਹੋ ਗਈ। ਅੱਗ ਬੁਝਾਉਣ ਵਾਲੀਆਂ ਗੱਡੀਆਂ ਵੀ ਸਾਡੇ ਸ਼ਹਿਰਾਂ ਵਿਚ ਕਿਧਰੇ ਨਾ ਲੱਭੀਆਂ। ਫਾਇਰ ਬ੍ਰਿਗੇਡ ਦੀ ਹਾਲਤ ਵੀ ਵਿਚਾਰਿਆਂ ਵਾਲੀ ਬਣੀ ਹੋਈ ਸੀ। ਇਸ ਖੇਤਰ ਤੋਂ ਇਲਾਵਾ ਵੀ ਵੱਖ ਵੱਖ ਖੇਤਰਾਂ ਵਿਚੋਂ ਅੱਗ ਲੱਗਣ ਦੀਆਂ ਰਿਪੋਰਟਾਂ ਆ ਰਹੀਆਂ ਸਨ ਅਤੇ ਪ੍ਰਸ਼ਾਸਨ ਅਨੁਸਾਰ ਜਿਹੜੀਆਂ ਅੱਗ ਬੁਝਾਊ ਗੱਡੀਆਂ ਮੌਜੂਦ ਸਨ ਉਹ ਕਿਤੇ ਨਾ ਕਿਤੇ ਅੱਗ ਬੁਝਾਉਣ ਗਈਆਂ ਹੋਈਆਂ ਸਨ। ਇਕ ਪਾਸੇ ਤਾਂ ਕਿਸਾਨਾਂ ਨੇ ਦੱਸਿਆ ਕਿ ਅੱਗ ਹਨੇਰੀ ਆਉਣ ਦੇ ਸਿੱਟੇ ਵਜੋਂ ਬਿਜਲੀ ਦੀਆਂ ਤਾਰਾਂ ਦੇ ਜੁੜਨ ਨਾਲ ਨਿਕਲਣ ਵਾਲੇ ਚੰਗਿਆੜਿਆਂ ਕਾਰਨ ਲੱਗੀ, ਪਰ ਕੁਝ ਰਿਪੋਰਟਾਂ ਦੱਸਦੀਆਂ ਹਨ ਕਿ ਅੱਗ ਲਗੱਣ ਦਾ ਅਸਲ ਕਾਰਨ ਕਿਸਾਨਾਂ ਵਲੋਂ ਕੰਬਾਈਨਾਂ ਨਾਲ ਕੱਟੀ ਕਣਕ ਦੇ ਵੱਢਾਂ ਨੂੰ ਅਪਣੇ ਹੱਥੀਂ ਲਗਾਈ ਗਈ ਤੀਲੀ ਹੀ ਸੀ।

ਸਰਕਾਰ ਭਾਵੇਂ ਕਿ ਅਕਸਰ ਹੀ ਰਿਪੋਰਟਾਂ ਵਿਚ ਅੱਗ ਦੇ ਕਾਰਨਾਂ ਦਾ ਜ਼ਿਕਰ ਕਰਦਿਆਂ ਬਿਜਲੀ ਦੀਆਂ ਤਾਰਾਂ ਆਦਿ ਨੂੰ ਕਾਰਨ ਦਸਦੀ ਹੈ ਪਰ ਇਹਨੂੰ ਇਕ ਵੱਖਰੇ ਕੋਣ ਤੋਂ ਵੇਖਣ ਦੀ ਲੋੜ ਹੈ। ਅੱਗ ਦੀਆਂ ਅੱਧੀਆਂ ਤੋਂ ਵੱਧ ਘਟਨਾਵਾਂ ਕਿਸਾਨਾਂ ਵਲੋਂ ਅਪਣੇ ਹੱਥੀਂ ਕਣਕ ਦੇ ਵੱਢਾਂ ਨੂੰ ਭਾਵ ਕੰਬਾਈਨ ਵਲੋਂ ਕੱਟੀ ਗਈ ਕਣਕ ਦੇ ਨਾੜ ਨੂੰ ਅੱਗ ਲਗਾਉਣ ਕਾਰਨ ਵਾਪਰਦੀਆਂ ਹਨ। ਜਿਨ੍ਹਾਂ ਲੋਕਾਂ ਨੇ ਪਿਛਲੇ ਦਸ ਕੁ ਸਾਲਾਂ ਤੋਂ ਪੰਜਾਬ ਵਿਚ ਕਣਕ ਦੀ ਕਟਾਈ ਤੋਂ ਬਾਅਦ ਖੇਤਾਂ ਦਾ ਦ੍ਰਿਸ਼ ਵੇਖਿਆ ਹੈ ਉਹ ਇਸ ਗੱਲ ਤੋਂ ਜਾਣੂ ਹਨ ਕਿ ਪੰਜਾਬ ਵਿਚ ਕਣਕ ਦੀ ਕਟਾਈ ਤੋਂ ਬਾਅਦ ਜ਼ਮੀਨ ਕਿਸ ਪੱਧਰ 'ਤੇ ਸਾੜੀ ਜਾਂਦੀ ਹੈ ਅਤੇ ਇਸ ਨੂੰ ਸਾੜਨ ਦੇ ਲਈ ਪੰਜਾਬ ਦੇ ਕਿਸਾਨਾਂ ਦਾ ਰਵੱਈਆ ਕਿੰਨਾ ਗੈਰ-ਸੰਵੇਦਨਸ਼ੀਲ ਹੈ। ਅਕਸਰ ਹੀ ਇਹ ਹੁੰਦਾ ਹੈ ਕਿ ਸਿਖਰ ਦੁਪਿਹਰੇ ਕਣਕ ਦੇ ਵੱਢਾਂ ਨੂੰ ਅੱਗ ਲਾ ਦਿੱਤੀ ਜਾਂਦੀ ਹੈ ਅਤੇ ਅੱਗ ਲਗਾਉਣ ਤੋਂ ਬਾਅਦ ਮੌਕੇ ਉੱਪਰ ਕਿਸਾਨ ਮੌਜੂਦ ਵੀ ਨਹੀਂ ਰਹਿੰਦੇ। ਕਿਸੇ ਨਾ ਕਿਸੇ ਪੁਰਬੀਏ ਨੂੰ ਅੱਗ ਲਾਗੇ ਇਕ ਟੁੱਟੀ ਜਿਹੀ ਡਾਂਗ ਲੈ ਕੇ ਖੜ੍ਹਾ ਕਰ ਦਿੱਤਾ ਜਾਂਦਾ ਹੈ। ਜਦੋਂ ਕਿਧਰੇ ਟਿਕੀ ਦੁਪਿਹਰ ਵਿਚ ਹਵਾ ਤੇਜ਼ੀ ਨਾਲ ਵਗਣ ਲੱਗੇ ਤਾਂ ਪੁਰਬੀਏ ਦੇ ਹੱਥ ਵਿਚ ਫੜੀ ਇਹ ਸੋਟੀ ਵੀ ਲਾਂਬੂਆਂ ਦਾ ਹਿੱਸਾ ਹੋ ਜਾਂਦੀ ਹੈ। ਕਿਸਾਨ ਅਪਣੀ ਜ਼ਿੰਮੇਵਾਰੀ ਸਿਰਫ ਖੇਤ ਵਿਚ ਖੜੇ ਸੁੱਕੇ ਲਾਣ ਉੱਪਰ ਤਿੱਲੀ ਸੁੱਟਣ ਤੱਕ ਸਮਝਦੇ ਹਨ। ਇਸ ਪਿੱਛੋਂ ਅੱਗ ਨੂੰ ਅਪਣੀ ਮਰਜ਼ੀ ਉੱਪਰ ਛੱਡ ਦਿੱਤਾ ਜਾਂਦਾ ਹੈ। ਸਿਆਣੇ ਕਹਿੰਦੇ ਹਨ ਕਿ ਅੱਗ ਨਾਲ ਖੇਡਣਾ ਇਕ ਖਤਰਨਾਕ ਖੇਡ ਹੈ। ਅੱਗ ਨੂੰ ਬੇਕਾਬੂ ਛੱਡਣਾ ਤਾਂ ਹੋਰ ਵੀ ਭਿਆਨਕ ਖੇਡ ਹੈ। ਅੱਗ ਨੂੰ ਕਾਬੂ ਵਿਚ ਰੱਖਣ ਲਈ ਅਕਸਰ ਹੀ ਤਰੀਕਾ ਇਹ ਸੁਝਾਇਆ ਜਾਂਦਾ ਹੈ ਕਿ ਜਿਸ ਖੇਤ ਵਿਚ ਖੜੀ ਪਰਾਲੀ ਨੂੰ ਅੱਗ ਲਗਾਉਣੀ ਹੈ ਘੱਟੋ-ਘੱਟ ਉਸ ਖੇਤ ਦੇ ਆਲੇ-ਦੁਆਲੇ ਦਸ-ਦਸ ਜਾਂ ਪੰਦਰਾਂ-ਪੰਦਰਾਂ ਫੁੱਟ ਥਾਂ ਨੂੰ ਤਵੀਆਂ ਨਾਲ ਟਰੈਕਟਰ ਰਾਹੀਂ ਵਾਹ ਲਿਆ ਜਾਵੇ ਜਾਂ ਪਾਣੀ ਛੱਡ ਲਿਆ ਜਾਵੇ ਤਾਂ ਕਿ ਅੱਗ ਲਾਗੇ ਕਿਸੇ ਦੇ ਦੂਸਰੇ ਖੇਤ ਨੂੰ ਨਾ ਲੱਗੇ ਅਤੇ ਇਸ ਤੋਂ ਇਲਾਵਾ ਖੇਤਾਂ ਦੇ ਦੁਆਲੇ ਰਸਤਿਆਂ ਅਤੇ ਸੜਕਾਂ ਉੱਪਰ ਖੜੇ ਦਰਖੱਤਾਂ ਦਾ ਬਚਾਅ ਵੀ ਹੋ ਸਕੇ। ਅਪਣੇ ਖਰਚੇ ਅਤੇ ਤੇਲ ਦੇ ਬਚਾਅ ਲਈ ਪੰਜਾਬ ਦੇ ਬਹੁਗਿਣਤੀ ਕਿਸਾਨ ਅਜਿਹਾ ਨਹੀਂ ਕਰਦੇ। ਉਹ ਸੁੱਕੇ ਲਾਣ ਉੱਪਰ ਤੀਲੀ ਸੁੱਟ ਕੇ ਪਿੱਠ ਮਰੋੜਨ ਦੀ ਕਰਦੇ ਹਨ।

ਪੰਜਾਬ ਵਿਚ ਜ਼ਮੀਨ ਅਤੇ ਵਾਤਾਵਰਣ ਪ੍ਰਤੀ ਕਿਸਾਨਾਂ ਅਤੇ ਹੋਰ ਆਮ ਲੋਕਾਂ ਦਾ ਜਿਸ ਕਿਸਮ ਦਾ ਰਵੱਈਆ ਹੈ, ਉਸ ਦੇ ਸੰਦਰਭ ਵਿਚ ਅੱਗ ਦੀਆਂ ਮੁਕਤਸਰ ਦੇ ਖੇਤਰ ਵਿਚ ਉੱਠੀਆਂ ਇਹ ਲਪਟਾਂ ਤਾਂ ਇਕ ਟ੍ਰੇਲਰ ਮਾਤਰ ਹਨ। ਕਦੀ ਵੱਡਾ ਝੱਖੜ ਝੁੱਲਿਆ ਤਾਂ ਇਹ ਅੱਗ ਪੂਰੇ ਪੰਜਾਬ ਨੂੰ ਅਪਣੀ ਲਪੇਟ ਵਿਚ ਲੈ ਸਕਦੀ ਹੈ ਅਤੇ ਅੱਗ ਦੀ ਸੱਚਮੁੱਚ ਦੀ ਪਰਲੋ ਦੇ ਦਰਸ਼ਨ ਸਾਕਾਰ ਰੂਪ ਵਿਚ ਵੀ ਹੋ ਸਕਦੇ ਹਨ। ਇਸ ਕਿਸਮ ਦੀਆਂ ਘਟਨਾਵਾਂ ਪੰਜਾਬ ਵਿਚ ਵਿਆਪਕ ਪੱਧਰ 'ਤੇ ਵਾਪਰੀਆਂ ਹਨ। ਚਾਹੀਦਾ ਤਾਂ ਇਹ ਹੈ ਕਿ ਪੰਜਾਬ ਵਿਚ ਜ਼ਮੀਨ ਵਿਚ ਖੜ੍ਹੇ ਸੁੱਕੇ ਲਾਣ ਨੂੰ ਅੱਗ ਲਾਉਣ ਉੱਪਰ ਮੁਕੰਮਲ ਪਾਬੰਦੀ ਆਇਦ ਕੀਤੀ ਜਾਵੇ। (ਉਂਜ ਇਹ ਕਿਸਾਨਾਂ ਦਾ ਤੇ ਰਾਜ ਸਰਕਾਰ ਦਾ ਆਰਥਿਕ ਨੁਕਸਾਨ ਵੀ ਹੈ, ਕਿਉਂਕਿ ਇਸ ਤੋਂ ਬਣਨ ਵਾਲੀ ਤੂੜੀ ਜਾਂ ਖਾਦ ਕਿਸਾਨਾਂ/ਰਾਜ ਦਾ ਮੁਨਾਫਾ ਵਧਾ ਸਕਦੀ ਹੈ) ਪਰ ਜੇ ਹਾਲੇ ਅਜਿਹਾ ਸੰਭਵ ਨਹੀਂ ਹੈ ਤਾਂ ਇਹ ਤਾਂ ਕੀਤਾ ਜਾ ਸਕਦਾ ਹੈ ਕਿ ਕਿਸਾਨ ਘੱਟੋ ਘੱਟ ਉਨੀ ਦੇਰ ਤੱਕ ਖੇਤ ਵਿਚ ਅੱਗ ਨਾ ਲਾਉਣ ਜਦੋਂ ਤੱਕ ਕਿਸੇ ਹੋਰ ਦੀ ਫਸਲ ਖੜ੍ਹੀ ਹੈ। ਇਸ ਤੋਂ ਇਲਾਵਾ ਅਪਣੇ ਖੇਤ ਤੋਂ ਬਾਹਰ ਜਾਣ ਵਾਲੀ ਅੱਗ ਜਾਂ ਖੇਤ ਤੋਂ ਬਾਹਰ ਨੁਕਸਾਨ ਕਰਨ ਵਾਲੀ ਅੱਗ ਲਈ ਵੀ ਕਿਸਾਨਾਂ ਦੀ ਜ਼ਿੰਮੇਵਾਰੀ ਆਇਦ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਪੰਜਾਬ ਬਿਜਲੀ ਬੋਰਡ ਜਾਂ ਕਿਸੇ ਵੀ ਹੋਰ ਵਿਭਾਗ ਦੀ ਜੇ ਅਣਗਹਿਲੀ ਨਾਲ ਅੱਗ ਲੱਗਦੀ ਹੈ ਤਾਂ ਇਸਦੇ ਮੁਕੰਮਲ ਖਰਚੇ/ਮੁਆਵਜ਼ੇ ਦੀ ਅਦਾਇਗੀ ਉਸ ਵਿਭਾਗ ਵੱਲੋਂ ਹੀ ਕਰਵਾਈ ਜਾਣੀ ਚਾਹੀਦੀ ਹੈ। ਅਸਲ ਵਿਚ ਹਾਲਤ ਇਹ ਹੈ ਕਿ ਸਾਡੇ ਇੱਥੇ ਕਿਸੇ ਵੀ ਅਫਸਰ/ਵਿਭਾਗ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਵੱਡੇ ਤੋਂ ਵੱਡੇ ਜੁਰਮ ਅਤੇ ਭ੍ਰਿਸ਼ਟਾਚਾਰ ਕਰਕੇ ਵੀ ਸਿਆਸਤਦਾਨ /ਅਫਸਰਸ਼ਾਹੀ ਬੱਚ ਜਾਂਦੀ ਹੈ। ਮਨੁੱਖੀ ਗਲਤੀ ਲਈ ਜ਼ਿੰਮੇਵਾਰੀ ਤੈਅ ਕਰਨਾ ਇਹਦੇ ਖਿਲਾਫ ਵੱਡੀ ਰੋਕ ਦਾ ਕੰਮ ਕਰ ਸਕਦਾ ਹੈ।

ਪਿਛਲੇ ਹਾੜ੍ਹੀ ਦੇ ਸੀਜ਼ਨ ਵਿਚ ਸਾਨੂੰ ਖਡੂਰ ਸਾਹਿਬ ਦੇ ਖੇਤਰ ਵਿਚ ਇਕ ਸਰਵੇ ਕਰਨ ਦਾ ਮੌਕਾ ਮਿਲਿਆ। ਇਸ ਖੇਤਰ ਵਿਚ ਬਾਬਾ ਸੇਵਾ ਸਿੰਘ ਨੇ ਸੜਕਾਂ ਉੱਪਰ ਵੱਡੀ ਪੱਧਰ 'ਤੇ ਦਰੱਖਤ ਲਗਾਏ ਹਨ। ਅਸੀਂ ਵੇਖਿਆ ਕਿ ਕਿਸਾਨਾਂ ਵੱਲੋਂ ਕਣਕ ਦੇ ਨਾੜ ਨੂੰ ਲਗਾਈਆਂ ਗਈਆਂ ਅੱਗਾਂ ਕਾਰਨ ਬਾਬਾ ਸੇਵਾ ਸਿੰਘ ਵਲੋਂ ਲਗਾਏ ਇਨ੍ਹਾਂ ਦਰੱਖਤਾਂ ਵਿਚੋਂ ਤਕਰੀਬਨ 25 ਫੀਸਦੀ ਦਰੱਖਤ ਸੜ ਗਏ ਸਨ। ਜਿਹੜੇ ਖੇਤ ਜਲ ਰਹੇ ਸਨ ਉਨ੍ਹਾਂ ਦੇ ਲਾਗੇ ਕੋਈ ਕਿਸਾਨ ਜਾਂ ਉਨ੍ਹਾਂ ਦਾ ਨੌਕਰ ਵੀ ਨਹੀਂ ਸੀ। ਇਹ ਅੱਗ ਦਰੱਖਤਾਂ ਨੂੰ ਲੂਹ ਰਹੀ ਸੀ। ਖੇਤਾਂ ਦੇ ਅੰਦਰ ਸੱਤਰ ਫੀ ਸਦੀ ਦਰੱਖਤਾਂ ਨੂੰ ਅੱਗ ਦਾ ਸੇਕ ਲੱਗਾ ਹੈ। ਇਹਦੇ ਲਈ ਬਾਅਦ ਵਿਚ ਕਿਸੇ ਕਿਸਾਨ ਨੂੰ ਨਾ ਜ਼ਿੰਮੇਵਾਰ ਠਹਿਰਾਇਆ ਗਿਆ, ਨਾ ਕੋਈ ਜੁਰਮਾਨਾ ਵਗੈਰਾ ਲਗਾਇਆ ਗਿਆ। ਨਾ ਉਨ੍ਹਾਂ ਨੂੰ ਰੋਕਣ ਲਈ ਕੋਈ ਚੇਤਾਵਨੀ ਦਿੱਤੀ ਗਈ। ਇਸ ਕਿਸਮ ਦੇ ਜਲ ਰਹੇ ਖੇਤ, ਜਿਨ੍ਹਾਂ ਦਾ ਕੋਈ ਵਾਲੀ ਵਾਰਸ ਨਾ ਹੋਵੇ ਕਦੀ ਵੀ, ਕਿਸੇ ਵੀ ਵਕਤ ਅੱਗ ਦੀ ਪਰਲੋ ਵਿਚ ਪਲਟ ਸਕਦੇ ਹਨ। ਇਸ ਸੰਬੰਧੀ ਸਰਕਾਰ ਨੂੰ ਹੁਣੇ ਤੋਂ ਸੁਚੇਤ ਹੋਣ ਦੀ ਲੋੜ ਹੈ। ਖੇਤਾਂ ਨੂੰ ਅੱਗ ਲਾਉਣ ਨੂੰ ਮੁਕੰਮਲ ਤੌਰ 'ਤੇ ਕਾਨੂੰਨੀ ਰੋਕ ਲਾਉਣ ਦੀ ਜ਼ਰੂਰਤ ਹੈ।

ਇਸ ਤੋਂ ਇਲਾਵਾ ਪੰਜਾਬ ਦੇ ਮੁਕੰਮਲ ਜ਼ਿਲ੍ਹਿਆਂ, ਤਹਿਸੀਲਾਂ ਅਤੇ ਬਲਾਕਾਂ ਵਿਚ ਅੱਗ ਬੁਝਾਊ ਪ੍ਰਬੰਧ ਵਿਆਪਕ ਪੱਧਰ 'ਤੇ ਕੀਤੇ ਜਾਣੇ ਚਾਹੀਦੇ ਹਨ। ਇਸ ਪੱਖੋਂ ਅਸੀਂ ਬਹੁਤ ਅਵੇਸਲੇ ਹਾਂ। ਸਾਡੀਆਂ ਸਰਕਾਰਾਂ ਅਤੇ ਪ੍ਰਸ਼ਾਸਨ ਦਾ ਹਾਲ ਵੀ ਇਹ ਹੈ ਕਿ ਕਿਸੇ ਚੌਰਾਹੇ ਚੌਂਕ ਵਿਚ ਲਾਈਟਾਂ ਉਦੋਂ ਲੱਗਦੀਆਂ ਹਨ ਜਦੋਂ ਹਾਦਸਿਆਂ ਨਾਲ ਦਸ ਕੁ ਬੰਦੇ ਮਰ ਜਾਂਦੇ ਹਨ। ਘਟਨਾ ਦੇ ਵਰਤਣ ਪਿੱਛੋਂ ਹੀ ਸਾਨੂੰ ਸੁਰਤ ਆਉਂਦੀ ਹੈ। ਬਹੁਤੀ ਵਾਰ ਤਾਂ ਘਟਨਾ ਵਰਤਣ ਤੋਂ ਬਾਅਦ ਵੀ ਨਹੀਂ ਆਉਂਦੀ। ਘਟਨਾਵਾਂ ਦੀ ਅਗਾਊਂ ਸੂਹ ਲਾਉਣਾ ਅਤੇ ਉਨ੍ਹਾਂ ਦੀ ਪੇਸ਼ਗੀ ਪੇਸ਼ਬੰਦੀ ਕਰਨਾ ਸਾਡੇ ਸੁਭਾਅ ਵਿਚ ਸ਼ਾਮਲ ਨਹੀਂ ਹੈ।

ਅਸੀਂ ਸਾਰਾ ਕੁਝ ਚੱਲ ਹੋਊ ਅਤੇ ਰੱਬ ਆਸਰੇ ਛੱਡ ਦਿੰਦੇ ਹਾਂ। ਮੌਜੂਦਾ ਹਾਲਤ ਵਿਚ ਇਹ ਬਹੁਤ ਖਤਰਨਾਕ ਸਿੱਧ ਹੋ ਸਕਦਾ ਹੈ। ਖਾਸ ਕਰਕੇ ਉਦੋਂ ਜਦੋਂ ਇਕ ਸਮੇਂ ਝੋਨਾ ਅਤੇ ਕਣਕ ਦੀਆਂ ਫਸਲਾਂ ਮੁਕੰਮਲ ਤੌਰ 'ਤੇ ਪੱਕੀਆਂ ਖੜੀਆਂ ਹੁੰਦੀਆਂ ਹਨ। ਸਾਡਾ ਅੱਗ ਬੁਝਾਊ ਮਹਿਕਮਾ ਇਨ੍ਹਾਂ ਦਿਨਾਂ ਵਿਚ ਪੂਰੀ ਤਰ੍ਹਾਂ ਤਿਆਰ ਬਰ ਤਿਆਰ ਹੋਣਾ ਚਾਹੀਦਾ ਹੈ। ਅੱਗ ਲੱਗਣ ਅਤੇ ਫੈਲਦੇ ਜਾਣ ਲਈ ਸਿਰਫ ਕਿਸਾਨ ਹੀ ਜ਼ਿੰਮੇਵਾਰ ਨਹੀਂ ਹਨ ਸਗੋਂ ਪ੍ਰਸ਼ਾਸਨ, ਰਾਜ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਵੀ ਬਰਾਬਰ ਦੀਆਂ ਜ਼ਿੰਮੇਵਾਰ ਹਨ।

ਪੰਜਾਬ ਕੋਲ ਕਣਕ ਇੰਝ ਹੈ ਜਿਵੇਂ ਕੇ ਕਈ ਖਾੜੀ ਦੇਸ਼ਾਂ ਕੋਲ ਜ਼ਮੀਨਦੋਜ਼ ਤੇਲ। ਕਣਕ ਦੀ ਫਸਲ ਸਾਡੇ ਕੁਦਰਤੀ ਆਲੇ-ਦੁਆਲੇ ਅਤੇ ਜ਼ਮੀਨ ਵਿਚੋਂ ਜਨਮੀ ਫਸਲ ਹੈ। ਇਸ ਨੂੰ ਪੁੱਜਣ ਵਾਲੇ ਨੁਕਸਾਨਾਂ ਅਤੇ ਖਤਰਿਆਂ ਪ੍ਰਤੀ ਵਿਆਪਕ ਰੂਪ ਵਿਚ ਸੁਚੇਤ ਹੋਣਾ ਚਾਹੀਦਾ ਹੈ ਅਤੇ ਇਹਦੇ ਬਚਾਓ ਲਈ ਪਹਿਲਾਂ ਤੋਂ ਹੀ ਯੋਜਨਾਬੰਦੀ ਕਰਨ ਦੀ ਵੱਡੀ ਲੋੜ ਹੈ।


## ਜ਼ਿੰਦਗੀ ਬੜੀ ਬੇਵਫਾ ਹੈ ਇਸ ਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

ਜ਼ਰਾ ਸੋਚੋ ! !

* ਕੀ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ ? * ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
* ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਲੈਣੀ ਚਾਹੁੰਦੇ ਹੋ ?
* ਕੀ ਤੁਸੀਂ ਨਾਲ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ? * ਕੀ ਤੁਸੀਂ ਘਰ ਦੇ ਮੁਖੀਆ ਹੋ ?
* ਕੀ ਤੁਹਾਡੇ ਬੱਚੇ ਛੋਟੇ ਹਨ ਅਤੇ ਉਨ੍ਹਾਂ ਦੀ ਪਰਵਰਿਸ਼ ਦਾ ਭਾਰ ਤੁਹਾਡੇ ਉੱਪਰ ਹੈ ?
* ਕੀ ਤੁਹਾਡੀ ਲਾਈਫ ਇੰਸ਼ੋਰੈਂਸ ਵੀ ਨਵੀਂ ਹੋਣ ਵਾਲੀ ਹੈ ?

| Age ਉਮਰ | Per Month Rate/ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.25 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਜੇਕਰ ਤੁਸੀਂ ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿਚ ਦਿੰਦੇ ਹੋ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਅੱਜ ਹੀ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਅਤੇ ਬਹੁਤ ਹੀ ਕਾਮਯਾਬ ਬਰੋਕਰ ਜੈਸੀ ਸਿੰਘ ਨਾਲ ਸੰਪਰਕ ਕਰਕੇ ਮੁਫ਼ਤ ਸਲਾਹ ਲਓ। ਉਹ ਤੁਹਾਨੂੰ ਸਭ ਤੋਂ ਵਧੀਆ ਰੇਟ ਅਤੇ ਕੰਪਨੀ ਲੱਭ ਕੇ ਦੇਣਗੇ।



Jessie Singh
(C.A.I.B.)

ਸਾਡੇ ਕੋਲ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਮਿਲ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿਚੋਂ ਕੋਈ ਬੀਮਾਰੀ ਹੋਵੇ ਤਾਂ ਅਖੀਰ ਵਿਚ ਤੁਹਾਡੇ ਪੈਸੇ ਵਾਪਿਸ ਦੇ ਦਿੱਤੇ ਜਾ ਸਕਦੇ ਹਨ।

**ਅਸੀਂ ਹਰ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ, ਘਰ, ਕਾਰ ਜਾਂ ਬਿਜ਼ਨਸ ਦੀ ਇੰਸ਼ੋਰੈਂਸ, ਟਰੈਵਲ ਇੰਸ਼ੋਰੈਂਸ, ਡਿਸੇਬਿਲਟੀ, ਮੌਰਗੇਜ਼ ਇੰਸ਼ੋਰੈਂਸ, ਕਰਿਟੀਕਲ ਇਲਨੈਸ ਇੰਸ਼ੋਰੈਂਸ ਕਰਦੇ ਹਾਂ। ਅੱਜ ਹੀ ਫੋਨ ਕਰਕੇ ਫਰੀ ਸਲਾਹ ਲੈਣ ਲਈ ਅਪਾਇੰਟਮੈਂਟ ਬੁੱਕ ਕਰੋ।**

**Jessie Off: (403) 717-0666**
**Jessie Singh (C.A.I.B.) Cell: (403) 830-7007**

# 'ਕਾਇਆ ਕਲਪ ਕਰਨ ਦਾ ਸਾਧਨ ਸਾਵੀ ਕਲਾ'

## ਜਸਕਮਲ ਕੌਰ



**ਅਸੀਂ** ਸਾਰੇ ਅਪਣੇ ਗ੍ਰਹਿ ਨੂੰ ਇਕ ਵਰਦਾਨ ਵਜੋਂ ਲੈ ਰਹੇ ਹਾਂ ਤੇ ਇਸ ਕਰਕੇ ਮੇਰਾ ਵਿਸ਼ਵਾਸ ਹੈ ਕਿ ਸਾਨੂੰ ਬਿਨਾਂ ਕਿਸੇ ਦੇਰੀ ਤੋਂ ਅਪਣੇ ਤੌਰ-ਤਰੀਕੇ ਬਦਲਣੇ ਚਾਹੀਦੇ ਹਨ ਤੇ ਸਹਾਇਤਾ ਲਈ ਪੁਕਾਰ ਰਹੇ ਅਪਣੇ ਗ੍ਰਹਿ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ।

ਆਲਮੀ ਤਪਸ਼ ਸਾਡੇ ਘਰ ਨੂੰ ਤਬਾਹ ਕਰ ਰਹੀ ਹੈ ਅਤੇ ਜਦੋਂ ਮੈਂ ਕਹਿੰਦੀ ਹਾਂ ਘਰ, ਤਾਂ ਇਸਦਾ ਭਾਵ ਹੈ ਸਾਡਾ ਗ੍ਰਹਿ, ਗ੍ਰਹਿ ਧਰਤੀ। ਮੈਂ ਤੁਹਾਨੂੰ ਸਭ ਨੂੰ ਜ਼ੋਰ ਦੇ ਕੇ ਕਹਿੰਦੀ ਹਾਂ ਕਿ ਅਪਣੇ ਗ੍ਰਹਿ ਨੂੰ ਅਪਣੇ ਬੱਚੇ ਦੀ ਤਰ੍ਹਾਂ ਦੇਖੋ, ਅਪਣੇ ਭਰਾ ਜਾਂ ਭੈਣ ਜਾਂ ਕਿਸੇ ਪਿਆਰੇ ਦੀ ਤਰ੍ਹਾਂ। ਅਸੀ ਕੀ ਕਰਦੇ ਹਾਂ ਜਦੋਂ ਸਾਡਾ ਬੱਚਾ ਜਾਂ ਕੋਈ ਪਿਆਰਾ ਜ਼ਖਮੀ ਹੋ ਰਿਹਾ ਹੋਵੇ ਅਤੇ ਸਹਾਇਤਾ ਲਈ ਪੁਕਾਰ ਰਿਹਾ ਹੋਵੇ, ਅਸੀਂ ਉਨ੍ਹਾਂ ਵੱਲ ਦੌੜਦੇ ਹਾਂ, ਉਨ੍ਹਾਂ ਨੂੰ ਗਲ ਲਾਉਂਦੇ ਹਾਂ ਅਤੇ ਉਨ੍ਹਾਂ ਨੂੰ ਯਕੀਨ ਦਵਾਉਂਦੇ ਹਾਂ ਕਿ ਅਸੀਂ ਉਨ੍ਹਾਂ ਦੀ ਲੋੜ ਪੂਰੀ ਕਰਾਂਗੇ। ਜਦੋਂ ਤੱਕ ਉਹ ਚੰਗਾ ਮਹਿਸੂਸ ਨਹੀਂ ਕਰਦੇ ਅਤੇ ਹੰਝੂ ਵਗਣੇ ਬੰਦ ਨਹੀਂ ਹੋ ਜਾਂਦੇ ਅਤੇ ਮਿੱਠੀ ਮੁਸਕਾਨ ਚਿਹਰਿਆਂ 'ਤੇ ਪਰਤ ਨਹੀਂ ਆਉਂਦੀ।

ਸਾਡਾ ਗ੍ਰਹਿ ਸਹਾਇਤਾ ਲਈ ਪੁਕਾਰ ਰਿਹਾ ਹੈ, ਸਾਡਾ ਗ੍ਰਹਿ ਜ਼ਖ਼ਮੀ ਹੋ ਰਿਹਾ ਹੈ। ਇਸ ਕੋਲ ਸਹਾਇਤਾ ਮੰਗਣ ਲਈ ਅਵਾਜ਼ ਨਹੀਂ ਹੈ, ਇਸਦੀ ਬਜਾਏ ਇਹ ਅਪਣਾ ਪ੍ਰਤੀਕਰਮ ਆਲਮੀ ਤਪਸ਼ ਰਾਹੀਂ ਦਿਖਾਉਂਦਾ ਹੈ, ਜਿਸ ਤਰ੍ਹਾਂ ਕਿ ਬਰਫ਼ ਦੇ ਭੰਡਾਰ ਪਿਘਲ ਰਹੇ ਹਨ, ਦੇਸ਼ ਹੜ ਰਹੇ ਹਨ, ਓਜ਼ੋਨ ਅਲੋਪ ਹੋ ਰਹੀ ਹੈ। ਆਓ ਇਕੱਠੇ ਹੋ ਕੇ, ਕਿ ਅਸੀਂ ਕੂੜਾ ਦਾਨ ਵਿਚ ਕੀ ਸੁੱਟ ਰਹੇ ਹਾਂ, ਆਲਮੀ ਤਪਸ਼ ਲੜੀਏ। ਜਦ ਅਸੀਂ ਦੁਕਾਨ ਜਾਂਦੇ ਹਾਂ ਤਾਂ ਪਲਾਸਟਿਕ ਦਾ ਥੈਲਾ ਨਹੀਂ ਸਗੋਂ ਪਰਿਵਰਤਨ ਚੱਕਰ ਵਿਚ ਪੈ ਜਾਣ ਸਕਣ ਵਾਲਾ ਥੈਲਾ ਚੁਣੀਏ। ਕੇਵਲ ਵਾਤਾਵਰਣ ਹਿਤੈਸ਼ੀ ਉਤਪਾਦ ਹੀ ਇਸਤੇਮਾਲ ਕਰੀਏ।

ਨਿੱਕੇ ਜਿਹੇ ਕਾਰਜ ਵੀ ਵੱਡਾ ਫਰਕ ਪਾ ਸਕਦੇ ਹਨ। ਅਸੀਂ ਇਹ ਕਰ ਸਕਦੇ ਹਾਂ ਕਿਉਂਕਿ ਅਸੀਂ ਦੇਖਭਾਲ ਕਰ ਸਕਦੇ ਹਾਂ ਜਾਂ ਚਿੱਤਰਕਾਰੀ ਕਰ ਸਕਦੇ ਹਾਂ ਅਤੇ ਸਾਵੀ ਕਲਾ ਦਾ ਸੁਨੇਹਾ ਫੈਲਾਅ ਸਕਦੇ ਹਾਂ। ਕਲਾ ਸੰਸਾਰ ਵਿਚਾਰ ਉਤੇਜਿਤ ਕਰਨ 'ਚ ਜ਼ਬਰਦਸਤ ਭੂਮਿਕਾ ਨਿਭਾਉਂਦਾ ਹੈ ਅਤੇ ਸੰਵਾਦ ਪੈਦਾ ਕਰਦਾ ਹੈ। 'ਸਾਵੀ ਕਲਾ' ਕਲਾ ਦੀ ਵਿਸ਼ਵ-ਵਿਆਪੀ ਭਾਸ਼ਾ ਰਾਹੀਂ ਵਾਤਾਵਰਣ ਜਾਗਰੂਕਤਾ ਪੈਦਾ ਕਰਨ 'ਤੇ ਜਵਾਨ ਮਨਾਂ ਨੂੰ ਵਾਤਾਵਰਣ ਮੁੱਦਿਆਂ 'ਤੇ ਫੋਕਸ ਅਤੇ ਕਾਰਜ਼ਸ਼ੀਲ ਕਰਨ ਲਈ ਹਾਜ਼ਰ ਹੈ। ਵਾਯੂਮੰਡਲੀ ਸੋਚ 'ਤੇ ਕਾਰਜ ਦੇ ਪੱਥ—ਪ੍ਰਦਰਸ਼ਕ ਸਿਧਾਂਤ ਵਜੋਂ ਸਾਵੀ ਕਲਾ ਇਕ ਕਾਰਗਾਰ ਸਿੱਖਿਆ ਵਿਧੀ ਵਜੋਂ ਪ੍ਰਭਾਵਿਤ ਹੋ ਰਹੀ ਹੈ। ਇਹ ਕਲਾ ਸਪੱਸ਼ਟ ਸਾਕਾਰਤਮਿਕ ਸੋਚ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਵਿਵਹਾਰਿਕ ਵਿਚਾਰਾਂ ਨੂੰ ਰਚਨਾਤਮਿਕ ਕਾਰਜਾਂ ਵਿਚ ਪਰਵਰਤਿਤ ਕਰਦੀ ਹੈ। ਇਹ ਕਲਾ ਤੇ ਸਮਾਜਿਕ ਤਬਦੀਲੀ ਵਿਚ ਪ੍ਰਕਾਰਜ ਰਾਹੀਂ ਉਸਾਰੂ ਸੋਚ ਨੂੰ ਪ੍ਰਤੀਬਿੰਬ ਕਰਦੀ ਹੈ। ਅਪਣੀ ਵਿਧੀ ਵਿਚ ਵਧੇਰੇ ਵਿਸ਼ੇਸ਼ ਹੋਣ ਲਈ ਉਹ ਪ੍ਰਯੋਗਾਤਮਿਕ ਸਿੱਖਿਆ 'ਤੇ ਅਧਾਰਿਤ ਹੈ, ਜਿਹੜੀ ਮੌਜੂਦਾ ਵਾਤਾਵਰਣ ਨੂੰ ਸਬੰਧੀ, ਇਸ ਵਿਚ ਰੁਚੀ ਬਨਾਉਣ, ਇਸ ਨੂੰ ਪੜ੍ਹਨ-ਸਿੱਖਣ, ਇਸ ਵਿਚੋਂ ਆਪਾ ਪਛਾਨਣ ਅਤੇ ਮੌਜੂਦਾ ਵਾਤਾਵਰਣ ਨਾਲ ਜੁੜੀਆਂ ਪ੍ਰਦਰਸ਼ਨੀਆਂ ਰਾਹੀਂ ਕਾਰਜ ਯੋਜਨਾ ਤਿਆਰ ਕਰਨ ਲਈ ਨੌਜਵਾਨ ਮਨਾਂ ਨੂੰ ਤਿਆਰ ਕਰਦੀ ਹੈ।

"ਇਕ ਨਾ ਇਕ ਚੀਜ਼ ਤਾਂ ਜ਼ਰੂਰ ਹਰੇਕ ਕੋਲ ਹੋਵੇ : ਜਾਂ ਤਾਂ ਰੂਹ ਕੁਦਰਤ ਦੇ ਕਾਰਨ ਕੁਦਰਤ ਰਾਹੀਂ ਪ੍ਰਸੰਨ ਹੋਈ ਜਾਂ ਫਿਰ ਕੰਮ, ਪ੍ਰੇਮ ਅਤੇ ਪਰਿਵਰਤਨ ਰਾਹੀਂ ਪ੍ਰਸੰਨ ਬਣੀ ਹੋਈ।"

ਸਾਵੀ ਕਲਾ ਸੱਚਮੁੱਚ ਹੀ ਨਵਿਆਂ ਤੇ ਪੁਰਾਣਿਆਂ ਦੋਵਾਂ ਨੂੰ ਤਬਦੀਲ ਕਰਦੀ ਹੈ। ਸਾਵੀ ਕਲਾ ਰਾਹੀਂ ਅਚੰਭਾ ਪੈਦਾ ਕੀਤਾ ਜਾ ਸਕਦਾ ਹੈ ਅਤੇ ਅਪਣੇ ਘਰ ਨੂੰ ਬਚਾਇਆ ਜਾ ਸਕਦਾ ਹੈ, ਅਪਣਾ ਗ੍ਰਹਿ ਜਿਹੜਾ ਮੱਦਦ ਲਈ ਪੁਕਾਰ ਰਿਹਾ ਹੈ। ਇਹ ਛੋਹਰ (RAW) ਮਨਾਂ ਦਾ ਸਭ ਤੋਂ ਵਧੀਆ ਸਹਾਇਕ ਹੋ ਸਕਦਾ ਹੈ।








Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।

PROFESSIONAL REALTY GROUP



Cell: 780-909-5154



Laddi Padda

9222-51 Avenue, Edmonton, AB T6E 5L8

Phone: 780-439-9818, Fax: 780-439-1257

# ਮਾਸੂਮਾਂ ਨੂੰ ਲੱਗ ਗਈ ਹੈ ਬੁਰੀ ਨਜ਼ਰ

**ਅਸ਼ੋਕ ਪਾਂਡੇ**

ਬੱਚੇ ਵਿਕ ਰਹੇ ਹਨ। ਭਾਰਤ ਵਿਚ ਹੀ ਨਹੀਂ, ਉਹ ਪੂਰੀ ਦੁਨੀਆ ਵਿਚ ਵਿਕ ਰਹੇ ਹਨ। ਸੌਦਾਗਰਾਂ ਦੀ ਲੰਬੀ-ਚੌੜੀ ਫੌਜ ਹੈ ਅਤੇ ਉਨ੍ਹਾਂ ਨੂੰ ਰੋਕ ਸਕਣ ਵਿਚ ਸਰਕਾਰ ਦੇ ਹੱਥ ਬੱਝੇ ਹਨ। ਜਿਨ੍ਹਾਂ ਨੂੰ ਪੜ੍ਹ-ਲਿਖ ਕੇ ਸਭਿਅਕ ਨਾਗਰਿਕ ਬਣਨਾ ਚਾਹੀਦਾ ਹੈ, ਉਹ ਹਾਟ ਬਾਜ਼ਾਰਾਂ ਵਿਚ ਚੁੱਲ੍ਹਾ-ਚੌਂਕਾ ਕਰਨ, ਚਾਹ ਪਹੁੰਚਾਉਣ ਅਤੇ ਲੋਕਾਂ ਦੀਆਂ ਨੌਕਰੀਆਂ ਕਰਨ ਲਈ ਮਜਬੂਰ ਤਾਂ ਹਨ ਹੀ, ਉਹ ਚੰਮ ਜੋਕਾਂ ਦੇ ਸ਼ਿਕਾਰ ਵੀ ਹੋ ਰਹੇ ਹਨ। ਕੋਲੰਬੀਆ ਦਾ ਸੈਰਸਪਾਟਾ ਉਦਯੋਗ ਤਾਂ ਇਕ ਤਰ੍ਹਾਂ ਨਾਲ ਬਾਲ ਸੈਕਸ ਵਰਕਰਾਂ ਦੇ ਸਹਾਰੇ ਹੀ ਚੱਲ ਰਿਹਾ ਹੈ। ਆਪਣੇ ਹੀ ਦੇਸ਼ ਵਿਚ ਗੋਆ ਇਸ ਕਾਰਨ ਬਦਨਾਮ ਹੋ ਚੁੱਕਾ ਹੈ। ਦੂਸਰੇ ਦੇਸਾਂ ਦੀ ਕੀ ਗੱਲ ਕਰੀਏ, ਆਪਣੇ ਇਥੇ ਬੱਚਿਆਂ ਨੂੰ ਵਰਗਲਾ ਕੇ, ਅਗਵਾ ਕਰ ਕੇ ਅਤੇ ਚੋਰੀ ਕਰ ਕੇ ਵੇਚਣ ਵਾਲੇ ਕਈ ਗਰੋਹ ਸਰਗਰਮ ਹਨ। ਸਾਰੇ ਸੂਬਿਆਂ ਵਿਚ ਇਨ੍ਹਾਂ ਦੇ ਰੈਕੇਟ ਹਨ। ਕਦੇ-ਕਦਾਈਂ ਇਸ ਤਰ੍ਹਾਂ ਦੇ ਲੋਕ ਫੜੇ ਵੀ ਜਾਂਦੇ ਹਨ, ਪਰ ਵਾਰਦਾਤਾਂ ਦੇ ਮੁਕਾਬਲੇ ਗੈਰ ਸਮਾਜਕ ਤੱਤਾਂ ਦੀ ਗ੍ਰਿਫਤਾਰੀ ਦਾ ਅਨੁਪਾਤ ਬਹੁਤ ਘੱਟ ਹੈ। ਦੇਸ ਦੇ ਨੌਨਿਹਾਲਾਂ ਨੂੰ ਬੁਰੀ ਨਜ਼ਰ ਲਗ ਗਈ ਹੈ। ਗਰੀਬੀ ਉਨ੍ਹਾਂ ਦੇ ਵਿਕਾਸ ਵਿਚ ਰੁਕਾਵਟ ਹੈ। ਉਹ ਪੜ੍ਹ ਲਿਖ ਨਹੀਂ ਸਕਦੇ, ਪਰ ਖੁਦ ਕੰਮ ਕਰ ਕੇ ਆਪਣੇ ਛੋਟੇ ਭਰਾਵਾਂ ਅਤੇ ਭੈਣਾਂ ਨੂੰ ਪੜ੍ਹਾਉਣਾ ਚਾਹੁੰਦੇ ਹਨ। ਉਹ ਸਮੇਂ ਤੋਂ ਪਹਿਲਾਂ ਵੱਡੇ ਹੋ ਰਹੇ ਹਨ। ਉਹ ਘਰ ਦੀਆਂ ਜ਼ੁੰਮੇਵਾਰੀਆਂ ਖੁਦ ਉਪਰ ਲੈਣਾ ਚਾਹੁੰਦੇ ਹਨ। ਤਕਤ ਤੋਂ ਪਹਿਲਾਂ ਵਿਕਸਿਤ ਹੋਈ ਇਨ੍ਹਾਂ ਦੀ ਇਹ ਸਮਝ ਉਨ੍ਹਾਂ ਨੂੰ ਗਲਤ ਹੱਥਾਂ ਦੀ ਕਠਪੁਤਲੀ ਬਣਾ ਰਹੀ ਹੈ।

ਇਕ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਦੇਸ਼ ਵਿਚ ਚਾਰ ਕਰੋੜ 40 ਲੱਖ ਬੱਚੇ ਦਾਸਤੱਵ ਦੀ ਪੀੜ ਝੱਲ ਰਹੇ ਹਨ। ਸਾਲ 1995 ਵਿਚ ਕੋਲਕਾਤਾ ਦੀ ਇਕ ਫਾਇਰ ਵਰਕਸ ਕੰਪਨੀ ਵਿਚ ਹੋਏ ਧਮਾਕੇ ਵਿਚ 23 ਬਾਲ ਮਜ਼ਦੂਰ ਮਾਰੇ ਗਏ ਸਨ। ਉਦੋਂ ਪਤਾ ਚੱਲਾ ਸੀ ਕਿ ਉਸ ਫੈਕਟਰੀ ਵਿਚ ਇਕ ਵੀ ਬਾਲਗ ਮਜ਼ਦੂਰ ਨਹੀਂ ਸੀ। ਦੱਖਣੀ ਭਾਰਤ ਵਿਚ ਸ਼ਿਵਕਾਸੀ ਦਾ ਪਟਾਕਾ ਉਦਯੋਗ ਨਾਬਾਲਗ ਬੱਚਿਆਂ ਦੇ ਸ਼ੋਸ਼ਣ 'ਤੇ ਟਿਕਿਆ ਹੈ। ਮਨੁੱਖੀ ਅਧਿਕਾਰ ਵਾਚ ਦੀ ਰਿਪੋਰਟ 'ਤੇ ਯਕੀਨ ਕਰੀਏ, ਤਾਂ ਦੇਸ਼ ਵਿਚ ਛੇ ਤੋਂ 11.5 ਕਰੋੜ ਬੱਚੇ ਗੁਲਾਮੀ ਵਿਚੋਂ ਲੰਘ ਰਹੇ ਹਨ। ਉਨ੍ਹਾਂ ਨੂੰ ਘੱਟ ਮਜ਼ਦੂਰੀ 'ਤੇ 15 ਘੰਟੇ ਕੰਮ ਕਰਨਾ ਪੈਂਦਾ ਹੈ। ਛੁੱਟੀ ਮਿਲਦੀ ਨਹੀਂ। 50 ਫੀਸਦ ਬਾਲ ਮਜ਼ਦੂਰਾਂ ਨੂੰ ਕਦੇ ਆਪਣੇ ਪਰਿਵਾਰ ਨੂੰ ਮਿਲਣ ਦਾ ਮੌਕਾ ਨਹੀਂ ਮਿਲਦਾ। ਆਦਿਵਾਸੀ ਬਹੁਤਾਤ ਵਾਲੇ ਸੂਬਿਆਂ ਵਿਚ ਲੋਕ ਪੇਟ ਦੀ ਅੱਗ ਬੁਝਾਉਣ ਲਈ ਆਪਣੇ ਬੱਚਿਆਂ ਨੂੰ ਕੁਝ ਹੀ ਰੁਪਇਆਂ ਵਿਚ ਵੇਚ ਦਿੰਦੇ ਹਨ। ਕੋਲਕਾਤਾ ਵਿਚ ਹੋਏ ਹਾਲ ਹੀ ਦੇ ਸਰਵੇਖਣ ਵਿਚ ਕਿਹਾ ਗਿਆ ਹੈ ਕਿ 68 ਫੀਸਦੀ ਬਾਲ ਮਜ਼ਦੂਰ ਘਰਾਂ ਵਿਚ ਕੰਮ ਕਰਦੇ ਹਨ, ਜਿਥੇ ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਸੋਸ਼ਣ ਹੁੰਦਾ ਹੈ, ਜਦਕਿ 90 ਫੀਸਦੀ ਬਾਲ ਮਜ਼ਦੂਰ ਸਰੀਰਕ ਸੋਸ਼ਣ ਦਾ ਸ਼ਿਕਾਰ ਹੁੰਦੇ ਹਨ। ਦੇਸ਼ ਵਿਚ ਅਜਿਹੇ ਬੱਚਿਆਂ ਦੀ ਵੀ ਵੱਡੀ ਸੰਖਿਆ ਹੈ, ਜੋ ਬਾਪ-ਦਾਦਿਆਂ ਦਾ ਕਰਜ਼ ਉਤਾਰਨ ਲਈ ਦਬੰਗ ਕਿਸਾਨਾਂ ਦੇ ਖੇਤਾਂ ਵਿਚ ਕੰਮ ਕਰਨ ਲਈ ਮਜਬੂਰ ਹਨ। ਕੁਝ ਦੇਸ਼ਾਂ ਵਿਚ ਤਾਂ ਬੱਚੇ ਖਰੀਦੇ ਹੀ ਇਸ ਲਈ ਜਾਂਦੇ ਹਨ ਕਿ ਉਨ੍ਹਾਂ ਨੂੰ ਸੈਕਸ ਮੰਡੀ ਦੀ ਵਸਤੂ ਬਣਾਇਆ ਜਾ ਸਕੇ। ਨਿਠਾਰੀ ਕਾਂਡ ਇਸ ਗੱਲ ਦਾ ਨਤੀਜਾ ਹੈ ਕਿ ਕਿਸ ਤਰ੍ਹਾਂ ਬੱਚਿਆਂ ਨੂੰ ਸਰੀਰਕ ਸੋਸ਼ਣ ਦਾ ਸ਼ਿਕਾਰ ਬਣਾਇਆ ਗਿਆ। ਬੱਚਿਆਂ ਦੇ ਕਿਡਨੀ ਆਦਿ ਮਹੱਤਵਪੂਰਨ ਅੰਗ ਕੱਢੇ ਜਾਣ ਦੀਆਂ ਖ਼ਬਰਾਂ ਵੀ ਮੀਡੀਆ ਦੀਆਂ ਸੁਰਖ਼ੀਆਂ ਬਣਦੀਆਂ ਰਹੀਆਂ ਹਨ। ਬਾਲ ਮਜ਼ਦੂਰ ਰੋਕੂ ਕਾਨੂੰਨ ਬਣਿਆਂ ਵਰ੍ਹੇ ਹੋ ਗਏ ਹਨ, ਪਰ ਇਸ ਦੇ ਅੰਤ ਦੀਆਂ ਸੰਭਾਵਨਾਵਾਂ ਨਜ਼ਰ ਨਹੀਂ ਆਉਂਦੀਆਂ। ਬੱਚਿਆਂ ਦੀ ਖਰੀਦ-ਫਰੋਖ਼ਤ ਦਾ ਵਪਾਰ ਤੇਜ਼ੀ ਨਾਲ ਪਰਵਾਨ ਚੜ੍ਹ ਰਿਹਾ ਹੈ। ਉੜੀਸਾ ਵਿਚ ਇਕ ਜੋੜੇ ਵੱਲੋਂ ਆਪਣੇ ਜਿਗਰ ਦੇ ਦੋ ਟੁਕੜਿਆਂ ਨੂੰ ਸਿਰਫ 1100 ਰੁਪਏ ਵਿਚ ਵੇਚਿਆ ਜਾਣਾ ਇਸ ਗੱਲ ਦਾ ਸੰਕੇਤ ਹੈ ਕਿ ਮਜਬੂਰੀ ਵਿਚ ਹੀ ਸਹੀ, ਮਾਂ-ਬਾਪ ਵੀ ਆਪਣੇ ਬੱਚਿਆਂ ਪ੍ਰਤੀ ਬਹੁਤ ਗੰਭੀਰ ਨਹੀਂ ਹਨ। ਬੱਚਿਆਂ ਦੇ ਵੇਚੇ ਜਾਣ ਦਾ ਸਭ ਤੋਂ ਵੱਡਾ ਕਾਰਨ ਗਰੀਬੀ ਅਤੇ ਜਾਗਰੂਕਤਾ ਦੀ ਕਮੀ ਹੀ ਹੈ। ਅਜਿਹੇ ਬੱਚਿਆਂ ਦੀ ਜ਼ਿੰਦਗੀ ਨਰਕ ਬਣ ਜਾਂਦੀ ਹੈ। ਸ਼ਹਿਰ ਵਿਚ ਉਨ੍ਹਾਂ ਦਾ ਆਪਣਾ ਕੋਈ ਨਹੀਂ। ਘਰ ਤੋਂ ਇਕੱਲੇ ਨਿਕਲੇ, ਤਾਂ ਸਿਰ 'ਤੇ ਕੋਈ ਛੱਤ ਨਹੀਂ। ਖਾਣ ਨੂੰ ਅੰਨ ਨਹੀਂ। ਜੇਕਰ ਕਿਸੇ ਸੱਜਣ ਨੇ ਪਨਾਹ ਦੇ ਦਿੱਤੀ, ਤਾਂ ਕੁਝ ਦੀ ਜ਼ਿੰਦਗੀ ਸੁਧਰ ਵੀ ਜਾਂਦੀ ਹੈ, ਪਰ ਇਸ ਤਰ੍ਹਾਂ ਦੀਆਂ ਸਥਿਤੀਆਂ ਵਿਰਲੀਆਂ ਹੀ ਸਾਹਮਣੇ ਆਉਂਦੀਆਂ ਨੇ। ਜ਼ਿਆਦਾਤਰ ਬੱਚਿਆਂ ਨੂੰ ਘਰ ਤੋਂ ਨਿਕਲਣ ਦਾ ਖਮਿਆਜ਼ਾ ਬੇਲੋੜੇ ਅਪਮਾਨ ਅਤੇ ਦੁੱਖਾਂ ਦੀ ਚੱਕੀ ਵਿਚ ਪਿਸਦੇ ਹੋਏ ਭੁਗਤਣਾ ਪੈਂਦਾ ਹੈ। ਸੁੱਖ ਦੀ ਭਾਲ ਵਿਚ ਸ਼ਹਿਰ ਆ ਰਹੇ ਬੱਚਿਆਂ ਦਾ ਦੁੱਖ ਵੀ ਸ਼ਾਇਦ ਪਿੱਛਾ ਨਹੀਂ ਛੱਡਦੇ। ਤਾਂ ਹੀ ਤਾਂ ਉਨ੍ਹਾਂ ਨੂੰ 'ਕੱਲੂ' ਅਤੇ 'ਜੱਗੂ' ਵਰਗੇ ਦਲਾਲ ਮਿਲ ਜਾਂਦੇ ਹਨ, ਜੋ ਭਰੋਸਾ ਤਾਂ ਉਨ੍ਹਾਂ ਨੂੰ ਕੰਮ ਦਿਵਾਉਣ ਦਾ ਕਰਦੇ ਹਨ, ਪਰ ਉਨ੍ਹਾਂ ਦਾ ਸੌਦਾ ਕਰਨ ਤੋਂ ਨਹੀਂ ਖੁੰਝਦੇ। ਲਖਨਊ ਵਿਚ ਬੱਚਿਆਂ ਨੂੰ ਵੇਚਣ ਵਾਲੇ ਗਰੋਹ ਦੇ ਮੈਂਬਰਾਂ ਦਾ ਫੜਿਆ ਜਾਣਾ ਇਸ ਗੱਲ ਦਾ ਨਤੀਜਾ ਹੈ ਕਿ ਬੱਚੇ ਕੁਝ ਲੋਕਾਂ ਲਈ ਕਾਲੀ ਕਮਾਈ ਦਾ ਜ਼ਰੀਆ ਬਣ ਗਏ ਹਨ। ਆਪਣੇ ਹਿੱਤਾਂ ਲਈ ਬੱਚਿਆਂ ਦੇ ਭਵਿੱਖ ਨੂੰ ਤਾਕ 'ਤੇ ਰੱਖ ਦੇਣਾ ਉਨ੍ਹਾਂ ਦੇ ਖੱਬੇ ਹੱਥ ਦਾ ਕੰਮ ਹੈ। ਅੰਕਲ ਬਣਨਾ ਆਸਾਨ ਹੈ, ਪਰ ਅੰਕਲ ਦੀ ਜ਼ੁੰਮੇਵਾਰੀ ਨੂੰ ਨਿਭਾਉਣਾ ਬੇਹੱਦ ਔਖਾ ਹੈ। ਫੇਰ ਜਿਸ ਭਾਂਡੇ ਵਿਚ ਜ਼ਹਿਰ ਭਰਿਆ ਹੋਵੇ, ਉਹ ਸੋਨੇ ਦਾ ਵੀ ਹੋਵੇ, ਤਾਂ ਕੀ ਮਤਲਬ?



ਮੁਫਲਿਸੀ ਨਾਲ ਬੱਚੇ ਇਕ ਵਾਰ ਨਜਿੱਠ ਵੀ ਸਕਦੇ ਹਨ। ਭੁੱਖ ਦੀ ਮਾਰ ਵੀ ਉਹ ਝੱਲ ਸਕਦੇ ਹਨ, ਪਰ ਰੋਟੀ ਦਾ ਇਕ ਟੁਕੜਾ ਦਿਖਾ ਕੇ ਕੋਈ ਉਨ੍ਹਾਂ ਨੂੰ ਜਨਮ ਭਰ ਲਈ ਕਿਸੇ ਦਾ ਦਾਸ ਬਣਾ ਦਏ, ਇਹ ਭੁਗਤਭੋਗੀ ਬੱਚਿਆਂ ਨੂੰ ਹੀ ਨਹੀਂ, ਸਭਿਅਕ ਸਮਾਜ ਦੇ ਕਿਸੇ ਨਾਗਰਿਕ ਨੂੰ ਵੀ ਮਨਜ਼ੂਰ ਨਹੀਂ ਹੋਵੇਗਾ। ਬੱਚੇ ਕੱਲ੍ਹ ਦਾ ਭਵਿੱਖ ਹਨ, ਪਰ ਜਿਨ੍ਹਾਂ ਦਾ ਆਪਣਾ ਕੋਈ ਭਵਿੱਖ ਨਹੀਂ, ਉਹ ਦੇਸ਼ ਦਾ ਭਵਿੱਖ ਬਣ ਵੀ ਕਿਵੇਂ ਸਕਦੇ ਹਨ? ਬੇਹਤਰੀ ਦਾ ਸਬਜ਼ਬਾਗ ਦਿਖਾ ਕੇ ਕੁਝ ਲੋਕ ਉਨ੍ਹਾਂ ਨੂੰ ਦਾਸਾਂ ਦੀਆਂ ਜੰਜ਼ੀਰਾਂ ਵਿਚ ਜਕੜ ਰਹੇ ਹਨ। ਅੱਗੇ ਉਨ੍ਹਾਂ ਨਾਲ ਕੀ ਹੋਵੇਗਾ, ਇਸ ਦੀ ਉਨ੍ਹਾਂ ਨੂੰ ਕਲਪਨਾ ਵੀ ਨਹੀਂ ਹੈ। ਦਲਾਲ ਖਰੀਦਣ ਵਾਲਿਆਂ ਨੂੰ ਪੂਰੀ ਤਰ੍ਹਾਂ ਭਰੋਸਾ ਦੇ ਦਿੰਦੇ ਹਨ ਕਿ ਇਹ ਬੱਚਾ ਤੁਹਾਡਾ ਪੂਰੀ ਤਰ੍ਹਾਂ ਦਾਸ ਹੋਇਆ, ਇਸ ਨੂੰ ਜਿਸ ਤਰ੍ਹਾਂ ਚਾਹੋ ਵਰਤੋ, ਜਿਵੇਂ ਚਾਹੋ ਵਿਵਹਾਰ ਕਰੋ। ਇਸ ਤੋਂ ਬਾਅਦ ਕਹਿਣ ਦੀ ਕੋਈ ਲੋੜ ਹੀ ਨਹੀਂ ਰਹਿ ਜਾਂਦੀ ਕਿ ਵੇਚੇ ਜਾਣ ਵਾਲੇ ਬੱਚਿਆਂ ਦੇ ਨਾਲ ਕਿਵੇਂ ਸਲੂਕ ਹੁੰਦਾ ਹੋਵੇਗਾ। ਇਨ੍ਹਾਂ ਬੱਚਿਆਂ ਨੂੰ ਏਨਾ ਪਤਾ ਹੁੰਦਾ ਹੈ ਕਿ ਅੰਕਲ ਉਨ੍ਹਾਂ ਨੂੰ ਸ਼ਹਿਰ ਵਿਚ ਕਿਸੇ ਹੋਟਲ ਜਾਂ ਫੇਰ ਕਿਸੇ ਅਮੀਰ ਦੇ ਘਰ ਨੌਕਰੀ ਦਿਵਾਉਣ ਲਈ ਲੈ ਕੇ ਜਾ ਰਹੇ ਹਨ, ਪਰ ਉਨ੍ਹਾਂ ਨੂੰ ਕੀ ਪਤਾ ਕਿ ਅੰਕਲ ਉਨ੍ਹਾਂ ਦੇ ਹੀ ਨਹੀਂ, ਉਨ੍ਹਾਂ ਦੇ ਮਾਂ-ਬਾਪ ਦੀ ਵੀ ਪਿੱਠ ਵਿਚ ਛੁਰਾ ਮਾਰ ਰਹੇ ਹਨ। 'ਜੁਗਨ' ਅਤੇ 'ਕੱਲੂ' ਤਾਂ ਪਤੀਲੇ ਦੇ ਇਕ ਚੌਲ ਭਰ ਹੀ ਹਨ। ਪੂਰੀ ਹਾਂਡੀ ਹੀ ਅਜਿਹੇ ਚੌਲਾਂ ਨਾਲ ਭਰੀ ਹੋਈ ਹੈ। ਉਨ੍ਹਾਂ ਨੂੰ ਪਛਾਨਣ ਦੀ ਲੋੜ ਹੈ। ਮਹਾਂਨਗਰਾਂ ਵਿਚ ਬੱਚਿਆਂ ਤੋਂ ਭੀਖ ਮੰਗਵਾਉਣ, ਚੋਰੀ ਕਰਵਾਉਣ, ਰੇਲ ਗੱਡੀਆਂ ਵਿਚ ਗਾਣਾ ਗਵਾਉਣ ਵਾਲੇ ਲੋਕਾਂ ਦੀ ਕਮੀ ਨਹੀਂ ਹੈ। ਆਪਣੇ ਸਵਾਰਥ ਲਈ ਮੱਕਾਰ ਕਿਸਮ ਦੇ ਕੁਝ ਲੋਕ ਬੱਚਿਆਂ ਨੂੰ ਅਪਾਹਜ ਬਣਾ ਦਿੰਦੇ ਹਨ। ਗੈਰ-ਸਮਾਜੀ ਤੱਤਾਂ ਦੀ ਬਦਨੀਤੀ ਦਾ ਸ਼ਿਕਾਰ ਹੋਏ ਬੱਚਿਆਂ ਦੀ ਦੇਸ਼ ਵਿਚ ਬਹੁਤ ਵੱਡੀ ਤਾਦਾਦ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਇਸ ਪ੍ਰਤੀ ਗੰਭੀਰ ਹੋਣਾ ਪਏਗਾ ਅਤੇ ਇਹ ਤਹਿ ਕਰਨਾ ਪਏਗਾ ਕਿ ਕਿਤੇ ਬੱਚੇ ਵੇਚੇ ਤਾਂ ਨਹੀਂ ਜਾ ਰਹੇ। ਘਰੇਲੂ ਨੌਕਰਾਂ ਦੇ ਅਧਿਐਨ ਅਤੇ ਉਨ੍ਹਾਂ ਦੀਆਂ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ ਜਾਂ ਨਹੀਂ, ਇਸ 'ਤੇ ਵੀ ਨਜ਼ਰ ਰੱਖਣੀ ਹੋਵੇਗੀ। ਬੱਚੇ ਕਿਉਂ ਵੇਚੇ ਜਾ ਰਹੇ ਹਨ, ਕਿਥੇ ਵੇਚੇ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਕੌਣ ਵੇਚ ਰਿਹਾ ਹੈ, ਇਸ 'ਤੇ ਨਜ਼ਰ ਰੱਖੇ ਬਗੈਰ ਬੱਚਿਆਂ ਨੂੰ ਬੇਹਤਰੀ ਦਾ ਧਰਾਤਲ ਮੁਹੱਈਆ ਨਹੀਂ ਕਰਾਇਆ ਜਾ ਸਕਦਾ। ਫੇਰ ਕੋਈ 'ਕੱਲੂ' ਅਤੇ 'ਜੁਗਨੂੰ' ਕਿਸੇ ਦਾ ਬੱਚਾ ਨਾ ਵੇਚ ਦਏ, ਇਹ ਦੇਖਣਾ ਸਾਰਿਆਂ ਦੀ ਜ਼ੁੰਮੇਵਾਰੀ ਹੈ।

# ਸੁਪਨੇ ਹਮੇਸ਼ਾ ਆਉਂਦੇ ਰਹਿਣਗੇ

'ਇਕ ਲੜਕੀ ਛੋਟੀ
ਵਾਲ ਰੁੱਖੇ ਰੁੱਖੇ
ਨੱਕ ਮੋਟੀ ਮੋਟੀ
ਮਨ ਉਸ ਦਾ ਚਾਹੇ ਖੇਡਾਂ
ਪਰ ਕਰਨ ਸਹੇਲੀਆਂ ਝੇਡਾਂ।'

'ਡਾ ਡਾ ਡੰਡੀ
ਹਵਾ ਚਲੀ ਠੰਡੀ
ਉਠ ਓ ਘੁਮੰਡੀ
ਦਿਖਾ ਜ਼ਰਾ ਝੰਡੀ
ਖੋਲ੍ਹ ਦਿਓ ਫਾਟਕ
ਸ਼ੁਰੂ ਕਰੋ ਨਾਟਕ।'

ਅਸੀਂ ਇਕ ਅਜਿਹੀ ਦੁਨੀਆ ਬਣਾਉਣਾ ਚਾਹੁੰਦੇ ਹਾਂ ਜਿੱਥੇ ਕੋਈ ਸਰਹੱਦਾਂ ਨਾ ਹੋਣ, ਜ਼ਿੰਦਗੀ ਪਿਆਰ ਭਰੀ ਹੋਵੇ, ਜਿਥੇ ਫੌਜੀਆਂ ਦੇ ਹੱਥਾਂ ਵਿਚ ਬੰਦੂਕਾਂ ਦੀ ਥਾਂ ਫੁੱਲ ਹੋਣ। ਨਾ ਕੋਈ ਛੋਟਾ ਹੋਵੇ, ਨਾ ਵੱਡਾ। ਨਾ ਕੋਈ ਅਮੀਰ ਹੋਵੇ ਨਾ ਗਰੀਬ। ਹਰ ਬੰਦਾ ਖੁਸ਼ਹਾਲ ਜ਼ਿੰਦਗੀ ਜੀਵੇ। ਅਜਿਹੀ ਹੀ ਖੂਬਸੂਰਤ ਦੁਨੀਆ ਅਸੀਂ ਇਕ ਦਿਨ ਜ਼ਰੂਰ ਬਣਾਵਾਂਗੇ।

ਇਹ ਸੁਪਨਾਂ ਉਨ੍ਹਾਂ ਸੈਂਕੜੇ ਬੱਚਿਆਂ ਦਾ ਹੈ ਜਿਨ੍ਹਾਂ ਨੇ ਸੇਵਾ ਸੰਸਥਾ ਚੰਡੀਗੜ੍ਹ ਵੱਲੋਂ ਲਗਾਈਆਂ ਰੰਗਮੰਚ ਕਾਰਜ ਸ਼ਾਲਾਵਾਂ ਵਿਚ ਜ਼ਿੰਦਗੀ ਨੂੰ ਬਹੁਤ ਨੇੜਿਉਂ ਦੇਖਿਆ। ਇਹ ਕਾਰਜਸ਼ਾਲਾਵਾਂ ਚੰਡੀਗੜ੍ਹ ਤੇ ਪੰਜਾਬ ਦੇ ਕਈ ਸਕੂਲਾਂ ਵਿਚ ਲਗਾਈਆਂ ਗਈਆਂ ਹਨ। ਇਨ੍ਹਾਂ ਦਾ ਮੰਤਵ ਮਹਿਜ਼ ਰਵਾਇਤੀ ਰੰਗਮੰਚ ਹੀ ਨਹੀਂ ਸੀ ਸਗੋਂ ਉਸ ਤੋਂ ਅਗਾਂਹ ਇਨ੍ਹਾਂ ਕਾਰਜਸ਼ਲਾਵਾਂ ਦੌਰਾਨ ਬੱਚਿਆਂ ਕੋਲ ਸਥਾਨ, ਸਮਾਂ, ਅਜ਼ਾਦੀ ਤੇ ਅਜਿਹਾ ਮਾਹੌਲ ਸੀ ਜਿਸ ਵਿਚ ਉਹ ਆਪਣੇ ਆਪ ਨੂੰ ਤੇ ਆਪਣੀਆਂ ਭਾਵਨਾਵਾਂ ਨੂੰ ਉਜਾਗਰ ਕਰ ਸਕਣ। ਬੱਚੇ ਕਵਿਤਾਵਾਂ, ਕਹਾਣੀਆਂ, ਤਸਵੀਰਾਂ, ਗੱਲਬਾਤ ਤੇ ਹੋਰ ਕਈ ਢੰਗਾਂ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਦੇ ਸਨ। ਇਕ ਖਾਸ ਗੱਲ ਸੀ ਕਿ ਬਿਨਾਂ ਕੁਝ ਬੋਲੇ ਤੇ ਲਿਖੇ ਆਪਣੀਆਂ ਸਰੀਰਕ ਅਦਾਵਾਂ ਰਾਹੀਂ ਆਪਣੇ ਹਾਵਾਂ-ਭਾਵਾਂ ਨੂੰ ਜ਼ਾਹਿਰ ਕਰਨਾ, ਜੋ ਸ਼ੁਰੂ ਸ਼ੁਰੂ ਵਿਚ ਬੇਹੱਦ ਔਖਾ ਜਾਪਦਾ ਸੀ, ਪਰ ਮਗਰੋਂ ਇਹ ਮਨ ਦੀ ਝਿਜਕ ਨੂੰ ਖੋਲ੍ਹਣ ਵਿਚ ਮਦਦਗਾਰ ਸਾਬਤ ਹੋਇਆ।

ਵਰਕਸ਼ਾਪ ਦੇ ਪਹਿਲੇ ਹੀ ਦਿਨ ਬੱਚੇ ਇਸ ਵਰਕਸ਼ਾਪ ਸੰਬੰਧੀ ਨਿਯਮ ਤੇ ਕਾਨੂੰਨ ਬਣਾ ਲੈਂਦੇ ਸਨ। ਇਹ ਨਿਯਮ ਵਰਕਸ਼ਾਪ ਵਿਚ ਹਿੱਸਾ ਲੈ ਰਹੇ ਹਰ ਇਕ ਵਿਅਕਤੀ ਉਤੇ ਇਕਸਾਰ ਰੂਪ ਵਿਚ ਲਾਗੂ ਹੁੰਦੇ ਸਨ। ਬੱਚਿਆਂ ਵਿਚ ਇਸ ਗੱਲ ਦਾ ਅਹਿਸਾਸ ਰਹਿੰਦਾ ਕਿ ਉਹ ਵਰਕਸ਼ਾਪ ਵਿਚ ਬਰਾਬਰ ਦੇ ਹਿੱਸੇਦਾਰ ਹਨ।

ਬੱਚਿਆਂ ਨਾਲ ਵੱਖ ਵੱਖ ਵਿਸ਼ਿਆਂ 'ਤੇ ਗੱਲਬਾਤ ਅਤੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਸੀ ਜਿਵੇਂ ਧਰਮ, ਇਤਿਹਾਸ ਸਿੱਖਿਆ ਪ੍ਰਣਾਲੀ, ਸੁੰਦਰਤਾ ਅਤੇ ਇਨ੍ਹਾਂ ਬਾਰੇ ਉਨ੍ਹਾਂ ਦਾ ਵਿਚਾਰ ਆਦਿ। ਬੱਚਿਆਂ ਕੋਲ ਭਾਵੇਂ ਇਨ੍ਹਾਂ ਵਿਸ਼ਿਆਂ 'ਤੇ ਵਿਚਾਰ ਪ੍ਰਗਟ ਕਰਨ ਲਈ ਭਾਰੇ-ਭਾਰੇ ਤੇ ਵਧੀਆ ਸ਼ਬਦ ਨਹੀਂ ਸਨ ਪਰ ਉਨ੍ਹਾਂ ਦੀ ਇਨ੍ਹਾਂ ਵਿਸ਼ਿਆਂ ਨੂੰ ਮਹਿਸੂਸ ਕਰਨ ਦੀ ਤੀਬਰਤਾ ਵੱਡਿਆਂ ਨਾਲੋਂ ਕਿਤੇ ਜ਼ਿਆਦਾ ਸੀ। ਇਨ੍ਹਾਂ ਵਿਸ਼ਿਆਂ ਤੋਂ ਇਲਾਵਾ ਬੱਚਿਆਂ ਨਾਲ ਉਨ੍ਹਾਂ ਦੇ ਨਿੱਜੀ ਤਜ਼ਰਬੇ ਵੀ ਸਾਂਝੇ ਕੀਤੇ ਗਏ ਤੇ ਮਹਿਸੂਸ ਹੋਇਆ ਕਿ ਮਾਨਵੀ ਰਿਸ਼ਤਿਆਂ ਦਾ ਵੀ ਇਕ ਪਰਿਵਾਰ ਬਣ ਸਕਦਾ ਹੈ।

ਇਨ੍ਹਾਂ ਕਾਰਜਸ਼ਾਲਾਵਾਂ ਵਿਚ ਬੱਚਿਆਂ ਨੇ ਸਹੀ ਅਰਥਾਂ ਵਿਚ ਰੰਗਕਰਮੀਆਂ ਵਾਂਗ ਕੰਮ ਵੀ ਕੀਤਾ। ਨਾਟਕ ਦਾ ਵਿਸ਼ਾ ਬੱਚੇ ਆਪ ਹੀ ਚੁਣਦੇ ਸਨ। ਨਾਟਕ ਦੀ ਕਹਾਣੀ, ਸੰਵਾਦ, ਗੀਤ, ਗੀਤਾਂ ਦੀਆਂ ਧੁਨਾਂ ਸਭ ਕੁਝ ਬੱਚੇ ਹੀ ਤਿਆਰ ਕਰਦੇ ਸਨ। ਬੱਚਿਆਂ ਨੇ ਖੂਬਸੂਰਤ ਵਿਸ਼ੇ ਚੁਣੇ ਜਿਵੇਂ ਦੁਨੀਆ, ਸੁਪਨੇ, ਬਸਤੇ ਦੀ ਕਹਾਣੀ ਤੇ ਪ੍ਰਦੂਸ਼ਣ ਆਦਿ।

ਇਨ੍ਹਾਂ ਨਾਟਕਾਂ ਦੇ ਪਾਤਰ ਵੀ ਦਿਲਚਸਪ ਸਨ ਤੇ ਲੀਕ ਤੋਂ ਹਟਵੇਂ ਵੀ ਜਿਵੇਂ ਝਾੜੂ, ਤੰਦੂਰ, ਬਸਤਾ, ਇਮਾਰਤ, ਰਜਿਸਟਰ ਆਦਿ। ਗੀਤ ਅਤੇ ਉਨ੍ਹਾਂ ਦੀਆਂ ਧੁਨਾਂ ਬਹੁਤ ਮਨਮੋਹਕ ਸਨ।

ਮਿਸਾਲ ਵਜੋਂ:

*'ਸੁਣੋ ਜਜਮਾਨ, ਬਸਤਾ ਪ੍ਰੇਸ਼ਾਨ*
*ਢਿੱਡ 'ਚ ਕਿਤਾਬਾਂ, ਕੱਢਣ ਜਾਨ।*
*ਇਸ ਮੁਸੀਬਤ ਦਾ ਸਬਬ*
*ਸੋਚੋ ਸ੍ਰੀਮਾਨੋ, ਸੋਚੋ ਜਨਾਬ।'*

ਇਨ੍ਹਾਂ ਸਾਰੀਆਂ ਰਚਨਾਵਾਂ ਨੂੰ ਸਿਰਜਣ ਦੀ ਖੁਸ਼ੀ ਅਤੇ ਤਸੱਲੀ ਬੱਚਿਆਂ ਦੇ ਚਿਹਰਿਆਂ ਅਤੇ ਅੱਖਾਂ ਵਿਚ ਪੜ੍ਹੀ ਜਾ ਸਕਦੀ ਸੀ। ਬੱਚਿਆਂ ਵਿਚ ਆਪਾ ਪ੍ਰਗਟਾਉਣ ਦੀ ਚੇਤਨਾ ਨੇ ਵੀ ਜਨਮ ਲਿਆ ਜੋ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਜ਼ਰੂਰ ਹੀ ਪ੍ਰਭਾਵਤ ਕਰੇਗੀ।

ਬੱਚਿਆਂ ਨੇ ਆਪਣੇ ਬਹੁਤ ਸਾਰੇ ਨਿੱਜੀ ਅਨੁਭਵ ਜ਼ਿੰਦਗੀ ਵਿਚ ਪਹਿਲੀ ਵਾਰ ਇਕ ਦੂਜੇ ਨਾਲ ਸਾਂਝੇ ਕੀਤੇ। ਇਕ ਦੂਜੇ ਪ੍ਰਤੀ ਉਨ੍ਹਾਂ ਦਾ ਵਿਸ਼ਵਾਸ ਕਾਇਮ ਹੋਇਆ ਅਤੇ ਉਨ੍ਹਾਂ ਵਿਚ ਦਿਲੀ ਸਾਂਝ ਪੈਦਾ ਹੋਈ। ਨਾਟਕਾਂ ਲਈ ਜੋ ਵੀ ਵਿਸ਼ੇ ਬੱਚਿਆਂ ਨੇ ਚੁਣੇ ਉਹ ਅਸਲ ਵਿਚ ਵੀ ਉਨ੍ਹਾਂ ਨਾਲ ਜੁੜੇ। ਮਿਸਾਲ ਵੱਜੋਂ ਇਕ ਕਾਰਜਸ਼ਾਲਾ ਦੌਰਾਨ ਨਾਟਕ ਦੀ ਕਹਾਣੀ ਵਿਚ ਤਾਂ ਬੱਚੇ ਬਦਸੂਰਤ ਬੱਚਿਆਂ ਨਾਲ ਚੰਗਾ ਵਰਤਾਉ ਕਰਨ ਦੀ ਗੱਲ ਕਰਦੇ ਸਨ ਪਰ ਕਲਾਸ ਵਿਚ ਉਹ ਇਸ ਤੋਂ ਬਿਲਕੁਲ ਉਲਟ ਵਿਹਾਰ ਕਰਦੇ ਸਨ। ਜਦੋਂ ਉਨ੍ਹਾਂ ਨੂੰ ਇਹ ਗੱਲ ਮਹਿਸੂਸ ਹੋਈ ਤਾਂ ਉਹ ਰੋ ਪਏ ਤੇ ਉਨ੍ਹਾਂ ਨੇ ਤੈਅ ਕੀਤਾ ਕਿ ਉਹ ਭਵਿੱਖ ਵਿਚ ਹਰ ਬੱਚੇ ਨਾਲ ਚੰਗਾ ਸਲੂਕ ਕਰਨਗੇ। ਇਹ ਘਟਨਾ ਇਸ ਗੱਲ ਦੀ ਗਵਾਹ ਹੈ ਕਿ ਬੱਚਿਆਂ ਨੂੰ ਖੂਬਸੂਰਤੀ ਦੇ ਅਰਥ ਬਿਲਕੁਲ ਸ਼ਪਸ਼ਟ ਹੋ ਗਏ ਸਨ। ਉਨ੍ਹਾਂ ਨੂੰ ਪਤਾ ਲੱਗਾ ਕਿ ਬਾਹਰੀ ਸੁੰਦਰਤਾ ਦੇ ਨਾਲ ਨਾਲ ਅੰਦਰੂਨੀ ਸੁੰਦਰਤਾ ਦੀ ਵੀ ਬੇਹੱਦ ਲੋੜ ਹੁੰਦੀ ਹੈ।

ਇਕ ਹੋਰ ਘਟਨਾ ਵਰਨਣਯੋਗ ਹੈ। ਇਕ ਬੱਚਾ ਮਾਨਸਿਕ ਪੱਖੋਂ ਕਾਫ਼ੀ ਪ੍ਰੇਸ਼ਾਨ ਸੀ। ਉਸ ਦੀ ਪ੍ਰੇਸ਼ਾਨੀ ਦਾ ਵੱਡਾ ਕਾਰਨ ਸੀ ਕਿ ਉਹ ਆਪਣੀ ਪੰਦਰਾਂ ਸਾਲ ਦੀ ਉਮਰ ਤਕ ਸਿਰਫ਼ ਉਹੀ ਕੰਮ ਕਰਦਾ ਰਿਹਾ ਤੇ ਉਵੇਂ ਹੀ ਜਿਉਂਦਾ ਰਿਹਾ ਜਿਵੇਂ ਉਸ ਦੇ ਮਾਂ-ਬਾਪ ਅਤੇ ਅਧਿਆਪਕ ਚਾਹੁੰਦੇ ਸਨ। ਇਸੇ ਕਾਰਨ ਉਸ ਨੂੰ ਕੋਈ ਕੰਮ ਕਰਨਾ ਚੰਗਾ ਨਹੀਂ ਸੀ ਲਗਦਾ। ਕਾਰਜਸ਼ਾਲਾ ਦੌਰਾਨ ਜਦੋਂ ਉਸ ਨੂੰ ਆਪਣੀ ਇੱਛਾ ਮੁਤਾਬਕ ਕੰਮ ਕਰਨ ਦਾ ਮੌਕਾ ਮਿਲਿਆ ਤਾਂ ਉਸ ਦੀ ਮਾਨਸਿਕ ਪ੍ਰੇਸ਼ਾਨੀ ਦਾ ਹਲ ਹੋ ਗਿਆ ਤੇ ਉਹ ਹਰ ਕੰਮ ਵਿਚ ਦਿਲਚਸਪੀ ਲੈਣ ਲੱਗਾ।

ਇਨ੍ਹਾਂ ਕਾਰਜਸ਼ਾਲਾਵਾਂ ਦੌਰਾਨ ਅਧਿਆਪਕ-ਵਿਦਿਆਰਥੀ ਅਤੇ ਮੁੰਡੇ-ਕੁੜੀਆਂ ਵਿਚਲੀ ਝਿਜਕ ਕਾਫੀ ਹੱਦ ਤੱਕ ਦੂਰ ਹੋਈ ਅਤੇ ਇਨ੍ਹਾਂ ਵਿਚਾਲੇ ਰਿਸ਼ਤਿਆਂ ਦੀ ਨਵੇਂ ਸਿਰਿਉਂ ਵਿਆਖਿਆ ਕੀਤੀ ਗਈ। ਇਕ ਸਕੂਲ ਵਿਚ ਬੱਚੇ ਆਪਣੇ ਇਕ ਅਧਿਆਪਕ ਤੋਂ ਬਹੁਤ ਡਰਦੇ ਸਨ ਤੇ ਪਿੱਠ ਪਿੱਛੇ ਉਸ ਦੀ ਬੁਰਾਈ ਵੀ ਕਰਦੇ ਸਨ। ਉਸ ਅਧਿਆਪਕ ਦਾ ਬੱਚਿਆਂ ਪ੍ਰਤੀ ਰਵੱਈਆ ਕੁਝ ਠੀਕ ਨਹੀਂ ਸੀ। ਕਾਰਜਸ਼ਾਲਾ ਦੌਰਾਨ ਇਹ ਵੀ ਇਕ ਨਿਯਮ ਸੀ ਕਿ ਕੋਈ ਆਪਣੇ ਦਿਲ ਵਿਚ ਗੱਲ ਲੁਕੋਏਗਾ ਨਹੀਂ। ਜੇ ਕੋਈ ਗੱਲ ਹੋਵੇ ਵੀ ਤਾਂ ਉਹ ਖੁੱਲ੍ਹ ਕੇ ਪ੍ਰਗਟ ਕਰੇਗਾ। ਇਸ ਦਾ ਅਸਰ ਇਹ ਹੋਇਆ ਕਿ ਬੱਚਿਆਂ ਨੇ ਅਤੇ ਉਨ੍ਹਾਂ ਦੇ ਅਧਿਆਪਕ ਨੇ ਆਪਸ ਵਿਚ ਖੁੱਲ੍ਹ ਕੇ ਗੱਲ ਕੀਤੀ। ਇਸ ਤਰ੍ਹਾਂ ਇਨ੍ਹਾਂ ਦੇ ਆਪਸੀ ਰਿਸ਼ਤਿਆਂ ਨੇ ਇਕ ਸੁਖਾਵਾਂ ਮੋੜ ਲੈ ਲਿਆ। ਮਜ਼ੇ ਦੀ ਗੱਲ ਇਹ ਹੋਈ ਕਿ ਉਹੀ ਅਧਿਆਪਕ ਬੱਚਿਆਂ ਦਾ ਸਭ ਤੋਂ ਚਹੇਤਾ ਅਧਿਆਪਕ ਬਣ ਗਿਆ। ਇਨ੍ਹਾਂ ਕਾਰਜਸ਼ਾਲਾਵਾਂ ਦਾ ਫਾਇਦਾ ਬੱਚਿਆਂ ਦੇ ਨਾਲ ਨਾਲ ਵੱਡਿਆਂ ਨੂੰ ਵੀ ਹੋਇਆ।

ਕੁਝ ਕਾਰਜਸ਼ਾਲਾਵਾਂ ਵੱਡਿਆਂ ਨਾਲ ਵੀ ਲਾਈਆਂ ਗਈਆਂ। ਕੁਝ ਵਿਚ ਵੱਡੇ ਅਤੇ ਬੱਚੇ ਇਕੱਠੇ ਸ਼ਾਮਲ ਸਨ। ਬੱਚਿਆਂ ਨੂੰ ਵੱਡਿਆਂ ਦੀਆਂ ਅਤੇ ਵੱਡਿਆਂ ਨੂੰ ਬੱਚਿਆਂ ਦੀਆਂ ਸਮੱਸਿਆਵਾਂ ਸਮਝਣ ਦਾ ਮੌਕਾ ਮਿਲਿਆ। ਨਾਟਕ ਵਿਚ ਬੱਚੇ ਵੱਡਿਆਂ ਦਾ ਅਤੇ ਵੱਡੇ ਬੱਚਿਆਂ ਦਾ ਰੋਲ ਅਦਾ ਕਰਦੇ ਸਨ ਤਾਂ ਜੋ ਰੋਲ ਅਦਾ ਕਰਦੇ ਸਮੇਂ ਉਹ ਇਕ ਦੂਜੇ ਦੇ ਜਜ਼ਬਾਤ ਨੂੰ ਹੋਰ ਚੰਗੀ ਤਰ੍ਹਾਂ ਸਮਝ ਸਕਣ।

ਇਨ੍ਹਾਂ ਕਾਰਜਸ਼ਾਲਾਵਾਂ ਦੌਰਾਨ ਵੱਖ ਵੱਖ ਤਰੀਕਿਆਂ ਰਾਹੀਂ ਕਾਰਜਸ਼ਾਲਾਵਾਂ ਵਿਚ ਹਿੱਸਾ ਲੈ ਰਹੇ ਲੋਕਾਂ ਦੇ ਮਨ ਵਿਚ ਦੱਬੀਆਂ ਕਈ ਗੱਲਾਂ ਬਾਹਰ ਆਈਆਂ ਅਤੇ ਉਨ੍ਹਾਂ ਦੇ ਮਨ ਨੂੰ ਤਸੱਲੀ ਹੋਈ। ਉਨ੍ਹਾਂ ਨੂੰ ਆਪਣੇ ਆਪ ਨੂੰ ਪੂਰੀ ਤਰ੍ਹਾਂ ਪ੍ਰਗਟ ਕਰਕੇ ਸੁਖਾਵੇਂ ਅਹਿਸਾਸ ਹੋਇਆ। ਇਸ ਤਰ੍ਹਾਂ ਲੱਗਿਆ ਜਿਵੇਂ ਹਨੇਰੇ ਦਿਲਾਂ ਦੀਆਂ ਧੁਰ ਨੁੱਕਰਾਂ ਤੱਕ ਰੁਸ਼ਨਾ ਗਈਆਂ ਹੋਣ। ਐਸ਼ੋ-ਆਰਾਮ ਦੇ ਜਿਸ ਪਦਾਰਥਕ ਯੁੱਗ ਨੇ ਬੰਦੇ ਦੀ ਆਤਮਾ ਤੱਕ ਨੂੰ ਹਲੂਣ ਛੱਡਿਆ ਹੈ, ਅਜਿਹੇ ਭੁੱਲੇ-ਵਿਸਰੇ ਮਨੁੱਖੀ ਅਹਿਸਾਸਾਂ ਦਾ ਅਨੁਭਵ ਮਾਰੂਥਲ ਵਿਚ ਮੋਹਲੇਧਾਰ ਮੀਂਹ ਦੇ ਬਰਾਬਰ ਸੀ।

ਪਾਸ਼ ਦੀ ਕਵਿਤਾ ਦੀ ਇਕ ਬਹੁਤ ਖ਼ੂਬਸੂਰਤ ਸਤਰ ਹੈ:

'ਸਭ ਤੋਂ ਖ਼ਤਰਨਾਕ ਹੁੰਦਾ ਹੈ
ਸੁਪਨਿਆਂ ਦਾ ਮਰ ਜਾਣਾ.......'

ਇਨ੍ਹਾਂ ਕਾਰਜਸ਼ਾਲਾਵਾਂ ਦੌਰਾਨ ਬੱਚਿਆਂ ਅਤੇ ਵੱਡਿਆਂ ਨੇ ਇਕੱਠੇ ਕੰਮ ਕਰਦੇ ਹੋਏ ਜ਼ਿੰਦਗੀ ਨੂੰ ਖੂਬਸੂਰਤ ਬਣਾਉਣ ਦੇ ਸੁਨੇ ਸੰਜੋਏ ਅਤੇ ਉਨ੍ਹਾਂ ਦਾ ਪੱਕਾ ਵਿਸ਼ਵਾਸ ਹੈ ਕਿ ਉਹ ਸੁਪਨਿਆਂ ਨੂੰ ਹਕੀਕਤ ਵਿਚ ਬਦਲ ਦੇਣਗੇ।

ਇਕ ਬੱਚੇ ਦੀ ਖੂਬਸੂਰਤ ਕਵਿਤਾ ਇਸ ਗੱਲ ਦਾ ਯਕੀਨ ਦਿਵਾਉਂਦੀ ਹੈ:

'ਸੁਪਨੇ ਹਮੇਸ਼ਾ ਆਉਂਦੇ ਰਹੇ ਨੇ
ਸੁਪਨੇ ਹਮੇਸ਼ਾਂ ਆਉਂਦੇ ਰਹਿਣਗੇ
ਸੁਪਨੇ ਅਸੀਂ ਸਜਾਉਂਦੇ ਰਹੇ ਹਾਂ
ਸੁਪਨੇ ਅਸੀਂ ਸਜਾਉਂਦੇ ਰਹਾਂਗੇ
ਚਾਹੇ ਕੋਈ ਵਜ਼ਾ ਲਵੇ ਢੋਲ
ਲਗਾ ਲਵੇ ਜ਼ੋਰ
ਤੇ ਕਰ ਲਵੇ ਗੋਲਮ-ਗੋਲ।'

**ਜੀਤੂ**

## ਡਾਕਟਰ ਦੀ ਸਲਾਹ

# ਮੋਟਾਪਾ ਸਰਾਪ ਕਿਉਂ ਹੈ?



**ਡਾ. ਅੰਮ੍ਰਿਤ**

ਅੱਜ ਇਕਹਿਰਾ ਸੰਗਠਿਤ ਸਰੀਰ ਸੁੰਦਰਤਾ ਦਾ ਮਾਪਦੰਡ ਹੈ। ਜਦ ਕੁਝ ਸਮਾਂ ਪਹਿਲਾਂ ਭਰਵੇਂ ਬਦਨ ਦੇ ਵਿਅਕਤੀ ਸਿਹਤਮੰਦ ਤੇ ਸੁੰਦਰ ਸਮਝੇ ਜਾਂਦੇ ਸਨ। ਵਿਚਾਰ ਸੀ ਕਿ ਮੋਟੇ ਆਲਸੀ ਆਦਮੀ ਪੂਰਨ ਹੁੰਦੇ ਹਨ। ਆਧੁਨਿਕ ਯੁੱਗ ਵਿਚ ਸਾਰੇ ਸਮਝਦਾਰ ਬੰਦੇ ਅਪਣੇ ਵਜਨ ਨੂੰ ਕੰਟਰੋਲ ਵਿਚ ਰੱਖਦੇ ਹਨ ਜਾਂ ਫਿਰ ਜੇ ਵਜਨ ਜ਼ਿਆਦਾ ਹੈ ਤਾਂ ਘੱਟ ਕਰਨ ਦੀ ਕੋਸ਼ਿਸ਼ ਕਰਦੇ ਹਨ। ਵਜਨ ਘਟਾਉਣ ਦੀਆਂ ਅਨੇਕਾਂ ਵਿਧੀਆਂ ਪ੍ਰਚੱਲਿਤ ਹਨ ਤੇ ਵਜਨ ਘੱਟ ਕਰਨ ਦੀ ਗਰੰਟੀ ਦੇਣ ਵਾਲੇ ਕਲੱਬ, ਫਿੱਟਨਸ ਸੈਂਟਰ ਆਦਿ ਹਰ ਗਲੀ ਮੁਹੱਲੇ 'ਚ ਖੁਲ੍ਹ ਰਹੇ ਹਨ। ਸਰੀਰ 'ਚ ਜਦ ਵਸਾ ਸੈਲਾਂ ਵਿਚ ਵੱਧ ਮਾਤਰਾ 'ਚ ਜਮਾ ਹੋਣ ਲੱਗਦੀ ਹੈ ਤਾਂ ਸਰੀਰ ਦਾ ਵਜਨ ਵੱਧ ਜਾਂਦਾ ਹੈ। ਕਦੇ-ਕਦੇ ਮਾਸਪੇਸ਼ੀਆਂ ਦਾ ਆਕਾਰ ਵਧਣ ਜਾਂ ਸਰੀਰ 'ਚ ਤਰਲ ਦੀ ਮਾਤਰਾ ਵੱਧ ਜਾਣ ਨਾਲ ਵੀ ਵਜਨ ਵਧ ਸਕਦਾ ਹੈ। ਪਰ ਮੋਟਾਪਾ ਸਰੀਰ 'ਚ ਵੱਧ ਮਾਤਰਾ 'ਚ ਫੈਟ ਜਮ੍ਹਾ ਹੋਣ ਨੂੰ ਹੀ ਕਿਹਾ ਜਾਂਦਾ ਹੈ। ਮੋਟਾਪੇ ਦੀ ਸਮੱਸਿਆ ਭਿਆਨਕ ਰੂਪ ਧਾਰ ਰਹੀ ਹੈ। ਵੱਧਦੀ ਤਰੱਕੀ, ਸੁਖ ਸਹੂਲਤਾਂ ਦੇ ਸਾਧਨਾਂ ਦੇ ਕਾਰਨ ਬਹੁਤੇ ਵਿਅਕਤੀ ਆਲਸੀ ਹੋ ਰਹੇ ਹਨ, ਨਾਲ ਹੀ ਚਾਰੇ ਪਾਸੇ ਤਰ੍ਹਾਂ-ਤਰ੍ਹਾਂ ਦੇ ਸੁਆਦੀ ਭੋਜਨਾ ਦੀ ਮੌਜੂਦਗੀ ਕਾਰਨ ਬਹੁਤੇ ਵਿਅਕਤੀ ਖੁਦ 'ਤੇ ਕਾਬੂ ਨਹੀਂ ਰੱਖ ਸਕਦੇ। ਜ਼ਰੂਰਤ ਤੋਂ ਵੱਧ ਮਾਤਰਾ 'ਚ ਭੋਜਨ ਖਾਂਦੇ ਹਨ, ਜਿਸ ਕਾਰਨ ਵਜਨ ਵੱਧਣ ਲੱਗਦਾ ਹੈ। ਮੋਟਾਪਾ ਵੀ ਹੁਣ ਇਕ ਰੋਗ ਮੰਨਿਆਂ ਜਾਂਦਾ ਹੈ। ਅੰਦਾਜ਼ਨ ਦੇਸ਼ 'ਚ 20-30 ਫੀਸਦੀ ਵੱਡੇ ਤੇ 10-20 ਫੀਸਦੀ ਬੱਚੇ ਮੋਟਾਪੇ ਤੋਂ ਪੀੜਤ ਹਨ। ਬਦਲਦੀ ਜੀਵਨ ਸ਼ੈਲੀ ਦੇ ਕਾਰਨ ਇਹਨਾਂ ਦੀ ਗਿਣਤੀ ਵੱਧ ਰਹੀ ਹੈ। ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਸ਼ਹਿਰ 'ਚ ਕਰੀਬ ਅੱਧੇ ਨੌਜਵਾਨ ਵਜਨ ਘਟਾਉਣ ਦੇ ਸਫਲ ਜਾਂ ਅਸਫਲ ਯਤਨ ਕਰ ਰਹੇ ਹਨ।

## ਮੋਟਾ ਕਦੋਂ ਕਿਹਾ ਜਾਂਦਾ ਹੈ?

ਹਰ ਵਿਅਕਤੀ ਨੌਜਵਾਨ, ਬੱਚੇ, ਵੱਡੇ ਦਾ ਵਜਨ ਉਸ ਦੇ ਲਿੰਗ, ਉਮਰ, ਲੰਬਾਈ ਤੇ ਬਨਾਵਟ ਅਨੁਸਾਰ ਮੰਨੇ ਜਾਂਦੇ ਵਜਨ ਦੇ ਨਜ਼ਦੀਕ ਹੋਣਾ ਚਾਹੀਦਾ ਹੈ। ਜੇ ਵਜਨ ਸਹੀ ਵਜਨ ਤੋਂ 10-20 ਫੀਸਦੀ ਹੀ ਵੱਧ ਹੈ ਤਾਂ ਇਹ ਜ਼ਿਆਦਾ ਵਜਨ ਦੇ ਆਖੇ ਜਾਂਦੇ ਹਨ। ਜਦ ਵਜਨ 20-40 ਤੱਕ ਵੱਧ ਜਾਂਦਾ ਹੈ ਤਾਂ ਹਲਕੇ ਮੋਟੇ, 41 ਤੋਂ 100 ਫੀਸਦੀ ਵੱਧਣ 'ਚ ਦਰਮਿਆਨੇ ਮੋਟੇ ਅਤੇ 100 ਫੀਸਦੀ ਤੋਂ ਵੱਧ ਵਧਣ ਨਾਲ ਬੇਹੱਦ ਮੋਟਿਆਂ ਦੀ ਸ਼੍ਰੇਣੀ 'ਚ ਆਉਂਦੇ ਹਨ।

ਮੋਟਾਪੇ ਦਾ ਦੂਜਾ ਤੇ ਬੇਹਤਰ ਮਾਪਦੰਡ ਸਰੀਰ 'ਚ ਕੁਲ ਫੈਟ ਦੀ ਮਾਤਰਾ ਹੁੰਦੀ ਹੈ। ਸੇਹਤਮੰਦ ਔਰਤਾਂ 'ਚ ਵਸਾ (ਫੈਟ) ਕੁਲ ਮਾਤਰਾ ਵਜਨ ਦਾ 18 ਤੋਂ 22 ਫੀਸਦੀ ਅਤੇ ਮਰਦਾਂ 'ਚ ਕੁਝ ਘੱਟ 15 ਤੋਂ 19 ਫੀਸਦੀ ਹੁੰਦੀ ਹੈ। ਜਦ ਔਰਤਾਂ 'ਚ ਕੁਲ ਫੈਟ ਦੀ ਮਾਤਰਾ 30 ਫੀਸਦੀ ਅਤੇ ਮਰਦਾ 'ਚ 25 ਫੀਸਦੀ ਤੋਂ ਵੱਧ ਹੋ ਜਾਂਦੀ ਹੈ ਤਾਂ ਇਸ ਨੂੰ ਮੋਟਾਪਾ ਕਿਹਾ ਜਾ ਸਕਦਾ ਹੈ। ਮੋਟਾਪੇ ਦਾ ਤੀਜਾ ਤੇ ਵੱਧ ਚੰਗਾ ਸੌਖਾ ਤਰੀਕਾ ਬੀ.ਐਮ.ਆਈ. (ਭੀ) ਦੀ ਗਣਨਾ ਹੁੰਦੀ ਹੈ। ਇਹਨਾਂ ਦੀ ਮਿਣਤੀ (ਗਣਨਾ) ਵਜਨ (ਕਿ.ਗ੍ਰਾ) ਦੀ ਮੀਟਰਾਂ 'ਚ ਲੰਬਾਈ ਦੇ ਘਣ ਨਾਲ ਤਕਸੀਮ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। (ਵਜਣ (ਕਿ. ਗ੍ਰਾ)/ ਲੰਬਾਈ (ਮੀਟਰ)। ਆਮ ਵਿਅਕਤੀਆਂ 'ਚ ਇਹ 20-25 ਕਿਲੋ ਗ੍ਰਾਮ ਪ੍ਰਤੀ ਮੀਟਰ ਹੁੰਦੀ ਹੈ। ਜਦ ਭੀ ਮਰਦਾਂ 'ਚ 30 ਤੋਂ ਵੱਧ ਤੇ ਔਰਤਾਂ 'ਚ 28.6 ਤੋਂ ਵੱਧ ਹੁੰਦਾ ਹੈ ਤਾਂ ਇਹ ਵਿਅਕਤੀ ਮੋਟਾਪੇ ਦੀ ਸ਼੍ਰੇਣੀ ਵਿਚ ਆਉਂਦੇ ਹਨ, ਜੇ ਭੀ 40 ਤੋਂ ਵੱਧ ਹੁੰਦਾ ਹੈ ਤਾਂ ਵੱਧ ਮੋਟੇ ਕਹੇ ਜਾਂਦੇ ਹਨ।

ਮੋਟਾਪਾ ਜਾਂ ਵਜਣ ਵੱਧ ਹੋਣ ਦਾ ਅਨੁਮਾਨ ਬਹੁਤ ਆਸਾਨੀ ਨਾਲ ਸੈਂਟੀ ਮੀਟਰਾਂ 'ਚ ਮਾਪ ਕੇ ਉਸ ਚੋਂ 100 ਘਟਾਉਣ ਨਾਲ ਹੀ ਉਸਦਾ ਵਜਨ ਹੋਣਾ ਚਾਹੀਦਾ ਹੈ। ਇਸ ਵਜਨ 'ਚ 10 ਫੀਸਦੀ ਤੱਕ ਵੱਧ ਹੋਣ 'ਤ ਚੌਕਸ ਹੋ ਜਾਣਾ ਚਾਹੀਦਾ ਹੈ।

## ਮੋਟਾਪਾ ਹੁੰਦਾ ਕਿਉਂ ਹੈ?

***ਵਿਅਕਤੀ ਦਾ ਵਜਨ ਕੰਟਰੋਲ 'ਰਹਿਣਾ ਚਾਹੀਦਾ ਹੈ। ਪਰ ਭੋਜਨ ਤੋਂ ਹਾਸਲ ਕੈਲਰੀ ਦੀ ਸਪਲਾਈ ਤੇ ਕੰਮ ਦੁਆਰਾ ਖਰਚ ਕੀਤੀ ਗਈ ਕੈਲਰੀ 'ਚ ਅਸੰਤੁਲਨ ਹੋ ਜਾਂਦੀ ਹੈ ਤਾਂ ਵਜ਼ਨ ਵੱਧਣ ਲੱਗਦਾ ਹੈ। ਹੇਠ ਲਿਖਿਆ 'ਚ ਮੋਟਾ ਹੋਣ ਦਾ ਖਤਰਾ ਵੱਧ ਹੁੰਦਾ ਹੈ।***

* ਜੇ ਕੋਈ ਬਚਪਨ 'ਚ ਮੋਟਾ ਹੋਵੇ ਤਾਂ ਉਸ ਦੇ ਨੌਜਵਾਨ ਤੇ ਵੱਡੀ ਉਮਰ ਹੋਣ 'ਤੇ ਵੀ ਮੋਟੇ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਅਨੁਮਾਨ ਹੈ ਕਿ ਨੌਜਵਾਨ ਵੱਡਿਆਂ 'ਚ ਤਕਰੀਬਨ ਇਕ ਤਿਹਾਈ ਤੋਂ ਵੱਧ ਬਚਪਨ 'ਚ ਹੀ ਮੋਟੇ ਹੋ ਜਾਂਦੇ ਹਨ। ਖੋਜ਼ਾਂ ਤੋਂ ਪਤਾ ਲੱਗਿਆ ਹੈ ਕਿ ਜੇ ਬਚਪਨ 'ਚ ਗਲਤ ਖਾਣ-ਪੀਣ ਦੇ ਕਾਰਨ, ਵੱਧ ਗਿਣਤੀ 'ਚ ਵਸਾ ਸੈਲਾਂ ਦਾ ਨਿਰਮਾਣ ਹੋ ਜਾਂਦਾ ਹੈ ਤਾਂ ਮੋਟੇ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ।
* ਮੋਟਾਪਾ ਕੁਝ ਹੱਦ ਤੱਕ ਪਿਤਾ ਪੁਰਖੀ ਹੁੰਦਾ ਹੈ, ਮੋਟਾਪੇ ਲਈ ਜ਼ਿੰਮੇਵਾਰ ਕੁਝ ਗੁਣ ਸੂਤਰਾਂ ਦੀ ਪਹਿਚਾਣ ਕਰ ਲਈ ਗਈ ਹੈ। ਨਾਲ ਹੀ ਪ੍ਰੀਵਾਰ ਦੀ ਜੀਵਨ ਸ਼ੈਲੀ, ਭੋਜਨ ਦੀਆਂ ਆਦਤਾਂ ਦਾ ਵੀ ਮੋਟਾ ਹੋਣ 'ਚ ਯੋਗਦਾਨ ਹੁੰਦਾ ਹੈ। ਜਿਹਨਾਂ ਪਰਿਵਾਰਾਂ 'ਚ ਵਾਰ-ਵਾਰ ਭੋਜਨ ਖਾ ਕੇ ਵੱਧ ਫੈਟ ਭਰਪੂਰ ਤਲਿਆ, ਵਜਨਦਾਰ ਭੋਜਨ ਕਰਨ ਦਾ ਰਿਵਾਜ ਹੈ, ਉਹਨਾਂ ਘਰਾਂ ਦੇ ਸਾਰੇ ਮੈਂਬਰ ਮੋਟੇ ਹੋ ਸਕਦੇ ਹਨ।
* ਆਲਸੀ ਵਿਅਕਤੀਆਂ ਦੇ ਮੋਟੇ ਹੋਣ ਦੀ ਸੰਭਾਵਨਾ ਵੱਧ ਰਹਿੰਦੀ ਹੈ, ਆਲਸੀ ਵਿਅਕਤੀਆਂ ਦਾ ਵਜਨ ਵਧਣ ਲੱਗਦਾ ਹੈ, ਇਹ ਵਿਅਕਤੀ ਵਜਨ ਵੱਧ ਹੋਣ ਦੇ ਕਾਰਨ ਅਤੇ ਵੱਧ ਆਲਸੀ, ਸੁਸਤ ਹੋ ਜਾਂਦੇ ਹਨ ਤੇ ਚੱਕਰਵਿਊ 'ਚ ਫਸ ਕੇ ਹੋਰ ਵੀ ਵੱਧ ਮੋਟੇ ਹੋ ਜਾਂਦੇ ਹਨ।
* ਕੁਝ ਲੋਕਾਂ ਦਾ ਮੱਤ ਹੈ ਕਿ ਮੋਟਾਪਾ ਅਮੀਰ ਲੋਕਾਂ 'ਚ ਹੁੰਦਾ ਹੈ, ਪਰ ਮੱਧ ਤੇ ਨੀਮ ਵਰਗ ਵੀ ਇਹ ਲੱਗਭੱਗ ਇਕੋ ਜਿਹੀ ਸਮੱਸਿਆ ਹੈ।
* ਮੋਟੇ ਹੋਣ ਲਈ ਭੋਜਨ ਦੇ ਰੂਪ ਤੇ ਆਦਤਾਂ ਮਹੱਤਵਪੂਰਨ ਕਾਰਨ ਹਨ। ਜੇ ਵਾਰੀ-ਵਾਰੀ ਖਾਣ ਦੀ ਆਦਤ ਹੈ, ਮਠਿਆਈ, ਫਾਸਟ ਫੂਡ, ਘਿਓ, ਤੇਲ, ਬਟਰ ਯੁਕਤ ਭੋਜਨ ਕਰਨਾ ਪਸੰਦ ਹੈ ਤਾਂ ਮੋਟੇ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ। ਭੋਜਨ ਦੀ ਪਸੰਦ, ਨਾ ਪਸੰਦ ਬਚਪਨ ਤੋਂ ਹੀ ਬਣ ਜਾਂਦੀ ਹੈ। ਜੇ ਬਚਪਨ 'ਚ ਵੱਧ ਰਹੀ ਚਰਬੀ ਭਰਪੂਰ ਬਟਰ, ਮੱਖਣ, ਮਲਾਈ, ਮਠਿਆਈ, ਚਾਕਲੇਟ, ਫਾਸਟਫੂਡ ਆਦਿ ਖਾਣ ਨੂੰ ਦਿੱਤੇ ਜਾਂਦੇ ਹਨ ਤਾਂ ਇਹ ਆਦਤਾਂ ਜੀਵਨ ਭਰ ਬਣੀਆਂ ਰਹਿੰਦੀਆਂ ਹਨ। ਜੇ ਬੱਚਿਆਂ ਨੂੰ ਜ਼ਬਰਦਸਤੀ ਜਲਦੀ-ਜਲਦੀ ਭੋਜਨ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਦੀ ਆਦਤ ਵੱਧ ਜਾਂਦੀ ਹੈ ਤੇ ਮੋਟੇ ਹੋਣ ਦੀ ਸੰਭਾਵਨਾਂ ਰਹਿੰਦੀ ਹੈ। ਜੇ ਕੋਈ ਵਿਅਕਤੀ ਜ਼ਰੂਰਤ ਤੋਂ 500 ਕੈਲਰੀ ਭੋਜਨ ਵੱਧ ਖਾਂਦੇ ਹਨ ਤਾਂ ਉਹਨਾਂ ਦਾ ਭਾਰ ਪ੍ਰਤੀ ਹਫਤਾ ਇਕ ਪੌਂਡ ਵੱਧਣ ਲੱਗਦਾ ਹੈ। ਕਿਉਂਕਿ ਇਕ ਪੌਂਡ ਵਜਨ ਵਧਣ ਲਈ ਸਰੀਰ ਵਿਚ 300 ਕੈਲਰੀ ਵੱਧ ਮਾਤਰਾ 'ਚ ਚਰਬੀ ਦੇ ਰੂਪ 'ਚ ਜਮ੍ਹਾ ਹੋ ਜਾਂਦੀ ਹੈ।
* ਸਰੀਰ ਸਿਹਤ ਲਈ ਮਾਨਸਿਕ ਤੌਰ 'ਤੇ ਤੰਦਰੁਸਤ ਹੋਣਾ ਲਾਜ਼ਮੀ ਹੈ। ਮਾਨਸਿਕ ਅਸੰਤੁਲਨ ਹੋਣਾ। ਉਦਾਸੀ ਜਾਂ ਤਣਾਅ ਗ੍ਰਸਤ ਹੋਣ ਨਾਲ ਕੁਝ ਵਿਅਕਤੀ ਵਾਰ-ਵਾਰ ਭੋਜਨ ਖਾਣ ਲੱਗਦੇ ਹਨ। ਜਿਸ ਨਾਲ ਵਜਨ ਵਧਣ ਲੱਗਦਾ ਹੈ। ਅਨੇਕਾਂ ਮੋਟੇ ਲੋਕਾਂ ਨੂੰ ਛੁਪ ਕੇ ਖਾਣ ਦੀ ਆਦਤ ਹੁੰਦੀ ਹੈ। ਜੋ ਬੱਚਿਆਂ ਨੂੰ ਮਾਤਾ-ਪਿਤਾ ਨੌਕਰੀ ਪੇਸ਼ਾ, ਕੰਮ 'ਤੇ ਜਾਣ ਸਮੇਂ ਘਰੇ ਇਕੱਲੇ ਛੱਡਦੇ ਹਨ ਅਤੇ ਭੋਜਨ ਖਾਂਦੇ ਰਹਿੰਦੇ ਹਨ ਤੇ ਮੋਟੇ ਹੋ ਸਕਦੇ ਹਨ।
* ਕਦੀ-ਕਦੀ ਕੁਝ ਅੰਤਰ ਸ੍ਰਤਾਵੀ ਗ੍ਰੰਥੀਆਂ ਤੋਂ ਹਾਰਮੋਨ ਜਿਵੇਂ ਥਾਈਰਾਈਡ, ਗ੍ਰੰਥ ਹਾਰਮੋਨ ਦੀ ਕਮੀ ਕਾਰਨ 'ਮਿਕਸੀਡੀਮਾ' ਰੋਗ ਵੱਡਿਆਂ ਖਾਸ ਕਰਕੇ ਅੱਧਖੜ ਉਮਰ ਦੀਆਂ ਔਰਤਾਂ 'ਚ ਵਜਣ ਵਧਣ ਦਾ ਮਹੱਤਵਪੂਰਨ ਕਾਰਨ ਹੁੰਦਾ ਹੈ। ਇਹਨਾਂ ਮਰੀਜ਼ਾਂ 'ਚ ਵਜਨ ਵਧਣ ਦੇ ਨਾਲ ਹੀ ਸੁਸਤੀ ਤੇ ਕਬਜੀ ਵੀ ਰਹਿੰਦੀ ਹੈ। ਨੀਂਦ ਵੱਧ ਆਉਂਦੀ ਹੈ। ਠੰਡ ਅਸਹਿ ਹੋ ਜਾਂਦੀ ਹੈ। ਆਵਾਜ਼ ਭਾਰੀ ਹੋ ਜਾਂਦੀ ਹੈ। ਵਜਨ ਵੱਧ ਹੋ ਜਾਂਦਾ ਹੈ ਤਾਂ ਟੀ-3, ਟੀ-4 ਜਾਂਚ ਲਾਜ਼ਮੀ ਹੁੰਦੀ ਹੈ।



## ਮੋਟਾਪਾ ਦੇ ਮਾੜੇ ਪ੍ਰਭਾਵ

***ਮੋਟਾਪਾ ਸਰਾਪ ਹੈ, ਸੁੰਦਰਤਾ ਆਕਰਸ਼ਨ ਘਟਾਉਣ ਦੇ ਨਾਲ ਹੀ ਇਸ ਦੇ ਸਰੀਰਕ, ਮਾਨਸਿਕ, ਸਮਾਜਿਕ ਅਨੇਕਾਂ ਮਾੜੇ ਪ੍ਰਭਾਵ ਹੁੰਦੇ ਹਨ। ਅੱਜ ਇਕਹਿਰਾ ਸਮਾਰਟ ਸਰੀਰ ਸੁੰਦਰਤਾ ਦਾ ਮਾਪਦੰਡ ਹੈ। ਮੋਟੇ ਵਿਅਕਤੀ ਹੀਣ ਭਾਵਨਾ ਦਾ ਸ਼ਿਕਾਰ ਤੇ ਤਣਾਓ ਗ੍ਰਸਤ ਹੋ ਸਕਦੇ ਹਨ।***

* ਅਕਸਰ ਵੇਖਿਆ ਗਿਆ ਹੈ ਕਿ ਮੋਟੇ ਵਿਅਕਤੀ ਹੱਸਮੁੱਖ ਹੁੰਦੇ ਹਨ। ਪਰ ਇਹ ਵਿਅਕਤਿਤਵ ਸ਼ਾਇਦ ਉਹਨਾਂ ਅੰਦਰਲੀ ਹੀਣ ਭਾਵਨਾ ਨੂੰ ਛੁਪਾਉਣ ਲਈ ਹੁੰਦਾ ਹੈ।
* ਅਨੇਕਾਂ ਨੌਜਵਾਨ ਖਾਸ ਕਰਕੇ ਮੁਟਿਆਰਾਂ ਵਜਨ ਘੱਟ ਕਰਨ ਦੀ ਸਨਕ ਕਾਰਨ ਮਾਨਸਿਕ ਰੋਗਾਂ 'ਏਨੋਰੇਕਸੀਆ ਨਰਵੋਜ਼ਾ' ਜਾਂ 'ਬੁਲਗਿਆ ਨਰਵੋਜ਼ਾ' ਦੇ ਚੁੰਗਲ 'ਚ ਆ ਜਾਂਦੀਆਂ ਹਨ। ਜਿਸ ਦਾ ਇਲਾਜ ਔਖਾ ਹੁੰਦਾ ਹੈ।
* ਅਨੇਕਾਂ ਮੋਟੇ ਵਿਅਕਤੀਆਂ ਨੂੰ ਅਪਣੇ ਸਰੀਰ ਦੀ ਬਣਾਵਟ ਪ੍ਰਤੀ ਗਲਤ ਫਹਿਮੀ ਹੋ ਜਾਂਦੀ ਹੈ, ਅਨੇਕਾਂ ਹੀਣ ਭਾਵਨਾ ਕਾਰਨ ਨਿਊਰੋਟਿਕ ਹੋ ਜਾਂਦੇ ਹਨ। ਵੱਧ ਮੋਟੇ ਲੋਕਾਂ ਦਾ ਦੋਸਤਾਂ, ਸਾਥੀਆਂ, ਰਿਸ਼ਤੇਦਾਰਾਂ, ਗਵਾਂਢੀਆਂ ਤੇ ਰਾਹੀਆਂ ਵਲੋਂ ਮਖੌਲ ਉਡਾਇਆ ਜਾ ਸਕਦਾ ਹੈ। ਜਿਸ ਨਾਲ ਉਹ ਤਣਾਓ ਗ੍ਰਸਤ ਰਹਿੰਦੇ ਹਨ।
* ਕੁਝ ਮੋਟੇ ਵਿਅਕਤੀ ਅਪਣੀ ਸ਼ੇਪ, ਹੀਣ ਭਾਵਨਾ ਮਿਟਾਉਣ ਲਈ ਖੁਦ 'ਤੇ ਹੀ ਚੁਟਕਲੇ ਬਣਾਉਂਦੇ ਰਹਿੰਦੇ ਹਨ।
* ਮੋਟੇ ਬੰਦਿਆਂ ਦੀ ਔਸਤ ਉਮਰ ਆਮ ਵਿਅਕਤੀਆਂ ਨਾਲੋਂ ਘੱਟ ਹੁੰਦੀ ਹੈ, ਉਹਨਾਂ 'ਚ ਅਚਾਨਕ ਮੌਤ ਦਾ ਖਤਰਾ ਵੱਧ ਹੁੰਦਾ ਹੈ।
* ਵੱਧ ਵਜਨ ਕਾਰਨ ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਦੀ ਬੀਮਾਰੀ, ਦਿਲ ਦਾ ਧਮਨੀ ਰੋਗ ਇਨਜਾਈਨਾ, ਹਾਰਟ ਅਟੈਕ ਲਕਵਾ ਸਟ੍ਰੋਕ, ਪਾਲਸੀ ਗੋਡਿਆਂ, ਮੋਢਿਆਂ ਤੇ ਪਿੱਠ ਦੀਆਂ ਹੱਡੀਆਂ ਦੇ ਜੋੜਾਂ ਦੇ ਰੋਗ ਆਸਟੀਓ ਆਰਥਰਾਈਟਸ ਰੁਮੇਟਾਇਡ ਰੇਮਰਥ ਰਾਈਟਸ ਆਦਿ ਰੋਗ ਗ੍ਰਸਤ ਹੋਣ ਦਾ ਵੱਧ ਡਰ ਰਹਿੰਦਾ ਹੈ।
* ਮੋਟੇ ਵਿਅਕਤੀਆਂ ਦੇ ਫੇਫੜਿਆਂ ਦੀ ਕਾਰਜ ਕੁਸ਼ਲਤਾ ਘੱਟ ਹੁੰਦੀ ਹੈ। ਫਲੈਟ ਫੁਟ ਕਾਰਨ ਕੰਮ ਕਰਨ 'ਚ ਛੇਤੀ ਥੱਕ ਜਾਂਦਾ ਹੈ।
* ਮੋਟੇ ਲੋਕਾਂ 'ਚ ਵੱਡੀਆਂ ਆਂਤੜੀਆਂ ,ਪਿਤੇ, ਔਰਤ 'ਚ ਛਾਤੀਆਂ, ਬੱਚੇਦਾਨੀ, ਮਰਦਾਂ 'ਚ ਪ੍ਰੋਸਟੇਟ ਦੇ ਕੈਂਸਰ ਹੋਣ ਦਾ ਖਤਰਾ ਵੱਧ ਹੁੰਦਾ ਹੈ।
* ਮੋਟੇ ਲੋਕਾਂ 'ਚ ਪਿੱਤੇ ਦੀ ਸੋਜ਼, ਇਨਫੈਕਸ਼ਨ, ਪਥਰੀ, ਗੁਰਦਿਆਂ ਦੇ ਕੁਝ ਰੋਗਾਂ ਨਾਲ ਗ੍ਰਸਿਤ ਹੋਣ ਦਾ ਡਰ ਵੀ ਵੱਧ ਹੁੰਦਾ ਹੈ।
* ਵੱਧ ਮੋਟੀਆਂ ਔਰਤਾਂ ਵਿਚ ਗਰਭ ਮੁਸ਼ਕਲ ਨਾਲ ਠਹਿਰਦਾ ਹੈ। ਗਰਭ ਅਵਸਥਾ ਤੇ ਜਣੇਪੇ ਸਮੇਂ ਗੁੰਝਲਾਂ ਹੋਣ ਦੀ ਸੰਭਾਵਨਾ ਵੱਧ ਰਹਿੰਦੀ ਹੈ।
* ਮੋਟੇ ਮਰਦਾਂ ਦੀ ਪ੍ਰਜਣਨ ਯੋਗਤਾ ਘੱਟ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ।

ਵੱਖ-ਵੱਖ ਖੋਜ਼ਾਂ ਤੋਂ ਸਿੱਧ ਹੋਇਆ ਹੈ ਕਿ ਜੇ ਮੋਟੇ ਲੋਕ ਵਜਨ ਘਟਾ ਲੈਂਦੇ ਹਨ ਤਾਂ ਦਿਲ ਦੇ ਧਮਨੀ ਰੋਗਾਂ, ਕੈਂਸਰ, ਮੌਤ ਹੋਣ ਦੀ ਸੰਭਾਵਨਾਂ ਘੱਟ ਜਾਂਦੀ ਹੈ। ਵਜਨ ਸੰਤੁਲਿਤ ਬਣਾਈ ਰੱਖਣ ਲਈ ਯਤਨ ਜਵਾਨੀ ਤੋਂ ਸ਼ੁਰੂ ਕਰ ਦੇਣੇ ਚਾਹੀਦੇ ਹਨ। ਇਸ ਦੌਰਾਨ ਬਣੀ ਜੀਵਨ ਸ਼ੈਲੀ, ਭੋਜਨ ਦੀਆਂ ਆਦਤਾਂ ਜ਼ਿੰਦਗੀ ਭਰ ਬਣੀਆਂ ਰਹਿੰਦੀਆਂ ਹਨ। ਜੇ ਵਜਨ ਵੱਧ ਹੈ ਤਾਂ ਘੱਟ ਕਰਨ ਤੇ ਫੇਰ ਸਥਾਈ ਰੂਪ 'ਚ ਸਹੀ ਵਜਨ ਬਣਾਈ ਰੱਖਣ ਲਈ ਭੋਜਨ 'ਚ ਤਬਦੀਲੀ, ਰੇਗੂਲਰ ਕਸਰਤ, ਸਰਗਰਮ ਰਹਿਣਾ ਤੇ ਵਿਹਾਰ 'ਚ ਬਦਲਾਅ, ਬਾਕੀ ਜੀਵਨ ਲਈ ਕਰਨਾ ਪੈਂਦਾ ਹੈ।

**ਭੋਜਨ–** ਲਗਭਗ ਅੱਧਾ ਕਿਲੋ ਇਕ ਪੌਂਡ ਹਰ ਹਫਤੇ ਵਜਨ ਘਟਾਉਣ ਲਈ ਸਰੀਰ ਦੀ ਜ਼ਰੂਰਤ ਤੋਂ 500 ਘੱਟ ਕੈਲਰੀ ਯੁਕਤ ਭੋਜਨ ਰੋਜ਼ਾਨਾ ਖਾਣਾ ਪੈਂਦਾ ਹੈ। ਵਜਨ ਘਟਾਉਣ ਲਈ ਘੱਟ ਕੈਲਰੀ (1200) ਕੈਲਰੀ ਰੋਜ਼ਾਨਾ ਜਾਂ ਹੋਰ ਘੱਟ ਕੈਲਰੀ (400 ਤੋਂ 800 ਕੈਲਰੀ) ਯੁਕਤ ਭੋਜਨ ਕਰਨਾ ਪੈਂਦਾ ਹੈ। ਭੋਜਨ ਘੱਟ ਕਰਨ ਵਾਲੇ ਵਿਅਕਤੀਆਂ ਨੂੰ ਵੱਧ ਕੈਲਰੀ ਦੇਣ ਵਾਲੇ ਭੋਜਨ ਪਦਾਰਥਾਂ ਫੈਟ, ਬਟਰ, ਘੀ, ਤੇਲ, ਕ੍ਰੀਮ, ਮਿਠਾਈ, ਚਾਕਲੇਟ, ਤਲੇ ਭੋਜਨ ਪਦਾਰਥਾਂ ਦੀ ਵਰਤੋਂ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਦੁੱਧ, ਮਿਲਾਈ, ਘੀ, ਕ੍ਰੀਮ ਕੱਢ ਕੇ ਜਾਂ ਸਪਰੇਟਾਂ ਦੁੱਧ ਜਾਂ ਇਸੇ ਦੁੱਧ ਦੀ ਵਰਤੋਂ ਕਰੋ। ਭੋਜਨ 'ਚ ਚਰਬੀ ਦੀ ਮਾਤਰਾ 20-30 ਗ੍ਰਾਮ (4-5 ਚਮਚ)ਤੋਂ ਵੱਧ ਨਾ ਹੋਵੇ।

ਜੇ ਘੱਟ ਖਾਣ ਨਾਲ ਭੁੱਖ ਲੱਗਦੀ ਹੈ ਤਾਂ ਭੁੱਖ ਮਿਟਾਉਣ ਲਈ ਘੱਟ ਕੈਲਰੀ ਵਾਲਾ ਜਾਂ ਰੇਸ਼ੇ ਵਾਲਾ ਭੋਜਨ ਜਿਵੇਂ ਖੀਰਾ, ਕਕੜੀ, ਸਲਾਦ, ਹਰੀ ਸਬਜ਼ੀਆਂ ਤੇ ਫਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਮੋਟਾਪੇ ਦਾ ਵੱਡਾ ਕਾਰਨ ਵਾਰ-ਵਾਰ ਖਾਣਾ ਹੁੰਦਾ ਹੈ। ਜੇ ਭੋਜਨ 'ਤੇ ਕੰਟਰੋਲ ਕਰ ਲਿਆ ਜਾਂਦਾ ਹੈ ਤਾਂ ਵਜਨ ਘੱਟ ਜਾਂਦਾ ਹੈ। ਪਰ ਇਹ ਬਦਲੀ ਆਦਤ ਬਾਕੀ ਜ਼ਿੰਦਗੀ ਬਣਾਈ ਰੱਖਣੀ ਚਾਹੀਦੀ ਹੈ। ਹਰ ਬੰਦੇ ਨੂੰ ਸਰਗਰਮ ਰਹਿਣਾ ਜ਼ਰੂਰੀ ਹੈ। ਘਰੇ ਕੰਮ ਕਰੋ, ਬਾਗਬਾਨੀ ਕਰੋ, ਪੈਦਲ ਚੱਲੋ, ਰੈਗੂਲਰ ਕਸਰਤ ਹਫਤੇ 'ਚ ਚਾਰ ਵਾਰੀ 30-30 ਮਿੰਟ ਜਰੂਰ ਕਰੋ। ਬੇਹਤਰ ਹੈ ਕਿ ਰੋਜ਼ਾਨਾ ਕਸਰਤ ਕਰੋ। ਪਾਣੀ ਖੂਬ ਪੀਓ। ਭੋਜਨ ਤੋਂ ਪਹਿਲਾਂ ਨਾਸ਼ਤਾ ਕਰਦੇ ਸਮੇਂ ਵੀ ਕੈਲਰੀ ਦਾ ਧਿਆਨ ਰੱਖੋ। ਕੁਝ ਵਿਅਕਤੀ ਚਿੰਤਾ, ਤਨਾਅ ਗ੍ਰਸਤ ਹੋਣ ਦਾ ਕਾਰਨ ਭੁੱਖ 'ਤੇ ਕੰਟਰੋਲ ਨਹੀਂ ਰੱਖ ਸਕਦੇ, ਇਹਨਾਂ ਨੂੰ ਮਨੋਰੋਗ ਮਾਹਰ ਦੀ ਰਾਇ ਲੈਣੀ ਚਾਹੀਦੀ ਹੈ। ਵਜਨ ਵਧਣ ਨਾ ਦਿਓ, ਇਸ ਨਾਲ ਪਰਸਨੈਲਟੀ ਆਕਰਸ਼ਕ ਰਹਿੰਦੀ ਹੈ। ਜੀਵਨ 'ਚ ਸਫਲਤਾ ਆਸਾਨੀ ਨਾਲ ਮਿਲਦੀ ਹੈ।

*"We Had Dinner along with my friends family, it was really nice, pure Indian taste...... I will recommend this to any-one who like REAL Indian food."*







"Service was prompt friendly. Food was hot and tasty. Loved it!"

**"quite authentic Indian Food"**

# NIRVANA

**Take-Out/Delivery/Catering Big & Small Function/Private Banquet Room**

Lunch Buffet 7 Days A Week
11.30-2.30

Mondays
South Indian Delights 5-10
All you can eat South Indian Specialties

Tuesdays
Kabab Khazana 5-10
All you can eat Kababs with Naan
or Roomali Roti
Chi. Tikka/Haryali Tikka/Malai Tikka/Resmbi
Kabab/seek Kabab/Veg. Kabab

Wednesday
Lounge Night Belly Dancing 8-10
All Beer

Dinner Buffet
Friday, Saturday

Thursday
Punjab Di Yaad
Makki de Roti Sarson Da Saag
with Salty Lassi

Friday
Bhangra Night 10-2
No Cover Charge 18+
Sunday
Indo Chinese Night 5-0
All You Can Eat
Chilli Chiken/Veg or
Chiken Fried Rice/Veg. or Chiken
Mein/Manchorian

**1009-5075 FALCONRIDGE BL.VD.NE CALGARY, AB. T3J SK9**
**EMAIL: info@nirvanacalgary.com Phone (403) 590-9797 Fax. (403) 590-9798**

# ਜਿਥੇ ਕੁੜੀਆਂ ਦੇ ਨਾਂ ਹਨ 'ਕਾਫ਼ੀ', 'ਅਣਚਾਹੀ'!

**ਨਵੀਂ ਦੁਨੀਆ ਬਿਊਰੋ**

ਤਿੰਨ ਵਰਿਆਂ ਦੀ ਕੁੜੀ 'ਕਾਫ਼ੀ' ਨੂੰ ਪਤਾ ਨਹੀਂ ਹੈ ਅਜੇ ਕਿ ਉਸਦੇ ਨਾਂ ਦਾ ਅਰਥ ਹੈ 'ਬਥੇਰ੍ਹਾ ਹੈ'। ਪਰ ਇਹ ਤਾਂ ਉਸ ਨੂੰ ਖੁੜਕ ਹੀ ਜਾਂਦੀ ਹੈ ਕਿ ਉਸਦਾ ਇਕ ਵਰ੍ਹੇ ਦਾ ਵੀਰਾ ਉਸਦੀ ਮਾਂ ਦੀਆਂ ਅੱਖਾਂ ਦਾ ਤਾਰਾ ਹੈ। ਰੋਹਤਕ ਨੇੜੇ ਬਹੁਅਕਬਰਪੁਰ ਪਿੰਡ ਦੇ ਇਕ ਖੇਤ ਮਜ਼ਦੂਰ ਦੀ ਤੀਜੀ ਧੀ ਹੈ 'ਕਾਫ਼ੀ' ਤੇ ਅਪਣੀਆਂ 10 ਤੇ 7 ਸਾਲ ਦੀਆਂ ਭੈਣਾਂ ਤੋਂ ਮਿਲਦੇ ਪਿਆਰ ਅਤੇ ਸਾਂਭ ਨਾਲ ਹੀ ਗੁਜ਼ਾਰਾ ਕਰਨਾ ਸਿੱਖ ਗਈ ਹੈ। ਮਾਪਿਆਂ ਉਸਦਾ ਇਹ ਨਾਂ ਇਸ ਲਈ ਰੱਖਿਆ ਕਿਉਂਕਿ ਉਨ੍ਹਾਂ ਨੂੰ ਹੋਰ ਧੀ ਨਹੀਂ ਚਾਹੀਦੀ। ਘਾਡੀਖੇੜੀ ਪਿੰਡ ਦੇ ਇਕ ਮਕੈਨਿਕ ਦੀ ਤੀਜੀ ਧੀ ਦਾ ਨਾਂ ਹੈ ''ਭਰਪਾਈ'' ਜਿਸਦਾ ਅਰਥ ਹੁੰਦਾ ਹੈ ਡੰਨ ਦੇਣਾ। ''ਸਾਡੇ ਧੀਆਂ ਹੀ ਹਨ ਤੇ ਮੁੰਡਾ ਕੋਈ ਨਹੀਂ'', ਉਸ ਦੀ ਮਾਂ ਦਯਾਵਤੀ ਦਾ ਰੋਣਾ ਹੈ। ''ਇਸ ਦੀ ਭੂਆ ਨੇ ਇਸਦਾ ਇਹ ਨਾਂ ਧਰ ਦਿੱਤਾ, ਪਰ ਮੈਨੂੰ ਨਹੀਂ ਇਹ ਨਾਂ ਪਸੰਦ।''

ਪੰਜਾਬ ਤੇ ਹਰਿਆਣੇ ਵਿਚ ਧੀਆਂ ਦੀ ਮਾੜੀ ਹਾਲਤ ਦਾ ਸਭ ਨੂੰ ਪਤਾ ਹੈ। ਧੀਆਂ ਭਰੂਣ ਵਿਚ ਹੀ ਮਾਰਨ ਦੀ ਅੰਨ੍ਹੀ ਦੌੜ ਨੇ ਇਨ੍ਹਾਂ ਸੂਬਿਆਂ ਵਿਚ ਕੁੜੀਆਂ ਦੀ ਗਿਣਤੀ ਮੁੰਡਿਆਂ ਮੁਕਾਬਲੇ ਬਹੁਤ ਹੀ ਘਟਾਅ ਦਿੱਤੀ ਹੈ। ਜਿਹੜੀਆਂ ਕੁੜੀਆਂ ਬਚ ਜਾਣ ਉਨ੍ਹਾਂ ਨੂੰ ਮਾੜੇ ਨਾਂ ਦੇ ਕੇ ਉਨ੍ਹਾਂ ਦੀ ਵੱਖ ਬੇਇਜ਼ਤੀ ਕੀਤੀ ਜਾਂਦੀ ਹੈ। ਹਰ ਵਾਰ ਜਦੋਂ ਉਨ੍ਹਾਂ ਨੂੰ ਉਨ੍ਹਾਂ ਦਾ ਨਾਂ ਲੈ ਕੇ ਪੁਕਾਰਿਆ ਜਾਂਦਾ ਹੈ ਤਾਂ ਉਨ੍ਹਾਂ ਨੂੰ ਉਨ੍ਹਾਂ ਦੀ ਮਾੜੀ ਕਿਸਮਤ ਵੀ ਚੇਤੇ ਕਰਾਈ ਜਾਂਦੀ ਹੈ।

ਪਰ ਰੋਹਤਕ ਦੇ ਡਿਪਟੀ ਕਮਿਸ਼ਨਰ ਨੂੰ ਇਸਦਾ ਕੁੱਝ ਪਤਾ ਨਹੀਂ । ਉਨ੍ਹਾਂ ਮੁਤਾਬਿਕ ਤਾਂ ਆਧੁਨਿਕ ਹਰਿਆਣੇ ਵਿਚ ਹੁਣ ਕੋਈ ਅਜਿਹਾ ਨਾਂ ਹੀ ਨਹੀਂ ਰੱਖਦਾ। ਉਹ ਤਾਂ ਕਹਿੰਦੇ ਹਨ ਕਿ ਇਕ ਵੀ ਅਜਿਹਾ ਨਾਂ ਹਰਿਆਣੇ ਵਿਚ ਤੁਹਾਨੂੰ ਨਹੀਂ ਲੱਭੇਗਾ।

ਪਰ ਉਹ ਕੀ ਜਾਨਣ? ਪੁਰਾਣੇ ਹੀ ਨਹੀਂ, ਨਵੇਂ ਨਾਂ ਵੀ ਰੋਜ਼ ਘੜੇ ਜਾ ਰਹੇ ਹਨ ਇਥੇ। ਜੇ ਪਹਿਲਾਂ ਹਰ ਪਿੰਡ ਵਿਚ ਬੁਤੇਰੀ ਬਥੇਰੀ ਲੱਭ ਜਾਂਦੀ ਸੀ ਤਾਂ ਹੁਣ ਕਾਫ਼ੀ ਦੇਵੀ ਬਹੁਤਾ ਮਸ਼ਹੂਰ ਹੋ ਗਿਆ ਨਾਂ ਹੈ। ਘਾਡੀਖੇੜੀ ਵਿਚ ਤਾਂ ਚਾਰ ਕਾਫ਼ੀ ਦੇਵੀਆਂ ਹਨ। ਸਾਰੀਆਂ ਅਪਣੇ ਅਪਣੇ ਟੱਬਰ ਦੀਆਂ ਤੀਜੀਆਂ ਜਾਂ ਚੌਥੀਆਂ ਧੀਆਂ, ਤੇ ਭਰਾ ਕੋਈ ਨਹੀਂ। ਇਹ ਰੁਝਾਨ ਉਦੋਂ ਚੱਲ ਪਿਆ ਸੀ ਜਦੋਂ ਇਕ ਮਾਂ ਨੇ ਅਪਣੀ ਚੌਥੀ ਧੀ ਦਾ ਨਾਂ ਕਾਫ਼ੀ ਰੱਖਿਆ ਤੇ ਮਗਰੋਂ ਉਸਦੇ ਇਕ ਪੁੱਤਰ ਹੋਇਆ ਸੀ।

ਇਸ ਤੋਂ ਇਲਾਵਾ, ਹਰਿਆਣੇ ਵਿਚ ਜੰਮਦੀਆਂ ਕੁੜੀਆਂ ਨੂੰ ਇਹ ਨਾਂ ਦਿੱਤੇ ਜਾਂਦੇ ਹਨ: 'ਢੱਪਣ' (ਢਿੱਡ ਭਰ ਜਾਣਾ) ਮਾਫ਼ੀ ਦੇਵੀ, ਮਰੀਆ, ਬੱਧੋ (ਲੋੜੋਂ ਵੱਧ), ਬਸਕਰ। ਸੋਨੀਪਤ ਦੇ ਇਕ ਪਿੰਡ ਵਿਚ ਇਕ 'ਇਨੱਫ਼ ਕੁਮਾਰੀ' ਵੀ ਲੱਭੀ ਹੈ!

ਜਨਵਾਦੀ ਮਹਿਲਾ ਸਮਿਤੀ ਦੀ ਸੂਬਾ ਪ੍ਰਧਾਨ ਜਗਮਤੀ ਸਾਂਗਵਾਨ ਕਹਿੰਦੀ ਹੈ, ''ਅਸੀ ਹਰਿਆਣੇ ਵਿਚ ਇਨ੍ਹਾਂ ਹੇਠੀ ਵਾਲੇ ਨਾਮਾਂ ਦੇ ਖਿਲਾਫ਼ ਇਕ ਮੁਹਿੰਮ ਚਲਾਈ ਹੋਈ ਹੈ। ਅਪਣੀਆਂ ਹੀ ਦੋ ਕਾਰਕੁਨਾਂ ਤੋਂ ਸ਼ੁਰੂ ਹੋ ਕੇ ਅਸੀਂ ਮਾਪਿਆਂ ਨੂੰ ਮਨਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਉਹ ਅਪਣੀਆਂ ਧੀਆਂ ਦੇ ਅਜਿਹੇ ਨਾਂ ਬਦਲ ਦੇਣ।''

ਜਨਵਾਦੀ ਮਹਿਲਾ ਸਮਿਤੀ ਦੀ ,ਹਿਸਾਰ ਵਿਚ ਅਣਚਾਹੀ ਦੇਵੀ ਨਾਂ ਦੀ 34 ਸਾਲਾਂ ਦੀ ਇਕ ਕਾਰਕੁਨ ਹੈ। ਦੋ ਭੈਣਾਂ ਤੋਂ ਬਾਅਦ ਜੰਮੀ , ਅਣਚਾਹੀ ਨੂੰ ਅਪਣੇ ਅਣਚਾਹੇ ਨਾਂ ਨਾਲ ਜਿਊਣ ਦੀ ਆਦਤ ਪੈ ਗਈ ਹੈ। ਜਗੀਰੂ ਹਰਿਆਣੇ ਵਿਚ ਕੁੜੀ ਦਾ ਜਨਮ ਇਕ ਮਾਤਮ ਦੀ ਮੌਕਾ ਹੁੰਦਾ ਹੈ। ਅਣਚਾਹੀ ਦੇ ਮਾਪਿਆਂ ਉਸਦਾ ਨਾਂ ਅਣਚਾਹੇ ਹੋਣ ਦਾ ਰੁਤਬਾ ਸਾਫ਼ ਸਾਫ਼ ਦੱਸਣ ਵਿਚ ਕੋਈ ਕਸਰ ਨਹੀਂ ਛੱਡੀ।

ਜਨਵਾਦੀ ਮਹਿਲਾ ਸਮਿਤੀ ਨੇ 2007 ਤੋਂ ਅਣਚਾਹੀ ਦੇਵੀ ਦਾ ਨਾਂ ਚਾਹੀ ਦੇਵੀ ਕਰਾ ਦਿੱਤਾ ਹੈ।

ਰੋਹਤਕ ਮੈਡੀਕਲ ਕਾਲਜ ਹਸਪਤਾਲ ਵਿਚ, 42 ਸਾਲਾਂ ਦੀ ਬੁਤੇਰੀ ਦੇਵੀ ਇਕ ਅਪਰੇਸ਼ਨ ਕਰਾਉਣ ਆਈ। ਉਸਨੂੰ ਪੁੱਛਿਆ ਗਿਆ-ਕੀ ਤੁਹਾਨੂੰ ਅਪਣੇ ਮਾਪਿਆਂ ਨਾਂਲ ਗੁੱਸਾ ਹੈ ਕਿ ਉਨ੍ਹਾਂ ਤੁਹਾਨੂੰ ਇਹ ਨਾਂ ਕਿਉ ਦਿੱਤਾ?" ਉਸ ਕਿਹਾ, "ਕੋਈ ਨਹੀਂ। ਮੈਂ ਉਨ੍ਹਾਂ ਦੀ ਭਾਵਨਾ ਸਮਝ ਸਕਦੀ ਹਾਂ। ਉਨ੍ਹਾਂ ਦੇ ਪੁੱਤਰ ਨਹੀਂ ਸੀ ਕੋਈ । ਅਤੇ ਮੇਰੇ ਲਈ ਇਹ ਨਾਂ ਵੀ ਖੁਸ਼ਕਿਸਮਤ ਰਿਹਾ ਹੈ। ਮੇਰੇ ਤਿੰਨ ਪੁੱਤਰ ਹੋਏ।" ਕਰ ਲਓ ਗੱਲ!!

ਪੇਂਡੂ ਹਰਿਆਣੇ ਵਿਚ ਇਕ ਨਹੀਂ, ਸਗੋਂ ਬਹੁਤੇ ਪੁੱਤਰਾਂ ਦੀ ਇੱਛਾ ਡੂੰਘੀਆਂ ਜੜ੍ਹਾਂ ਵਾਲੀ ਹੈ। ਉਹ ਇਕ ਹੇਠੀ ਵਾਲਾ ਨਾਂ ਸਾਰੀ ਉਮਰ ਚੁੱਕੀ ਫਿਰਨ ਨੂੰ ਤਿਆਰ ਹਨ ਜੇ ਇਸ ਨਾਲ ਉਨ੍ਹਾਂ ਦੇ 'ਪੁੱਤਰਾਂ ਵਾਲੀ' ਹੋ ਜਾਣ ਦੀ ਆਸ ਹੋਵੇ। ਇਸ ਨਾਲ ਲਿੰਗ-ਪਰਖਾਂ ਅਤੇ ਬਾਲੜੀ ਭਰੂਣ ਹੱਤਿਆ ਨੂੰ ਹੀ ਹੱਲਾਸ਼ੇਰੀ ਮਿਲਦੀ ਹੈ।

ਪੰਜਾਬ ਤੇ ਹਰਿਆਣੇ ਵਿਚ ਲਿੰਗ-ਪਰਖਾਂ ਕਾਫ਼ੀ ਆਮ ਹਨ ਅਤੇ ਬਾਲੜੀ ਭਰੂਣ ਹੱਤਿਆਵਾਂ ਵੀ।

# ਅਜੇ ਵੀ ਮਹਿਲਾਵਾਂ ਨੂੰ ਮਿਲੇ ਅਹੁਦਿਆਂ 'ਤੇ ਪਤੀ ਹੀ ਸਰਦਾਰੀਆਂ ਚਲਾ ਰਹੇ ਹਨ

**ਅਮਰਪਾਲ ਬੈਂਸ**

ਸੰਵਧਾਨਿਕ ਤੌਰ 'ਤੇ ਰਾਖਵਾਂਕਰਨ ਰਾਹੀਂ ਬਹੁਤੇ ਅਹੁਦਿਆਂ 'ਤੇ ਬਿਰਾਜਮਾਨ ਮਹਿਲਾਵਾਂ ਦੇ ਪਤੀ ਹੀ ਸਰਦਾਰੀ ਕਰ ਰਹੇ ਹਨ ਅਤੇ ਮਹਿਲਾਵਾਂ ਸਿਰਫ ਰਬੜ ਦੀ ਮੋਹਰ ਬਣ ਕੇ ਹੀ ਰਹਿ ਗਈਆਂ ਹਨ।

ਪੰਚਾਇਤ ਮੈਂਬਰ, ਸਰਪੰਚ, ਕੌਂਸਲਰ, ਨਗਰ ਕੋਸਲ ਪ੍ਰਧਾਨ, ਬਲਾਕ ਸੰਮਤੀ ਚੇਅਰਪਰਸਨ ਅਤੇ ਜਿਲਾ ਪ੍ਰੀਸ਼ਦ ਦੀ ਚੇਅਰਪਰਸਨ ਤੱਕ ਦੇ ਅਹੁਦਿਆ ਉਤੇ ਬਿਰਾਜਮਾਨ ਮਹਿਲਾਵਾਂ ਸਿਰਫ ਦਸਤਖਤ ਕਰਨ ਤੱਕ ਹੀ ਸੀਮਤ ਹਨ ਅਤੇ ਇਨ੍ਹਾਂ ਚੋ ਬਹੁਤੀਆਂ ਨੂੰ ਤਾਂ ਆਪਣੇ ਅਹੁਦਿਆਂ ਦੀਆਂ ਸ਼ਕਤੀਆਂ ਅਤੇ ਮਾਣ ਮਰਿਆਦਾ ਬਾਰੇ ਵੀ ਪੂਰੀ ਜਾਣਕਾਰੀ ਨਹੀ ਹੈ ਜਦ ਕਿ ਇਨ੍ਹਾਂ ਮਹਿਲਾਵਾਂ ਦੇ ਪਤੀ ਆਪਣੀਆਂ ਪਤਨੀਆਂ ਦੇ ਸਿਰ 'ਤੇ ਸੱਤਾ ਦਾ ਆਨੰਦ ਮਾਣ ਰਹੇ ਹਨ। ਉਦਾਹਰਣ ਦੇ ਤੋਰ 'ਤੇ ਰੂਪਨਗਰ ਜਿਲੇ ਦੀਆਂ ਬਹੁਤੀਆਂ ਸਰਪੰਚ ਮਹਿਲਾਵਾਂ ਦੇ ਪਤੀ ਹੀ ਇਸ ਸੰਵਿਧਾਨਿਕ ਅਹੁਦੇ ਦੀ ਵਰਤੋ ਕਰਕੇ ਸਮਾਜ ਵਿੱਚ ਵਿਚਰ ਰਹੇ ਹਨ ਅਤੇ ਮਹਿਲਾਵਾਂ ਸਿਰਫ ਫਾਰਮਾਂ ਅਤੇ ਹੋਰ ਸਰਕਾਰੀ ਕਾਗਜਾਂ 'ਤੇ ਦਸਤਖਤ ਕਰਨ ਤੱਕ ਹੀ ਸੀਮਤ ਹਨ।

ਜਿਲਾ ਰੂਪਨਗਰ ਦੀ ਜਿਲਾ ਪ੍ਰੀਸ਼ਦ ਦੀ ਚੇਅਰਪਰਸਨ ਤਾਂ ਦਲਜੀਤ ਕੋਰ ਕੰਗ ਹੈ ਪਰ ਉਸਦਾ ਪਤੀ ਨਰਿੰਦਰ ਸਿੰਘ ਕੰਗ ਹੀ ਪੂਰੀ ਤਰ੍ਹਾ ਨਾਲ ਇਸ ਅਹੁਦੇ ਲਈ ਕੰਮ ਕਰ ਰਿਹਾ ਹੈ। ਗੈਰ ਸਰਕਾਰੀ ਸਮਾਗਮਾਂ 'ਤੇ ਤਾਂ ਉਹ ਆਪ ਖੂਦ ਪਹੁੰਚਦਾ ਹੀ ਹੈ ਅਤੇ ਕਈ ਵਾਰ ਉਸਨੂੰ ਸਰਕਾਰੀ ਮੀਟਿੰਗਾਂ ਵਿੱਚ ਵੀ ਦੇਖਿਆ ਗਿਆ ਹੈ। ਇਸੇ ਤਰ੍ਹਾਂ ਬਲਾਕ ਸੰਮਤੀ ਰੂਪਨਗਰ ਦੀ ਚੇਅਰਪਸਨ ਤਾਂ ਭਾਵੇਂ ਸਰਬਜੀਤ ਕੋਰ ਹੈ ਪਰ ਉਹਦਾ ਪਤੀ ਮੋਹਣਜੀਤ ਸਿੰਘ ਹੀ ਆਪਣੀ ਪਤਨੀ ਦੀ ਥਾਂ ਬਹੁਤੀ ਥਾਂਈਂ ਹਾਜ਼ਰੀ ਭਰਦਾ ਹੈ। ਇੱਥੇ ਹੀ ਬਸ ਨਹੀ ਵਰਕਰ ਚੋਣਾਂ ਰਾਹੀਂ ਮਹਿਲਾ ਰਾਖਵਾਂ ਸੀਟ ਲਈ ਚੁਣੀ ਗਈ ਜਿਲਾ ਯੂਥ ਕਾਂਗਰਸ ਦੀ ਪ੍ਰਧਾਨ ਹਰਵਿੰਦਰ ਕੋਰ ਸੰਧੂ ਦਾ ਪਤੀ ਦਰਸ਼ਨ ਸਿੰਘ ਸੰਧੂ ਉਸਦੀ ਥਾਂਵੇ ਡਿਊਟੀ ਨਿਭਾ ਰਿਹਾ ਹੈ। ਗੱਲ ਇੱਥੋ ਤੱਕ ਹੈ ਕਿ ਇਸ ਮਹਿਲਾ ਦੁਆਰਾ ਛਪਾਏ ਗਏ ਵਿਜ਼ੀਟਿੰਗ ਕਾਰਡ ਉੱਤੇ ਵੀ ਆਪਣੇ ਨਾਮ ਦੇ ਨਾਲ ਨਾਲ ਆਪਣੇ ਪਤੀ ਦਾ ਨਾਮ ਉਸਦੇ ਟੈਲੀਫੋਨ ਨੰਬਰ ਸਮੇਤ ਛਪਿਆ ਹੋਇਆ ਹੈ। ਪਰ ਨਾਲ ਹੀ ਇੱਥੇ ਇਹ ਕਹਿਣਾ ਵੀ ਜਰੂਰੀ ਹੈ ਕਿ ਰੂਪਨਗਰ ਜਿਲੇ ਦੇ ਵਿੱਚ ਹੀ ਪੈਂਦੇ ਵਿਧਾਨ ਸਭਾ ਹਲਕਾ ਚਮਕੌਰ ਸਾਹਿਬ ਵਿੱਚ ਪਿਛਲੇ 25 ਸਾਲਾਂ ਤੋ ਰਾਜਨੀਤੀ ਵਿੱਚ ਆਂਈ ਬੀਬੀ ਸਤਵੰਤ ਕੋਰ ਸੰਧੂ ਨੇ ਤਿੰਨ ਵਾਰ ਇਸ ਹਲਕੇ ਤੋ ਵਿਧਾਇਕ ਬਣ ਕੇ ਮੰਤਰੀ ਤੱਕ ਦੇ ਅਹੁਦਿਆਂ 'ਤੇ ਆਪਣੇ ਬਲਬੂਤੇ ਨਾਲ ਹੀ ਕੰਮ ਕੀਤਾ ਹੈ। ਇਸੇ ਤਰ੍ਹਾਂ ਰੂਪਨਗਰ ਜਿਲ੍ਹੇ ਦੀ ਵਕਾਰੀ ਸੰਸਥਾ ਆਈ.ਟੀ ਭੱਦਲ ਦੀ ਚੇਅਰਪਰਸਨ ਕੁਲਵਿੰਦਰ ਗੁਰਚਰਨ ਸਿੰਘ ਨੇ ਆਪਣੇ ਪਤੀ ਦੀ ਮੋਤ ਤੋ ਬਾਅਦ ਖੁਦ ਇਸ ਵੱਡੀ ਸੰਸਥਾ ਦਾ ਕੰਮ ਕਾਜ ਸੰਭਾਲ ਕੇ ਅੜਚਨਾਂ ਹੋਣ ਦੇ ਬਾਵਜੂਦ ਇਸ ਸੰਸਥਾ ਨੂੰ ਬੁਲੰਦੀਆਂ 'ਤੇ ਪਹੁੰਚਾਇਆ ਹੈ ਅਤੇ ਨਾਲੋ ਨਾਲ ਸੰਸਥਾ ਦੇ ਆਲੇ ਦੁਆਲੇ ਪੈਂਦੇ ਪਿੰਡਾਂ ਵਿੱਚ ਸਮਾਜ ਸੇਵਾ ਦੇ ਕਾਰਜ ਕੀਤੇ ਹਨ। ਸੰਸਥਾ ਵਿੱਚ ਪਿਛਲੇ ਅੱਠ ਸਾਲਾਂ ਤੋ ਅੰਤਰਰਾਸ਼ਰੀ ਮਹਿਲਾ ਦਿਵਸ 'ਤੇ ਖੂਨਦਾਨ ਕੈਂਪ, ਡਿਬੇਟ ਮੁਕਾਬਲੇ ਅਤੇ ਮਹਿਲਾਵਾਂ ਨੂੰ ਜਾਗਰੂਕ ਕਰਨ ਦੇ ਉਪਰਾਲੇ ਕਰ ਰਹੇ ਹਨ।

ਇਸੇ ਤਰਾਂ ਰੂਪਨਗਰ ਵਿੱਚ ਬਤੌਰ ਐਸ.ਡੀ.ਐਮ ਤਾਇਨਾਤ ਮੈਡਮ ਅਨੰਦਿਤਾ ਮਿਤਰਾ ਦਾ ਕਹਿਣਾ ਹੈ ਕਿ ਮਹਿਲਾਵਾਂ ਨੂੰ ਦਿੱਤੇ ਰਾਖਵਾਂਕਰਨ ਦਾ ਹੋਲੀ ਹੋਲੀ ਫਾਇਦਾ ਹੋਵੇਗਾ ਕਿਉਂਕਿ ਜੁਗਾ ਜੁਗੰਤਰਾਂ ਤੋ ਚਲਦੇ ਆ ਰਹੇ ਸਮਾਜਿਕ ਢਾਂਚੇ ਵਿੱਚ ਤਬਦੀਲੀਆਂ ਕਰਨ ਤੋ ਬਾਅਦ ਇਸ ਨੂੰ ਇੰਪਲੀਮੈਂਟ ਕਰਨ ਵਿੱਚ ਸਮਾਂ ਲਗਦਾ ਹੈ, ਰਾਤੋ ਰਾਤ ਕੋਈ ਵੀ ਪਰਿਵਰਤਨ ਸੰਭਵ ਨਹੀ ਹੁੰਦਾ।



## ਦਸਤਾਵੇਜ਼ੀ ਫ਼ਿਲਮ 'ਸ਼ੋਕ ਦੀ ਫਸਲ'

# ਪੰਜਾਬ ਦੇ ਜ਼ਰਾਇਤੀ ਸੰਕਟ ਨੂੰ ਹੂ-ਬ-ਹੂ ਪੇਸ਼ ਕਰੇਗੀ

### ਰਾਜਸੀ ਪਾਰਟੀਆਂ ਬੁਨਿਆਦੀ ਮਸਲਿਆਂ ਬਾਰੇ ਗੰਭੀਰ ਨਹੀਂ, ਲਾਗਤਾਂ ਵਧਣ ਕਰਕੇ ਕਿਸਾਨੀ ਕਿੱਤਾ ਲਾਹੇਵੰਦ ਨਹੀਂ ਰਿਹਾ

**ਚੰਡੀਗੜ੍ਹ/ਦਵਿੰਦਰਪਾਲ**

ਪੰਜਾਬ ਦੇ ਜ਼ਿਲ੍ਹਾ ਸੰਗਰੂਰ ਵਿਚ ਕਰਜ਼ੇ ਦੇ ਬੋਝ ਕਾਰਨ ਕਿਸਾਨਾਂ ਵੱਲੋਂ ਕੀਤੀਆਂ ਖੁਦਕਸ਼ੀਆਂ ਦੀ ਦਾਸਤਾਨ ਨੇ ਪੱਥਰ ਦਿਲਾਂ ਨੂੰ ਵੀ ਪਿਘਲਾ ਕੇ ਰੱਖ ਦਿੱਤਾ ਹੈ। ਖੁਦਕਸ਼ੀਆਂ ਦੀਆਂ ਘਟਨਾਵਾਂ ਉੱਪਰ ਬਣੀ ਫਿਲਮ 'ਸ਼ੋਕ ਦੀ ਫਸਲ' ਨੇ ਗੈਰ-ਕੁਦਰਤੀ ਵਰਤਾਰੇ ਦੀ ਮਾਰ ਹੇਠ ਆਈਆਂ ਵਿਧਵਾਵਾਂ ਤੇ ਬਜ਼ੁਰਗ ਔਰਤਾਂ ਦੀ ਜ਼ਿੰਦਗੀ ਦੀ ਅਸਲ ਤਸਵੀਰ ਸਾਹਮਣੇ ਲਿਆ ਕੇ ਦੇਸ਼ ਭਰ ਵਿਚ ਖੁਸ਼ਹਾਲ ਮੰਨੇ ਜਾਂਦੇ ਪੰਜਾਬ ਦੇ ਖੇਤੀ ਸੰਕਟ ਨੂੰ ਸਰਕਾਰਾਂ ਤੇ ਸਮਾਜ ਅੱਗੇ ਪੇਸ਼ ਕੀਤਾ ਹੈ। ਕਿਸੇ ਮੁਟਿਆਰ ਦਾ ਪਤੀ, ਬਜ਼ੁਰਗ ਔਰਤ ਦਾ ਪੁੱਤਰ ਤੇ ਬਾਲ ਉਮਰੇ ਮਾਸੂਮ ਜਿੰਦ ਦਾ ਪਿਤਾ ਜਦੋਂ ਅਣਆਈ ਮੌਤ ਮਰਦਾ ਹੈ ਤੇ ਪਰਿਵਾਰ ਦੀ ਔਰਤ ਖੇਤੀ, ਘਰ ਬਾਰ ਤੇ ਬੱਚਿਆਂ ਦਾ ਭਾਰ ਕਿਵੇਂ ਅਪਣੇ ਮੋਢਿਆਂ 'ਤੇ ਚੁੱਕਦੀ ਹੈ, ਨੂੰ ਇਸ ਫਿਲਮ ਵਿਚ ਹੂਬਹੂ ਬਿਆਨ ਕੀਤਾ ਹੈ। ਸਰਕਾਰੀ ਦਮਨ ਵਿਰੋਧੀ ਲਹਿਰ ਦੇ ਮੁਖੀ ਇੰਦਰਜੀਤ ਸਿੰਘ ਜੇਜੀ ਦੇ ਇਸ ਉੱਦਮ ਨਾਲ ਪੰਜਾਬ ਦੇ ਜ਼ਰਾਇਤੀ ਸੰਕਟ ਦੀ ਇਹ ਤਸਵੀਰ ਹੁਣ ਕੌਮੀ ਪੱਧਰ 'ਤੇ ਉੱਠਣ ਦੀ ਉਮੀਦ ਜਾਗੀ ਹੈ। ਫੀਚਰ ਤੇ ਦਸਤਾਵੇਜ਼ੀ ਫਿਲਮਾਂ ਬਨਾਉਣ ਵਿਚ ਮਾਹਿਰ ਅਨਵਰ ਜਮਾਲ ਨੇ ਇਸ ਦੁਖਾਂਤ ਨੂੰ ਕੈਮਰਾਬੱਧ ਕੀਤਾ ਹੈ।

ਦਸਤਾਵੇਜ਼ੀ ਫਿਲਮ ਵਿਚ ਪਿੰਡ ਬੱਲਰਾਂ ਦੀ ਬਜ਼ੁਰਗ ਔਰਤ ਗੁਰਨਾਮ ਕੌਰ ਜਦੋਂ ਅਪਣੀ ਹੱਡ ਬੀਤੀ ਬਿਆਨਦੀ ਹੋਈ ਦੱਸਦੀ ਹੈ- ''ਕਰਜ਼ੇ ਦੇ ਦੈਂਤ ਨੇ ਮੇਰੇ ਚਾਰ ਪੁੱਤਰਾਂ ਨੂੰ ਨਿਗਲ ਲਿਆ, ਇੱਕ-ਇੱਕ ਕਰਕੇ ਮੇਰੀਆਂ ਅੱਖਾਂ ਦੇ ਸਾਹਮਣੇ ਮਰੇ ਮੇਰੇ ਪੁੱਤ। ਮਰਨਾ ਤਾਂ ਮੈਂ ਖੁਦ ਵੀ ਚਾਹੁੰਦੀ ਸਾਂ ਪਰ ਕਰਾਂ ਕੀ ਮਰਨ ਵਾਲੇ ਪੁੱਤਰ ਬੁੱਢੀ ਮਾਂ ਨੂੰ ਪੋਤਰੀਆਂ ਤੇ ਪੋਤਰਿਆਂ ਦੀ ਜ਼ਿੰਮੇਵਾਰੀ ਜੋ ਛੱਡ ਗਏ।'' ਸੁਣ ਕੇ ਸਾਰਿਆਂ ਦੀਆਂ ਅੱਖਾਂ ਨਮ ਹੋ ਜਾਂਦੀਆਂ ਹਨ। ਕਰਜ਼ੇ ਮਾਰੇ ਪਰਿਵਾਰਾਂ ਦੀਆਂ ਅਣਗਿਣਤ ਦਿਲ ਕੰਬਾਊ ਕਹਾਣੀਆਂ ਨੂੰ ਇਸ ਫਿਲਮ ਦਾ ਹਿੱਸਾ ਬਣਾਇਆ ਗਿਆ ਹੈ। ਕਿਸਾਨੀ ਖੁਦਕਸ਼ੀਆਂ ਦੀਆਂ ਘਟਨਾਵਾਂ 'ਤੇ ਦਸਤਾਵੇਜ਼ੀ ਫਿਲਮ ਬਨਾਉਣ ਵਾਲਾ ਅਨਵਰ ਜਦੋਂ ਗੁਰਨਾਮ ਕੌਰ ਦੇ ਘਰ ਗਿਆ ਤਾਂ ਉਹ ਅਤਿ ਦੀ ਗਰੀਬੀ ਕਾਰਨ ਉਸ ਨੂੰ ਚਾਹ ਵੀ ਨਹੀਂ ਪਿਲਾ ਸਕੀ।

ਇਸੇ ਤਰ੍ਹਾਂ ਰਾਣੀ ਕੌਰ ਨਾਮੀ ਔਰਤ ਨੇ ਅਪਣੇ ਪਤੀ, ਜੇਠ, ਜੇਠ ਦੇ ਲੜਕੇ ਤੇ ਦਿਉਰ ਨੂੰ ਜ਼ਹਿਰ ਖਾ ਕੇ ਮਰਦਿਆਂ ਅਪਣੀ ਅੱਖੀਂ ਦੇਖਿਆ। ਭੁਟਾਲ ਖੁਰਦ ਦੇ ਬਜ਼ੁਰਗ ਲਾਭ ਸਿੰਘ ਦੀ ਹੱਡਬੀਤੀ ਵੀ ਬੜੀ ਦਰਦਮਈ ਹੈ। ਇਸ ਕਿਸਾਨ ਸਿਰ ਜਦੋਂ ਕਰਜ਼ੇ ਦਾ ਬੋਝ ਵਧ ਗਿਆ ਤਾਂ ਪਰਿਵਾਰ ਨੇ ਗੁਜਰਾਤ ਜਾ ਕੇ ਖੇਤੀ ਕਰਨ ਦਾ ਯਤਨ ਕੀਤਾ ਤਾਂ ਜੋ ਕਰਜ਼ੇ ਤੋਂ ਮੁਕਤੀ ਪਾ ਸਕਣ ਪਰ ਪਰਿਵਾਰ ਨੂੰ ਗੁਜਰਾਤ ਵੀ ਰਾਸ ਨਾ ਆਇਆ। ਪਿੰਡ ਵਾਪਸ ਆ ਗਏ, 4 ਲੱਖ ਰੁਪਏ ਕਰਜ਼ਾ ਲਿਆ ਸੀ ਜੋ ਵਧ ਕੇ 16 ਲੱਖ ਰੁਪਏ ਹੋ ਗਿਆ। ਪੁੱਤਰਾਂ ਨੇ ਦੇਖਿਆ ਕਿ ਕਰਜ਼ੇ ਤੋਂ ਮੁਕਤੀ ਪਾਉਣੀ ਅਸੰਭਵ ਹੈ ਤਾਂ ਉਨ੍ਹਾਂ ਅਪਣੀ ਜ਼ਿੰਦਗੀ ਦਾ ਅੰਤ ਕਰ ਲਿਆ। ਜ਼ਿੰਦਗੀ ਦੇ ਆਖਰੀ ਪੜਾਅ 'ਤੇ ਪਹੁੰਚਿਆ ਇਹ ਬਜ਼ੁਰਗ, ਪੁੱਤਰ ਤਾਂ ਗੁਆ ਚੁੱਕਾ ਹੈ ਪਰ ਕਰਜ਼ੇ ਤੋਂ ਅਜੇ ਵੀ ਮੁਕਤ ਨਹੀਂ ਹੋਇਆ। ਇਸੇ ਪਿੰਡ ਦੇ ਰਣ ਸਿੰਘ ਦੇ ਪਸ਼ੂ ਵਿਕੇ, ਜ਼ਮੀਨ ਵਿਕੀ ਕਰਜ਼ੇ ਤੋਂ ਮੁਕਤੀ ਫਿਰ ਵੀ ਨਾ ਹੋਈ, ਜ਼ਮੀਨ ਦੀ ਮਾਲਕੀ ਖੁੱਸਣ ਤੋਂ ਬਾਅਦ ਰਣ ਸਿੰਘ ਹੁਣ ਮਜ਼ਦੂਰ ਬਣ ਗਿਆ ਹੈ। ਸ਼ਾਹੂਕਾਰ ਹੁਣ ਉਸ ਦੇ ਘਰ 'ਤੇ ਅੱਖ ਰੱਖੀ ਫਿਰਦੇ ਹਨ। ਉਹ ਆਖਦਾ ਹੈ ਕਿ ਜੇਕਰ ਘਰ ਵੀ ਖੁੱਸ ਗਿਆ ਤਾਂ ਉਹ ਜਿਊਂ ਕੇ ਕੀ ਕਰੇਗਾ।

ਜਸਵੀਰ ਕੌਰ ਜਦੋਂ ਅਪਣੇ ਪਤੀ ਦੀ ਮੌਤ ਦੀ ਕਹਾਣੀ ਸੁਣਾ ਰਹੀ ਹੁੰਦੀ ਹੈ ਤਾਂ ਕੋਲ ਬੈਠੀ ਉਸਦੀ ਧੀ ਵੀ ਭੁੱਬਾਂ ਮਾਰ ਕੇ ਰੋਣ ਲੱਗ ਪੈਂਦੀ ਹੈ। ਇਕ ਘੰਟੇ ਦੀ ਇਸ ਫਿਲਮ ਵਿਚ ਉੱਘੀ ਸਮਾਜ ਸੇਵਿਕਾ ਵੰਦਨਾ ਸ਼ਿਵਾ ਤੇ ਪ੍ਰਮੋਦ ਕੁਮਾਰ ਦੇ ਵਿਚਾਰ ਵੀ ਲਏ ਗਏ ਹਨ। ਸ਼੍ਰੀਮਤੀ ਵੰਦਨਾ ਸ਼ਿਵਾ ਦਾ ਕਹਿਣਾ ਹੈ ਕਿ ਲਾਗਤ ਕੀਮਤਾਂ ਦੇ ਵਧਣ ਕਾਰਨ ਕਿਸਾਨੀ ਕਿੱਤਾ ਲਾਹੇਵੰਦ ਨਹੀਂ ਰਿਹਾ। ਜਿਸ ਕਾਰਨ ਕਿਸਾਨ ਕਰਜ਼ੇ ਹੇਠ ਆ ਕੇ ਖੁਦਕਸ਼ੀਆਂ ਕਰ ਰਹੇ ਹਨ। ਪ੍ਰਮੋਦ ਕੁਮਾਰ ਦਾ ਕਹਿਣਾ ਹੈ ਕਿ ਕੋਈ ਵੀ ਰਾਜਨੀਤਕ ਪਾਰਟੀ ਅਜਿਹੇ ਬੁਨਿਆਦੀ ਮਸਲਿਆਂ ਬਾਰੇ ਗੰਭੀਰ ਨਹੀਂ। ਸਾਰੀਆਂ ਰਾਜਨੀਤਕ ਪਾਰਟੀਆਂ ਦੇ ਦੋ-ਦੋ ਏਜੰਡੇ ਹਨ, ਇਕ ਸੱਤਾ ਹਥਿਆਉਣ ਲਈ ਤੇ ਦੂਜਾ ਸਰਕਾਰ ਚਲਾਉਣ ਲਈ। ਸੱਤਾ ਹਥਿਆਉਣ ਲਈ ਲੋਕ ਲੁਭਾਊ ਨਾਹਰਿਆਂ ਦਾ ਸਹਾਰਾ ਲਿਆ ਜਾਂਦਾ ਹੈ ਤੇ ਸਰਕਾਰ ਬਣਦਿਆਂ ਹੀ ਮੁੱਖ ਮਸਲਿਆਂ ਨੂੰ ਭੁਲਾ ਦਿੱਤਾ ਜਾਂਦਾ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਖੇਤੀਬਾੜੀ ਪੰਜਾਬ ਹੀ ਨਹੀਂ ਦੇਸ਼ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਵੀ ਹੈ ਪਰ ਸਰਕਾਰਾਂ ਵਲੋਂ ਇਸ ਕਿੱਤੇ ਨੂੰ ਪ੍ਰਮੁੱਖਤਾ ਦੇਣੀ ਤਾਂ ਦੂਰ ਦੀ ਗੱਲ ਇਸ ਨੂੰ ਲਗਾਤਾਰ ਵਿਸਾਰਿਆ ਜਾ ਰਿਹਾ ਹੈ। ਸਰਕਾਰੀ ਦਮਨ ਵਿਰੋਧੀ ਲਹਿਰ ਦੇ ਮੁਖੀ ਇੰਦਰਜੀਤ ਸਿੰਘ ਜੇਜੀ ਨੇ ਇਸ ਦਸਤਾਵੇਜ਼ੀ ਫਿਲਮ ਵਿਚ ਦਾਅਵਾ ਕੀਤਾ ਹੈ ਕਿ ਪੰਜਾਬ ਵਿਚ ਕਰਜ਼ੇ ਦੇ ਬੋਝ ਕਾਰਨ 40 ਹਜ਼ਾਰ ਤੋਂ ਵੱਧ ਕਿਸਾਨ ਖੁਦਕਸ਼ੀਆਂ ਕਰ ਚੁੱਕੇ ਹਨ। ਉਨ੍ਹਾਂ ਅਫਸੋਸ ਪ੍ਰਗਟ ਕੀਤਾ ਹੈ ਕਿ ਪੰਜਾਬ ਦੀ ਇਸ ਗੰਭੀਰ ਸਮੱਸਿਆ ਨੂੰ ਨਾ ਰਾਜ ਸਰਕਾਰ ਤੇ ਨਾ ਹੀ ਕੇਂਦਰ ਸਰਕਾਰ ਗੰਭੀਰਤਾ ਨਾਲ ਲੈ ਰਹੀ ਹੈ। ਅਨਵਰ ਦਾ ਕਹਿਣਾ ਹੈ ਕਿ ਉਹ ਇਸ ਫਿਲਮ ਨੂੰ ਕੌਮੀ ਤੇ ਕੌਮਾਂਤਰੀ ਫਿਲਮ ਮੇਲਿਆਂ ਵਿਚ ਪ੍ਰਦਰਸ਼ਿਤ ਕਰੇਗਾ।

# ਗੁਰੂ ਦੱਤ, ਨਰਗਿਸ, ਮੀਨਾ ਕੁਮਾਰੀ, ਪ੍ਰਾਣ ਤੇ ਅਮਿਤਾਭ ਸੀ.ਐਨ.ਐਨ. ਦੀ ਸੂਚੀ ਵਿਚ ਸ਼ੁਮਾਰ

**ਨਿਊਯਾਰਕ/ਨ.ਦ.ਬਿਊਰੋ**

ਬਾਲੀਵੁੱਡ ਦੀਆਂ ਨਾਮਵਰ ਹਸਤੀਆਂ, ਗੁਰੂ ਦੱਤ, ਨਰਗਿਸ, ਮੀਨਾ ਕੁਮਾਰੀ, ਅਮਿਤਾਭ ਬੱਚਨ ਤੇ ਪ੍ਰਾਣ ਸੀ.ਐਨ.ਐਨ. ਦੀ ਏਸ਼ੀਆ ਦੇ ਸਦੀਵੀ ਅਦਾਕਾਰਾਂ ਦੀ ਸੂਚੀ ਵਿਚ ਸ਼ੁਮਾਰ ਹਨ। ਇਸ ਸੂਚੀ ਵਿਚ ਭਾਰਤ, ਚੀਨ, ਜਪਾਨ, ਕੰਬੋਡੀਆ, ਸਿੰਗਾਪੁਰ, ਥਾਈਲੈਂਡ, ਮਲੇਸ਼ੀਆ ਤੇ ਕੋਰੀਆ ਦੇ ਅਦਾਕਾਰ ਸ਼ਾਮਲ ਹਨ। ਗੁਰੂ ਦੱਤ ਦੀ ਓਰਸਨ ਵੈਲੇਸ ਨਾਲ ਤੁਲਨਾ ਕਰਦਿਆਂ ਸੀ.ਐਨ.ਐਨ. ਦੀ ਵੈਬਸਾਈਟ ਨੇ ਕਿਹਾ ਹੈ ਕਿ ਅਦਾਕਾਰ-ਫਿਲਮਸਾਜ਼ ਹਿੰਦੀ ਸਿਨੇਮੇ ਦੇ ਸੁਨਹਿਰੀ ਕਾਲ ਵਿਚ 'ਪਿਆਸਾ' ਤੇ 'ਕਾਗਜ਼ ਦੇ ਫੂਲ' ਜੇਹੀਆਂ ਫਿਲਮਾਂ ਲੈ ਕੇ ਵਿਲੱਖਣ ਹਸਤੀ ਦੇ ਰੂਪ ਵਿਚ ਉਭਰਿਆ। ਉਹ ਦਾ ਨਾਮ ਰੂਹ ਤੱਕ ਡੁੱਬ ਕੇ ਕੀਤੀ ਜਾਂਦੀ ਰਹੀ ਅਦਾਕਾਰੀ ਸਦਕਾ ਇਸ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। 'ਪਿਆਸਾ' ਵਿਚ ਉਹਦੀ ਸੰਘਰਸ਼ ਕਰ ਰਹੇ ਸ਼ਾਇਰ ਦੀ ਭੂਮਿਕਾ ਕਮਾਲ ਸੀ। 67 ਸਾਲਾ ਅਮਿਤਾਭ ਬਚਨ ਨੂੰ ਇਸ ਸੂਚੀ ਵਿਚ ਥਾਂ ਜ਼ੰਜੀਰ ਫਿਲਮ ਵਿਚ ਨਿਭਾਈ ਗਹਿਰ ਗੰਭੀਰ ਇੰਸਪੈਕਟਰ ਦੀ ਭੂਮਿਕਾ ਕਾਰਨ ਮਿਲੀ ਹੈ। ਪ੍ਰਾਣ ਨੇ 300 ਦੇ ਨੇੜੇ-ਤੇੜੇ ਭਾਰਤੀ ਫਿਲਮਾਂ ਕੀਤੀਆਂ ਤੇ ਉਹ ਹਿੰਦੀ ਸਿਨੇਮਾ ਦੇ ਅਹਿਮ ਖਲਨਾਇਕ ਰਹੇ ਹਨ। ਨਰਗਿਸ ਨੂੰ ਸਿਨੇਮਾ ਦੇ ਇਤਿਹਾਸ ਵਿਚ ਮਹਾਨ ਅਦਾਕਾਰਾ ਮੰਨਿਆ ਜਾਂਦਾ ਹੈ ਤੇ ਉਹਦੀ ਸੂਖਮ ਤੇ ਕੁਦਰਤੀ ਅਦਾਕਾਰੀ ਲਾਮਿਸਾਲ ਸੀ। ਆਸਕਰ ਲਈ ਨਾਮਜ਼ਦ ਹੋਈ ਮਦਰ ਇੰਡੀਆ (1957) ਲਈ ਨਰਗਿਸ ਨੇ ਸਭ ਦਾ ਮਨ ਮੋਹ ਲਿਆ ਸੀ। ਫਿਲਮ ਵਿਚ ਉਹਨੇ ਦ੍ਰਿੜ ਇਰਾਦੇ ਦੀ ਔਰਤ ਰਾਧਾ ਦੀ ਭੂਮਿਕਾ ਨਿਭਾਈ ਸੀ, ਜੋ ਇਕ ਤੋਂ ਮਗਰੋਂ ਇਕ ਦੁੱਖ ਝੱਲਦੀ ਹੈ। ਮੀਨਾ ਕੁਮਾਰੀ ਦੀ 'ਸਾਹਿਬ ਬੀਬੀ ਔਰ ਗੁਲਾਮ' (1962) ਵਿਚ ਨਿਭਾਈ ਭੂਮਿਕਾ ਲਈ ਬੜੀ ਸ਼ਲਾਘਾ ਹੋਈ ਸੀ। ਪਾਕਿਸਤਾਨ ਦੇ ਦੋ ਅਦਾਕਾਰਾਂ ਮੁੰਹਮਦ ਅਲੀ ਤੇ ਜ਼ੇਬਾ ਬੁਖਤਿਆਰ ਨੂੰ ਵੀ ਇਸ ਸੂਚੀ ਵਿਚ ਥਾਂ ਮਿਲੀ ਹੈ। ਜ਼ੇਬਾ ਨੇ ਬਾਲੀਵੁੱਡ ਦੀ ਫਿਲਮ 'ਹਿਨਾ' ਵਿਚ ਕੰਮ ਕੀਤਾ ਸੀ। ਚੀਨ ਦੇ ਤਿੰਨ ਅਦਾਕਾਰਾਂ ਦੇ ਨਾਮ ਵੀ ਇਸ ਸੂਚੀ ਵਿਚ ਸ਼ਾਮਲ ਹਨ।

# ਪੁਰਸਕਾਰ ਦੇ ਸ਼ੀਸ਼ੇ ਵਿਚ ਦੇਸ਼ ਦੀ ਦੁਚਿੱਤੀ

**ਜੈ ਪ੍ਰਕਾਸ਼ ਚੌਕਸੇ**

ਇਸ ਸਾਲ ਦੇ ਆਸਕਰ ਪੁਰਸਕਾਰ ਅਮਰੀਕੀ ਸਮਾਜ ਦੀ ਵਿਚਾਰ ਸ਼ੈਲੀ ਅਤੇ ਅੰਦਰੂਨੀ ਦੁਚਿੱਤੀ ਨੂੰ ਬਿਆਨ ਕਰਦੇ ਹਨ। ਨੌਂ ਸ਼੍ਰੇਣੀਆਂ ਵਿਚ ਨਾਮਜ਼ਦ ਇਰਾਕ ਯੁੱਧ 'ਤੇ ਬਣੀ ਫਿਲਮ 'ਦੀ ਹਰਟ ਲਾਕਰ' ਨੂੰ 6 ਪੁਰਸਕਾਰ ਮਿਲੇ ਹਨ, ਜਿਨ੍ਹਾਂ ਵਿਚ ਸਰਵੋਤਮ ਫਿਲਮ ਅਤੇ ਸਰਵਤਮ ਡਾਇਰੈਕਟਰ ਦੀਆਂ ਮਹੱਤਵਪੂਰਨ ਸ਼੍ਰੇਣੀਆਂ ਸ਼ਾਮਲ ਹਨ। ਬਾਕਸ ਆਫਿਸ 'ਤੇ ਸਫਲ ਫਿਲਮ 'ਅਵਤਾਰ' ਨੂੰ ਤਕਨੀਕੀ ਸ਼੍ਰੇਣੀ ਦੇ ਸਿਰਫ਼ ਤਿੰਨ ਆਸਕਰ ਮਿਲੇ ਹਨ। ਫਿਲਮ 'ਟਾਈਟੈਨਿਕ' ਲਈ ਕਈ ਆਸਕਰ ਜਿੱਤਣ ਵਾਲੇ ਜੇਮਜ਼ ਕੈਮਰਾਨ ਨਿਸ਼ਚੇ ਹੀ ਨਿਰਾਸ਼ ਹੋਣਗੇ। 'ਦੀ ਹਰਟ ਲਾਕਰ' ਵਿਚ ਬੰਬ ਨਸ਼ਟ ਕਰਨ ਵਾਲੇ ਮਾਹਰਾਂ ਦੀ ਦਾਸਤਾਂ ਹੈ ਅਤੇ 'ਅਵਤਾਰ' ਫਿਲਮ ਵਿਚ ਅਮਰੀਕਾ ਨੂੰ ਨਿਰਦਈ ਹਮਲਾਵਰ ਦੇਸ਼ ਵਜੋਂ ਪੇਸ਼ ਕੀਤਾ ਗਿਆ ਹੈ। ਕੋਈ ਦੇਸ਼ ਖੁਦ ਨੂੰ ਖਲਨਾਇਕ ਵਜੋਂ ਦੇਖਣਾ ਪਸੰਦ ਨਹੀਂ ਕਰਦਾ। ਦੇਸ਼ ਪ੍ਰੇਮ ਦੇ ਮਾਮਲੇ ਵਿਚ ਤਰਕ ਦੀ ਕੋਈ ਥਾਂ ਨਹੀਂ ਰਹਿੰਦੀ।

'ਅਵਤਾਰ' ਵਿਚ ਅਮਰੀਕਾ ਦੇ ਫੌਜੀ ਰਵੱਈਏ ਦੀ ਤਬਾਹੀ ਕਰਦਿਆਂ ਦਿਖਾਇਆ ਗਿਆ ਹੈ ਅਤੇ ਇਕ ਪਾਤਰ ਇਸ ਤੱਥ ਦੀ ਗੱਲ ਵੀ ਕਰਦਾ ਹੈ ਕਿ ਕਿਸੇ ਜਗ੍ਹਾ ਭਾਵੇਂ ਹੀ ਉਹ ਦੂਸਰਾ ਗ੍ਰਹਿ ਹੀ ਕਿਉਂ ਨਾ ਹੋਵੇ, ਇਕ ਦਰਖਤ ਦੇ ਡਿਗਣ ਨਾਲ ਸੰਸਾਰ ਦੇ ਸਾਰੇ ਦਰਖਤਾਂ ਨੂੰ ਨੁਕਸਾਨ ਪੁੱਜਦਾ ਹੈ, ਕਿਉਂਕਿ ਕੁਦਰਤ ਵੀ ਇਕ ਅਦਿਖ ਡੋਰ ਨਾਲ ਬੱਝੀ ਹੈ। ਇਹ ਤੱਥ ਸਾਰੇ ਜਾਣਦੇ ਹਨ ਕਿ ਵਾਤਾਵਰਣ ਨੂੰ ਸਭ ਤੋਂ ਵਧ ਖਤਰਾ ਅਮਰੀਕਾ ਦੀ ਜੀਵਨ ਪ੍ਰਣਾਲੀ ਤੋਂ ਹੋ ਰਿਹਾ ਹੈ ਅਤੇ ਵਾਤਾਵਰਣ ਬਚਾਉਣ ਦੇ ਸਾਰੇ ਤੌਰ ਤਰੀਕੇ ਵਿਕਾਸਸ਼ੀਲ ਦੇਸ਼ਾਂ 'ਤੇ ਸੁੱਟਣ ਦੀ ਕੋਸ਼ਿਸ਼ ਹੋ ਰਹੀ ਹੈ। ਵਾਤਾਵਰਣ 'ਤੇ ਕੋਪਨਹੇਗਨ ਵਿਚ ਉਨ੍ਹੀਂ ਦਿਨੀਂ ਵਿਚਾਰ ਵਟਾਂਦਰਾ ਹੋਇਆ ਜਦੋਂ 'ਅਵਤਾਰ' ਦਾ ਪ੍ਰਦਰਸ਼ਨ ਹੋਇਆ ਸੀ। ਆਖਰ ਜੇਮਜ਼ ਕੈਮਰਾਨ ਦੀ 'ਅਵਤਾਰ' ਇਕ ਤਰ੍ਹਾਂ ਨਾਲ ਅਮਰੀਕਾ ਨੂੰ ਕਟਹਿਰੇ ਵਿਚ ਖੜਾ ਕਰਦੀ ਹੈ। ਸ਼ਾਇਦ ਅਕੈਡਮੀ ਦੇ ਵੋਟਰ ਇਨ੍ਹਾਂ ਗੱਲਾਂ ਤੋਂ ਪ੍ਰਭਾਵਤ ਹੋਏ ਹਨ। ਦੂਸਰੇ ਪਾਸੇ 'ਦੀ ਹਰਟ ਲਾਕਰ' ਵਿਚ ਜ਼ਖਮੀ ਅਮਰੀਕੀ ਸਿਪਾਹੀ ਦੀ ਕਥਾ, ਉਨ੍ਹਾਂ ਨੂੰ ਕਿਤੇ ਤਸੱਲੀ ਦੇ ਰਹੀ ਹੈ।

ਅਮਰੀਕਾ ਨੂੰ ਵੀਅਤਨਾਮ ਅਤੇ ਕੋਰੀਆ ਵਾਂਗ ਇਰਾਕ ਅਤੇ ਅਫਗਾਨਿਸਤਾਨ ਲਈ ਸ਼ਰਮਸਾਰ ਹੋਣਾ ਚਾਹੀਦਾ ਹੈ। ਇਹ ਸੰਭਵ ਹੈ ਕਿ ਅਮਰੀਕੀ ਨੀਤੀ ਘਾੜਿਆਂ ਦੇ ਦਿਲ ਦੇ ਕਿਸੇ ਕੋਨੇ ਵਿਚ ਅਪਰਾਧ ਭਾਵਨਾ ਵੀ ਹੋਵੇ। ਆਸਕਰ ਹਮੇਸ਼ਾ ਹੀ ਸਿਆਸਤ ਤੋਂ ਪ੍ਰਭਾਵਤ ਹੁੰਦੇ ਹਨ। 'ਲਗਾਨ' ਦੀ ਗੁਣਵੱਤਾ ਦੇ ਬਾਵਜੂਦ ਇਕ ਛੋਟੇ ਦੇਸ਼ ਦੀ ਫਿਲਮ ਨੂੰ ਆਸਕਰ ਨਾਲ ਨਿਵਾਜਿਆ ਗਿਆ ਸੀ, ਕਿਉਂਕਿ ਉਸ ਦੇਸ਼ ਦੇ ਖਿਲਾਫ ਵੀ ਅਮਰੀਕਾ ਨੇ ਅਨਿਆਂ ਕੀਤਾ ਸੀ। ਬਹੁਤ ਹੀ ਘਟ, ਪਰ ਠੋਸ ਦੇਸ਼ ਪ੍ਰੇਮ ਨਾਲ ਪ੍ਰਭਾਵਤ ਹੁੰਦੇ ਹੋਏ ਵੀ ਕਈ ਵਾਰ ਉਹ ਜਨਤਕ ਮਾਫੀ ਦੀ ਮੁਦਰਾ ਵਿਚ ਖੜੇ ਹੋ ਜਾਂਦੇ ਹਨ, ਕਿਉਂਕਿ ਜੇਬ ਕਤਰੀ ਲਈ ਤਾਂ ਦੁੱਖ ਹੈ, ਪਰ ਕਤਲ ਦੇ ਗੁਨਾਹ ਤੋਂ ਕੋਈ ਖਾਸ ਪ੍ਰੇਸ਼ਾਨੀ ਨਹੀਂ ਹੈ।

ਜ਼ਿਕਰਯੋਗ ਹੈ ਕਿ ਸ਼ੇਖਰ ਕਪੂਰ ਦੀ 'ਦੀ ਫੋਰ ਫੈਦਰਸ' ਵੀ ਨਕਾਰ ਦਿੱਤੀ ਗਈ, ਕਿਉਂਕਿ ਉਹ ਆਧੁਨਿਕ ਅਤਿਵਾਦ ਦਾ ਜਨਮ ਇਜ਼ਰਾਈਲ ਦੀ ਸਥਾਪਨਾ ਨਾਲ ਸ਼ੁਰੂ ਹੋਣਾ ਪੇਸ਼ ਕਰਦੀ ਹੈ ਅਤੇ ਸਾਮਰਾਜਵਾਦ ਨੂੰ ਵੀ ਸੰਗਠਤ ਕੌਮੀ ਅਪਰਾਧ ਹੀ ਦਰਸਾਉਂਦੀ ਹੈ। ਅਮਰੀਕੀ ਬਾਕਸ ਆਫਿਸ ਦੀ ਕਿਸਮਤ ਰਚੇਤਾ ਬੱਚੇ ਹਨ ਅਤੇ ਉਨ੍ਹਾਂ ਨੂੰ ਸਿਆਸਤ ਨਾਲ ਕੋਈ ਸਰੋਕਾਰ ਨਹੀਂ ਹੈ। ਉਨ੍ਹਾਂ ਲਈ 'ਅਵਤਾਰ' ਦੇ ਹੈਰਾਨੀ ਭਰੇ ਦ੍ਰਿਸ਼ ਹੀ ਕਾਫੀ ਸਨ ਅਤੇ 'ਅਵਤਾਰ' ਇਕ ਅਜੀਬ ਸਿਨੇਮਾਈ ਤਜਰਬਾ ਰਿਹਾ। ਇਸ ਆਸਕਰ ਤੋਂ ਇਹ ਸੰਕੇਤ ਵੀ ਉਭਰਦਾ ਹੈ ਕਿ ਮਨੁੱਖੀ ਸੰਵੇਦਨਾਵਾਂ ਵਾਲੀਆਂ ਫਿਲਮਾਂ ਟੈਕਨਾਲੋਜੀ ਦੀ ਕੁੱਖ ਤੋਂ ਜੰਮੀਆਂ ਫਿਲਮਾਂ 'ਤੇ ਭਾਰੀ ਪੈਂਦੀਆਂ ਹਨ। ਇਹ ਸਪਸ਼ਟ ਹੋਇਆ ਹੈ ਕਿ 'ਟਾਈਟੈਨਿਕ' ਵਰਗੀ ਪ੍ਰੇਮ ਕਥਾ, ਭਾਵੇਂ ਹੀ ਸਰਵੋਤਮ ਤਕਨਾਲੋਜੀ ਤੋਂ ਬਿਨਾਂ ਸੰਭਵ ਨਹੀਂ ਸੀ, ਹਮੇਸ਼ਾ ਅਸ਼ੁੱਧ ਟੈਕਨਾਲੋਜੀ ਵਾਲੇ ਸਿਨੇਮਾ 'ਤੇ ਭਾਰੀ ਪਏਗੀ। ਦਰਅਸਲ, ਸਿਨੇਮਾ ਵਿਚ ਮਨੁੱਖੀ ਸੰਵੇਦਨਾ ਅਤੇ ਤਰਸ ਤੋਂ ਉੱਪਰ ਕਿਸੇ ਨੂੰ ਥਾਂ ਨਹੀਂ ਮਿਲ ਸਕਦੀ। ਸਟੀਵਨ ਸਪੀਲਬਰਗ ਅਤੇ ਉਨ੍ਹਾਂ ਵਰਗੇ ਤਮਾਮ ਫਿਲਮਕਾਰਾਂ ਦੀ ਮੁਹਾਰਤ ਨੂੰ ਨਮਨ ਕੀਤਾ ਜਾ ਸਕਦਾ ਹੈ, ਪਰ ਪਿਆਰ ਤਾਂ ਤੁਸੀਂ ਚਾਰਲੀ ਚੈਪਲਿਨ ਨਾਲ ਹੀ ਕਰੋਗੇ।



# ਮਹਿਲਾ ਬਿਲ 'ਤੇ ਬਗ਼ਾਵਤ ਦੇ ਆਸਾਰ

ਮਹਿਲਾ ਰਾਖਵਾਂਕਰਨ ਬਿਲ ਲੋਕ ਸਭਾ ਵਿਚ ਪਾਸ ਕਰਾਉਣਾ ਯੂ.ਪੀ.ਏ. ਦੇ ਸਿਆਸੀ ਪ੍ਰਬੰਧਕਾਂ ਲਈ ਵੱਡੀ ਚੁਣੌਤੀ ਬਣ ਗਿਆ ਹੈ। ਭਾਜਪਾ ਅਤੇ ਕਾਂਗਰਸ ਨੇ ਆਪਣੇ ਮੈਂਬਰਾਂ ਨੂੰ ਵਿਪ੍ਹ ਜਾਰੀ ਕੀਤਾ ਹੋਇਆ ਹੈ, ਇਸ ਤੋਂ ਉਹ ਡਰੇ-ਸਹਿਮੇ ਜ਼ਰੂਰ ਹਨ ਪਰ ਬਿਲ ਦੇ ਵਿਰੋਧ ਵਿਚ ਆਪਣੀ ਨਾਰਾਜ਼ਗੀ ਲੁਕਾ ਨਹੀਂ ਰਹੇ। ਸ਼ਾਇਦ ਇਹੀ ਕਾਰਨ ਹੈ ਕਿ ਸਦਨ ਵਿਚ ਹੰਗਾਮੇ ਕਾਰਨ ਲੋਕ ਸਭਾ ਦੀ ਕਾਰਵਾਈ ਕੁਝ ਦੇਰ ਲਈ ਮੁਲਤਵੀ ਹੋਣ 'ਤੇ ਭਾਜਪਾ ਆਗੂ ਯਸ਼ਵੰਤ ਸਿਨਹਾ ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਅਤੇ ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ ਨੂੰ ਇਹ ਕਹਿ ਕੇ ਭੜਕਾਉਂਦਿਆਂ ਦੇਖਿਆ ਗਿਆ, 'ਤੁਸੀਂ ਰਾਸ਼ਟਰਪਤੀ ਕੋਲ ਜਾਓ, ਹਮਾਇਤ ਵਾਪਸ ਲੈ ਲਓ, ਅਸੀਂ ਤੁਹਾਡੇ ਨਾਲ ਹਾਂ।'

> 'ਪੰਜਾਬ ਤੋਂ ਵੱਧ ਭਾਜਪਾ ਦੇ ਸੰਸਦ ਮੈਂਬਰ ਬਿਲ ਦੇ ਵਿਰੋਧ ਵਿਚ ਹਨ। ਵਿਪ੍ਹ ਹਟਿਆ ਤਾਂ ਭਾਜਪਾ ਦੇ ਦੋ-ਚਾਰ ਸੰਸਦ ਮੈਂਬਰਾਂ ਨੂੰ ਛੱਡ ਕੇ ਸਾਰੇ ਬਿਲ ਦੇ ਖਿਲਾਫ ਵੋਟ ਕਰਨਗੇ।'
>
> *ਮਹੰਤ ਅਦਿਤਯਨਾਥ (ਭਾਜਪਾ ਸੰਸਦ ਮੈਂਬਰ)*

ਬਿਲ ਪਾਸ ਕਰਾਉਣ ਲਈ ਸਰਕਾਰ ਕਾਫ਼ੀ ਹਦ ਤਕ ਮੁੱਖ ਵਿਰੋਧੀ ਦਲ ਭਾਜਪਾ 'ਤੇ ਨਿਰਭਰ ਹੈ ਪਰ ਉਸ ਦੇ ਅੰਦਰੂਨੀ ਸੂਤਰਾਂ ਮੁਤਾਬਕ ਬਿਲ ਖਿਲਾਫ ਦੋ ਦਰਜਨ ਤੋਂ ਵਧ ਸੰਸਦ ਮੈਂਬਰ ਖੁੱਲ੍ਹੀ ਬਗ਼ਾਵਤ 'ਤੇ ਉਤਰ ਆਏ ਹਨ। ਭਾਜਪਾ ਦੇ ਸੀਨੀਅਰ ਆਗੂਆਂ ਨੇ ਪਾਰਟੀ ਦੇ ਸੰਸਦ ਮੈਂਬਰਾਂ ਦੇ ਬਗ਼ਾਵਤੀ ਤੇਵਰ ਦੇਖਦੇ ਹੋਏ ਕਾਂਗਰਸ ਨੂੰ ਸਾਫ ਕਹਿ ਦਿੱਤਾ ਹੈ ਕਿ ਜੇਕਰ ਰਾਜ ਸਭਾ ਦੀ ਤਰਜ਼ 'ਤੇ ਮਾਰਸ਼ਲਾਂ ਜ਼ਰੀਏ ਵਿਰੋਧ ਪ੍ਰਗਟਾਉਣ ਵਾਲੇ ਸੰਸਦ ਮੈਂਬਰ ਨੂੰ ਬਾਹਰ ਸੁੱਟਿਆ ਗਿਆ ਤਾਂ ਬਿਲ ਦਾ ਸਮਰਥਨ ਨਹੀਂ ਕਰਨਗੇ।

# ਸੱਜਣ ਕੁਮਾਰ ਨੂੰ ਮਿਲੀ ਜ਼ਮਾਨਤ

ਨਵੰਬਰ 1984 ਵਿਚ ਦਿੱਲੀ ਦੇ ਸੁਲਤਾਨਪੁਰੀ ਤੇ ਦਿੱਲੀ ਕੈਂਟ ਇਲਾਕਿਆਂ ਵਿਚ ਹੋਈਆਂ ਕਤਲਾਂ ਦੀਆਂ ਕਈ ਵਾਰਦਾਤਾਂ ਨੂੰ ਲੈ ਕੇ ਰਾਜਧਾਨੀ ਦੀ ਕੜਕੜਡੂਮਾ ਅਦਾਲਤ ਵਿਚ ਚੱਲ ਰਹੇ ਮੁਕੱਦਮੇ ਦੀ ਸੁਣਵਾਈ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਜ਼ਮਾਨਤ ਮਿਲ ਗਈ। ਅਦਾਲਤ ਵਿਚ ਵਧੀਕ ਮੈਟਰੋਪਾਲੇਟਿਨ ਮੈਜਿਸਟਰੇਟ ਲੋਕੇਸ਼ ਕੁਮਾਰ ਸ਼ਰਮਾ ਵੱਲੋਂ ਨਿੱਜੀ ਮੁਚੱਲਕੇ ਅਤੇ 50 ਹਜ਼ਾਰ ਦੀ ਜ਼ਾਮਨੀ 'ਤੇ ਇਹ ਜ਼ਮਾਨਤ ਮਨਜ਼ੂਰ ਕੀਤੀ ਗਈ। ਇਸ ਮਾਮਲੇ ਵਿਚ ਸਹਿਯੋਗੀ ਸੱਤ ਵਿਅਕਤੀਆਂ ਨੂੰ ਵੀ ਜ਼ਮਾਨਤ ਦਿੱਤੀ ਗਈ ਹੈ।





### ਸੱਜਣ ਦੇ ਸਮਰਥਕਾਂ ਵੱਲੋਂ ਪੱਤਰਕਾਰ ਜਰਨੈਲ ਸਿੰਘ 'ਤੇ ਹਮਲਾ

ਸੱਜਣ ਕੁਮਾਰ ਦੀ ਕੜਕੜਡੂਮਾ ਅਦਾਲਤ ਵਿਚ ਪੇਸ਼ੀ ਦੌਰਾਨ ਤਿਲਕ ਨਗਰ ਦੀ ਤਿਲਕ ਵਿਹਾਰ ਕਾਲੋਨੀ ਦੇ ਦੱਸੇ ਜਾਂਦੇ ਕੁਝ ਲੋਕਾਂ ਵੱਲੋਂ ਪੱਤਰਕਾਰ ਜਰਨੈਲ ਸਿੰਘ 'ਤੇ ਕਥਿਤ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ।

ਜਰਨੈਲ ਸਿੰਘ ਨੇ ਕੜਕੜਡੂਮਾ ਅਦਾਲਤ ਦੇ ਕੈਂਪਸ ਵਿਚ ਵੜ੍ਹ ਕੇ ਆਪਣੀ ਜਾਨ ਬਚਾਈ। ਜਰਨੈਲ ਸਿੰਘ ਨੇ ਇਸ ਬਾਬਤ ਪੁਲੀਸ ਚੌਕੀ ਵਿਚ ਦਰਜ ਕਰਵਾਈ ਸ਼ਿਕਾਇਤ ਵਿਚ ਦੋਸ਼ ਲਾਇਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਆਤਮਾ ਸਿੰਘ ਲੁਬਾਣਾ ਦੇ ਕੁਝ ਸਮਰਥਕਾਂ ਨੇ ਉਸ ਨਾਲ ਕਥਿਤ ਧੱਕਾ-ਮੁੱਕੀ ਕੀਤੀ। ਜਰਨੈਲ ਸਿੰਘ ਨੇ ਦੱਸਿਆ ਕਿ ਆਤਮਾ ਸਿੰਘ ਲੁਬਾਣਾ ਦੀ 1984 ਦੇ ਪੀੜਤਾਂ ਨਾਲ ਸਬੰਧਤ ਮੁੱਕਦਮਿਆਂ ਵਿਚ ਭੂਮਿਕਾ ਨੂੰ ਲੈ ਕੇ ਪਹਿਲਾਂ ਹੀ ਵਿਵਾਦ ਸ੍ਰੀ ਅਕਾਲ ਤਖ਼ਤ ਵਿਖੇ ਪਹੁੰਚਣ 'ਤੇ ਉਸ ਨੂੰ ਤਨਖਾਹੀਆ ਕਰਾਰ ਦਿੱਤਾ ਹੋਇਆ ਹੈ।

# 'ਜੀਨਿਅਸ' ਦੇ ਦਿਨ ਗਏ, 'ਇਡੀਅਟਸ' ਦਾ ਜ਼ਮਾਨਾ

## ਆਮਿਰ ਖਾਨ ਦੀ ਸੁਪਰ ਹਿਟ ਫਿਲਮ 'ਥ੍ਰੀ ਇਡੀਅਟ' ਨੇ ਬਣਾਈ ਸਮਾਰਟ ਬੰਦਿਆਂ ਦੀ ਨਵੀਂ ਪਛਾਣ

ਆਮਿਰ ਖਾਨ ਦੀ ਬਲਾਕ ਬਸਟਰ ਫਿਲਮ 'ਥ੍ਰੀ ਇਡੀਅਟਸ' ਨੇ ਸਮਾਰਟਨੈਸ ਦੀ ਨਵੀਂ ਪ੍ਰੀਭਾਸ਼ਾ ਅਤੇ ਪਛਾਣ ਬਣਾਈ ਹੈ। ਉਚ ਅਦਾਰਿਆਂ ਦੀ ਸ਼ਾਨਦਾਰ ਡਿਗਰੀ ਨੂੰ ਹੁਣ ਕਾਬਲੀਅਤ ਦਾ ਪ੍ਰਤੀਕ ਨਹੀਂ ਸਮਝਿਆ ਜਾ ਰਿਹਾ। ਕੰਪਨੀਆਂ ਨੂੰ ਹੁਣ ਸਮਾਰਟ 'ਇਡੀਅਟਸ' ਦੀ ਲੋੜ ਹੈ। ਨਵੀਆਂ ਭਰਤੀਆਂ ਲਈ ਪ੍ਰਕਾਸ਼ਤ ਇਸ਼ਤਿਹਾਰਾਂ ਦੀ ਬਦਲੀ ਹੋਈ ਭਾਸ਼ਾ ਇਸ ਦੀ ਹਾਮੀ ਭਰਦੀ ਹੈ।

ਉਤਰ ਭਾਰਤ ਵਿਚ ਮਲਟੀਮੀਡੀਆ ਅਤੇ ਫਿਲਮ ਪ੍ਰੋਡਕਸ਼ਨ ਵਿਚ ਕੰਮ ਕਰਨ ਵਾਲੇ ਓ.ਐਕਸ.ਐਲ. ਗਰੁੱਪ ਨੇ ਆਪਣੇ ਜਲੰਧਰ, ਅੰਮ੍ਰਿਤਸਰ, ਚੰਡੀਗੜ੍ਹ ਤੇ ਲੁਧਿਆਣਾ ਸਥਿਤ ਕੇਂਦਰਾਂ ਲਈ ਨਿਰਾਲਾ ਇਸ਼ਤਿਹਾਰ ਕੱਢਿਆ ਹੈ। ਕੰਪਨੀ ਨੇ ਕਿਹਾ ਹੈ ਕਿ ਉਸ ਨੂੰ ਕੁਝ ਇਡੀਅਟਸ ਚਾਹੀਦੇ ਹਨ। ਇਸ਼ਤਿਹਾਰ ਮੁਤਾਬਕ ਕੰਪਨੀ ਮੰਨਦੀ ਹੈ ਇਡੀਅਟਸ ਕੁਝ ਹਟ ਕੇ ਕੰਮ ਕਰਦੇ ਹਨ। ਵਿਚਾਰਾਂ ਦੀ ਉਡਾਨ ਲਈ ਹੱਦਾਂ ਤੈਅ ਨਹੀਂ ਕਰਦੇ। ਕੰਪਨੀ ਅਨੁਸਾਰ ਅਜਿਹੇ ਇਡੀਅਟਸ ਅਕਸਰ ਇੰਡਸਟਰੀ ਵਿਚ ਬਹੁਤ ਉਚਾ ਪੁੱਜਦੇ ਹਨ ਅਤੇ ਅੱਜ ਇਨ੍ਹਾਂ ਹੀਰਿਆਂ ਦੀ ਪਛਾਣ ਦੀ ਲੋੜ ਹੈ। ਕੰਪਨੀ ਮਲਟੀਮੀਡੀਆ, ਮਾਸ ਕਮਿਊਨੀਕੇਸ਼ਨ, ਬਿਊਟੀ ਤੇ ਇਸ਼ਤਿਹਾਰ ਤੇ ਓਵਰਸੀਜ਼ ਕੰਸਲਟੈਂਸੀ ਦੇ ਖੇਤਰ ਵਿਚ ਕਾਰੋਬਾਰ ਕਰਦੀ ਹੈ। ਕੰਪਨੀ ਦੇ ਡਾਇਰੈਕਟਰ ਦਿਨੇਸ਼ ਸੂਦ ਦਾ ਕਹਿਣਾ ਹੈ ਕਿ ਸਾਨੂੰ ਕੰਪਨੀ ਲਈ ਨਵੇਂ ਨਵੇਂ ਵਿਚਾਰਾਂ ਵਾਲੇ ਪ੍ਰੋਫੈਸ਼ਨਲ ਨੌਜਵਾਨ ਚਾਹੀਦੇ ਹਨ। ਇਡੀਅਟਸਾਂ ਦੀ ਲੋੜ ਵਾਲੇ ਇਸ ਇਸ਼ਤਿਹਾਰ ਨੂੰ ਉਨ੍ਹਾਂ ਖੁਦ ਤਿਆਰ ਕੀਤਾ ਹੈ।

ਕੰਪਨੀ ਦੇ ਇਸ ਇਸ਼ਤਿਹਾਰ ਨੂੰ ਤਿਆਰ ਕਰਨ ਵਾਲੀ ਕਾਪੀ ਰਾਈਟਰ ਜਸਲੀਨ ਬੇਦੀ ਮੰਨਦੀ ਹੈ ਕਿ ਇਡੀਅਟਸ ਹੁਣ ਬੁਰਾ ਸ਼ਬਦ ਨਹੀਂ ਰਿਹਾ। ਖਾਸ ਕਰਕੇ ਆਮਿਰ ਖਾਨ ਦੀ ਫਿਲਮ ਨੇ ਇਸ ਦੇ ਅਰਥ ਬਦਲ ਦਿੱਤੇ ਹਨ। ਉਸ ਦਾ ਕਹਿਣਾ ਹੈ, 'ਮੈਂ ਜਦੋਂ ਇਹ ਇਸ਼ਤਿਹਾਰ ਲਿਖਿਆ ਤਾਂ ਸਾਰਿਆਂ ਨੇ ਬੇਹਦ ਪਸੰਦ ਕੀਤਾ।' ਪੰਜਾਬ ਯੂਨੀਵਰਸਿਟੀ ਦੇ ਮਾਸ ਕਮਿਊਨੀਕੇਸ਼ਨ ਵਿਭਾਗ ਦੇ ਪ੍ਰੋ. ਸੰਜੇ ਵਡਵਲਕਰ ਦਾ ਕਹਿਣਾ ਹੈ ਕਿ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਣ ਲਈ ਇਸ ਤੋਂ ਬੇਹਤਰ ਇਸ਼ਤਿਹਾਰ ਹੋਰ ਹੋ ਹੀ ਨਹੀਂ ਸਕਦਾ। ਉਨ੍ਹਾਂ ਦਾ ਕਹਿਣਾ ਹੈ ਕਿ ਰਚਨਾਤਮਕ ਸੁਭਾਅ ਦੇ ਲੋਕ ਘਸੇ-ਪਿਟੇ ਅਤੇ ਰਵਾਇਤੀ ਮਾਹੌਲ ਵਿਚ ਕੰਮ ਨਹੀਂ ਕਰ ਸਕਦੇ। ਕੰਪਨੀ ਨੇ ਠੀਕ ਇਸ ਗੱਲ ਨੂੰ ਇਸ਼ਤਿਹਾਰ ਰਾਹੀਂ ਪੇਸ਼ ਕੀਤਾ ਹੈ। ਚੰਡੀਗੜ੍ਹ ਦੇ ਚਾਰ ਸਿਤਾਰਾ ਹੋਟਲ ਵੈਸਟਰਨ ਕੋਰਟ ਦੇ ਗਰੁੱਪ ਜਨਰਲ ਮੈਨੇਜਰ ਰਾਜੀਵ ਕੱਕੜ ਵੀ ਮੰਨਦੇ ਹਨ ਕਿ ਉਨ੍ਹਾਂ ਨੂੰ ਹੁਣ ਸ਼ਾਨਦਾਰ ਡਿਗਰੀ ਹੋਲਡਰ ਨਹੀਂ, ਸਮਾਰਟ ਮੈਨੇਜਰ ਦੀ ਲੋੜ ਹੈ। ਤੁਹਾਡੇ ਕੋਲ ਚਮਕਦਾਰ ਡਿਗਰੀ ਨਹੀਂ ਪਰ ਕੁਝ ਨਵਾਂ ਕਰ ਦਿਖਾਉਣ ਦੀ ਸਮਰੱਥਾ ਹੈ ਤਾਂ ਤੁਹਾਡਾ ਤਹਿ ਦਿਲੋਂ ਸਵਾਗਤ ਹੈ।




# ਪਾਕਿਸਤਾਨ ਕ੍ਰਿਕਟ ਫੇਰ ਹਿਟ ਵਿਕਟ

**ਲਾਹੌਰ/ਨ.ਦ.ਬਿਊਰੋ**

ਪਾਕਿਸਤਾਨ ਕ੍ਰਿਕਟ ਬੋਰਡ ਨੇ ਸੱਤ ਕ੍ਰਿਕਟਰਾਂ 'ਤੇ ਸਖ਼ਤ ਕਾਰਵਾਈ ਕਰਦੇ ਹੋਏ ਦੋ ਜਣਿਆਂ 'ਤੇ ਅਣਮਿੱਥੇ ਸਮੇਂ ਲਈ ਰੋਕ, ਜੁਰਮਾਨਾ ਤੇ ਤਿੰਨ ਜਣਿਆਂ ਉਪਰ ਭਾਰੀ ਜੁਰਮਾਨਾ ਠੋਕਿਆ ਹੈ। ਇਸ ਫੈਸਲੇ ਨਾਲ ਪਾਕਿਸਤਾਨੀ ਕ੍ਰਿਕਟ ਵਿਚ ਭੂਚਾਲ ਆ ਗਿਆ ਹੈ। ਫੈਸਲੇ ਨੂੰ ਫਿਕਸਿੰਗ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ, ਬੋਰਡ ਇਸ ਦਾ ਕਾਰਨ ਅਨੁਸ਼ਾਸਨਹੀਣਤਾ ਦੱਸ ਰਿਹਾ ਹੈ।

ਫੈਸਲੇ ਤੋਂ ਬਾਅਦ ਆਸਟਰੇਲਿਆਈ ਦੌਰੇ ਵਿਚ ਕਪਤਾਨ ਰਹੇ ਮੁਹੰਮਦ ਯੂਸੁਫ ਤੇ ਸਾਬਕਾ ਕਪਤਾਨ ਯੂਨਿਸ ਖਾਨ 'ਤੇ ਦੇਸ਼ ਲਈ ਖੇਡਣ 'ਤੇ ਅਣਮਿੱਥੇ ਸਮੇਂ ਤੱਕ ਰੋਕ ਲਾ ਦਿੱਤੀ ਹੈ। ਸਾਬਕਾ ਕਪਤਾਨ ਸ਼ੋਇਬ ਮਲਿਕ ਤੇ ਤੇਜ਼ ਗੇਂਦਬਾਜ਼ ਰਾਣਾ ਨਾਵੇਦ ਉਲ ਹਸਨ 'ਤੇ ਇਕ ਇਕ ਸਾਲ ਦੀ ਰੋਕ ਤੇ 20-20 ਲੱਖ ਰੁਪੇ ਦਾ ਜੁਰਮਾਨਾ ਕੀਤਾ ਗਿਆ ਹੈ। ਅਫਰੀਦੀ 'ਤੇ 30 ਲੱਖ ਅਤੇ ਅਕਮਲ ਭਰਾਵਾਂ 'ਤੇ ਕ੍ਰਮਵਾਰ 30 ਤੇ 20 ਲੱਖ ਰੁਪਏ ਦਾ ਜੁਰਮਾਨਾ ਠੋਕਿਆ ਗਿਆ ਹੈ। ਆਸਟਰੇਲੀਆ ਦੇ ਦੌਰੇ 'ਤੇ ਪਾਕਿ ਟੀਮ ਵਿਚ ਤਕਰਾਰ ਦੀਆਂ ਖ਼ਬਰਾਂ ਆਈਆਂ ਸਨ ਅਤੇ ਮੈਚ ਫਿਕਸਿੰਗ ਦੇ ਦੋਸ਼ ਲੱਗੇ ਸਨ। ਪੀ.ਸੀ.ਬੀ. ਨੇ ਇਸ ਤੋਂ ਬਾਅਦ ਵਸੀਮ ਬਾਰੀ ਦੀ ਅਗਵਾਈ ਵਿਚ ਛੇ ਮੈਂਬਰੀ ਜਾਂਚ ਕਮੇਟੀ ਕਾਇਮ ਕੀਤੀ ਸੀ। ਕਮੇਟੀ ਨੇ ਆਪਣੀ ਰਿਪੋਰਟ ਪੀ.ਸੀ.ਬੀ. ਮੁਖੀ ਏਜਾਜ਼ ਬੱਟ ਨੂੰ ਸੌਂਪਦੇ ਹੋਏ ਇਨ੍ਹਾਂ ਖਿਡਾਰੀਆਂ ਪ੍ਰਤੀ ਨਰਮੀ ਨਹੀਂ ਵਰਤੇ ਜਾਣ ਦੀ ਸਲਾਹ ਦਿੱਤੀ ਸੀ।

# ਆਸਟਰੇਲੀਆ ਪੁੱਜੀ 'ਥ੍ਰੀ ਇਡੀਅਟਸ'

ਬਾਲੀਵੁੱਡ ਵਿਚ ਸਫਲਤਾ ਦਾ ਇਤਿਹਾਸ ਰਚਣ ਵਾਲੀ ਫਿਲਮ 'ਥ੍ਰੀ ਇਡੀਅਟਸ' ਹੁਣ ਆਸਟਰੇਲੀਆ ਅਤੇ ਭਾਰਤ ਦੇ ਸਬੰਧ ਸੁਧਾਰਨ ਵਿਚ ਵੀ ਅਹਿਮ ਭੂਮਿਕਾ ਅਦਾ ਕਰਨ ਜਾ ਰਹੀ ਹੈ। ਦੋਹਾਂ ਮੁਲਕਾਂ ਵਿਚਾਲੇ ਸਭਿਆਚਾਰਕ ਦੂਰੀ ਖ਼ਤਮ ਕਰਨ ਲਈ ਦੇਸ਼ ਵਿਚ ਫਿਲਮ ਸਮਾਰੋਹ ਕੀਤਾ ਜਾਣਾ ਹੈ, ਜਿਸ ਵਿਚ ਇਸ ਫਿਲਮ ਦਾ ਪ੍ਰਦਰਸ਼ਨ ਹੋਵੇਗਾ।

ਲੋਕਲ ਮੀਡੀਆ ਦੀ ਰਿਪੋਰਟ ਅਨੁਸਾਰ ਅਗਲੇ ਦੋ ਮਹੀਨੇ ਤੱਕ ਦੇਸ਼ ਦੇ ਲੋਕ ਕਈ ਭਾਰਤੀ ਫਿਲਮਾਂ ਦੇਖ ਸਕਣਗੇ। ਇਸੇ ਸ਼੍ਰੇਣੀ ਵਿਚ 'ਥ੍ਰੀ ਇਡੀਅਟਸ' ਦਾ ਪ੍ਰਦਰਸ਼ਨ ਹੋਵੇਗਾ। ਫਿਲਮ ਸਮਾਰੋਹ ਦਾ ਪ੍ਰਚਾਰ ਕਰਨ ਲਈ ਰਾਜਕੁਮਾਰ ਹਿਰਾਨੀ ਅਤੇ ਅਦਾਕਾਰਾ ਰਾਣੀ ਮੁਖਰਜੀ ਇਥੇ ਪੁੱਜ ਗਏ ਹਨ। ਹਿਰਾਨੀ ਨੇ ਕਿਹਾ, 'ਭਾਰਤੀਆਂ ਉਪਰ ਹੋ ਰਹੇ ਹਮਲੇ ਦੁਖਦਾਈ ਹਨ, ਪਰ ਕੋਈ ਇਹ ਨਹੀਂ ਕਹਿ ਸਕਦਾ ਕਿ ਹਰ ਵਿਅਕਤੀ ਅਤੇ ਸੜਕ 'ਤੇ ਚੱਲ ਰਿਹਾ ਆਸਟਰੇਲੀਆ ਦਾ ਹਰ ਨਾਗਰਿਕ ਭਾਰਤੀਆਂ ਖਿਲਾਫ ਹੈ।' ਰਾਣੀ ਨੇ ਕਿਹਾ, 'ਅਸੀਂ ਇਥੇ ਆਪਣੀਆਂ ਫਿਲਮਾਂ ਦੇ ਸਭਿਆਚਾਰਕ ਪ੍ਰਚਾਰ ਲਈ ਆਏ ਹਾਂ। ਅਸੀਂ ਉਨ੍ਹਾਂ ਆਸਟਰੇਲਿਆਈ ਨਾਗਰਿਕਾਂ ਲਈ ਆਏ ਹਾਂ, ਜੋ ਸਾਡੇ ਸਿਨੇਮਾ ਨਾਲ ਪਿਆਰ ਕਰਦੇ ਹਨ।'

# ਪੋਸਟ-ਸੈਕੰਡਰੀ ਵਿਦਿਆਰਥੀਆਂ ਦੀਆਂ ਗ੍ਰਾਂਟਾਂ 'ਤੇ ਕੈਂਚੀ ਫੇਰੀ

**ਐਡਮਿੰਟਨ/ਨ.ਦ.ਬਿਊਰੋ**

**ਹਜ਼ਾਰਾਂ** ਪੋਸਟ-ਸੈਕੰਡਰੀ ਵਿਦਿਆਰਥੀਆਂ ਨੂੰ ਅਲਬਰਟਾ ਸਰਕਾਰ ਵਲੋਂ ਵਜ਼ੀਫਿਆਂ/ਗ੍ਰਾਂਟਾਂ ਦੇ ਰੂਪ 'ਚ ਮਿਲ ਰਹੀ 54 ਮਿਲਿਅਨ ਦੀ ਵਿੱਤੀ ਸਹਾਇਤਾ 'ਤੇ 2010 ਬਜਟ ਰਾਹੀਂ ਕੈਂਚੀ ਫੇਰ ਦਿੱਤੀ ਗਈ ਹੈ। ਪਹਿਲਾਂ ਹੀ ਆਰਥਿਕ ਮੰਦਵਾੜੇ ਦੀ ਮਾਰ ਝੱਲ ਰਹੇ ਲੋਕਾਂ ਲਈ ਇਹ ਇਕ ਕਰਾਰਾ ਝਟਕਾ ਹੈ। ਵਿਦਿਆਰਥੀਆਂ ਲਈ ਕਰਜ਼ੇ ਨਾਲੋਂ ਗ੍ਰਾਂਟਾਂ ਦੀ ਜ਼ਿਆਦਾ ਅਹਿਮੀਅਤ ਹੈ, ਇਸ ਗੱਲ ਦਾ ਪ੍ਰਗਟਾਵਾ ਕਰਦਿਆਂ ਅਲਬਰਟਾ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਦੇ ਉਪ-ਪ੍ਰਧਾਨ ਬੇਵਰਲੀ ਨੇ ਕਿਹਾ ਕਿ ਇਹ ਬਜਟ ਵਿਵਸਥਾਵਾਂ ਲਾਗੂ ਹੋਣ ਨਾਲ ਵਿਦਿਆਰਥੀ ਵੱਧ ਕਰਜ਼ੇ ਦੇ ਭਾਰ ਅਧੀਨ ਗ੍ਰੈਜੂਏਟਸ ਹੋਣਗੇ ਅਤੇ ਕਰਜ਼ਾ ਵਾਪਸੀ ਲਈ ਵੀ ਵਧੇਰੇ ਸਮਾਂ ਲਗਣ ਕਰਕੇ ਵਿਦਿਆਰਥੀ ਦੇਰ ਬਾਅਦ ਦੇਸ਼ ਦੀ ਆਰਥਿਕਤਾ 'ਚ ਹਿੱਸਾ ਪਾਉਣ ਦੇ ਯੋਗ ਹੋ ਸਕਣਗੇ।

ਇਸ ਤਬਦੀਲੀ ਬਾਰੇ ਜਿਥੇ ਸਰਕਾਰ ਦਾ ਮੰਨਣਾ ਹੈ ਕਿ ਗ੍ਰਾਂਟਾਂ ਦੀ ਬਜਾਏ ਲੋਨ ਰਾਹੀਂ ਵਧੇਰੇ ਵਿਦਿਆਰਥੀਆਂ ਦੀ ਮਦਦ ਹੋ ਸਕੇਗੀ, ਉਥੇ ਇਹ ਵੀ ਵਰਨਣਯੋਗ ਹੈ ਕਿ 2008 ਤੋਂ ਸ਼ੁਰੂ ਹੋਏ ਆਰਥਿਕ ਮੰਦਵਾੜੇ ਬਾਅਦ 24 ਫੀਸਦੀ ਵਧ ਵਿਦਿਆਰਥੀ ਵਿੱਤੀ ਮਦਦ ਚਾਹੁੰਦੇ ਹਨ। ਪਿਛਲੇ ਸਮੇਂ 'ਚ ਸਰਕਾਰ ਵਲੋਂ ਬਜਟ ਕੱਟ ਦੀ ਸੂਚਨਾ ਦੇ ਚਲਦਿਆਂ ਵਿਦਿਅਕ ਅਦਾਰੇ ਆਪਣੇ-ਆਪਣੇ ਢੰਗ ਨਾਲ ਖਰਚ ਘਟਾਉਣ ਅਤੇ ਨਵੇਂ ਵਸੀਲੇ ਜੁਟਾਉਣ ਦੀ ਕੋਸ਼ਿਸ਼ 'ਚ ਹਨ ਜਿਨ੍ਹਾਂ ਦਾ ਪ੍ਰਭਾਵ ਫੈਕਲਟੀ ਅਤੇ ਵਿਦਿਆਰਥੀਆਂ ਦੋਹਾਂ 'ਤੇ ਪਵੇਗਾ। ਜਿਥੇ ਹਰੇਕ ਵਿਦਿਆਰਥੀ ਪ੍ਰਤੀ ਸਾਲ 500 ਡਾਲਰ ਦੀ ਵਾਧੂ ਫੀਸ ਭਰੇਗਾ ਉਥੇ ਹੀ ਫੈਕਲਟੀ ਲਈ ਸਵੈ-ਇੱਛਤ ਸੇਵਾ ਮੁਕਤੀ ਅਤੇ ਬਿਨਾਂ ਤਨਖਾਹ ਤੋਂ 12 ਦਿਨਾਂ ਦੀ ਫਰਲੋ ਦਾ ਪ੍ਰਾਵਧਾਨ ਕੀਤਾ ਜਾ ਰਿਹਾ ਹੈ।

ਲਿਬਰਲ ਆਲੋਚਕ ਹੈਰੀ ਚੇਜ਼ ਨੇ ਇਸਨੂੰ ਇਕ ਗਲਤ ਸਰਕਾਰੀ ਫੈਸਲਾ ਗਰਦਾਨਦਿਆਂ ਕਿਹਾ ਕਿ ਹੁਣ ਸਮਾਂ ਵਿਦਿਆ ਪ੍ਰਾਪਤੀ ਰਾਹੀਂ ਆਰਥਿਕ ਮੰਦਵਾੜੇ 'ਚੋਂ ਬਾਹਰ ਆਉਣ ਦਾ ਹੈ ਪਰ ਸਰਕਾਰ ਵਲੋਂ ਇਸ ਮੌਕੇ ਯੂਨੀਵਰਸਿਟੀਆਂ ਦਾ ਬਜਟ ਫਰੀਜ਼ ਕਰਨਾ, ਹਜ਼ਾਰਾਂ ਡਾਲਰ ਫੀਸ ਵਧਾਉਣਾ ਪ੍ਰੋਫੈਸ਼ਨਲ ਸੰਸਥਾਵਾਂ 'ਚ ਦਾਖਲਾ ਬੰਦ ਕਰਨ ਤੁੱਲ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਪਹਿਲਾਂ ਅਲਬਰਟਾ ਨੇ ਗ੍ਰੈਜੂਏਟਸ ਦੀ ਆਮਦਨ ਅਤੇ ਪ੍ਰੀਵਾਰਕ ਬੋਝ ਦੇ ਮੱਦੇ-ਨਜ਼ਰ ਕਰਜ਼ਾ ਵਾਪਸੀ ਦੇ ਕਾਨੂੰਨ ਨੂੰ ਨਰਮ ਕੀਤਾ ਸੀ।

# ਸ਼ੋਹਰਤ ਅਤੇ ਬਹਾਦਰੀ

**ਲਖਵਿੰਦਰ ਜੌਹਲ**



ਯੂਨਾਨੀ ਫਿਲਾਸਫਰ ਸੁਕਰਾਤ ਦੇ ਸ਼ਬਦ ਹਨ -"ਸ਼ੋਹਰਤ ਬਹਾਦਰੀ ਦੇ ਕਾਰਨਾਮਿਆਂ ਦੀ ਖੁਸ਼ਬੂ ਹੈ।" ਇਨ੍ਹਾਂ ਸ਼ਬਦਾਂ ਨੂੰ ਪੜ੍ਹਦਿਆਂ ਸੁਣਦਿਆਂ ਅੱਖਾਂ ਸਾਹਮਣੇ ਸ਼ਹੀਦ ਭਗਤ ਸਿੰਘ ਦੇ ਨਕਸ਼ਾਂ ਵਾਲਾ ਇਕ ਆਕਾਰ ਉਭਰਦਾ ਹੈ। ਨਾਲ ਹੀ ਮਨ ਵਿਚ ਉਭਰ ਆਉਂਦੇ ਹਨ ਕੁਝ ਸਵਾਲ-ਕੋਈ ਬਹਾਦਰੀ ਕਿਉਂ ਦਿਖਾਉਂਦਾ ਹੈ? ਕੋਈ ਸ਼ੋਹਰਤ ਕਿਉਂ ਚਾਹੁੰਦਾ ਹੈ? ਬਹਾਦਰੀ ਕਿਸੇ ਯੋਜਨਾ ਦਾ ਸਿਖਰ ਹੈ? ਕੀ ਕਿਸੇ ਸ਼ੋਹਰਤ ਲਈ ਵਿਖਾਈ ਗਈ ਬਹਾਦਰੀ ਸੱਚੀ-ਸੁੱਚੀ ਬਹਾਦਰੀ ਹੁੰਦੀ ਹੈ?

ਸਿਕੰਦਰ-ਪੋਰਸ, ਬਾਬਰ, ਔਰੰਗਜ਼ੇਬ, ਨਿਪੋਲੀਅਨ, ਗੁਰੂ ਗੋਬਿੰਦ ਸਿੰਘ, ਮਹਾਰਾਜਾ ਰਣਜੀਤ ਸਿੰਘ, ਸਤਿਗੁਰੂ ਰਾਮ ਸਿੰਘ, ਕਰਤਾਰ ਸਿੰਘ ਸਰਾਭਾ, ਲਾਲਾ ਲਾਜਪਤ ਰਾਏ, ਭਗਤ ਸਿੰਘ, ਉਧਮ ਸਿੰਘ, ਸੁਭਾਸ਼ ਚੰਦਰ ਬੋਸ ਅਤੇ ਮਹਾਤਮਾ ਗਾਂਧੀ ਵਰਗੇ ਅਨੇਕਾਂ ਨਾਮ ਨੇ, ਜੋ ਘੁੰਮ ਰਹੇ ਨੇ ਸ਼ੋਹਰਤ ਅਤੇ ਬਹਾਦਰੀ ਵਰਗੇ ਸੰਕਲਪਾਂ ਦੇ ਇਰਦ-ਗਿਰਦ-ਇਨ੍ਹਾਂ ਵਿਚ ਹਮਲਾਵਰ ਵੀ ਨੇ, ਜਾਬਰ ਵੀ ਤੇ ਮਸੀਹੇ ਵੀ... ਪਰ ਸਾਰਿਆਂ ਨਾਲ ਸ਼ੋਹਰਤ ਵੀ ਜੁੜੀ ਹੋਈ ਹੈ ਅਤੇ ਬਹਾਦਰੀ ਵੀ।

ਇਤਿਹਾਸ ਦੇ ਜਿਸ ਬਿੰਦੂ 'ਤੇ ਇਹ ਵਿਅਕਤੀ ਅਪਣੀ ਚਰਮ ਸੀਮਾ ਨੂੰ ਪਹੁੰਚੇ ਉਹ ਬਿੰਦੂ ਕਿਸ ਤਰ੍ਹਾਂ ਸੋਚਦਾ ਹੋਵੇਗਾ ਇਨ੍ਹਾਂ ਵਿਅਕਤੀਆਂ ਬਾਰੇ?

ਜਦੋਂ ਸ਼ਹੀਦ ਭਗਤ ਸਿੰਘ ਅਪਣੇ ਸਾਥੀਆਂ ਨਾਲ ਮਿਲ ਕੇ ਫਾਂਸੀ ਦੇ ਰੱਸੇ ਨੂੰ ਬੁਲਾ ਰਹੇ ਹੋਣਗੇ-ਤਾਂ ਭਵਿੱਖ ਵਿਚ ਮਿਲਣ ਵਾਲੀ ਸ਼ੋਹਰਤ ਦਾ ਅਹਿਸਾਸ ਉਹਨਾਂ ਦੇ ਬਹਾਦਰੀ ਦੇ ਜਜ਼ਬੇ ਨੂੰ ਕਿਸ ਤਰ੍ਹਾਂ ਚਮਕਾ ਰਿਹਾ ਹੋਵੇਗਾ?

ਇਹ ਸੋਚਣਾ ਕਿੰਨਾ ਸੁਪਨਮਈ ਹੈ। ਕੀ ਇਹ ਹੋਇਆ ਹੋਵੇਗਾ ਇਸੇ ਤਰ੍ਹਾਂ?

ਸਾਂਡਰਸ ਨੂੰ ਗੋਲੀ ਮਾਰਨ ਅਤੇ ਫਾਂਸੀ ਉਤੇ ਝੂਲ ਜਾਣ ਦੇ ਮਾਨਸਿਕ ਸਫ਼ਰ ਦਾ ਇਤਿਹਾਸ? ਜਜ਼ਬਿਆਂ ਦੇ ਵਿਭਿੰਨ ਰੰਗਾਂ ਦੀ ਦਾਸਤਾਨ? ਸੰਵਾਦ ਦੇ ਆਰ ਪਾਰ ਫੈਲਿਆ ਹੋਇਆ ਦਵੰਧ? ਕਿੰਨੀਆਂ ਗਹਿਰੀਆਂ ਹਨ-ਭਗਤ ਸਿੰਘ ਦੀਆਂ ਅੱਖਾਂ? ਕੌਣ ਕੌਣ ਲੰਮੇ ਜਜ਼ਬਿਆਂ ਨਾਲ ਭਰੇ ਕੋਏ-ਕੌਣ ਥਾਹ ਪਾ ਸਕਦਾ ਸੀ ਇਹਨਾਂ ਕੋਇਆਂ ਦੀ? ਸਿਰਫ਼ ਸਮਾਂ ਹੀ ਹੋ ਸਕਦਾ ਹੈ ਇਸਦੀ ਸੀਮਾ-ਕੀ ਸਮੇਂ ਦੀ ਕੋਈ ਸੀਮਾ ਹੋ ਸਕਦੀ ਹੈ?

ਸਮਾਂ... ਸੀਮਾ... ਸ਼ੋਹਰਤ.... ਬਹਾਦਰੀ...?

... ਸ਼ੋਹਰਤ ਅਤੇ ਬਹਾਦਰੀ... ਕੀ ਸਿਰਫ਼ ਬਹਾਦਰੀ ਕਰਕੇ ਮਿਲਦੀ ਹੈ ਸ਼ੋਹਰਤ ਜਾਂ ਸ਼ੋਹਰਤ ਪਾਉਣ ਲਈ ਵਿਖਾਈ ਜਾਂਦੀ ਹੈ ਬਹਾਦਰੀ?... ਸ਼ਹੀਦ ਭਗਤ ਸਿੰਘ ਦੇ ਨਕਸ਼ ਸੁਕਰਾਤ ਦੇ ਨਕਸ਼ਾਂ ਵਿਚ ਘੁਲ ਮਿਲ ਰਹੇ ਹਨ... ਮੇਰੀਆਂ ਅੱਖਾਂ ਮਿਚ ਰਹੀਆਂ ਹਨ-ਬਹਾਦਰੀ ਅਤੇ ਸ਼ੋਹਰਤ ਦੇ ਸੰਕਲਪ ਨਿਹਾਰਦਿਆਂ ਮੈਂ ਸ਼ੋਹਰਤ ਪਾਉਣੀ ਚਾਹੁੰਦਾ ਹਾਂ-ਪਰ ਬਹਾਦਰੀ?????

# ਕੀ ਹੈ ਪੁਰਸਕਾਰਾਂ ਦਾ ਪਾਖੰਡ ?

**ਡਾ. ਅਜੀਤਪਾਲ ਸਿੰਘ ਐਮ.ਡੀ**

ਕਿਸੇ ਵੀ ਕਲਾਕਾਰ ਦਾ ਅਸਲੀ ਪੁਰਸਕਾਰ ਕੀ ਹੋ ਸਕਦਾ ਹੈ? ਉਸ ਦਾ ਅਸਲੀ ਮਾਨ-ਸਨਮਾਨ ਕੌਣ ਕਰ ਸਕਦਾ ਹੈ ਅਤੇ ਕਿਵੇਂ? ਕੀ ਕੋਈ ਰਾਸ਼ੀ ਜਾਂ ਕੋਈ ਪ੍ਰਸ਼ੰਸਾ ਪਤਰ ਜਾਂ ਅਲੰਕਰਣ ਉਸ ਦਾ ਅਸਲੀ ਪੁਰਸਕਾਰ ਹੋ ਸਕਦਾ ਹੈ? ਅਪਣੇ ਇਰਦ ਗਿਰਦ ਨਜ਼ਰ ਮਾਰੀਏ ਤਾਂ ਅਸੀ ਵੇਖਦੇ ਹਾਂ ਕਿ ਤਰ੍ਹਾਂ ਤਰ੍ਹਾਂ ਦੇ ਪੁਰਸਕਾਰਾਂ ਤੇ ਸਨਮਾਨਾਂ ਦੀ ਭਰਮਾਰ ਹੈ। ਪਰ ਇਸ ਅਨੁਪਾਤ ਵਿੱਚ ਕਲਾਕਾਰਾਂ ਦਾ ਦਰਜਾ ਘੱਟਦਾ ਚਲਿਆ ਗਿਆ ਹੈ। ਖਾਸ ਤੌਰ 'ਤੇ ਜਿੱਥੋਂ ਤੱਕ ਸਾਹਿਤ ਦਾ ਸਵਾਲ ਹੈ। ਚਿੱਤਰਕਲਾ ਤੇ ਸੰਗੀਤ ਨੂੰ ਛੱਡ ਦੇਈਏ, ਜਿੱਥੇ ਪੈਸਾ ਵੀ ਜ਼ਿਆਦਾ ਹੈ ਅਤੇ ਰੁਤਬਾ ਵੀ- ਤਾਂ ਹਾਲਤ ਬਹੁਤ ਖਰਾਬ ਹੀ ਜਾਪਦੀ ਹੈ। ਕੀ ਕੋਈ ਵੱਡੇ ਤੋਂ ਵੱਡਾ ਸਾਹਿਤਕਾਰ ਅਪਣੀ ਲੇਖਣੀ ਦੇ ਜ਼ੋਰ 'ਤੇ ਰੋਟੀ-ਰੋਜ਼ੀ ਕਮਾਉਣ ਦੀ ਗੱਲ ਸੁਪਨੇ 'ਚ ਵੀ ਸੋਚ ਸਕਦਾ ਹੈ? ਰਿਹਾ ਸੁਆਲ ਵਕਾਰ ਦਾ ਤਾਂ ਲੇਖਕ ਆਪਣੀ ਖੁਸ਼-ਫਹਿਮੀ ਦੇ ਮੀਨਾਰ 'ਚ ਬੈਠ ਕੇ ਜੋ ਚਾਹੇ ਸੋਚੇ, ਅੱਜ ਇੱਕ ਵੀ ਲੇਖਕ ਦੀ, ਜਿਸ ਨੂੰ ਵੱਡੇ ਪੁਰਸਕਾਰ ਮਿਲੇ ਹਨ, ਨਾ ਉਹੋ ਜਿਹੀ ਹੈਸੀਅਤ ਹੈ, ਜਿਹੋ ਜਿਹੀ ਕਿਸੇ ਮਾਮੂਲੀ ਵਿਧਾਇਕ ਜਾਂ ਸਾਂਸਦ ਜਾਂ ਸਨਅਤਕਾਰ ਦੀ ਹੁੰਦੀ ਹੈ। ਨਾ ਕੋਈ ਪ੍ਰਤਿਸ਼ਠਾ, ਜੈਸੀ ਪ੍ਰੇਮ ਚੰਦ ਨੂੰ ਮਿਲੀ ਜਿਹਨਾਂ ਨੂੰ ਅਪਣੇ ਜ਼ਮਾਨੇ 'ਚ ਮੰਗਲਾ ਪ੍ਰਸਾਦਿ ਪਾਰਿਤੋਸ਼ਿਕ ਤੋਂ ਵੱਡਾ ਪੁਰਸਕਾਰ ਨਹੀਂ ਮਿਲਿਆ ਸੀ। ਸੱਚ ਤਾਂ ਇਹ ਹੈ ਕਿ ਨਾ ਤਾਂ ਉਸ ਸਮੇਂ ਦੇ ਲੇਖਕਾਂ ਨੂੰ ਇਸ ਦੀ ਇੱਛਾ ਸੀ, ਨਾ ਜ਼ਰੂਰਤ। ਉਹਨਾਂ ਦੀ ਮੰਜ਼ਿਲ ਕੁਝ ਹੋਰ ਸੀ। ਅਰਸਾ ਪਹਿਲਾਂ ਪ੍ਰੇਮ ਚੰਦ ਨੇ ਲਿਖਿਆ ਸੀ 'ਜਿਹਨਾਂ ਨੂੰ ਧਨ ਪਿਆਰਾ ਹੈ, ਸਾਹਿਤ ਦੇ ਮੰਦਿਰ ਵਿੱਚ ਉਹਨਾਂ ਲਈ ਕੋਈ ਥਾਂ ਨਹੀਂ ਹੈ।' ਇਹ ਤਾਂ ਉਹਨਾਂ ਉਪਾਸ਼ਕਾਂ ਦੀ ਜਰੂਰਤ ਹੈ, ਜਿਹਨਾਂ ਨੇ ਸੇਵਾ ਨੂੰ ਹੀ ਆਪਣੇ ਜੀਵਨ ਦੀ ਸਾਰਥਕਤਾ ਮੰਨ ਲਿਆ ਹੈ। ਜਿਹਨਾਂ ਦੇ ਦਿਲ 'ਚ ਦਰਦ ਹੋਵੇ ਅਤੇ ਮੁਹੱਬਤ ਦਾ ਜੋਸ਼ ਹੋਵੇ, ਅਪਣੀ ਇੱਜ਼ਤ ਤਾਂ ਆਪਣੇ ਹੱਥ ਹੈ। ਅਗਰ ਅਸੀਂ ਸੱਚੇ ਦਿਲ ਨਾਲ ਸਮਾਜ ਦੀ ਸੇਵਾ ਕਰਾਂਗੇ ਤਾਂ ਮਾਨ-ਸਨਮਾਨ ਤੇ ਪ੍ਰਸਿੱਧੀ ਸਭ ਤੁਹਾਡੇ ਪੈਰ ਚੁੰਮਣਗੀਆਂ। ਫਿਰ ਮਾਨ-ਮਰਿਆਦਾ ਦੀ ਚਿੰਤਾ ਕਿਉਂ ਸਤਾਵੇ? ਅਤੇ ਉਹਨਾਂ ਦੇ ਨਾਂ ਮਿਲਣ ਨਾਲ ਅਸੀਂ ਨਿਰਾਸ਼ ਕਿਉਂ ਹੋਈਏ। ਸੇਵਾ 'ਚ ਜੋ ਆਨੰਦ ਹੈ, ਉਹ ਸਾਡਾ ਪੁਰਸਕਾਰ ਹੈ। ਸਾਨੂੰ ਸਮਾਜ 'ਤੇ ਆਪਣਾ ਵੱਡਾਪਣ ਜਤਾਉਣ, ਉਸ 'ਤੇ ਰੋਹਬ ਜਮਾਉਣ ਦੀ ਹਵਸ ਕਿਉਂ ਹੋਵੇ? ਅਸੀਂ ਅਮੀਰਾਂ ਦੀ ਸ਼੍ਰੇਣੀ ਵਿੱਚ ਅਪਣੀ ਗਿਣਤੀ ਕਿਉਂ ਕਰਵਾਈਏ। ਅਸੀਂ ਤਾਂ ਸਮਾਜ ਦਾ ਝੰਡਾ ਲੈ ਕੇ ਚੱਲਣ ਵਾਲੇ ਸਿਪਾਹੀ ਹਾਂ ਅਤੇ ਸਾਦੀ ਜ਼ਿੰਦਗੀ ਸਾਡੇ ਜੀਵਨ ਦਾ ਉਦੇਸ਼ ਹੈ। ਪ੍ਰੇਮਚੰਦ ਨੇ ਇਹ ਗੱਲਾਂ 1936 'ਚ ਕਹੀਆਂ ਸਨ। ਤੱਦ ਹਿੰਦੀ ਵਿੱਚ ਸਭ ਤੋਂ ਵੱਡਾ ਪੁਰਸਕਾਰ ਮੰਗਲਾ ਪ੍ਰਸਾਦ ਪਾਰਤੋਸ਼ਿਕ ਹੁੰਦਾ ਸੀ। ਇਹ 1947 ਤੋਂ ਬਾਅਦ ਹੋਇਆ ਕਿ ਸਾਹਿਤ ਅਕਾਦਮੀ ਦੇ ਨਾਲ-ਨਾਲ ਸੰਗੀਤ, ਨਾਟਕ ਅਤੇ ਲਲਿਤ ਕਲਾ ਅਕਾਦਮੀਆਂ ਗਠਿਤ ਹੋਈਆਂ ਅਤੇ ਉਹਨਾਂ ਨੇ ਪੁਰਸਕਾਰ ਦੇਣੇ ਸ਼ੁਰੂ ਕੀਤੇ। ਫਿਰ ਸੂਬਾਈ ਸਰਕਾਰਾਂ ਨੇ ਵੀ ਪੁਰਸਕਾਰਾਂ ਦੀ ਝੜੀ ਲਾ ਦਿੱਤੀ। ਵਪਾਰਕ ਘਰਾਣੇ ਕਿਉਂ ਪਿੱਛੇ ਰਹਿੰਦੇ। ਉਹਨਾਂ ਨੇ ਹੋਰ ਵੀ ਵੱਡੀਆਂ ਰਾਸ਼ੀਆਂ ਦੇ ਪੁਰਸਕਾਰਾਂ ਦੀ ਸਥਾਪਨਾ ਕੀਤੀ। ਏਨੇ ਪੁਰਸਕਾਰਾਂ ਦੇ ਹੁੰਦੇ ਹੋਇਆਂ ਵੀ ਬਹੁਤ ਸਾਰੇ ਲੇਖਕਾਂ ਦੀ ਪਹੁੰਚ ਇਹਨਾਂ ਤੱਕ ਨਹੀਂ ਸੀ ਤਾਂ ਫਿਰ ਛੋਟੇ-ਛੋਟੇ ਪੁਰਸਕਾਰ ਐਲਾਨੇ ਜਾਣ ਲੱਗੇ। ਇਸ ਦੌਰਾਨ ਇਹ ਹਾਲਤ ਵੀ ਵੇਖਣ 'ਚ ਆਈ ਕਿ ਪਹਿਲਾਂ ਤਾਂ ਲੇਖਕਾਂ ਦੀ ਕੋਸ਼ਿਸ਼ ਇਹ ਹੁੰਦੀ ਸੀ ਕਿ ਉਹ ਨੌਕਰੀਆਂ ਛੱਡ ਕੇ ਆਜ਼ਾਦ ਲੇਖਨੀ ਨਾਲ ਰੋਟੀ ਰੋਜ਼ੀ ਕਮਾਉਣ। ਹੁਣ ਸਥਿਤੀ ਪਲਟ ਗਈ। ਬਹੁਤ ਘੱਟ ਲੇਖਕ ਅਜਿਹੇ ਮਿਲਣਗੇ ਜਿਹਨਾਂ ਨੌਕਰੀ ਛੱਡ ਕੇ ਲੇਖਣੀ 'ਤੇ ਨਿਰਭਰ ਰਹਿਣ ਦਾ ਫੈਸਲਾ ਲਿਆ ਹੋਵੇ। ਇਸ ਲਈ ਮੇਹਨਤ ਦੀ ਥਾਂ ਹੁਣ ਪੁਰਸਕਾਰਾਂ ਤੇ ਸਨਮਾਨਾਂ ਦਾ ਮਹੱਤਵ ਵੱਧ ਗਿਆ ਹੈ। ਜਿੰਨੀ ਵੱਡੀ ਰਾਸ਼ੀ ਉਨ੍ਹਾਂ ਵੱਡਾ ਸਨਮਾਨ ਤੇ ਉਨੀ ਹੀ ਵੱਧ ਪੁਰਸਕ੍ਰਿਤ ਲੇਖਕ ਦੀ ਪ੍ਰਤਿਸ਼ਠਾ।

ਲੇਖਕਾਂ ਦਾ ਸਰੋਕਾਰ ਆਪਣੀ ਮੇਹਨਤ ਨਾਲ ਕਮਾਏ ਪੈਸੇ 'ਚ ਨਾ ਹੋ ਕੇ ਵਜੀਫੇ ਅਤੇ ਇਨਾਮਾਂ ਨਾਲ ਹੋ ਗਿਆ ਹੈ। ਕਹਿਣਾ ਨਾ ਹੋਵੇਗਾ ਕਿ ਪੁਰਸਕਾਰ ਸੱਤਾ ਤੇ ਹਾਕਮ ਜਮਾਤ ਦਾ ਮਾਮਲਾ ਹੈ। ਕੋਈ ਇਸ 'ਤੇ ਵਿਚਾਰ ਨਹੀ ਕਰਦਾ ਕਿ ਜੋ ਸਰਕਾਰ ਏਨੇ ਸਾਰੇ ਪੁਰਸਕਾਰ ਵੰਡ ਰਹੀ ਹੈ, ਉਹ ਲੇਖਕਾਂ ਦੀ ਰਾਇਲਟੀ ਜਾਂ ਉਹਨਾਂ ਦੇ ਮੇਹਨਤਾਨੇ ਨੂੰ ਯਕੀਨੀ ਕਿਉਂ ਨਹੀਂ ਬਣਾਉਂਦੀ। ਲੱਗਭੱਗ ਸਭ ਹਿੰਦੀ ਭਾਸ਼ੀ ਪ੍ਰਾਤਾਂ 'ਚ ਸਰਕਾਰ ਪੁਸਤਕਾਂ ਪਾਠ ਪੁਸਤਕਾਂ ਦਾ ਕੇਂਦਰੀਕਰਨ ਕਰ ਚੁੱਕੀ ਹੈ। ਕਿਤੇ-ਕਿਤੇ ਸਰਕਾਰ ਪੁਸਤਕਾਂ ਆਪ ਛਾਪਦੀ ਹੈ ਅਤੇ ਕਿਤੇ ਉਹ ਉਹਨਾਂ ਨੂੰ ਠੇਕੇ 'ਤੇ ਨਿੱਜੀ ਖੇਤਰ ਦੇ ਪ੍ਰਕਾਸ਼ਕਾਂ ਨੂੰ ਦਿੰਦੀ ਹੈ। ਗਦ, ਪਦ ਤੇ ਇਕਾਂਗੀ ਤਿੰਨ ਐਸੀਆਂ ਪੁਸਤਕਾਂ ਹਨ ਜਿਹਨਾਂ 'ਚ ਲੇਖਕਾਂ ਦੀਆਂ ਰਚਨਾਵਾਂ ਸੰਕਲਿਤ ਹੁੰਦੀਆਂ ਹਨ। ਇਹ ਸੰਕਲਨ ਯੂਨੀਵਰਸਿਟੀਆਂ ਵਿੱਚ ਵੀ ਸਲੇਬਸ ਦਾ ਅੰਗ ਬਣਦੇ ਹਨ। ਜੇ ਸਰਕਾਰ ਸੱਚ-ਮੁੱਚ ਸੁਹਿਰਦ ਹੈ ਤਾਂ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਲੇਖਕਾਂ ਨੂੰ ਰਾਇਲਟੀ ਮਿਲੇ। ਬਜਾਏ ਇਸਦੇ ਕਿ ਪ੍ਰਕਾਸ਼ਕ (ਜਾਂ ਅਗਰ ਸਰਕਾਰ ਖੁਦ ਪ੍ਰਕਾਸ਼ਕ ਹੈ) ਉਹਨਾਂ ਨੂੰ 150-200-250-500 ਰੁਪਏ ਦੇ ਕੇ ਟਰਕਾ ਦੇਵੇ। ਉਹਨਾਂ ਨੂੰ ਆਪਣੀ ਮੇਹਨਤ ਦਾ ਪੂਰਾ ਮੁੱਲ ਮਿਲੇ। ਸਰਕਾਰਾਂ ਨੇ ਤਾਂ ਐਸਾ ਕਦੀ ਕੀਤਾ ਨਹੀਂ। ਹਾਂ, ਪੁਰਸਕਾਰ ਤਾਂ ਜਰੂਰ ਸਥਾਪਿਤ ਕਰ ਦਿੱਤੇ ਹਨ ਲੇਖਕਾਂ ਦੀਆਂ ਅੱਖਾਂ ਪੂੰਝਣ ਲਈ। ਕਿਸੇ ਟਾਟਾ, ਬਿਰਲਾ, ਅੰਬਾਨੀ, ਡਾਲਮੀਆ ਦੀਆਂ ਦਿੱਕਤਾਂ ਦੂਰ ਕਰਨ ਲਈ ਸਭ ਯਤਨ ਹੋਣਗੇ, ਨੌਕਰਸ਼ਾਹੀ ਜੁਟ ਜਾਵੇਗੀ ਪਰ ਲੇਖਕਾਂ ਦੀ ਸਥਿਤੀ 'ਤੇ ਸਹੀ ਢੰਗ ਨਾਲ ਵਿਚਾਰ ਕਰਨ ਦੀ ਬਜਾਏ ਆਸਾਨ ਰਸਤਾ ਅਪਣਾਇਆ ਜਾਵੇਗਾ। ਪੁਰਸਕਾਰ ਦੇ ਕੇ ਮੂੰਹ ਬੰਦ ਕਰ ਦਿਉ।

***'ਵੋ ਮੋਤੀਓ ਸੇ ਕਰਤੇ ਹੈਂ***
***ਮੂੰਹ ਸ਼ਾਇਰੋਂ ਕਾ ਬੰਦ***
***ਐਸੇ ਮੇ ਹਮ ਕਿਆ ਅਪਨੇ ਕੋ***
***ਬੇਆਬਰੂ ਕਰੇਂ'***

ਨਿੱਜੀ ਪੁਰਸਕਾਰ ਵੀ ਪੁਰਸਕਾਰ ਦੇਣ ਵਾਲਿਆਂ ਦੇ ਕਿਸੇ ਸੁਆਰਥ ਦੀ ਹੀ ਪੂਰਤੀ ਕਰਦੇ ਹਨ। ਉਹਨਾਂ ਨੂੰ ਚਲਾਉਣ ਵਾਲੇ ਵੱਡੇ ਘਰਾਣੇ ਇਨਕਮ ਟੈਕਸ ਬਚਾਉਣ ਵਾਸਤੇ ਇਹ ਪੁਰਸਕਾਰ ਦਿੰਦੇ ਹਨ। ਕਹਿਣ ਨੂੰ ਸਾਹਿਤ ਅਕਾਦਮੀ ਇੱਕ ਖੁਦਮੁਖਤਿਆਰ ਸੰਸਥਾ ਹੈ। ਪਰ ' ਸਭ ਜਾਣਦੇ ਹਨ ਕਿ ਉਸ ਦਾ ਗਠਨ ਸਰਕਾਰ ਨੇ ਕੀਤਾ ਹੈ ਅਤੇ ਉਹ ਸਰਕਾਰੀ ਤੰਤਰ ਅਧੀਨ ਹੀ ਕੰਮ ਕਰ ਰਹੀ ਹੈ। ਸੂਬਾਈ ਸਰਕਾਰਾਂ ਵੀ ਕਮੇਟੀਆ ਬਣਾ ਕੇ ਪੁਰਸਕਾਰਾਂ ਦੀ ਵਿਵੱਸਥਾ ਕਰਦੀਆਂ ਰਹਿੰਦੀਆਂ ਹਨ। ਅਜੇਹੇ 'ਚ ਜੋੜ ਤੋੜ, ਆਦਾਨ ਪ੍ਰਦਾਨ, ਪਸੰਦ-ਨਾਪਸੰਦ, ਆਪਣੀ-ਆਪਣੀ ਭੂਮਿਕਾ ਅਦਾ ਕਰਦੇ ਹਨ। ਜਾਹਿਰ ਹੈ ਕਿ ਜੋ ਲੇਖਕ ਸਰਕਾਰ ਪੱਖੀ ਨਹੀਂ ਹਨ, ਉਹਨਾਂ ਨੂੰ ਸਭ ਤੋਂ ਪਹਿਲਾਂ ਸੂਚੀ 'ਚੋਂ ਕੱਟ ਦਿੱਤਾ ਜਾਂਦਾ ਹੈ।

ਅਜੇ ਕੁਝ ਸਾਲ ਪਹਿਲਾਂ ਦੀ ਗੱਲ ਹੈ। ਦਾਦਾ ਸਾਹਿਬ ਫਾਲਕੇ ਪੁਰਸਕਾਰ ਪ੍ਰਸਿੱਧ ਹੀਰੋਇਨ ਸੁਚਿਤਰਾ ਸੇਨ ਨੂੰ ਦੇਣ ਦਾ ਫੈਸਲਾ ਕੀਤਾ ਸੀ। ਉਹ ਆਪਣੀ ਸਿਹਤ ਦੇ ਕਾਰਨਾਂ ਕਰਕੇ ਪੁਰਸਕਾਰ ਲੈਣ ਆਉਣ ਤੋਂ ਅਸਮਰਥ ਸੀ। ਅਨੇਕਾਂ ਪ੍ਰਸਤਾਵ ਇਸ ਗੱਲ ਦੇ ਆਏ ਕਿ ਪੁਰਸਕਾਰ ਸਮਤੀ ਉਹਨਾਂ ਨੂੰ ਕੋਲਕਾਤਾ 'ਚ ਉਹਨਾਂ ਦੀ ਰਿਹਾਇਸ਼ 'ਤੇ ਹੀ ਪੁਰਸਕਾਰ ਦੇਵੇ ਪਰ ਪੁਰਸਕਾਰ ਦੀ ਸਮਤੀ ਨੇ ਫੈਸਲਾ ਕੀਤਾ ਕਿ ਜੇ ਸੁਚਿਤਰਾ ਸੈਨ ਨੂੰ ਪੁਰਸਕਾਰ ਚਾਹੀਦਾ ਹੈ ਤਾਂ ਉਹਨਾਂ ਨੂੰ ਮੁੰਬਈ ਆਉਣਾ ਹੀ ਪੈਣਾ ਹੈ ਅਤੇ ਜਦ ਉਹ ਇਸ ਲਈ ਤਿਆਰ ਨਹੀਂ ਹੋਈ ਤਾਂ ਪੁਰਸਕਾਰ ਕਿਸੇ ਹੋਰ ਨੂੰ ਦੇ ਦਿੱਤਾ ਗਿਆ। ਇਸ ਪ੍ਰਸੰਗ ਨੇ ਦਾਦਾ ਸਾਹਿਬ ਫਾਲਕੇ ਪੁਰਸਕਾਰ ਦੀ ਮਹਾਨਤਾ ਨੂੰ ਮਿੱਟੀ ਵਿੱਚ ਮਿਲਾ ਦਿੱਤਾ।

ਪੁਰਸਕਾਰਾਂ ਦਾ ਮਹੱਤਵ ਵੱਧਣ ਨਾਲ ਸਾਹਿਤ ਤੇ ਸੱਭਿਆਚਾਰ 'ਤੇ ਜੋ ਮਾੜਾ ਅਸਰ ਪਿਆ ਹੈ, ਉਹ ਇਹਨਾਂ ਪੁਰਸਕਾਰਾਂ ਨੂੰ ਲੈ ਕੇ ਲੇਖਕਾਂ ਦਰਮਿਆਨ ਵੈਰ ਭਾਵ-ਈਰਖਾ ਤੇ ਝਗੜਿਆਂ ਵਜੋਂ ਸਾਹਮਣੇ ਆਇਆ ਹੈ। ਕੁਝ ਸਾਲ ਪਹਿਲਾ ਰਵੀ ਸ਼ੰਕਰ ਨੂੰ ਭਾਰਤ-ਰਤਨ ਦੇਣ ਦਾ ਐਲਾਨ ਹੋਇਆ ਸੀ ਤਾਂ ਪੰਡਿਤ ਜਸਰਾਜ ਨੇ ਕਾਫੀ ਹਾਏ ਤੌਬਾ ਮਚਾਈ ਸੀ। ਦਰਅਸਲ ਪੁਰਸਕਾਰਾਂ ਨੇ ਸਾਹਿਤਕਾਰਾਂ ਦੇ ਸਾਰੇ ਮਾਪਦੰਡਾਂ ਤੇ ਮੁੱਲਾਂ ਨੂੰ ਤਹਿਸ, ਨਹਿਸ ਕਰ ਦਿੱਤਾ ਹੈ। ਪੁਰਸਕਾਰਾਂ ਲਈ ਲੇਖਕ ਅਪਣੀਆਂ ਸਾਰੀਆਂ ਭਾਵਨਾਵਾਂ, ਮਾਨਤਾਵਾਂ ਨੂੰ ਛਿੱਕੇ ਟੰਗਣ ਲਈ ਤਿਆਰ ਹੋ ਜਾਂਦੇ ਹਨ। ਜੀਵਨ ਭਰ ਜਿਨ੍ਹਾਂ ਸਾਹਿਤਕਾਰਾਂ ਦਾ ਵਿਰੋਧ ਕਰਦੇ ਆਏ ਹੁੰਦੇ ਹਨ, ਜਿਨ੍ਹਾਂ ਸਰਕਾਰਾਂ 'ਤੇ ਰਾਜਸੀ ਪਾਰਟੀਆਂ ਨੂੰ ਲੋਕ ਵਿਰੋਧੀ ਐਲਾਨ ਚੁੱਕੇ ਹੁੰਦੇ ਹਨ, ਉਹਨਾਂ ਸਾਹਿਤਕਾਰਾਂ ਦੇ ਨਾਂ 'ਤੇ ਜਾਂ 'ਉਹਨਾਂ' ਸਰਕਾਰਾਂ ਜਾਂ ਪਾਰਟੀਆਂ ਤੋਂ ਪੁਰਸਕਾਰ ਲੈਣ 'ਚ ਕੋਈ ਹਿਚਕ ਮਹਿਸੂਸ ਨਹੀਂ ਕਰਦੇ। ਸਾਹਿਤ ਅਕਾਦਮੀ ਜਾਂ ਹੋਰ ਪੁਰਸਕਾਰ ਸਮਤੀਆਂ ਜਿਸ ਪ੍ਰਕਾਰ ਕੰਮ ਕਰਦੀਆਂ ਹਨ, ਉਹਨਾਂ ਸਬੰਧੀ ਅਕਸਰ ਝਮੇਲੇ ਉੱਠਦੇ ਰਹਿੰਦੇ ਹਨ। ਜਾਹਿਰ ਹੈ ਕਿ ਜਦ ਕੋਈ ਕਲਾਕਾਰ ਕਿਸੇ ਸੰਸਥਾ ਦਾ ਪੁਰਸਕਾਰ ਲੈਂਦਾ ਹੈ ਤਾਂ ਉਹ ਉਸੇ ਸੰਸਥਾ ਨੂੰ ਜ਼ਬਾਨੀ ਸ਼ੁਕਰੀਆ ਅਦਾ ਕਰਦਾ ਹੈ। ਪਹਿਲਾਂ ਅਰਜੀ ਵੀ ਦਿੰਦਾ ਹੈ। ਜੇ ਉਹ ਸੰਸਥਾ ਕਲੰਕਿਤ ਹੈ ਤਾਂ ਉਹ ਉਸ ਕਲੰਕ ਦਾ ਭਾਗੀ ਵੀ ਬਣਦਾ ਹੈ। ਇਸ ਲਈ ਪੁਰਸਕਾਰਾਂ ਦੀ ਮੌਜੂਦਾ ਬੰਦਰ ਵੰਡ 'ਚ ਸਭ ਤੋਂ ਬੁਰਾ ਹਾਲ ਲੇਖਕਾਂ-ਕਲਾਕਾਰਾਂ ਦਾ ਹੀ ਹੈ ਅਤੇ ਉਹ ਕਦਰਾਂ ਕੀਮਤਾਂ ਦੇ ਉਦੇਸ਼ ਨੂੰ ਭੁੱਲ ਕੇ ਤਮਾਮ ਪਾਪੜ ਵੇਲਦੇ ਹਨ।

ਜੇ ਕੋਈ ਲੇਖਕ ਪੁਰਸਕਾਰ ਲੈਣਾ ਠੀਕ ਸਮਝਦਾ ਹੈ ਤਾਂ ਉਸਨੂੰ ਫਜ਼ੂਲ ਦੇ ਇਨਕਲਾਬੀਪੁਣੇ ਤੋਂ ਬਚਣਾ ਚਾਹੀਦਾ ਹੈ।


## Classified Plus

*Your guide to every search*

**House For Sale by Owner**

2 Story House with walk out Basement having 3800 Plus Finished Area. Maple Kitchen, Granite Counter Top, Maple Hardwood Flooring, Maple and Metal Railing, 2 Furnaces, Separate entry for Basement and many more.

**Ready for Possession.**

Contact: **780 965 7390** or **780 906 4497**

* * * *

**ਮੋਹਾਲੀ 'ਚ ਪਲਾਟ ਵਿਕਾਊ**

ਗ੍ਰੇਟਰ ਮੋਹਾਲੀ ਸੈਕਟਰ 127 'ਚ 477 ਵਰਗ ਗਜ਼ ਦਾ ਪਲਾਟ ਮਾਲਕ ਵੱਲੋਂ ਵਿਕਾਊ ਹੈ। ਇਹ ਪਲਾਟ ਏਅਰਪੋਰਟ ਰੋਡ ਦੇ ਨਾਲ ਲੱਗਦੇ ਸ਼ਾਨਦਾਰ ਅਤੇ ਪੌਸ਼ ਇਲਾਕੇ ਸਿਵਾਲਿਕ ਸਿਟੀ ਵਿਚ ਹੈ।

**ਸੰਪਰਕ: 011 91 97813 60066**

* * * *

**2 Story House For Sale By Owner In Leduc**

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. **House backs on to the City Park.** For details call **780 965 0808.**

* * * *

* Newly Built Bi-Level House with KEYLESS ENTRY for Sale

* Don't Miss this Great opportunity… Must See the House

* Buyers still have time to Choose Carpet Color…Hurry Up

Newly Built Bi-Level House 2405 Sq Ft with Front Exposed Double Door, 4 Bed Rooms with attached Baths on the Main Floor, 3 Kitchens (**Main Kitchen has Granite Counter Tops),** 2 Furnaces, 2 Hot Water Tanks, 2 Laundries (1 Upstairs & 1 in the Basement). Finished/Heated 2 Car Attached Garage. 700+ sq. ft Finished Concrete drive way for Parking in the Back Alley, Exposed aggregate Drive Way in the Front, **Enjoy Barbecue on the Large Deck.** House has Stucco Exterior.

* Fully Finished 2 Basements having 2 Bedrooms 9' Ceiling and a Washroom each.

**For details/appointments Contact 780 964 7001.**

**HELP WANTED**
**ਜੈਨੀਟੋਰੀਅਲ ਵਰਕਰਾਂ ਦੀ ਲੋੜ ਹੈ,**
**ਫੋਨ ਕਰੋ 780 278 3105**




## ਮੁਬਾਰਕਾਂ

ਸ਼ਿਵਾਲੀ ਦੇ ਜਨਮ (10 ਫਰਵਰੀ 2010- ਜਰਮਨੀ) 'ਤੇ ਉਨ੍ਹਾਂ ਦੇ ਮਾਤਾ ਪਿਤਾ ਸੀਮਾਂ ਅਤੇ ਸੰਜੀਵ ਭਸੀਨ ਨੂੰ ਵਧਾਈਆਂ।
ਵੱਲੋਂ
**ਰਾਜੀਵ ਜੌਲੀ ਅਤੇ 'ਨਵੀਂ ਦੂਨੀਆ' ਐਡਮਿੰਟਨ**


**Blitz Auto Canada**

Full Maintenance Service

Breaks
Muffler
Suspension
Steering
Lube & Oil
Tires
Batteries

WE CARE YOUR CAR BETTER

Contact: Umesh Amin

3207-97 Street, Edmonton, Alberta, T6N 1B7, Canada

Phone: 780 463 2886 Fax: 780 463 6536

E-mail: unamin@gmail.com


## ਸ਼ੋਕ ਸਮਾਚਾਰ

ਪੰਜਾਬੀ ਦੇ ਸਿਰਮੌਰ ਲੇਖਕ ਅਤੇ ਸਾਹਿਤ ਅਕਾਦਮੀ ਇਨਾਮ ਜੇਤੂ ਰਾਮ ਸਰੂਪ ਅਣਖੀ ਪਿਛਲੇ ਦਿਨੀਂ ਸਦਾ ਲਈ ਵਿਛੋੜਾ ਦੇ ਗਏ।

ਪੰਜਾਬੀ ਦੇ ਬਹੁਪੱਖੀ ਅਤੇ ਸਰਬਾਂਗੀ ਲੇਖਕ ਹਰਿੰਦਰ ਸਿੰਘ ਮਹਿਬੂਬ ਨਹੀਂ ਰਹੇ।

ਅਦਾਰਾ 'ਨਵੀਂ ਦੁਨੀਆ' ਇਨ੍ਹਾਂ ਦੇ ਪਰਿਵਾਰਾਂ ਦੇ ਦੁੱਖ ਵਿਚ ਸ਼ਰੀਕ ਹੈ।

ਪਿਛਲੇ ਦਿਨੀਂ ਕਪਿਲ ਸ਼ਰਮਾ ਅਤੇ ਪਰਿਵਾਰ ਨੂੰ ਉਨ੍ਹਾਂ ਦੀ ਪਤਨੀ ਰਜਨੀ ਸ਼ਰਮਾ ਦੇ ਅਚਾਨਕ ਇਸ ਸੰਸਾਰ ਤੋਂ ਤੁਰ ਜਾਣ 'ਤੇ ਗਹਿਰਾ ਸਦਮਾ ਪੁੱਜਾ।
ਅਦਾਰਾ 'ਨਵੀਂ ਦੁਨੀਆ' ਦੇ ਪ੍ਰਬੰਧਕ ਅਤੇ ਸਹਿਯੋਗੀ ਇਸ ਦੁੱਖ ਦੀ ਘੜ੍ਹੀ ਕਪਿਲ ਸ਼ਰਮਾ ਅਤੇ ਸਮੁਚੇ ਸ਼ਰਮਾ ਪਰਿਵਾਰ ਦੇ ਗਮ ਵਿਚ ਸ਼ਾਮਲ ਹਨ।


**City Estates**

**All Types of Property, Plots & Kothis available for Sale & Purchase in Chandigarh/Mohali.**

* Newly Built 10 Marla Triple Story House for Sale in Sector 35-C, Chandigarh.

** 1 Kanal Kothis for Sale in Sector 10, 34 & 35 Chandigarh.

For More Info Contact:

**City Estates**

SCO 123, Phase 7, Mohali (Punjab)
**011 91 98147 11263** or
**011 91 98729 73304**

### ਔਰਨ ਕੀ ਹੋਲੀ, ਮਮ ਹੋਲਾ

# ਹੋਲੇ ਮਹੱਲੇ ’ਤੇ ਸਿਆਸੀ ਆਗੂਆਂ ਨੇ ਇੱਕ ਦੂਜੇ ’ਤੇ ਸੁੱਟੀਆਂ ਸਿਆਸੀ ਪਿਚਕਾਰੀਆਂ

## ਸ਼੍ਰੋਮਣੀ ਕਮੇਟੀ ਚੋਣਾਂ ਵੀ ਰਿਹਾ ਮੁੱਖ ਮੁੱਦਾ

**ਅਮਰਪਾਲ ਸਿੰਘ ਬੈਂਸ**

ਹੋਲਾ ਮਹੱਲਾ ਦੇ ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਹਨ। ਹੋਲਾ ਤੇ ਮਹੱਲਾ ਦੋ ਵੱਖ-ਵੱਖ ਸ਼ਬਦ ਹਨ। ‘ਹੋਲਾ’ ਅਰਬੀ ਭਾਸ਼ਾ ਅਤੇ ‘ਮਹੱਲਾ’ ਫਾਰਸੀ ਭਾਸ਼ਾ ਦਾ ਸ਼ਬਦ ਹੈ। ਹੋਲ, ਹੂਲ ਤੇ ਹੋਲਾ ਮਹੱਲਾ ਆਦਿ ਰਲਦੇ-ਮਿਲਦੇ ਸ਼ਬਦ ਹਨ। ‘ਹੂਲ’ ਦੇ ਅਰਥ ਨੇਕ ਅਤੇ ਭਲੇ ਕੰਮਾਂ ਲਈ ਜੂਝਣਾ, ਸੀਸ ਤਲੀ ’ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ ’ਤੇ ਚਲਣਾ ਕੀਤੇ ਗਏ ਹਨ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਦੇ ਤਿਉਹਾਰ ਦੇ ਮੁਕਾਬਲੇ ‘ਹੋਲਾ ਮਹੱਲਾ’ ਮਨਾਉਣ ਦੀ ਰਵਾਇਤ ਕਾਇਮ ਕੀਤੀ ਸੀ। ਮਕਸਦ ਸੀ, ਹਿੰਦੁਸਤਾਨੀ ਜਨਤਾ ਨੂੰ ਨਵਾਂ ਇਨਕਲਾਬੀ ਸੁਨੇਹਾ ਦੇਣਾ। ਇਤਿਹਾਸਕ ਦ੍ਰਿਸ਼ਟੀ ਤੋਂ ਵੇਖੀਏ ਤਾਂ ਅਨੰਦਪੁਰ ਸਾਹਿਬ ਵਿਚ ਹੋਲ-ਗੜ੍ਹ ਕਿਲੇ ਵਾਲੀ ਥਾਂ ’ਤੇ ਸੰਨ 1700 ਈਸਵੀ ਵਿਚ ਪਹਿਲੀ ਵਾਰ ਹੋਲਾ-ਮਹੱਲਾ ਮਨਾਇਆ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪ ਇਸ ਪ੍ਰੰਪਰਾ ਦਾ ਅਰੰਭ ਕੀਤਾ ਸੀ ਅਤੇ ਆਪਣੇ ਸਿੱਖਾਂ ਨੂੰ ਜੰਗੀ ਕਰਤਬ ਦਿਖਾਉਣ ਦਾ ਹੁਕਮ ਦਿੱਤਾ ਸੀ। ਹੋਲਾ ਮਹੱਲਾ ਮਨਾਉਣ ਲਈ ਸਿੱਖ ਸਿਪਾਹੀ ਆਪਣੇ-ਆਪ ਨੂੰ ਦੋ ਹਿੱਸਿਆਂ ਵਿਚ ਵੰਡ ਲੈਂਦੇ ਸਨ ਅਤੇ ਇਕ ਕਿਸਮ ਦਾ ਬਨਾਵਟੀ ਯੁੱਧ ਰਚ ਕੇ ਜੰਗੀ ਕਰਤਬਾਂ ਦਾ ਪ੍ਰਦਰਸ਼ਨ ਕਰਦੇ ਸਨ। ਗੁਰੂ ਸਾਹਿਬ ਦਾ ਸੰਦੇਸ਼ ਬਹੁਤ ਸਪੱਸ਼ਟ ਸੀ, ਮੁਲਕ ਗੁਲਾਮ ਹੈ, ਲੋਕੀਂ ਅਧੀਨਗੀ ਦੀ ਜ਼ਿੰਦਗੀ ਜੀਅ ਰਹੇ ਹਨ। ਅਜਿਹੇ ਸਮੇਂ ਕ੍ਰਾਂਤੀਕਾਰੀ ਤਬਦੀਲੀਆਂ ਕਰਦੇ ਹੋਏ ਜਿੱਥੇ ਉਨਾਂ ਨੇ ਖਾਲਸੇ ਦੀ ਸਿਰਜਣਾ ਕੀਤੀ ਉਥੇ ਹੋਲੀ ਦੀ ਥਾਂ ਤੇ ਹੋਲਾ ਮਹੱਲਾ ਮਨਾਉਣ ਦੀ ਵਿਲੱਖਣ ਰੀਤ ਸਥਾਪਤ ਕੀਤੀ। ਇਸ ਰਿਵਾਇਤ ਨੂੰ ਕਾਇਮ ਕਰਨ ਬਾਰੇ ਕਵੀ ਸੁਮੇਰ ਸਿੰਘ ਨੇ ਗੁਰੂ ਸਾਹਿਬ ਦੇ ਹੁਕਮਾਂ ਨੂੰ ਇਸ ਤਰ੍ਹਾਂ ਕਲਮਬੰਦ ਕੀਤਾ ਹੈ:

***ਔਰਨ ਕੀ ਹੋਲੀ, ਮਮ ਹੋਲਾ।।***
***ਕਹਯੋ ਕ੍ਰਿਪਾਨਿਧ ਬਚਨ ਅਮੋਲਾ।।***





ਬਸੰਤ ਰੁੱਤ ਵਿੱਚ ਮਨਾਏ ਜਾਂਦੇ ਖੁਸ਼ੀਆ ਭਰੇ ਇਸ ਤਿਉਹਾਰ ਦੇ ਮੋਕੇ ਇਸ ਵਾਰ ਵੀ ਹਰ ਸਾਲ ਦੀ ਤਰ੍ਹਾਂ ਅਨੰਦਪੁਰ ਸਾਹਿਬ ਦੀ ਰਮਣੀਕ ਅਤੇ ਪਵਿੱਤਰ ਧਰਤੀ ‘ਤੇ ਹੋਲਾ ਮਹੱਲਾ ਮਨਾਉਣ ਲਈ ਲੱਖਾਂ ਦੀ ਗਿਣਤੀ ਵਿੱਚ ਸੰਗਤ ਨੇ ਸ਼ਿਰਕਤ ਕੀਤੀ ਅਤੇ ਸੰਗਤਾਂ ਸ਼੍ਰੀ ਕੇਸਗੜ ਸਾਹਿਬ ਅਤੇ ਦੂਜੇ ਗੁਰੂਦੁਆਰਿਆਂ ਵਿੱਚ ਨਤਮਸਤਕ ਹੋਈਆਂ। ਇਸ ਤਿਉਹਾਰ ਦੀ ਵਿਸੇਸ਼ ਖਿੱਚ ਦਾ ਕੇਂਦਰ ਬਣਨ ਵਾਲੀਆਂ ਗੁਰੂ ਦੀਆਂ ਲਾਡਲੀਆਂ ਨਿਹੰਗ ਸਿੰਘਾਂ ਦੀਆਂ ਫੋਜਾਂ ਪੂਰੇ ਜਾਹੋ ਜਲਾਲ ਦੇ ਨਾਲ ਪਹੁੰਚੀਆਂ ਹੋਈਆ ਸਨ। ਇਸ ਪਵਿੱਤਰ ਸ਼ਹਿਰ ਨੂੰ ਜਾਣ ਵਾਲੀਆਂ ਸਾਰੀਆਂ ਸੜਕਾਂ ਉੱਤੇ ਕਾਂਰਾ, ਬੱਸਾਂ, ਟਰੱਕਾਂ, ਟ੍ਰੈਕਟਰ ਟਰਾਲੀਆਂ ਅਤੇ ਮੋਟਰਸਾਈਕਲਾਂ ਦੇ ਵੱਡੇ ਕਾਫਲੇ ਨਜਰ ਆ ਰਹੇ ਸਨ ਅਤੇ ਐਵੇਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਸਮੁੱਚੇ ਲੋਕ ਅਨੰਦਪੁਰ ਸਾਹਿਬ ਦੀ ਧਰਤੀ ਵੱਲ ਨੂੰ ਚੱਲ ਪਏ ਹੋਣ। ਥਾਂ ਥਾਂ ‘ਤੇ ਸ਼ਰਧਾਂਲੂਆਂ ਦੀ ਸਹੂਲਤ ਲਈ ਲੰਗਰ ਲਗਾਏ ਗਏ ਸਨ।

27 ਫਰਵਰੀ ਤੋ 1 ਮਾਰਚ ਤੱਕ ਮਨਾਏ ਗਏ ਇਸ ਤਿੰਨ ਰੋਜ਼ਾ ਮੇਲੇ ਦੇ ਦੂਜੇ ਦਿਨ ਰਾਜਨੀਤਕ ਪਾਰਟੀਆਂ ਨੇ ਆਪੋ ਆਪਣੀਆਂ ਕਾਂਨਫਰੰਸਾਂ ਕਰਕੇ ਜਿੱਥੇ ਭਾਰੀ ਇਕੱਠਾਂ ਦਾ ਲਾਹਾ ਲਿਆ ਉਥੇ ਇਹ ਨੇਤਾ ਇਸ ਪਵਿੱਤਰ ਧਰਤੀ ‘ਤੇ ਇੱਕ ਦੂਜੇ ‘ਤੇ ਸਿਆਸੀ ਪਿਚਕਾਰੀਆਂ ਸੁੱਟਣ ਤੋਂ ਵੀ ਰੁਕ ਨਾ ਸਕੇ। ਕਾਂਨਫਰੰਸਾਂ ਵਿੱਚ ਜਾ ਕੇ ਤਾਂ ਐਵੇਂ ਲੱਗ ਰਿਹਾ ਸੀ ਕਿ ਇਹ ਆਗੂ ਆਪਣੇ ਨਿਜੀ ਸੁਆਰਥਾਂ ਖਾਤਰ ਗੁਰੂ ਸਾਹਿਬ ਦੁਆਰਾ ਚਲਾਈ ਗਈ ਹੋਲਾ ਮਹੱਲਾ ਮਨਾਉਣ ਦੀ ਰੀਤ ਨੂੰ ਵੀ ਵਿਸਾਰ ਚੁੱਕੇ ਹਨ ਅਤੇ ਇਸ ਮੋਕੇ ਦਾ ਰਾਜਨੀਤਕ ਲਾਹਾ ਲੈਣਾ ਹੀ ਉਨ੍ਹਾਂ ਮੁੱਖ ਮਨੋਰਥ ਹੈ। ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀਆ ਆਉਣ ਵਾਲੇ ਸਮੇਂ ਵਿੱਚ ਹੋ ਰਹੀਆਂ ਚੋਣਾਂ ਦਾ ਮੁੱਦਾ ਵੀ ਇਨ੍ਹਾਂ ਸਿਆਸੀ ਕਾਂਨਫਰੰਸਾਂ ਵਿੱਚ ਪੂਰੀ ਤਰਾਂ ਉਭਰ ਕੇ ਸਾਹਮਣੇ ਆਇਆ। ਅਕਾਲੀ ਦਲ (ਬ) ਦੁਆਰਾ ਕੀਤੀ ਗਈ ਕਾਂਨਫਰੰਸ ਵਿੱਚ ਭਾਂਵੇਂ ਕਿ ਸੂਬੇ ਦੇ ਮੁੱਖ ਮੰਤਰੀ ਸ:ਪ੍ਰਕਾਸ਼ ਸਿੰਘ ਬਾਦਲ ਸਿਹਤ ਖਰਾਬ ਹੋਣ ਕਰਕੇ ਸ਼ਾਮਲ ਨਹੀ ਹੋਏ ਪਰ ਉਨ੍ਹਾਂ ਦੇ ਪੁੱਤਰ ਅਤੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਸਮੇਤ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਨੇ ਜਿੱਥੇ ਰਾਜ ਸਰਕਾਰ ਦੁਆਰਾ ਪੰਜਾਬ ਨੂੰ ਬਿਜਲੀ ਪੈਦਾ ਕਰਨ ਵਿੱਚ ਮੋਹਰੀ ਸੂਬਾ ਬਣਾਉਣ ਦਾ ਰਾਗ ਅਲਾਪਿਆ ਉਥੇ ਕਾਂਗਰਸ ਪਾਰਟੀ ਨੂੰ ਪੰਜਾਬ ਲਈ ਵਿਨਾਸ਼ਕਾਰੀ ਦੱਸਦੇ ਹੋਏ ਅਤੇ ਪਾਰਟੀ ਦੀ ਕੇਂਦਰ ਸਰਕਾਰ ਨੂੰ ਮਹਿੰਗਾਈ ਲਈ ਜ਼ਿੰਮੇਵਾਰ ਦੱਸਿਆ। ਇਹ ਆਗੂ ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਵੀ ਕਾਂਗਰਸੀ ਏਜੰਟ ਕਹਿ ਕੇ ਨਿੱਜੀ ਚਿੱਕੜ ਉਛਾਲਦੇ ਰਹੇ। ਕਾਂਨਫਰੰਸ ਵਿੱਚ ਪਾਰਟੀ ਦੇ ਨੇਤਾਵਾਂ ਨੇ ਅਕਾਲੀ ਦਲ (ਬ) ਨੂੰ ਸਿੱਖਾਂ ਦੀ ਸਹੀ ਨੁਮਾਇੰਦਾ ਪਾਰਟੀ ਦੱਸਦੇ ਹੋਏ ਸ਼੍ਰੋਮਣੀ ਕਮੇਟੀ ਚੋਣਾਂ ਵਿੱਚ ਪਾਰਟੀ ਉਮੀਦਵਾਰਾਂ ਨੂੰ ਜਿਤਾਉਣ ਲਈ ਇੱਕ ਜੁੱਟ ਹੋਣ ਦਾ ਸੱਦਾ ਦਿੱਤਾ।

ਉਧਰ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਪਾਰਟੀ ਦੀ ਲੀਡਰਸ਼ਿਪ ਨੇ ਸ਼੍ਰੋਮਣੀ ਕਮੇਟੀ ਚੋਣਾਂ ਲਈ ਕਮਰ ਕਸਦਿਆਂ ਕਾਂਨਫਰੰਸ ਵਿੱਚ ਐਲਾਨ ਕੀਤਾ ਕਿ ਉਹ ਸਿੱਖਾਂ ਲਈ ਇੱਕ ਆਜਾਦ ਖਿੱਤੇ ਦੀ ਸਥਾਪਨਾ ਦੇ ਪੱਖ ਵਿੱਚ ਹਨ ਅਤੇ ਸ਼ਮ੍ਰੋਣੀ ਕਮੇਟੀ ਚੋਣਾਂ ਵਿੱਚ ਖਾਲਿਸਤਾਨ ਹੀ ਉਨ੍ਹਾਂ ਦਾ ਮੁੱਖ ਮੁੱਦਾ ਹੋਵੇਗਾ। ਅਕਾਲੀ ਦਲ (ਬ) ਨੂੰ ਤਿੱਖੇ ਸ਼ਬਦਾਂ ‘ਚ ਰਗੜੇ ਲਾਉਦਿਆਂ ਮਾਨ ਨੇ ਕਿਹਾ ਕਿ ਬ੍ਰਾਹਮਣਵਾਦੀ ਸੋਚ ਵਾਲੀ ਪਾਰਟੀ ਭਾਜਪਾ ਅਤੇ ਆਰ.ਐਸ.ਐਸ ਨਾਲ ਭਾਈਵਾਲੀ ਪਾ ਕੇ ਬਾਦਲ ਦਲ ਸਿੱਖ ਕੌਮ ਦੀਆਂ ਜੜਾਂ ਨੂੰ ਖੋਰਾ ਲਾ ਰਿਹਾ ਹੈ।

ਅਕਾਲੀ ਦਲ ਪੰਚ ਪ੍ਰਧਾਨੀ ਦੀ ਕਾਨਫਰੰਸ ਵਿੱਚ ਭਾਈ ਮੋਹਕਮ ਸਿੰਘ ਸਮੇਤ ਦੂਜੀ ਲੀਡਰਸ਼ਿਪ ਨੇ ਡੇਰਾ ਸੱਚਾ ਸੌਦਾ ਦੇ ਪੈਰੋਕਾਰਾਂ ਦੁਆਰਾ ਪੰਜਾਬ ਵਿੱਚ ਬੱਸਾਂ ਅਤੇ ਹੋਰ ਸਰਕਾਰੀ ਜਾਇਦਾਦ ਦੀ ਸਾੜ ਫੂਕ ਨੂੰ ਨਾਂ ਰੋਕਣ ਲਈ ਰਾਜ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ।

ਕਾਂਗਰਸ ਪਾਰਟੀ ਦੁਆਰਾ ਕੀਤੀ ਗਈ ਸਿਆਸੀ ਕਾਨਫਰੰਸ ਵਿੱਚ, ਪਾਰਟੀ ਪ੍ਰਧਾਨ ਮਹਿੰਦਰ ਸਿੰਘ ਕੇ.ਪੀ, ਅਨੰਦਪੁਰ ਸਾਹਿਬ ਤੋਂ ਚੁਣੇ ਗਏ ਸਾਂਸਦ ਰਵਨੀਤ ਸਿੰਘ ਬਿੱਟੂ ਸਮੇਤ ਪਾਰਟੀ ਦੇ ਵਿਧਾਇਕਾਂ ਨੇ ਪੰਜਾਬ ਦੀ ਅਕਾਲੀ ਸਰਕਾਰ ‘ਤੇ ਲੋਕਾਂ ਨਾਲ ਵਾਅਦਾ ਖਿਲਾਫੀ ਦਾ ਦੋਸ ਲਗਾਉਦੇ ਹੋਏ ਕਿਹਾ ਕਿ ਸਰਕਾਰ ਨੇ ਪੰਜਾਬ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਨੇਤਾਵਾਂ ਨੇ ਕਿਹਾ ਕਿ ਜਦੋ ਵੀ ਪੰਜਾਬ ਵਿੱਚ ਅਕਾਲੀ ਦਲ ਭਾਜਪਾ ਦੀ ਸਰਕਾਰ ਆਉਦੀ ਹੈ ਉਦੋ ਉਦੋ ਹੀ ਡੇਰੇਵਾਦ ਦੀਆ ਘਟਨਾਵਾਂ ਸਾਹਮਣੇ ਆਉਂਦੀਆ ਹਨ ਅਤੇ ਉਦੋਂ ਹੀ ਪੰਜਾਬ ਦੇ ਅਮਨ ਸ਼ਾਂਤੀ ਵਾਲੇ ਮਾਹੋਲ ਨੂੰ ਲਾਂਬੂ ਲੱਗ ਜਾਂਦਾ ਹੈ। ਕਾਂਗਰਸੀ ਨੇਤਾਵਾਂ ਨੇ ਕਿਹਾ ਕਿ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਦੇ ਵਿਕਾਸ ਲਈ ਕੇਂਦਰ ਸਰਕਾਰ ਨੇ ਤਾਂ ਕਰੋੜਾਂ ਰੁਪਇਆਂ ਦੀਆਂ ਗਰਾਂਟਾਂ ਦਿੱਤੀਆ ਹਨ ਜਦ ਕਿ ਆਪਣੇ ਆਪ ਨੂੰ ਪੰਥਕ ਪਾਰਟੀ ਕਹਾਉਣ ਵਾਲੀ ਆਕਲੀ ਦੀ ਸਰਕਾਰ 11 ਵਰ੍ਹੇ ਬੀਤ ਜਾਣ ਦੇ ਬਾਵਜੂਦ “ਖਾਲਸਾ ਵਿਰਾਸਤੀ ਕੰਪਲੈਕਸ” ਦਾ ਕੰਮ ਪੂਰਾ ਨਹੀ ਕਰਵਾ ਸਕੀ।

ਇਸ ਤਿਉਹਾਰ ਦੇ ਤੀਜੇ ਦਿਨ ਨਿਹੰਗ ਸਿੰਘਾਂ ਦੀਆ ਫੋਜਾਂ ਦੁਆਰਾ ਮਹੱਲਾ ਭਾਵ ਨਗਰ ਕੀਰਤਨ ਕੱਢਿਆ ਗਿਆ ਜਿਸ ਵਿੱਚ ਨਿਹੰਗ ਸਿੰਘਾਂ ਨੇ ਸਮੁੱਚੇ ਰਸਤੇ ਵਿੱਚ ਸੰਗਤਾਂ ‘ਤੇ ਗੁਲਾਲ ਸੁੱਟ ਕੇ ਇਸ ਤਿਉਹਾਰ ਨੂੰ ਰੰਗ ਬਿਰੰਗਾ ਕਰ ਦਿੱਤਾ। ਮਹੱਲੇ ਦੀ ਸਮਾਪਤੀ ਚਰਨ ਗੰਗਾ ਸਟੇਡੀਅਮ ਵਿੱਚ ਹੋਈ ਜਿੱਥੇ ਨੀਲੇ ਬਾਣੇ ਵਿੱਚ ਸਜੀਆਂ ਨਿਹੰਗ ਸਿੰਘਾਂ ਦੀਆ ਫੋਜਾਂਦਾ ਨਜ਼ਾਰਾ ਵਿਲੱਖਣ ਹੀ ਨਜ਼ਰ ਆ ਰਿਹਾ ਸੀ ਅਤੇ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਇਨ੍ਹਾਂ ਦੇ ਜੌਹਰ ਦੇਖਣ ਲਈ ਉਮੜਿਆ ਹੋਇਆ ਸੀ। ਸਟੇਡੀਅਮ ਵਿੱਚ ਨਿਹੰਗ ਸਿੰਘ ਦੋ ਦੋ ਘੋੜਿਆਂ ਉੱਤੇ ਸਵਾਰ ਹੋ ਕੇ ਦਿਖਾਏ ਗਏ ਘੋੜ ਸਵਾਰੀ ਦੇ ਦਲੇਰੀ ਭਰੇ ਕਰਤੱਵਾਂ, ਗੱਤਕਾ, ਨੇਜੇਬਾਜ਼ੀ ਅਤੇ ਆਤਸ਼ਬਾਜ਼ੀ ਦੇ ਨਜ਼ਾਰਿਆਂ ਨੇ ਸੰਗਤਾਂ ਨੂੰ ਸਾਹ ਰੋਕ ਕੇ ਦੇਖਣ ਲਈ ਮਜਬੂਰ ਕਰ ਦਿੱਤਾ। ਇਸ ਵਾਰ ਨਿਹੰਗ ਜਥੇਬੰਦੀਆਂ ਨੇ ਆਪਣੇ ਮਤਭੇਦ ਭੁਲਾ ਕੇ ਜਿੱਥੇ ਇਕੱਠੇ ਹੋ ਕੇ ਸ਼ਮੂਲੀਅਤ ਕੀਤੀ ਉਥੇ ਸ਼੍ਰੋਮਣੀ ਕਮੇਟੀ ਵੱਲੋ ਵੀ ਇਨ੍ਹਾਂ ਦਾ ਪਹਿਲੀ ਵਾਰ ਵਿਸ਼ੇਸ਼ ਤੌਰ ‘ਤੇ ਸਨਮਾਨ ਕੀਤਾ ਗਿਆ।

ਮੇਲੇ ਦੌਰਾਨ ਇਸ ਵਾਰ ਅਕਾਲ ਅਕੈਡਮੀ ਬੜੂ ਸਾਹਿਬ ਦੇ ਪ੍ਰਬੰਧਕਾਂ ਅਤੇ ਬੱਚਿਆਂ ਦੁਆਰਾ ਸੰਗਤਾਂ ਨੂੰ ਅਤਿ ਆਧੁਨਿਕ ਤਰੀਕੇ ਨਾਲ ਇਤਿਹਾਸ ਬਾਰੇ ਜਾਣਕਾਰੀ ਦੇਣ ਲਈ ਲਗਾਇਆ ਗਿਆ ਮਲਟੀਮੀਡੀਆ ਸਕਰੀਨ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ ਰਿਹਾ। ਹੋਲੇ ਮਹੱਲੇ ਨੂੰ ਮਨਾਉਣ ਦੇ ਬਦਲਦੇ ਸਰੂਪ ਅਤੇ ਸਿਆਸੀ ਪਾਰਟੀਆਂ ਦੁਆਰਾ ਕੀਤੀ ਗਈ ਚਿੱਕੜਬਾਜ਼ੀ ਕਾਰਨ ਸੰਗਤਾਂ ਵਿੱਚ ਥੋੜ੍ਹਾ ਰੋਸ ਪਾਇਆ ਜਾ ਰਿਹਾ ਸੀ ਪਰ ਇਸਦੇ ਬਾਵਜੂਦ ਉਨ੍ਹਾਂ ਦਾ ਉਤਸ਼ਾਹ ਘੱਟ ਨਹੀ ਹੋਇਆ ਅਤੇ ਹਰ ਸਾਲ ਇਸ ਤਿਉਹਾਰ ਮੋਕੇ ਆਨੰਦਪੁਰ ਸਾਹਿਬ ਵਿਖੇ ਪਹੁੰਚਣ ਵਾਲੀਆਂ ਸੰਗਤਾਂ ਵਿੱਚ ਨਿਰੰਤਰ ਵਾਧਾ ਹੋ ਰਿਹਾ ਹੈ।

# ਪੰਜਾਬ ਵਿਚ ਆਸਮਾਨ ਛੂਹਣਗੀਆਂ ਇਮਾਰਤਾਂ

ਪੰਜਾਬ ਵਿਚ ਹੁਣ ਜਲਦੀ ਹੀ ਬਹੁ ਮੰਜ਼ਿਲਾ ਇਮਾਰਤਾਂ ਨਜ਼ਰ ਆਉਣਗੀਆਂ। ਸਰਕਾਰ ਨੇ ਬਿਲਡਿੰਗ ਬਾਇਲਾਜ਼ ਵਿਚ ਕੁਝ ਅਜਿਹੇ ਫੇਰ ਬਦਲ ਕੀਤੇ ਹਨ, ਜਿਸ ਨਾਲ ਹੁਣ ਸ਼ਾਇਦ ਮਕਾਨ ਬਣਾਉਣ ਲਈ ਨਗਰ ਨਿਗਮ ਦੇ ਬਾਬੂਆਂ ਦੇ ਚੱਕਰ ਕੱਟਣ ਦੀ ਲੋੜ ਨਹੀਂ ਪੈਣੀ।

### ਆਰਕੀਟੈਕਟ ਰੱਖਣਗੇ ਨਜ਼ਰ

ਸਥਾਨਕ ਨਿਗਮਾਂ ਦੇ ਰਜ਼ਿਸ਼ਟਰਡ ਆਰਕੀਟੈਕਟ ਨਿਯਮਾਂ ਅਨੁਸਾਰ ਤੁਹਾਡੇ ਘਰ ਦਾ ਨਕਸ਼ਾ ਤਿਆਰ ਕਰ ਕੇ ਇਹ ਦੇਖਣਗੇ ਕਿ ਘਰ ਨਕਸ਼ੇ ਮੁਤਾਬਕ ਹੀ ਬਣ ਰਿਹਾ ਹੈ ਜਾਂ ਨਹੀਂ। ਫਿਲਹਾਲ ਰਿਹਾਇਸ਼ੀ ਇਮਾਰਤਾਂ ਦੀ ਉਚਾਈ 38.6 ਫੁੱਟ ਤੱਕ ਵਧਾਈ ਜਾ ਸਕਦੀ ਸੀ, ਹੁਣ 50 ਫੁੱਟ ਤਕ ਵਧਾਉਣ ਦੀ ਆਗਿਆ ਦੇ ਦਿੱਤੀ ਗਈ ਹੈ। ਮਲਟੀਪਲੈਕਸ ਦੀ ਉਚਾਈ ਹਾਲੇ ਫਲੋਰ ਏਰੀਆ ਰੇਸ਼ੋ (ਐਫ.ਏ.ਆਰ) ਦਾ 1.1.5 ਸੀ, ਜਿਸ ਨੂੰ ਹੁਣ 1.1.75 ਕਰ ਦਿੱਤਾ ਗਿਆ ਹੈ. ਮਲਟੀਪਲੈਕਸ ਵਿਚ ਪਾਰਕਿੰਗ ਲਈ ਹੁਣ 80 ਦੀ ਬਜਾਏ 120 ਗਜ਼ ਜਗ੍ਹਾ ਛੱਡਣੀ ਪਏਗੀ। ਸਥਾਨਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਪੰਜਾਬ ਵਿਚ ਜ਼ਮੀਨ ਘਟਦੀ ਜਾ ਰਹੀ ਹੈ, ਇਸੇ ਨੂੰ ਦੇਖਦੇ ਹੋਏ ਐਫ.ਏ.ਆਰ ਅਨੁਸਾਰ ਘਰ, ਦੁਕਾਨਾਂ ਤੇ ਹੋਰ ਕਮਰਸ਼ੀਅਲ ਥਾਵਾਂ ਦੀ ਉਚਾਈ ਵਧਾਉਣ ਦੀ ਮਨਜ਼ੂਰੀ ਦਿੱਤੀ ਗਈ ਹੈ।

### ਸੜਕ ਸੱਠ ਫੁੱਟ ਜ਼ਰੂਰੀ

ਗਰੁੱਪ ਹਾਊਸਿੰਗ ਲਈ ਹੁਣ ਤੱਕ ਘੱਟੋ ਘੱਟ 3500 ਵਰਗ ਗਜ਼ ਜਗ੍ਹਾ ਦੀ ਲੋੜ ਸੀ ਜਿਸ ਨੂੰ ਘੱਟ ਕਰਕੇ 2500 ਗਜ਼ ਕਰ ਦਿੱਤਾ ਗਿਆ ਹੈ, ਪਰ ਇਸ ਲਈ ਸੜਕ ਦਾ 60 ਫੁੱਟ ਹੋਣਾ ਜ਼ਰੂਰੀ ਹੈ। ਰਿਹਾਇਸ਼ੀ ਘਰਾਂ ਵਿਚ 150 ਵਰਗ ਗਜ਼ ਦਾ 90 ਫੀਸਦੀ ਏਰੀਆ ਕਵਰ ਕੀਤਾ ਜਾ ਸਕੇਗਾ ਜੋ ਹਾਲੇ 80 ਫੀਸਦੀ ਹੈ।

### ਕਦੋਂ ਤੱਕ ਭਗਵਾਨ ਦੇ ਭਰੋਸੇ ਰਹਿਣਗੇ ਸ਼ਰਧਾਲੂ?

ਆਮ ਆਦਮੀ ਦੇ ਜੀਵਨ ਦੀ ਜਿੰਨੀ ਸਸਤੀ ਕੀਮਤ ਭਾਰਤ ਵਿਚ ਹੈ, ਸ਼ਾਇਦ ਹੀ ਹੋਰ ਕਿਤੇ ਹੋਵੇ। ਉਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਜ਼ਿਲ੍ਹੇ ਵਿਚ ਇਕ ਸੰਤ ਦੇ ਆਸ਼ਰਮ ਵਿਚ ਪਿਛਲੇ ਦਿਨੀਂ ਵਾਪਰੀ ਘਟਨਾ ਨੇ ਇਸ ਗੱਲ ਨੂੰ ਉਜਾਗਰ ਕਰ ਦਿੱਤਾ। ਸੱਠ ਤੋਂ ਜ਼ਿਆਦਾ ਲੋਕ ਦੇਖਦੇ-ਦੇਖਦੇ ਇਸ ਦੁਨੀਆ ਤੋਂ ਉਪਰ ਉਠ ਗਏ ਅਤੇ ਕੋਈ ਕੁਝ ਨਾ ਕਰ ਸਕਿਆ। ਇਹ ਨਾ ਸਿਰਫ਼ ਸ਼ਰਮਨਾਕ ਹੈ, ਸਗੋਂ ਸਾਨੂੰ ਇਹ ਗੱਲ ਸੋਚਣ ਲਈ ਮਜਬੂਰ ਕਰਦੀ ਹੈ ਕਿ ਇਹ ਸਭ ਕਦੋਂ ਤਕ ਚੱਲਦਾ ਰਹੇਗਾ।

ਭਾਰਤ ਬੇਹੱਦ ਧਰਮ ਪ੍ਰਿਯ ਦੇਸ਼ ਹੈ। ਸ਼ਰਧਾ (ਅੰਨ੍ਹਾ ਵਿਸ਼ਵਾਸ਼) ਦੇ ਨਾਂ ‘ਤੇ ਆਮ ਆਦਮੀ ਕੁਝ ਵੀ ਕਰਨ ਲਈ ਤਿਆਰ ਹੈ। ਇਸ ਨੂੰ ਅਨਪੜ੍ਹਤਾ ਅਤੇ ਦੇਸ਼ ਵਿਚ ਲਗਾਤਾਰ ਵਧਦੀ ਗਰੀਬੀ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਸਮੱਸਿਆ ਹੋਰ ਵਧੇਰੇ ਵਿਕਰਾਲ ਹੋ ਜਾਂਦੀ ਹੈ। ਪ੍ਰਤਾਪਗੜ੍ਹ ਵਿਚ ਵੀ ਇਹੀ ਹੋਇਆ ਨਜ਼ਰ ਆਉਂਦਾ ।ਕ੍ਰਿਪਾਲ ਮਹਾਰਾਜ ਦੇ ਆਸ਼ਰਮ ਵਿਚ ਉਨ੍ਹਾਂ ਦੀ ਪਤਨੀ ਦੀ ਬਰਸੀ ‘ਤੇ ਹਜ਼ਾਰਾਂ ਲੋਕ ‘ਪ੍ਰਸਾਦ‘ ਵਿਚ ਥੋੜ੍ਹਾ ਬਹੁਤ ਖਾਣ ਅਤੇ ਇਕ-ਅੱਧ ਕੱਪੜੇ ਦੀ ਉਮੀਦ ਨਾਲ ਇਕੱਠੇ ਹੋਏ ਸਨ। ਪਰ ਉਹ ਹਾਦਸੇ ਦਾ ਸ਼ਿਕਾਰ ਹੋ ਗਏ ਅਤੇ ‘ਕ੍ਰਿਪਾਲੂ ਮਹਾਰਾਜ‘ ਦੀ ਕੋਈ ਕ੍ਰਿਪਾ ਉਨ੍ਹਾਂ ਲੋਕਾਂ ਦੀ ਜਾਨ ਨਹੀਂ ਬਚਾ ਸਕੀ।

ਅਜਿਹੇ ਹਾਦਸਿਆਂ ਤੋਂ ਬਾਅਦ ਜੋ ਸਾਡੇ ਦੇਸ਼ ਵਿਚ ਹੁੰਦਾ ਹੈ, ਉਹ ਹੋਇਆ। ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਨੇ ਦੁੱਖ ਪ੍ਰਗਟਾਇਆ, ਜਾਂਚ ਦੇ ਹੁਕਮ ਹੋ ਗਏ, ਮ੍ਰਿਤਕਾਂ ਦੇ ਪਰਿਵਾਰਾਂ ਨੂੰ ਨਗਦ ਰਕਮ ਦੇਣ ਦੀਆਂ ਗੱਲਾਂ ਹੋਈਆਂ। ਅਗਲੇ ਇਕ-ਦੋ ਦਿਨਾਂ ਵਿਚ ਹੀ ਉਥੇ ਸਭ ਆਮ ਵਾਂਗ ਹੋ ਗਿਆ, ਸਿਵਾਏ ਉਨ੍ਹਾਂ ਪਰਿਵਾਰਾਂ ਦੇ ਜਿਨ੍ਹਾਂ ਦੇ ਨਿਰਦੋਸ਼ ਲੋਕਾਂ ਦੀ ਜਾਨ ਗਈ। ਡੇਢ ਸਾਲ ਪਹਿਲਾਂ ਰਾਜਸਥਾਨ ਵਿਚ, ਉਸ ਤੋਂ ਪਹਿਲਾਂ ਮਹਾਰਾਸ਼ਟਰ ਵਿਚ ਅਜਿਹੀਆਂ ਹੀ ਵੱਡੀਆਂ ਘਟਨਾਵਾਂ ਧਾਰਮਕ ਸਥਾਨਾਂ ‘ਤੇ ਵਾਪਰ ਚੁੱਕੀਆਂ ਹਨ, ਜਿਨ੍ਹਾਂ ਵਿਚ ਸੈਂਕੜੇ ਲੋਕਾਂ ਦੀਆਂ ਜਾਨਾਂ ਅਜਿਹੀਆਂ ਹੀ ਹਾਲਤਾਂ ਵਿਚ ਗਈਆਂ। ਉਹ ਹਾਦਸੇ ਵੀ ਉਥੋਂ ਦੀਆਂ ਸਰਕਾਰਾਂ ਨੇ ਭੁਲਾ ਦਿੱਤੇ। ਪ੍ਰਤਾਪਗੜ੍ਹ ਦੀ ਘਟਨਾ ਤੋਂ ਬਾਦ ਕੋਈ ਗਾਰੰਟੀ ਨਹੀਂ ਕਿ ਦੇਸ਼ ਦੇ ਹੋਰ ਕਿਸੇ ਹਿੱਸੇ ਵਿਚ ਅਜਿਹੀ ਹੀ ਭਿਆਨਕ ਘਟਨਾ ਫਿਰ ਨਾ ਹੋਵੇ। ਦਿੱਕਤ ਇਹ ਹੈ ਕਿ ਅਸੀਂ ਹਾਦਸਿਆਂ ਤੋਂ ਕੁਝ ਸਿਖਦੇ ਨਹੀਂ ਅਤੇ ਸੋਚਦੇ ਹਾਂ ਕਿ ਹੁਣ ਅਜਿਹਾ ਨਹੀਂ ਹੋਵੇਗਾ। ਅਜਿਹਾ ਨਾ ਹੋਵੇ, ਇਸ ਲਈ ਠੋਸ ਉਪਰਾਲੇ ਕਰਨ, ਨਿਯਮ-ਕਾਨੂੰਨ ਵਿਚ ਵਧੇਰੇ ਰੁਚੀ ਨਹੀਂ ਦਿਖਾਉਂਦੇ। ਪ੍ਰਤਾਪਗੜ੍ਹ ਵਿਚ ਵੀ ਉਤਰ ਪ੍ਰਦੇਸ਼ ਸਰਕਾਰ ਦੇ ਅਫ਼ਸਰਾਂ ਨੇ ਇਹ ਕਹਿ ਕੇ ਤੁਰੰਤ ਪੱਲਾ ਝਾੜ੍ਹ ਲਿਆ ਕਿ ਆਸ਼ਰਮ ਨੇ ਸਥਾਨਕ ਪ੍ਰਸ਼ਾਸਨ ਤੋਂ ਕੋਈ ਆਗਿਆ ਨਹੀਂ ਮੰਗੀ ਸੀ।

ਧਰਮ ਪ੍ਰੇਮੀ, ਅੰਨ੍ਹਾ ਵਿਸਵਾਸ਼ ਅਤੇ ਵਧਦੀ ਆਬਾਦੀ ਅਤੇ ਅਨਪੜ੍ਹਾਂ ਦੀ ਵੱਡੀ ਆਬਾਦੀ ਵਾਲੇ ਇਸ ਦੇਸ਼ ਵਿਚ ਅਜਿਹੇ



ਹਾਦਸੇ ਹੋਰ ਨਾ ਹੋਣ ਇਸ ਲਈ ਕੁਝ ਵੱਡੇ ਕਦਮ ਅੱਜ ਹੀ ਚੁੱਕਣੇ ਪੈਣਗੇ। ਅਸੀਂ ਭਗਵਾਨ ਭਰੋਸੇ ਕਦੋਂ ਤਕ ਜੀਵਾਂਗੇ ਅਤੇ ਮਜਬੂਰ ਗਰੀਬਾਂ ਨੂੰ ਇੰਜ ਹੀ ਮਰਨ ਦਿਆਂਗੇ।

# NEW WAY Stucco Ltd.



Quality work at reasonable rates.

We do Splash Dash Stucco and Acrylic. For free estimates call

(BALJIT) Ph.: (780)-708-1436, Fax: (780)-462-0691

All Kind of Stucco Acrylic & Rain Screen Residential & Commercial

ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ

# Moga Painting Company

Serving Since 1985

Experts in Interior & Exterior Paint

Residential & Commercial Jobs

Office Painting, Spray Painting, Staircase Railing, Stain & Varnish



SURJIT

Experts in Colour Matching
Guaranteed Work
Reasonable Rates

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For FREE Estimates Call 780-934-3535

# Best Truck Wash

Your Mobile Wash Professionals Edmonton & Area

ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।

ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



We can Wash Your Truck anywhere in Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:
BIN: (780) 267-9102
CAM: (780) 238-8161

# The Medicine Shoppe PHARMACY

Are You at Risk? Stop by your Medicine Shoppe Pharmacy for a free Blood Pressure Test today. No appointment necessary

Transferring your prescription is easy. With a simple exchange of information and no trouble at all, you can start to enjoy the one-to-one service and pharmacy-only focus that makes the move to The Medicine Shoppe Pharmacy a healthy one.

Coupon: $7.99* Reg. $13** REXALL NATURALS Omega 3 1000mg 90 Capsules

Coupon: $4.99* Reg. $11** REXALL BRAND - ASA 81mg Low Dose Enteric Coated - 120 Tablets

Coupons expires April 28, 2010

127 Millbourne Road East
Edmonton, AB
(780) 461-8648

0210CustomRX_MS170

Proud Supporter of the Alzheimer Society
Ask about our Alzheimers Caregiver Program today.



Jasbir Bhui
B.Sc. Pharm
Pharmacist/Owner

# MILLWOODS SUZUKI

FOR THOSE WHO WANT IT ALL!

0% PURCHASE FINANCING FOR 72 MONTHS! No Payments for 90 Days O.A.C.



MSRP $29,964† JLX model shown

## NEW 2010 GRAND VITARA

LOADED WITH STANDARD FEATURES:
- 4 Mode 4 Wheel Drive
- Automatic Transmission
- Air Conditioning with Automatic Climate Control
- Power Windows, Locks and Heated Mirrors
- Smartpass Keyless Entry and Start System

$168 AT 0% APR*†
Bi-Weekly For 72 Months with $3,600 Down Payment



MSRP $23,409† JLX model shown

## NEW 2010 SX4 HATCHBACK

LOADED WITH STANDARD FEATURES:
- Intelligent All-Wheel Drive
- 6-Speed Transmission
- Air Conditioning
- Power Windows, Locks and Heated Mirrors
- Remote Keyless Entry

$135 AT 0% APR*†
Bi-Weekly For 72 Months with $2,175 Down Payment



MSRP $19,509† Sport model shown†

## NEW 2010 SX4 SEDAN

LOADED WITH STANDARD FEATURES:
- 6-Speed Transmission
- Air Conditioning
- Remote Keyless Entry
- Power Windows, Locks and Mirrors

$98 AT 0% APR*†
Bi-Weekly For 72 Months with $2,000 Down Payment

TEST DRIVE A SUZUKI TODAY! Every new Suzuki comes with a 5-year 100,000 kilometre powertrain limited warranty.

100 YEARS of INNOVATION SUZUKI Way of Life!

CONSUMERS SHOULD READ THE FOLLOWING: Vehicles may not be exactly as shown. Limited time offers are subject to change without notice. Duties on new tires (where applicable), $72 PPSA (where applicable), other taxes, license, insurance, applicable fees and registration are extra. *MSRP of a new 2010 SX4 AWD Hatchback with manual transmission (Model H3NB2J0), 2010 Grand Vitara with automatic transmission (Model L2NB5T0) and 2010 SX4 Sedan with manual transmission (Model S3LB1J0) is $23,409/$29,964/$19,509 ($1,395/$1,550/$1,395 destination and delivery charge, $299 administration fee, $20 tire recycling tax and $100 air conditioning tax included). **Limited time finance offers available to qualified retail customers on approved credit. Special bi-weekly purchase financing offer is available for a 72/72/72 month term or for a total of 156/156/156 bi-weekly payments. The bi-weekly payment at 0%/0%/0% purchase financing APR is $135/$168/$98 with $2,175/$3,600/$2,000 down payment. Cost of borrowing is $0/$0/$0 for a total obligation of $23,235/$29,808/$17,288 ($1,395/$1,550/$1,395 destination and delivery charge, $299 administration fee, $20 tire recycling tax and $100 air conditioning tax included). †MSRP of models shown, 2010 SX4 AWD Hatchback JLX with automatic transmission (Model H3NB720), 2010 Grand Vitara JLX with automatic transmission (Model L2NB5V0) and 2010 SX4 Sedan Sport with manual transmission (Model S3LB1KO) is $26,509/$31,464/$21,509 ($1,395/$1,550/$1,395 destination and delivery charge, $299 administration fee, $20 tire recycling tax and $100 air conditioning tax included). Ω"NO PAYMENTS FOR 90 DAYS" applies to purchase financing offers on all new 2010 models. No interest will accrue during the first 60 days of the finance contract. After this period, interest starts to accrue and the purchaser will repay principal and interest monthly over the term of the contract. Information shown is based on the latest available information at the time of print. See participating dealers for conditions and details. Offers end April 3, 2010.

SHOP 24/7 @ #1 SUZUKI DEALER IN ALBERTA

MILLWOODS SUZUKI.COM

OPEN SUNDAY 12PM - 4PM



Jessy S. Prihar
Dealer Principal

3403-93 ST. ON THE AUTO ROW 1-888-478-6391

☑ BEST SERVICE!
☑ BEST PRICES!
☑ BEST SELECTION!

Alberta Motor Vehicle Industry Council



Greg Harrison
Sales Manager



# Supreme Pizza

## Punjabi Pizza

Menisa Plaza (on Millwood Road) 1079 Knottwood Road East NW Edmonton

**(780) 485-1213 or (780) 485-1231**

Chicken Wings Hot, Honey Garlic

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

**ਸੁਪਰੀਮ ਪੀਜ਼ਾ**

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

ਪੰਜਾਬੀ ਸਟਾਈਲ ਪੀਜ਼ਾ



**Delivery Hours**
Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

**Try Us Tonight For Best Deal In Town**
**3 For 1**
Any 3 Toppings
12" Medium - 14" Large

Buy 1 Get 1 Free

**List of Toppings**
Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ–ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.

2 Medium Pizza Fully Loaded for $22. 1 Medium Pizza 5 Toppings for $13.

**Call at: 780 485 1213**

BRIDGEPORT
HOMES LTD.



ਸਿਲਵਰਬੈਰੀ ਏਰੀਏ ਵਿਚ ਨਵਾਂ ਘਰ ਖਰੀਦਣ ਲਈ ਅੱਜ ਹੀ **ਡੋਲੀ ਚੌਹਾਨ** ਨੂੰ ਫੋਨ ਕਰੋ

New town homes in Silverberry (preselling)



Lots available for bi-Level homes in Sliverberry Area

**We assure beating market price**

For more information call:
**Dolly Chauhan Phone: 780-935-7718**